ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

29 ਅਪ੍ਰੈਲ ਤੋਂ 6 ਮਈ 2026

ਸਾਲ 17ਵਾਂ - ਅੰਕ 18

email : info@sadelok.com

Ph. : 510-706-1300

Fax : 925-373-1300

## ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਆਮਦ ਤੇਜ਼

## ਕੁਦਰਤ ਦੀ ਮਾਰ ਤੇ ਆਰਥਿਕ ਸੰਕਟ



(ਦੇਖੋ ਸਫ਼ਾ 36 'ਤੇ)

## ਸਿੱਖਾਂ ਪ੍ਰਤੀ ਨਫ਼ਰਤ ਅਤੇ ਚੌਥੀ ਪੀੜ੍ਹੀ ਦਾ ਜਵਾਬ





ਇੱਕ ਮਾਸੂਮ ਬੱਚੇ 'ਤੇ ਅਧਿਆਪਕ ਵੱਲੋਂ ਕੀਤਾ ਤਸ਼ੱਦਦ ਸਿਰਫ਼ ਕੁੱਟਮਾਰ ਨਹੀਂ, ਬਲਕਿ ਸਿੱਖ ਕੌਮ ਵਿਰੁੱਧ ਜਮਾਤੀ ਨਫ਼ਰਤ ਦਾ ਪ੍ਰਗਟਾਵਾ ਹੈ ਅਤੇ ਦੂਜੇ ਪਾਸੇ ਇਹ ਸਪੱਸ਼ਟ ਹੈ ਕਿ 1984 ਦੇ ਜ਼ੁਲਮਾਂ ਅਤੇ ਵਿਤਕਰੇ ਦੀ ਲੜਾਈ ਅੱਜ ਚੌਥੀ ਪੀੜ੍ਹੀ ਦੇ ਖ਼ੂਨ ਵਿੱਚ ਉਤਰ ਆਈ ਹੈ। ਚਾਹੇ ਉਹ ਭਾਰਤ ਵਿੱਚ ਰਹਿਣ ਜਾਂ ਦੁਨੀਆ

(ਦੇਖੋ ਸਫ਼ਾ 22 'ਤੇ)

## ਰੀਅਲ ਅਸਟੇਟ ਦੇ ਖੇਤਰ 'ਚ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ 12ਵੀਂ ਵਾਰ ਐਵਾਰਡ ਜਿੱਤਿਆ



ਸਰੀ, (ਸਾਡੇ ਲੋਕ ਬਿਊਰੋ) : ਰੀਅਲ ਅਸਟੇਟ ਅਤੇ ਮੀਡੀਆ ਦੀ ਜਾਣੀ-ਪਛਾਣੀ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਪਲੈਨਿਟ ਗਰੁੱਪ ਰਿਐਲਿਟੀ ਵੱਲੋਂ ਪਹਿਲੇ ਨੰਬਰ ਤੇ 'ਟੌਪ ਸੇਲਸ ਪਰਸਨ' ਐਲਾਨੇ ਗਏ ਹਨ। ਉਹਨਾਂ

(ਦੇਖੋ ਸਫ਼ਾ 29 'ਤੇ)

## ਅਮਰੀਕੀ ਕਾਨੂੰਨ ਘਾੜਿਆਂ (ਡੈਮੋਕ੍ਰੇਟਿਕ ਅਤੇ ਰਿਪਬਲਿਕਨ ਕਾਂਗਰਸਮੈਨਾਂ) ਵਲੋਂ ਅਮਰੀਕੀ ਕਾਂਗਰਸ ਵਿਚ ਵਿਸਾਖੀ ਨੂੰ ਮਾਨਤਾ ਦੇਣ ਲਈ ਬਿੱਲ ਪੇਸ਼

ਵਾਸ਼ਿੰਗਟਨ, (ਸਾਡੇ ਲੋਕ ਬਿਊਰੋ) : ਅੱਜ ਕਾਂਗਰਸਮੈਨ ਡੇਵਿਡ ਵੈਲਡਾਓ (CA-22) ਨੇ ਕਾਂਗਰਸਮੈਨ ਬ੍ਰਾਇਨ ਫਿਟਜ਼ਪੈਟਰਿਕ (PA-01), ਜੂਡੀ ਚੂ (CA-28), ਅਤੇ ਜੋਸ਼ ਗੌਟਹੀਮਰ (NJ-05) ਦੇ ਨਾਲ ਮਿਲ ਕੇ ਅਪ੍ਰੈਲ ਮਹੀਨੇ ਨੂੰ ਰਸਮੀ ਤੌਰ 'ਤੇ 'ਸਿੱਖ ਇਤਿਹਾਸ ਮਹੀਨੇ' ਵਜੋਂ ਮਾਨਤਾ ਦੇਣ ਲਈ ਇੱਕ ਮਤਾ ਪੇਸ਼ ਕੀਤਾ। ਇਹ ਦੁਵੱਲਾ ਮਤਾ ਸਿੱਖ ਅਮਰੀਕੀਆਂ ਦੀ ਆਸਥਾ, ਵਿਰਾਸਤ, ਸੇਵਾ ਅਤੇ ਰਾਸ਼ਟਰ ਪ੍ਰਤੀ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਦਾ ਹੈ। ਅਪ੍ਰੈਲ ਦਾ ਮਹੀਨਾ ਇਸ ਮਾਨਤਾ ਲਈ ਵਿਸ਼ੇਸ਼ ਤੌਰ 'ਤੇ









ਮਹੱਤਵਪੂਰਨ ਹੈ, ਕਿਉਂਕਿ ਇਹ ਅਕਸਰ ਵਿਸਾਖੀ ਦੇ ਨਾਲ ਮੇਲ ਖਾਂਦਾ ਹੈ, ਜੋ 1699 ਵਿੱਚ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

ਕਾਂਗਰਸਮੈਨ ਵੈਲਡਾਓ ਨੇ ਕਿਹਾ, 'ਅਮਰੀਕੀ ਸਿੱਖ ਕਾਂਗਰਸਨਲ ਕਾਕਸ ਦੇ ਸਹਿ-ਸੰਸਥਾਪਕ ਅਤੇ ਸਹਿ-ਚੇਅਰਮੈਨ ਵਜੋਂ ਮੈਂ ਅਪ੍ਰੈਲ ਨੂੰ ਸਿੱਖ ਇਤਿਹਾਸ ਮਹੀਨੇ ਵਜੋਂ ਨਾਮਜ਼ਦ ਕਰਨ ਲਈ ਆਪਣੇ ਸਾਥੀਆਂ ਨਾਲ

(ਦੇਖੋ ਸਫ਼ਾ 26 'ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ 'ਤੇ ਸਿੱਖ ਜਥੇਬੰਦੀਆਂ ਵਲੋਂ ਵਿਸ਼ਵ ਦੇ ਮੁਲਕਾਂ ਤੋਂ ਮਾਨਤਾ ਦੀ ਮੰਗ





ਅੰਮ੍ਰਿਤਸਰ, (ਸਾਡੇ ਲੋਕ) : ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਲ ਖਾਲਸਾ ਵੱਲੋਂ ਖਾਲਿਸਤਾਨ ਦੇ ਰਸਮੀ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮੌਕੇ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਇਤਿਹਾਸਕ ਮੌਕੇ 'ਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਇਕੱਤਰ ਹੋ ਕੇ ਉਸ ਦੌਰ ਦੀਆਂ ਇਤਿਹਾਸਕ ਘਟਨਾਵਾਂ ਨੂੰ ਯਾਦ ਕੀਤਾ ਅਤੇ ਆਪਣੇ ਕੌਮੀ ਨਿਸ਼ਾਨੇ ਪ੍ਰਤੀ ਦ੍ਰਿੜਤਾ ਪ੍ਰਗਟਾਈ।

ਪ੍ਰਮੁੱਖ ਆਗੂਆਂ ਦੇ ਵਿਚਾਰ: ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਦਿਨ ਸਿੱਖ

(ਦੇਖੋ ਸਫ਼ਾ 31 'ਤੇ)

## 1 ਮਈ ਅੰਤਰਰਾਸ਼ਟਰੀ ਮਜ਼ਦੂਰ ਦਿਵਸ

## ਇਤਿਹਾਸ, ਸ਼ਹਾਦਤ ਅਤੇ ਸੰਘਰਸ਼ ਦਾ ਸਫ਼ਰ



**'ਅੱਜ ਦੇ ਦਿਨ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਨਮਨ ਕਰਦੇ ਹਾਂ, ਜਿਨ੍ਹਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਦੁਨੀਆ ਭਰ ਦੇ ਮਜ਼ਦੂਰਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਕਰਵਾਇਆ ਅਤੇ ਉਨ੍ਹਾਂ ਨੂੰ ਇੱਜ਼ਤ ਅਤੇ ਮਾਣ ਵਾਲੀ ਜ਼ਿੰਦਗੀ ਦਾ ਹੱਕ ਦਿਵਾਇਆ।' -ਸਤਨਾਮ ਸਿੰਘ ਖਾਲਸਾ**

1 ਮਈ 2026 (ਸ਼ੁੱਕਰਵਾਰ) ਨੂੰ ਦੁਨੀਆ ਭਰ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ (International Workers' Day) ਮਨਾਇਆ ਜਾ ਰਿਹਾ ਹੈ। ਇਹ ਦਿਨ ਸਿਰਫ਼ ਇੱਕ ਛੁੱਟੀ ਨਹੀਂ, ਸਗੋਂ ਉਸ ਲੰਬੇ ਅਤੇ ਖ਼ੂਨੀ ਸੰਘਰਸ਼ ਦੀ ਯਾਦ ਹੈ ਜਿਸ ਨੇ ਅੱਜ ਦੇ ਮਜ਼ਦੂਰਾਂ ਨੂੰ ਮਨੁੱਖੀ ਅਧਿਕਾਰ ਅਤੇ ਸਨਮਾਨਜਨਕ ਕੰਮ

(ਦੇਖੋ ਸਫ਼ਾ 28 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844



Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667



KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057



SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com



ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ESQ, Abogado
369 Pine Street, Suite 420, San Francisco, CA 94104
Enyinwalaw@gmail.com
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111



# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਵਾਸ਼ਿੰਗਟਨ ਮੇਅਰ ਚੋਣ : ਭਾਰਤੀ ਮੂਲ ਦੀ ਰਿਨੀ ਸੰਪਤ ਨੂੰ AHC ਨੇ ਦਿੱਤਾ ਸਮਰਥਨ

ਵਾਸ਼ਿੰਗਟਨ, (ਸਾਡੇ ਲੋਕ ਬਿਊਰੋ) : ਵਾਸ਼ਿੰਗਟਨ ਦੇ ਮੇਅਰ ਅਹੁਦੇ ਦੀ ਚੋਣ ਦੀ ਦੌੜ 'ਚ ਸ਼ਾਮਲ ਸਾਈਬਰ ਸੁਰੱਖਿਆ ਮਾਹਰ ਰਿਨੀ ਸੰਪਤ ਨੂੰ ਅਮਰੀਕੀ ਹਿੰਦੂ ਗੱਠਜੋੜ (ਏਐਚਸੀ) ਨੇ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਤਾਮਿਲਨਾਡੂ ਵਿੱਚ ਜਨਮੀ, ਸੰਪਤ ਆਮ ਸਮੱਸਿਆਵਾਂ ਨੂੰ ਹੱਲ ਕਰਨ ਅਤੇ 'ਇੱਕ ਨਵਾਂ ਵਾਸ਼ਿੰਗਟਨ ਬਣਾਉਣ' ਦੇ ਵਾਅਦੇ ਨਾਲ 16 ਜੂਨ ਨੂੰ ਡੈਮੋਕ੍ਰੇਟਿਕ ਪ੍ਰਾਇਮਰੀ ਵਿੱਚ ਚੋਣ ਲੜ ਰਹੀ ਹੈ। ਏਐਚਸੀ ਨੇ ਵਾਸ਼ਿੰਗਟਨ ਦੇ ਇਸਕੋਨ ਮੰਦਰ ਵਿੱਚ ਸੰਪਤ ਦੇ ਸਮਰਥਨ ਵਿੱਚ ਇੱਕ ਮੀਟਿੰਗ ਕੀਤੀ। ਏਐਚਸੀ ਮੈਰੀਲੈਂਡ ਦੇ ਕਾਰਜਕਾਰੀ ਨਿਰਦੇਸ਼ਕ ਅੰਕੁਰ ਮਿਸ਼ਰਾ ਨੇ ਕਿਹਾ, 'ਅਸੀਂ ਹੁਣ ਸਿਰਫ਼ ਦਰਸ਼ਕ ਨਹੀਂ ਹਾਂ, ਸਗੋਂ ਇੱਕ ਸੰਗਠਿਤ ਅਤੇ ਸੰਯੁਕਤ ਸ਼ਕਤੀ ਬਣ ਗਏ ਹਾਂ ਜੋ ਇਹ ਯਕੀਨੀ ਬਣਾਉਂਦੇ ਹਨ ਕਿ ਸਾਡੇ ਮੁੱਲਾਂ ਅਤੇ ਸਾਡੇ ਪਰਿਵਾਰਾਂ ਨੂੰ ਸਥਾਨਕ ਸਰਕਾਰ ਦੇ ਉੱਚ ਪੱਧਰਾਂ 'ਤੇ ਪ੍ਰਤੀਨਿਧਤਾ ਦਿੱਤੀ ਜਾਵੇ। ਸੰਪਤ ਦੀ ਉਮੀਦਵਾਰੀ ਇੱਕ ਇਤਿਹਾਸਕ ਸ਼ੁਰੂਆਤ ਹੈ, ਪਰ ਸਿਰਫ਼ ਸਾਡੀ ਏਕਤਾ ਹੀ ਇਸਨੂੰ ਇੱਕ ਸਥਾਈ ਅੰਦੋਲਨ ਵਿੱਚ ਬਦਲ ਦੇਵੇਗੀ।' ਮੀਟਿੰਗ ਵਿੱਚ ਭਾਈਚਾਰੇ ਦੇ ਆਗੂ ਸ਼੍ਰੀਨਿਵਾਸ ਤਤੀਪਾਮੁਲਾ, ਲਕਸ਼ਮੀ ਤਲੰਕੀ, ਮਹਿੰਦਰ ਸਾਪਾ ਅਤੇ ਚਿਤਰੰਜਨ ਨਾਥ ਵੀ ਮੌਜੂਦ ਸਨ।



ਤਾਮਿਲਨਾਡੂ ਦੇ ਥੇਨੀ ਵਿੱਚ ਜਨਮੀ ਸੰਪਤ ਸੱਤ ਸਾਲ ਦੀ ਉਮਰ ਵਿੱਚ ਅਮਰੀਕਾ ਚਲੀ ਗਈ ਸੀ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਵਾਸ਼ਿੰਗਟਨ ਵਿੱਚ ਰਹਿ ਰਹੀ ਹੈ। ਜੈਨਿਸ ਲੁਈਸ ਜਾਰਜ ਅਤੇ ਕੇਨਿਯਨ ਮੈਕਡਫੀ ਵੀ ਡੈਮੋਕ੍ਰੇਟਿਕ ਨਾਮਜ਼ਦਗੀ ਲਈ ਪ੍ਰਮੁੱਖ ਦਾਅਵੇਦਾਰ ਹਨ। ਵਾਸ਼ਿੰਗਟਨ ਵਿੱਚ ਲੰਬੇ ਸਮੇਂ ਤੋਂ ਡੈਮੋਕ੍ਰੇਟਿਕ ਪਾਰਟੀ ਦਾ ਦਬਦਬਾ ਰਿਹਾ ਹੈ, ਅਤੇ 1975 ਵਿੱਚ ਚੋਣਾਂ ਸ਼ੁਰੂ ਹੋਣ ਤੋਂ ਬਾਅਦ ਸ਼ਹਿਰ ਵਿੱਚ ਕਦੇ ਵੀ ਰਿਪਬਲਿਕਨ ਮੇਅਰ ਨਹੀਂ ਰਿਹਾ ਹੈ। ਪਹਿਲਾਂ, ਸ਼ਹਿਰ ਨੂੰ ਅਮਰੀਕੀ ਰਾਸ਼ਟਰਪਤੀ ਦੁਆਰਾ ਨਿਯੁਕਤ ਕੀਤੇ ਗਏ ਕਮਿਸ਼ਨਰ ਬੋਰਡ ਦੁਆਰਾ ਸ਼ਾਸਨ ਕੀਤਾ ਜਾਂਦਾ ਸੀ। ਵਾਸ਼ਿੰਗਟਨ ਇੱਕ ਚੁਣੇ ਹੋਏ ਮੇਅਰ ਅਤੇ 13 ਮੈਂਬਰੀ ਜ਼ਿਲ੍ਹਾ ਪ੍ਰੀਸ਼ਦ ਦੁਆਰਾ ਸ਼ਾਸਨ ਕੀਤਾ ਜਾਂਦਾ ਹੈ। ਸੰਪਤ ਨੇ ਕਿਹਾ ਕਿ ਜੇਕਰ ਉਹ ਮੇਅਰ ਬਣਦੀ ਹੈ, ਤਾਂ ਉਸਦੀ ਤਰਜੀਹ ਇਹ ਯਕੀਨੀ ਬਣਾਉਣਾ ਹੋਵੇਗੀ ਕਿ ਸ਼ਹਿਰ ਦੇ ਨਿਵਾਸੀਆਂ ਨਾਲ ਕੀਤੇ ਗਏ ਵਾਅਦੇ ਪੂਰੇ ਹੋਣ।

# ਲਿਉਜੀਆਨਾ ਦੇ ਮਾਲ 'ਚ ਦੋ ਧੜਿਆਂ ਵਿਚਾਲੇ ਗੋਲੀਬਾਰੀ ਵਿੱਚ ਇਕ ਮੌਤ ਤੇ 5 ਜ਼ਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਲਿਉਜੀਆਨਾ ਵਿੱਚ ਬੈਟਨ ਰੌਗ ਵਿਖੇ ਮਾਲ ਵਿੱਚ ਹੋਈ ਗੋਲੀਬਾਰੀ ਵਿੱਚ ਇਕ ਵਿਅਕਤੀ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ 5 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ ਤੇ ਮਾਮਲਾ ਅਜੇ ਜਾਂਚ ਅਧੀਨ ਹੈ। ਬੈਟਨ ਰੌਗ ਪੁਲਿਸ ਮੁਖੀ ਥਾਮਸ ਮੋਰਸ ਜੂਨੀਅਰ ਨੇ ਕਿਹਾ ਹੈ ਕਿ ਦੋ ਧੜਿਆਂ ਵਿਚ ਸ਼ਾਮਿਲ ਲੋਕਾਂ ਨੇ ਕਿਸੇ ਮੁੱਦੇ 'ਤੇ ਹੋਈ ਬਹਿਸ ਉਪਰੰਤ ਇਕ ਦੂਸਰੇ ਉਪਰ ਗੋਲੀਆਂ ਚਲਾ ਦਿੱਤੀਆਂ। ਮਾੜੀ ਗੱਲ ਇਹ ਰਹੀ ਕਿ ਕੁਝ ਨਿਰਦੋਸ਼ ਲੋਕ ਵੀ ਗੋਲੀਆਂ ਦੀ ਮਾਰ ਹੇਠ ਆ ਗਏ। ਗੋਲਬਾਰੀ ਉਪਰੰਤ ਲੋਕ ਆਪਣਾ ਬਚਾ ਕਰਨ ਲਈ ਇਧਰ ਉਧਰ ਲੁਕ ਗਏ। ਪੁਲਿਸ ਮੁਖੀ ਅਨੁਸਾਰ ਅਜੇ ਇਹ ਸਾਫ ਨਹੀਂ ਹੈ ਕਿ ਕੁਲ ਕਿੰਨੇ ਲੋਕ ਗੋਲੀਬਾਰੀ ਵਿੱਚ ਸ਼ਾਮਿਲ ਸਨ। ਜਾਂਚਕਾਰ ਸੀ ਸੀ ਟੀ ਵੀ ਦੀ ਫੁੱਟਜ ਵੇਖ ਰਹੇ ਹਨ ਤੇ ਮੌਕੇ ਦੇ ਗਵਾਹਾਂ ਦੇ ਬਿਆਨ ਲਏ ਜਾ ਰਹੇ ਹਨ ਤਾਂ ਜੋ ਦੋਸ਼ੀਆਂ ਤੱਕ ਪਹੁੰਚਿਆ ਜਾ ਸਕੇ। ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰਨ ਲਈ ਡਰੋਨ ਤੇ ਹੈਲੀਕਾਪਟਰ ਦੀ ਮੱਦਦ ਵੀ ਲਈ ਜਾ ਰਹੀ ਹੈ।







# ਅਮਰੀਕਾ ਦੇ ਹੋਟਲ 'ਚ ਗੋਲੀਬਾਰੀ, ਵਾਲ-ਵਾਲ ਬਚੇ ਟਰੰਪ

## ਸੁਰੱਖਿਆ ਕਰਮੀਆਂ ਨੇ ਟਰੰਪ, ਵੈਂਸ ਤੇ ਹੋਰਨਾਂ ਨੂੰ ਸੁਰੱਖਿਅਤ ਬਾਹਰ ਕੱਢਿਆ

## ਵ੍ਹਾਈਟ ਹਾਊਸ ਦੇ ਪੱਤਰਕਾਰਾਂ ਨੂੰ ਦਿੱਤੇ ਰਾਤਰੀ ਖਾਣੇ ਦੌਰਾਨ ਵਾਪਰੀ ਘਟਨਾ

ਵਾਸ਼ਿੰਗਟਨ, (ਸਾਡੇ ਲੋਕ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਇਥੋਂ ਦੇ ਹਿਲਟਨ ਹੋਟਲ 'ਚ ਵਾਈਟ ਹਾਊਸ ਦੇ ਪੱਤਰਕਾਰਾਂ ਦੀ ਐਸੋਸੀਏਸ਼ਨ ਨੂੰ ਦਿੱਤੇ ਰਾਤ ਦੇ ਖਾਣੇ ਵਾਲੇ ਪ੍ਰੋਗਰਾਮ 'ਚ ਉਸ ਵੇਲੇ ਹਫੜਾ-ਦਫੜੀ ਮਚ ਗਈ, ਜਦੋਂ ਮੁੱਖ ਹਾਲ ਦੇ ਪ੍ਰਵੇਸ਼ ਦੁਆਰ ਤੋਂ ਇਕ ਹਮਲਾਵਰ ਨੇ ਅੰਦਰ ਵੜਨ ਦੀ ਕੋਸ਼ਿਸ਼ ਕਰਦਿਆਂ ਗੋਲੀਆਂ ਚਲਾ ਦਿੱਤੀਆਂ, ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ ਰਾਸ਼ਟਰਪਤੀ ਡੋਨਾਲਡ ਟਰੰਪ, ਪਹਿਲੀ ਔਰਤ ਮਿਲੇਨੀਆ ਟਰੰਪ, ਉਪ ਰਾਸ਼ਟਰਪਤੀ ਜੇ.ਡੀ. ਵੈਂਸ, ਰੱਖਿਆ ਮੰਤਰੀ ਪੀਟ ਹੇਗਸੇਠ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਸਮੇਤ ਕਈ ਕੈਬਨਿਟ ਮੰਤਰੀ, ਅਮਰੀਕੀ ਖੁਫੀਆ ਵਿਭਾਗ ਦੀ ਡਾਇਰੈਕਟਰ ਤੁਲਸੀ ਗਬਾਰਡ ਤੇ ਪ੍ਰਸ਼ਾਸਨ ਦੇ ਵੱਡੇ ਅਧਿਕਾਰੀ ਸਟੇਜ 'ਤੇ ਮੌਜੂਦ ਸਨ, ਜਦੋਂਕਿ ਸੈਂਕੜੇ ਪੱਤਰਕਾਰ ਹਾਲ 'ਚ ਮੌਜੂਦ ਸਨ। ਗੋਲੀਬਾਰੀ ਦੀ ਘਟਨਾ ਮੌਕੇ ਗੁਪਤ ਸੇਵਾਵਾਂ ਦੇ ਏਜੰਟਾਂ ਨੇ ਤੁਰੰਤ ਹਰਕਤ 'ਚ ਆਉਂਦਿਆਂ ਰਾਸ਼ਟਰਪਤੀ, ਪਹਿਲੀ ਔਰਤ ਤੇ ਉਪ ਰਾਸ਼ਟਰਪਤੀ ਸਮੇਤ ਹੋਰਨਾਂ ਪ੍ਰਮੁੱਖ ਸ਼ਖਸੀਅਤਾਂ ਨੂੰ ਘੇਰੇ 'ਚ ਲੈਂਦਿਆਂ ਸੁਰੱਖਿਅਤ ਸਥਾਨ 'ਤੇ ਪਹੁੰਚਾ ਦਿੱਤਾ ਗਿਆ। ਸੁਰੱਖਿਆ ਅਧਿਕਾਰੀਆਂ ਦੇ ਮੁਤਾਬਕ ਹਮਲਾਵਰ ਵਲੋਂ 7 ਤੋਂ 8 ਗੋਲੀਆਂ ਚਲਾਈਆਂ ਗਈਆਂ, ਜਿਸ ਦੌਰਾਨ ਕੁਝ ਗੋਲੀਆਂ ਸੁਰੱਖਿਆ ਲਈ ਤਾਇਨਾਤ ਜਵਾਨ ਨੂੰ ਵੀ ਲੱਗੀਆਂ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ ਪਰ ਬੁਲੇਟ ਪਰੂਫ਼ ਜੈਕਟ ਪਾਈ ਹੋਣ ਕਾਰਨ ਉਸ ਦਾ ਬਚਾਅ ਹੋ ਗਿਆ। ਕੁਝ ਦੇਰ ਬਾਅਦ ਟਰੰਪ ਨੇ ਘਟਨਾ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਮਲਾਵਰ ਫੜਿਆ ਗਿਆ ਹੈ। ਉਨ੍ਹਾਂ ਹਮਲਾਵਰ ਨੂੰ ਬਿਮਾਰ ਕਰਾਰ ਦਿੱਤਾ। ਟਰੰਪ ਨੇ ਸੋਸ਼ਲ ਮੀਡੀਆ ਮੰਚ 'ਟਰੁੱਥ' ਉੱਤੇ ਦੋ ਤਸਵੀਰਾਂ ਵੀ ਸਾਂਝੀਆਂ ਕੀਤੀਆਂ, ਜਿਸ 'ਚ ਇਕ ਬਿਨਾ ਕਮੀਜ਼ ਵਾਲਾ ਆਦਮੀ, ਜਿਸ ਦੇ ਹੱਥ ਪਿੱਛੇ ਬੰਨ੍ਹੇ ਹੋਏ ਹਨ, ਉਸ ਨੂੰ ਫਰਸ਼ 'ਤੇ ਲੰਮਾ ਪਾਇਆ ਹੋਇਆ ਹੈ।

ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲੈਂਚ ਨੇ ਦੱਸਿਆ ਕਿ ਸ਼ੱਕੀ ਹਮਲਾਵਰ ਦੇ ਨਿਸ਼ਾਨੇ 'ਤੇ ਟਰੰਪ ਪ੍ਰਸ਼ਾਸਨ ਦੇ ਅਧਿਕਾਰੀ ਸਨ, ਜਿਥੇ ਉਸ ਨੇ ਹਾਲ ਦੇ ਚੈੱਕਪੁਆਇੰਟ 'ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ। ਬਲੈਂਚ ਨੇ ਇਹ ਵੀ ਕਿਹਾ ਕਿ ਅਧਿਕਾਰੀਆਂ ਦਾ ਮੰਨਣਾ ਹੈ ਕਿ ਹਮਲਾਵਰ ਨੇ ਕੈਲੀਫੋਰਨੀਆ ਤੋਂ ਸ਼ਿਕਾਗੋ ਅਤੇ ਫਿਰ ਵਾਸ਼ਿੰਗਟਨ ਤੱਕ ਰੇਲਗੱਡੀ ਰਾਹੀਂ ਯਾਤਰਾ ਕੀਤੀ, ਜਿਥੇ ਉਸ ਨੇ ਉਸ ਹੋਟਲ ਵਿਚ ਮਹਿਮਾਨ ਵਜੋਂ 'ਚੈੱਕ ਇਨ', ਜਿਥੇ ਸਨਿਚਰਵਾਰ ਰਾਤ ਨੂੰ ਵਾਸ਼ਿੰਗਟਨ ਦੇ ਸਭ ਤੋਂ ਸ਼ਾਨਦਾਰ ਸਮਾਗਮਾਂ 'ਚੋਂ ਇਕ ਕਰਵਾਇਆ ਜਾ ਰਿਹਾ ਸੀ। ਇਸ ਵਿਚਕਾਰ ਸੰਘੀ ਜਾਂਚ ਏਜੰਸੀ (ਐਫ.ਬੀ.ਆਈ.) ਅਤੇ ਪੁਲਿਸ ਨੇ ਕੈਲੀਫੋਰਨੀਆ ਦੇ ਟਾੱਰੈਂਸ ਇਲਾਕੇ 'ਚ ਸਥਿਤ ਉਸ ਘਰ ਦੀ ਤਲਾਸ਼ੀ ਲਈ, ਜਿਸ ਦੇ ਸ਼ੱਕੀ ਹਮਲਾਵਰ ਨਾਲ ਜੁੜੇ ਹੋਣ ਦਾ ਸ਼ੱਕ ਹੈ।



ਮੈਟਰੋਪਾਲੀਟਿਨ ਪੁਲਿਸ ਵਿਭਾਗ ਦੇ ਅੰਤਰਿਮ ਮੁਖੀ ਜੈਫਰੀ ਕੈਰੋਲ ਨੇ ਦੱਸਿਆ ਕਿ ਸ਼ੱਕੀ ਹਮਲਾਵਰ ਉਸੇ ਵਾਸ਼ਿੰਗਟਨ ਹਿਲਟਨ ਹੋਟਲ ਦਾ ਮਹਿਮਾਨ ਸੀ, ਜਿਥੇ ਪ੍ਰੋਗਰਾਮ ਹੋ ਰਿਹਾ ਸੀ। ਉਨ੍ਹਾਂ ਦੱਸਿਆ ਕਿ ਹਮਲਾਵਰ ਕੋਲ ਸ਼ਾਟਗੰਨ, ਇਕ ਹੈਂਡਗੰਨ ਅਤੇ ਕਈ ਚਾਕੂ ਸਨ। ਉਨ੍ਹਾਂ ਦੱਸਿਆ ਕਿ ਸ਼ੱਕੀ ਨੂੰ ਕੋਈ ਗੋਲੀ ਨੂੰ ਨਹੀਂ ਲੱਗੀ ਅਤੇ ਸ਼ੁਰੂਆਤੀ ਜਾਂਚ ਤੋਂ ਲੱਗਦਾ ਹੈ ਕਿ ਉਹ ਇਕੱਲਾ ਹਮਲਾਵਰ ਸੀ। ਜੈਫਰੀ ਨੇ ਕਿਹਾ ਕਿ ਗੋਲੀ ਚੱਲਣ ਦਾ ਮਤਲਬ ਇਹ ਨਹੀਂ ਹੈ ਕਿ ਸੁਰੱਖਿਆ 'ਚ ਕੋਈ ਕਮੀ ਸੀ, ਜਿਸ 'ਚੈੱਕਪੁਆਇੰਟ' ਉੱਤੇ ਸ਼ੱਕੀ ਫੜਿਆ ਗਿਆ, ਉਹ ਖ਼ਾਸ ਵਜ੍ਹਾ ਨਾਲ ਲਗਾਇਆ ਗਿਆ ਸੀ ਅਤੇ ਉਸ ਨੇ ਆਪਣਾ ਕੰਮ ਕੀਤਾ। ਵਾਸ਼ਿੰਗਟਨ ਡੀਸੀ ਦੀ ਮੇਅਰ ਮੂਰੀਅਲ ਬਾਊਸਰ ਨੇ ਕਿਹਾ ਕਿ ਹਮਲਾਵਰ ਦਾ ਇਕ ਨੇੜਲੇ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ ਅਤੇ ਉਸ ਨੂੰ ਸੋਮਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਕੁਝ ਪੋਸਟਾਂ ਤੋਂ ਸੰਕੇਤ ਮਿਲਦਾ ਹੈ ਕਿ ਸ਼ੱਕੀ ਹਮਲਾਵਰ ਟਾੱਮਸ ਐਲਨ ਬੇਹੱਦ ਸਿੱਖਿਅਤ ਟਿਊਟਰ ਅਤੇ ਸ਼ੌਕੀਆਂ ਵੀਡੀਓ ਗੇਮ ਡਵੈੱਲਪਰ ਹੈ। ਕੈਲੀਫੋਰਨੀਆ ਦੇ ਟਾੱਰੈਂਸ ਵਾਸੀ 31 ਸਾਲਾ ਹਮਲਾਵਰ ਦੀ ਮਈ 2025 ਦੀ ਇਕ ਪ੍ਰੋਫਾਈਲ ਤਸਵੀਰ 'ਚ ਉਹ ਕੰਪਿਊਟਰ ਸਾਇੰਸ 'ਚ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਡੋਮੀਗੇਜ ਹਿਲਸ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਇਕ ਟੋਪੀ ਅਤੇ ਗਾਊਨ 'ਚ ਨਜ਼ਰ ਆ ਰਿਹਾ ਹੈ। ਐਲਨ ਨੇ 2017 'ਚ ਪਾਸਾਡੇਨਾ ਦੇ ਕੈਲੀਫੋਰਨੀਆ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਮਕੈਨੀਕਲ ਇੰਜੀਨੀਅਰਿੰਗ 'ਚ ਬੈਚਲਰ ਦੀ ਡਿਗਰੀ ਪ੍ਰਾਪਤ ਕੀਤੀ। ਉਥੇ ਉਸ ਨੇ ਇਕ ਈਸਾਈ ਵਿਦਿਆਰਥੀ ਸੰਗਠਨ ਅਤੇ ਕੈਂਪਸ ਦੇ ਇਕ ਅਜਿਹੇ ਸਮੂਹ 'ਚ ਆਪਣੀ ਸ਼ਮੂਲੀਅਤ ਦਰਜ ਕੀਤੀ ਸੀ, ਜੋ ਉਥੇ ਖਿਡੌਣਾ ਬੰਦੂਕ ਨਾਲ ਮੁਕਾਬਲਾ ਕਰਦੇ ਸਨ।

# ਅਮਰੀਕਾ 'ਚ ਹਿੰਸਾ ਲਈ ਕੋਈ ਥਾਂ ਨਹੀਂ; ਰਿਪਬਲਿਕਨ ਅਤੇ ਡੈਮੋਕ੍ਰੇਟਿਕ ਨੇਤਾਵਾਂ ਦੀ ਸਾਂਝੀ ਪ੍ਰਤੀਕਿਰਿਆ

ਵਾਸ਼ਿੰਗਟਨ : ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਦੇ ਇੱਕ ਹੋਟਲ ਵਿੱਚ ਗੋਲੀਬਾਰੀ ਦੇ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਹੋਰ ਉੱਚ ਵ ?ਹਾਈਟ ਹਾਊਸ ਅਧਿਕਾਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਇਸ ਘਟਨਾ ਤੋਂ ਬਾਅਦ ਰਿਪਬਲਿਕਨ ਅਤੇ ਡੈਮੋਕ੍ਰੇਟਿਕ ਦੋਵਾਂ ਪਾਰਟੀਆਂ ਦੇ ਨੇਤਾਵਾਂ ਨੇ ਸਰਬਸੰਮਤੀ ਨਾਲ ਐਲਾਨ ਕੀਤਾ ਕਿ ਅਮਰੀਕਾ ਵਿੱਚ ਰਾਜਨੀਤਿਕ ਹਿੰਸਾ ਲਈ ਕੋਈ ਥਾਂ ਨਹੀਂ ਹੈ। ਵ ?ਹਾਈਟ ਹਾਊਸ ਪੱਤਰਕਾਰਾਂ ਦੇ ਡਿਨਰ ਦੌਰਾਨ ਹੋਏ ਹਮਲੇ ਤੋਂ ਕੁਝ ਘੰਟਿਆਂ ਬਾਅਦ ਟਰੰਪ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਰਾਸ਼ਟਰੀ ਏਕਤਾ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਵਧਦੇ ਰਾਜਨੀਤਿਕ ਤਣਾਅ ਅਤੇ ਹਿੰਸਾ ਦੇ ਬਾਵਜੂਦ, ਅਮਰੀਕੀਆਂ ਨੂੰ ਆਪਣੇ ਮਤਭੇਦਾਂ ਨੂੰ ਸ਼ਾਂਤੀਪੂਰਵਕ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਨਾਲ ਪਹਿਲੀ ਮਹਿਲਾ ਮੇਲਾਨੀਆ ਟਰੰਪ, ਉਪ ਰਾਸ਼ਟਰਪਤੀ ਜੇ.ਡੀ. ਵੈਂਸ, ਰੱਖਿਆ ਸਕੱਤਰ ਪੀਟ ਹੇਗਸੇਥ, ਵਿਦੇਸ਼ ਮੰਤਰੀ ਮਾਰਕੋ ਰੂਬੀਓ, ਐਫਬੀਆਈ ਡਾਇਰੈਕਟਰ ਕਾਸ਼ ਪਟੇਲ ਅਤੇ ਹੋਰ ਉੱਚ ਅਧਿਕਾਰੀ ਸਨ।

ਸੀਨੀਅਰ ਡੈਮੋਕ੍ਰੇਟਿਕ ਨੇਤਾ ਅਤੇ ਟਰੰਪ ਦੀ ਮੁੱਖ ਆਲੋਚਕ ਨੈਨਸੀ ਪੇਲੋਸੀ ਨੇ ਕਿਹਾ ਕਿ ਇਹ ਇੱਕ ਵੱਡੀ ਰਾਹਤ ਹੈ ਕਿ ਰਾਸ਼ਟਰਪਤੀ, ਪਹਿਲੀ ਮਹਿਲਾ ਅਤੇ ਵ ?ਹਾਈਟ ਹਾਊਸ ਪੱਤਰਕਾਰਾਂ ਦੇ ਡਿਨਰ ਪ੍ਰੋਗਰਾਮ ਵਿਚ ਮੌਜੂਦ ਸਾਰੇ ਲੋਕ ਸੁਰੱਖਿਅਤ ਹਨ। ਹੋਰ। ਉਸ ਨੇ ਕਿਹਾ, 'ਯੂਐਸ ਸੀਕਰੇਟ ਸਰਵਿਸ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਬਹਾਦਰ ਅਧਿਕਾਰੀਆਂ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਮੌਕੇ ਨੂੰ ਸੁਰੱਖਿਅਤ ਕਰਨ ਅਤੇ ਮੌਜੂਦ ਲੋਕਾਂ ਦੀ ਰੱਖਿਆ ਕਰਨ ਵਿਚ ਕਾਮਯਾਬ ਰਹੇ। ਮੇਰੇ ਪਰਿਵਾਰ ਨੇ ਰਾਜਨੀਤਿਕ ਹਿੰਸਾ ਦਾ ਅਨੁਭਵ ਕੀਤਾ ਹੈ, ਇਸ ਲਈ ਮੇਰੀਆਂ ਪ੍ਰਾਰਥਨਾਵਾਂ ਜ਼ਖਮੀ ਅਧਿਕਾਰੀ ਅਤੇ ਇਸ ਘਟਨਾ ਤੋਂ ਪ੍ਰਭਾਵਿਤ ਸਾਰੇ ਲੋਕਾਂ ਨਾਲ ਹਨ।'

ਰਿਪਬਲਿਕਨ ਕਾਂਗਰਸਮੈਨ ਸਟੀਵ ਸਕੇਲਿਸ ਨੇ ਸ਼ਨੀਵਾਰ ਨੂੰ ਡਿਨਰ 'ਤੇ ਮੌਜੂਦ ਹਰ ਕਿਸੇ ਦੀ ਸੁਰੱਖਿਆ ਲਈ ਤੇਜ਼ ਕਾਰਵਾਈ ਲਈ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦਾ ਧੰਨਵਾਦ ਪ੍ਰਗਟ ਕੀਤਾ। ਉਸਨੇ ਲਿਖਿਆ, 'ਇਹ ਸਮਾਗਮ ਲੋਕਾਂ ਨੂੰ ਇਕਜੁੱਟ ਕਰਨ ਲਈ ਹੈ। ਸਾਡੇ ਦੇਸ਼ ਵਿੱਚ ਹਿੰਸਾ ਦੀ ਕੋਈ ਥਾਂ ਨਹੀਂ ਹੈ।' ਮਿਸ਼ੀਗਨ ਤੋਂ ਡੈਮੋਕ੍ਰੇਟਿਕ ਕਾਂਗਰਸਮੈਨ ਸ਼੍ਰੀ ਥਾਨੇਦਾਰ ਨੇ ਕਿਹਾ ਕਿ ਉਹ ਸੀਕਰੇਟ ਸਰਵਿਸ ਅਤੇ ਹੋਰ ਸੁਰੱਖਿਆ ਕਰਮਚਾਰੀਆਂ ਦੀ ਤੁਰੰਤ ਕਾਰਵਾਈ ਲਈ ਧੰਨਵਾਦੀ ਹਨ। ਉਸਨੇ ਕਿਹਾ, 'ਮੈਂ ਉੱਥੇ ਮੌਜੂਦ ਹਰ ਕਿਸੇ ਬਾਰੇ ਸੋਚ ਰਿਹਾ ਹਾਂ। ਰਾਜਨੀਤਿਕ ਹਿੰਸਾ ਕਦੇ ਵੀ ਸਵੀਕਾਰਯੋਗ ਨਹੀਂ ਹੈ।'

ਡੈਮੋਕ੍ਰੇਟਿਕ ਕਾਂਗਰਸਮੈਨ ਸੁਹਾਸ ਸੁਬਰਾਮਨੀਅਮ, ਜੋ ਕਿ ਸਮਾਗਮ ਵਿੱਚ ਮੌਜੂਦ ਸਨ, ਨੇ ਕਿਹਾ ਕਿ ਸੁਰੱਖਿਆ ਕਰਮਚਾਰੀਆਂ ਨੇ ਉਸਨੂੰ ਗੋਲੀਬਾਰੀ ਤੋਂ ਬਚਾਇਆ ਜਦੋਂ ਉਹ ਲਾਬੀ ਤੋਂ ਐਸਕੇਲੇਟਰ ਤੋਂ ਹੇਠਾਂ ਉਤਰ ਰਿਹਾ ਸੀ। ਡੈਮੋਕ੍ਰੇਟਿਕ ਨੇਤਾ ਰੋ ਖੰਨਾ ਨੇ ਕਿਹਾ ਕਿ ਉਹ ਸਾਰਿਆਂ ਦੀ ਰੱਖਿਆ ਕਰਨ ਲਈ ਕਾਨੂੰਨ ਲਾਗੂ ਕਰਨ ਵਾਲਿਆਂ ਦਾ ਧੰਨਵਾਦੀ ਹੈ। ਉਸਨੇ ਕਿਹਾ, 'ਬਹਾਦੁਰ ਸੀਕ੍ਰੇਟ ਸਰਵਿਸ ਏਜੰਟ ਪ੍ਰਤੀ ਮੇਰੀ ਸੰਵੇਦਨਾ ਜਿਸਨੂੰ ਗੋਲੀ ਮਾਰ ਦਿੱਤੀ ਗਈ। ਰਾਜਨੀਤਿਕ ਹਿੰਸਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਸਾਡੇ ਦੇਸ਼ ਵਿੱਚ ਇਸਦੀ ਕੋਈ ਜਗ੍ਹਾ ਨਹੀਂ ਹੈ।' ਸੈਨੇਟਰ ਚੱਕ ਸ਼ੂਮਰ ਨੇ ਕਿਹਾ ਕਿ ਉਹ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਤੇਜ਼ ਕਾਰਵਾਈ ਲਈ ਧੰਨਵਾਦੀ ਹਨ ਅਤੇ ਸਾਰਿਆਂ ਦੀ ਸੁਰੱਖਿਆ ਲਈ ਪ੍ਰਾਰਥਨਾ ਕਰਦੇ ਹਨ। ਡੈਮੋਕ੍ਰੇਟਿਕ ਨੇਤਾ ਪ੍ਰਮਿਲਾ ਜੈਪਾਲ ਨੇ ਕਿਹਾ ਕਿ ਉਹ ਸੁਰੱਖਿਆ ਏਜੰਸੀਆਂ ਦੀ ਤੇਜ਼ ਕਾਰਵਾਈ ਲਈ ਬਹੁਤ ਧੰਨਵਾਦੀ ਹਨ, ਜਿਸਨੇ ਜਾਨਾਂ ਬਚਾਈਆਂ। ਉਸਨੇ ਕਿਹਾ, 'ਹਿੰਸਾ ਕਦੇ ਵੀ ਹੱਲ ਨਹੀਂ ਹੁੰਦੀ।' ਹਾਊਸ ਸਪੀਕਰ ਮਾਈਕ ਜੌਹਨਸਨ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਪਤਨੀ, ਕੈਲੀ, ਸਮਾਗਮ ਵਿੱਚ ਮੌਜੂਦ ਸਨ ਅਤੇ ਧੰਨਵਾਦੀ ਹਨ ਕਿ ਕੋਈ ਵੀ ਨਿਰਦੋਸ਼ ਵਿਅਕਤੀ ਜ਼ਖਮੀ ਨਹੀਂ ਹੋਇਆ ਅਤੇ ਹਰ ਕੋਈ ਹੁਣ ਸੁਰੱਖਿਅਤ ਹੈ।

# ਵ੍ਹਾਈਟ ਹਾਊਸ 'ਚ ਪੱਤਰਕਾਰਾਂ ਲਈ ਰਾਤਰੀ ਭੋਜ ਦੌਰਾਨ ਚੱਲੀ ਗੋਲੀ

## ਟਰੰਪ ਤੇ ਵੈਂਸ ਸੁਰੱਖਿਅਤ; ਐੱਫ ਬੀ ਆਈ ਵੱਲੋਂ ਹਮਲਾਵਰ ਗ੍ਰਿਫ਼ਤਾਰ

ਵਾਸ਼ਿੰਗਟਨ, (ਸਾਡੇ ਲੋਕ ਬਿਊਰੋ) : ਵ੍ਹਾਈਟ ਹਾਊਸ ਪੱਤਰਕਾਰਾਂ ਲਈ ਰੱਖੀ ਰਾਤ ਦੀ ਸਾਲਾਨਾ ਦਾਅਵਤ ਦੌਰਾਨ ਹੋਟਲ ਦੇ ਬਾਲਰੂਮ ਦੇ ਬਾਹਰ ਗੋਲੀ ਚੱਲ ਗਈ। ਇਸ ਮੌਕੇ ਬਾਲਰੂਮ ਦੇ ਅੰਦਰ ਮੁੱਖ ਮੰਚ 'ਤੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਪ ਰਾਸ਼ਟਰਪਤੀ ਜੇ ਡੀ ਵੈਂਸ ਆਪੋ-ਆਪਣੀਆਂ ਪਤਨੀਆਂ ਨਾਲ ਮੌਜੂਦ ਸਨ। ਖ਼ੁਫ਼ੀਆ ਸਰਵਿਸ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਫੌਰੀ ਉਥੋਂ ਸੁਰੱਖਿਅਤ ਬਾਹਰ ਕੱਢਿਆ। ਸੁਰੱਖਿਆ ਅਮਲੇ ਨੇ ਹਮਲਾਵਰ ਨੂੰ ਹਿਰਾਸਤ 'ਚ ਲੈਣ ਮਗਰੋਂ ਐੱਫ ਬੀ ਆਈ ਦੇ ਹਵਾਲੇ ਕਰ ਦਿੱਤਾ। ਉਸ ਦੀ ਪਛਾਣ ਕੈਲੀਫੋਰਨੀਆ ਦੇ ਕੋਲ ਥੌਮਸ ਐਲਨ (31) ਵਜੋਂ ਦੱਸੀ ਗਈ ਹੈ। ਰਾਸ਼ਟਰਪਤੀ ਟਰੰਪ ਨੇ ਮਗਰੋਂ ਟਰੁੱਥ ਸੋਸ਼ਲ ਉੱਤੇ ਐਲਾਨ ਕੀਤਾ ਕਿ ਉਹ ਅਗਲੇ 30 ਦਿਨਾਂ 'ਚ ਰਾਤ ਦੀ ਦਾਅਵਤ ਮੁੜ ਵਿਉਂਤਣਗੇ। ਪਿਛਲੇ ਦੋ ਸਾਲਾਂ ਦੌਰਾਨ ਟਰੰਪ ਉੱਤੇ ਦੋ ਹਮਲੇ ਹੋ ਚੁੱਕੇ ਹਨ। ਪਹਿਲਾ ਹਮਲਾ 13 ਜੁਲਾਈ 2024 ਨੂੰ ਰਾਸ਼ਟਰਪਤੀ ਚੋਣਾਂ ਲਈ ਪ੍ਰਚਾਰ ਦੌਰਾਨ ਅਤੇ ਦੂਜਾ ਹਮਲਾ 15 ਜੁਲਾਈ 2024 ਨੂੰ ਪਾਲਮ ਬੀਚ ਫਲੋਰਿਡਾ 'ਚ ਹੋਇਆ ਸੀ।



ਜਾਣਕਾਰੀ ਅਨੁਸਾਰ ਗੋਲੀਬਾਰੀ ਦੀ ਘਟਨਾ ਮੁਕਾਮੀ ਸਮੇਂ ਮੁਤਾਬਕ ਸ਼ਨਿੱਚਰਵਾਰ ਰਾਤੀਂ 8:34 ਵਜੇ ਦੀ ਹੈ। ਉਸ ਮੌਕੇ ਰਾਸ਼ਟਰਪਤੀ ਟਰੰਪ ਵ ?ਹਾਈਟ ਹਾਊਸ ਕੌਰੈਸਪੌਂਡੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਵੇਜੀਆ ਜਿਆਂਗ ਤੇ ਮੈਂਟਲਿਸਟ ਉਜ਼ ਪਰਲਮੈਨ ਨਾਲ ਗੱਲਬਾਤ ਕਰ ਰਹੇ ਸਨ। ਖ਼ੁਫ਼ੀਆ ਸਰਵਿਸ ਦੇ ਅਧਿਕਾਰੀਆਂ ਨੇ ਟਰੰਪ, ਪ੍ਰਥਮ ਲੇਡੀ ਮੇਲਾਨੀਆ ਟਰੰਪ, ਉਪ ਰਾਸ਼ਟਰਪਤੀ ਵੈਂਸ ਤੇ ਦੂਜੀ ਮਹਿਲਾ ਊਸ਼ਾ ਵੈਂਸ ਨੂੰ ਤੁਰੰਤ ਸੁਰੱਖਿਆ ਘੇਰੇ 'ਚ ਲੈ ਲਿਆ ਤੇ ਬਾਲਰੂਮ 'ਚੋਂ ਬਾਹਰ ਕੱਢਿਆ। ਦਾਅਵਤ ਲਈ ਮੌਜੂਦ ਕਈ ਮਹਿਮਾਨ, ਜਿਨ੍ਹਾਂ ਵਿੱਚ ਕਈ ਵੱਡੇ ਸਿਆਸੀ ਆਗੂ, ਪੱਤਰਕਾਰ ਤੇ ਹੋਰ ਸ਼ਾਮਲ ਸਨ, ਮੇਜ਼ਾਂ ਹੇਠ ਲੁਕ ਗਏ।

ਕੁਝ ਘੰਟਿਆਂ ਮਗਰੋਂ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸਲਾਮਤੀ ਦਸਤਿਆਂ ਨੇ ਕੈਲੀਫੋਰਨੀਆ ਨਾਲ ਸਬੰਧਤ ਸ਼ਖ਼ਸ ਨੂੰ ਕਾਬੂ ਕੀਤਾ ਹੈ। ਟਰੰਪ ਨੇ ਘਟਨਾ ਨੂੰ ਯਾਦ ਕਰਦਿਆਂ ਕਿਹਾ, "ਮੈਂ ਆਵਾਜ਼ ਸੁਣੀ ਅਤੇ ਮੈਨੂੰ ਲੱਗਿਆ ਕਿ ਕੋਈ ਟ ?ਰੇਅ ਹੇਠਾਂ ਜਾ ਰਹੀ ਹੈ।" ਇਸ ਦੌਰਾਨ ਸੁਰੱਖਿਆ ਅਧਿਕਾਰੀ ਨੂੰ ਗੋਲੀ ਲੱਗੀ, ਪਰ ਉਹ ਬੁਲੇਟ ਪਰੂਫ ਜੈਕੇਟ ਕਰ ਕੇ ਬਚ ਗਿਆ। ਹਮਲਾਵਰ ਕਈ ਹਥਿਆਰਾਂ ਨਾਲ ਲੈਸ ਸੀ। ਟਰੰਪ ਨੇ ਫੌਕਸ ਨਿਊਜ਼ ਚੈਨਲ ਨਾਲ ਇੰਟਰਵਿਊ ਦੌਰਾਨ ਦਾਅਵਾ ਕੀਤਾ ਕਿ ਗੋਲੀਬਾਰੀ ਲਈ ਕਾਬੂ ਕੀਤੇ ਸ਼ੱਕੀ ਨੇ ਹਥਿਆਰਾਂ ਤੇ ਚਾਕੂਆਂ ਨਾਲ ਹੋਟਲ ਵਿਚਲੇ ਬਾਲਰੂਮ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਸ ਨੇ ਆਪਣੀਆਂ ਕੁਝ ਲਿਖਤਾਂ ਵਿੱਚ ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਦਾ ਸੱਦਾ ਦਿੱਤਾ ਹੈ। ਉਸ ਦੇ ਪਰਿਵਾਰ ਨੇ ਗੋਲੀਬਾਰੀ ਤੋਂ ਪਹਿਲਾਂ ਉਸ ਬਾਬਤ ਕੁਝ ਫ਼ਿਕਰ ਪੁਲਿਸ ਨਾਲ ਸਾਂਝੇ ਕੀਤੇ ਸਨ। ਇਸ ਦੌਰਾਨ ਹੋਟਲ ਦੇ ਬਾਹਰ ਸੜਕ ਉੱਤੇ ਕਤਾਰਾਂ ਵਿੱਚ ਖੜ੍ਹੇ ਪ੍ਰਦਰਸ਼ਨਕਾਰੀਆਂ ਨੇ ਟਰੰਪ ਪ੍ਰਸ਼ਾਸਨ ਅਤੇ ਰੱਖਿਆ ਮੰਤਰੀ ਪੀਟ ਹੈਂਗਸੈਥ ਖ਼ਿਲਾਫ਼ ਨਾਅਰੇ ਲਾਏ। ਉਧਰ, ਡੈਮੋਕਰੈਟ ਆਗੂ ਨੈਨਸੀ ਪੈਲੋਸੀ ਨੇ ਕਿਹਾ ਕਿ ਇਹ ਵੱਡੀ ਰਾਹਤ ਵਾਲੀ ਖ਼ਬਰ ਹੈ ਕਿ ਰਾਸ਼ਟਰਪਤੀ, ਪ੍ਰਥਮ ਮਹਿਲਾ ਤੇ ਰਾਤ ਦੀ ਦਾਅਵਤ ਵਿੱਚ ਮੌਜੂਦ ਹਰ ਕੋਈ ਸੁਰੱਖਿਅਤ ਹੈ। ਡੈਮੋਕਰੈਟ ਆਗੂ ਰੋ ਖੰਨਾ ਤੇ ਰਿਪਬਲਿਕਨ ਆਗੂ ਸਟੀਵ ਸਕਾਲਾਈਸ ਨੇ ਸੁਰੱਖਿਆ ਅਮਲੇ ਵੱਲੋਂ ਦਿਖਾਈ ਫੁਰਤੀ ਦੀ ਤਾਰੀਫ਼ ਕੀਤੀ ਹੈ।

# ਮੈਂ ਕੋਈ ਬਲਾਤਕਾਰੀ ਨਹੀ ਹਾਂ...: ਵ੍ਹਾਈਟ ਹਾਊਸ ਡਿਨਰ ਹਮਲੇ ਦੇ ਸ਼ੱਕੀ ਵੱਲੋਂ ਲਗਾਏ ਦੋਸ਼ਾਂ 'ਤੇ ਟਰੰਪ ਦਾ ਜਵਾਬ

## ਗੋਲੀਬਾਰੀ ਦੌਰਾਨ ਸੁਰੱਖਿਆ ਕਰਮੀਆਂ ਨਾਲ ਹੋਈ ਜੱਦੋ-ਜਹਿਦ ਬਾਰੇ ਕੀਤੇ ਖੁਲਾਸੇ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵ੍ਹਾਈਟ ਹਾਊਸ ਕਰਸਪੌਂਡੈਂਟਸ ਐਸੋਸੀਏਸ਼ਨ (WHCA) ਦੇ ਰਾਤ ਦੇ ਖਾਣੇ ਦੌਰਾਨ ਹੋਈ ਗੋਲੀਬਾਰੀ ਤੋਂ ਬਾਅਦ ਪਹਿਲੀ ਵਾਰ ਆਪਣੀ ਚੁੱਪ ਤੋੜੀ ਹੈ। ਸੀ.ਬੀ.ਐੱਸ. 60 ਮਿਨੀਟਸ' ਨੂੰ ਦਿੱਤੇ ਇੱਕ ਤਿੱਖੇ ਇੰਟਰਵਿਊ ਵਿੱਚ ਟਰੰਪ ਨੇ ਉਸ ਰਾਤ ਦੇ ਖੌਫ਼ਨਾਕ ਮੰਜ਼ਰ ਅਤੇ ਹਮਲਾਵਰ ਦੇ ਮੈਨੀਫੈਸਟੋ ਵਿੱਚ ਆਪਣੇ ਖ਼ਿਲਾਫ਼ ਲਗਾਏ ਗਏ ਇਲਜ਼ਾਮਾਂ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ। ਟਰੰਪ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ, "ਮੈਂ ਕੋਈ ਬਲਾਤਕਾਰੀ ਜਾਂ ਪੈਡੋਫਾਈਲ (ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲਾ) ਨਹੀਂ ਹਾਂ। ਇਹ ਇੱਕ ਬਿਮਾਰ ਮਾਨਸਿਕਤਾ ਵਾਲੇ ਵਿਅਕਤੀ ਦੀਆਂ ਲਿਖਤਾਂ ਹਨ।

ਜ਼ਿਕਰਯੋਗ ਹੈ ਕਿ ਵਾਸ਼ਿੰਗਟਨ ਹਿਲਟਨ ਹੋਟਲ ਵਿੱਚ ਚੱਲ ਰਹੇ ਸਾਲਾਨਾ ਡਿਨਰ ਦੌਰਾਨ ਇੱਕ ਬੰਦੂਕਧਾਰੀ ਨੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਤੋਂ ਬਾਅਦ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਰਾਸ਼ਟਰਪਤੀ ਨੂੰ ਤੁਰੰਤ ਸਟੇਜ ਤੋਂ ਹਟਾ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਸੀ।

**ਮੈਂ ਦੇਖਣਾ ਚਾਹੁੰਦਾ ਸੀ ਕਿ ਕੀ ਹੋ ਰਿਹਾ ਹੈ:ਟਰੰਪ**

ਟਰੰਪ ਨੇ ਦੱਸਿਆ ਕਿ ਜਦੋਂ ਗੋਲੀਆਂ ਚੱਲੀਆਂ ਤਾਂ ਉਹ ਘਬਰਾਏ ਨਹੀਂ ਸਨ ਉਨ੍ਹਾਂ ਮੰਨਿਆ ਕਿ ਉਨ੍ਹਾਂ ਦੀ ਇਸ ਜ਼ਿੱਦ ਕਾਰਨ ਸੁਰੱਖਿਆ ਏਜੰਟਾਂ ਨੂੰ ਮੁਸ਼ਕਲ ਪੇਸ਼ ਆਈ। ਰਾਸ਼ਟਰਪਤੀ ਨੇ ਕਿਹਾ, " ਮੈਂ ਉਨ੍ਹਾਂ ਲਈ ਕੰਮ ਆਸਾਨ ਨਹੀਂ ਕਰ ਰਿਹਾ ਸੀ। ਏਜੰਟ ਵਾਰ-ਵਾਰ ਮੈਨੂੰ ਜ਼ਮੀਨ 'ਤੇ ਲੇਟਣ ਲਈ ਕਹਿ ਰਹੇ ਸਨ। ਅਖੀਰ ਮੈਂ ਅਤੇ ਫਸਟ ਲੇਡੀ ਹੇਠਾਂ ਬੈਠ ਗਏ ਅਤੇ ਉਹ ਸਾਨੂੰ ਬਾਹਰ ਲੈ ਗਏ। ਪੱਤਰਕਾਰਾਂ ਨਾਲ ਤਿੱਖੀ ਨੋਕ-ਝੋਕ ਇੰਟਰਵਿਊ ਦੌਰਾਨ ਜਦੋਂ ਹਮਲਾਵਰ ਦੇ ਮੈਨੀਫੈਸਟੋ (ਘੋਸ਼ਣਾ ਪੱਤਰ) ਦਾ ਹਵਾਲਾ ਦਿੱਤਾ ਗਿਆ, ਤਾਂ ਟਰੰਪ ਮੀਡੀਆ 'ਤੇ ਬੁਰੀ ਤਰ੍ਹਾਂ ਭੜਕ ਗਏ। ਉਨ੍ਹਾਂ ਪੱਤਰਕਾਰ ਨੂੰ 'ਘਿਣਾਉਣੇ ਲੋਕ' ਕਹਿੰਦਿਆਂ ਕਿਹਾ ਕਿ ਅਜਿਹੇ ਇਲਜ਼ਾਮਾਂ ਨੂੰ ਕੌਮੀ ਟੈਲੀਵਿਜ਼ਨ 'ਤੇ ਪੜ੍ਹਨਾ ਸ਼ਰਮਨਾਕ ਹੈ। ਟਰੰਪ ਨੇ ਕਿਹਾ, " ਮੈਨੂੰ ਪਤਾ ਸੀ ਕਿ ਤੁਸੀਂ ਇਹ ਪੜ੍ਹੋਗੇ ਕਿਉਂਕਿ ਤੁਸੀਂ ਲੋਕ ਘਟੀਆ ਹੋ। ਮੈਂ ਉਹ ਮੈਨੀਫੈਸਟੋ ਪੜ੍ਹਿਆ ਹੈ, ਉਹ ਬੰਦਾ ਮਾਨਸਿਕ ਰੋਗੀ ਹੈ। ਮੇਰਾ ਉਨ੍ਹਾਂ ਗੱਲਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਮੈਂ ਸਾਰੇ ਮਾਮਲਿਆਂ ਵਿੱਚੋਂ ਬਰੀ ਹੋ ਚੁੱਕਾ ਹਾਂ।

ਇਵੈਂਟ ਰੱਦ ਨਾ ਕਰਨ ਦੀ ਅਪੀਲ : ਰਾਸ਼ਟਰਪਤੀ ਨੇ ਵ੍ਹਾਈਟ ਹਾਊਸ ਕਰਸਪੌਂਡੈਂਟਸ ਐਸੋਸੀਏਸ਼ਨ ਨੂੰ ਅਪੀਲ ਕੀਤੀ ਹੈ ਕਿ ਇਸ ਪ੍ਰੋਗਰਾਮ ਨੂੰ ਰੱਦ ਨਾ ਕੀਤਾ ਜਾਵੇ, ਸਗੋਂ ਅਗਲੇ 30 ਦਿਨਾਂ ਦੇ ਅੰਦਰ ਮੁੜ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਇੱਕ ਸਿਰਫਿਰੇ ਵਿਅਕਤੀ ਕਾਰਨ ਅਜਿਹੇ ਵੱਡੇ ਸਮਾਗਮ ਰੁਕਣੇ ਨਹੀਂ ਚਾਹੀਦੇ। ਹਾਲਾਂਕਿ, ਉਨ੍ਹਾਂ ਆਪਣੇ ਅੰਦਾਜ਼ ਵਿੱਚ ਇਹ ਵੀ ਜੋੜਿਆ ਕਿ ਉਹ ਬਹੁਤ ਰੁੱਝੇ ਹੋਏ ਹਨ ਅਤੇ ਉਨ੍ਹਾਂ ਨੂੰ ਉੱਥੇ ਜਾਣ ਦੀ ਕੋਈ ਖਾਸ ਲੋੜ ਨਹੀਂ ਹੈ।

# ਹਮਲੇ ਤੋਂ ਬਾਅਦ ਵ੍ਹਾਈਟ ਹਾਊਸ ਸਖ਼ਤ: ਟਰੰਪ ਦੀ ਸੁਰੱਖਿਆ ਦੀ ਹੋਵੇਗੀ ਸਮੀਖਿਆ

## ਟਰੰਪ ਤੇ ਜੇ.ਡੀ. ਵੈਂਸ ਦੇ ਇਕੱਠੇ ਹੋਣ 'ਤੇ ਲੱਗ ਸਕਦੀ ਹੈ ਰੋਕ

ਵਾਸ਼ਿੰਗਟਨ, (ਸਾਡੇ ਲੋਕ ਬਿਊਰੋ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸੁਰੱਖਿਆ ਨੂੰ ਲੈ ਕੇ ਵ੍ਹਾਈਟ ਹਾਊਸ ਦੇ ਉੱਚ ਅਧਿਕਾਰੀਆਂ ਨੇ ਇਸੇ ਹਫ਼ਤੇ ਇੱਕ ਅਹਿਮ ਮੀਟਿੰਗ ਸੱਦੀ ਹੈ। ਇਹ ਫੈਸਲਾ ਸ਼ਨੀਵਾਰ ਰਾਤ ਪੱਤਰਕਾਰਾਂ ਦੇ ਸਾਲਾਨਾ ਡਿਨਰ (ਵ੍ਹਾਈਟ ਹਾਊਸ ਕੋਰਸਪੌਂਡੈਂਟਸ ਡਿਨਰ) ਦੌਰਾਨ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਲਿਆ ਗਿਆ ਹੈ। ਵ੍ਹਾਈਟ ਹਾਊਸ ਦੀ ਚੀਫ ਆਫ ਸਟਾਫ ਸੂਜ਼ਨ ਵਾਈਲਜ਼ ਨੇ ਸੀਕਰੇਟ ਸਰਵਿਸ ਅਤੇ ਹੋਮਲੈਂਡ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਸੁਰੱਖਿਆ ਪ੍ਰੋਟੋਕੋਲ ਦੀ ਸਮੀਖਿਆ ਕਰਨ ਦੇ ਹੁਕਮ ਦਿੱਤੇ ਹਨ।

ਇਸ ਨਾਕਾਮ ਹਮਲੇ ਨੇ ਅਮਰੀਕੀ ਸਰਕਾਰ ਦੇ ਉੱਤਰਾਧਿਕਾਰੀ ਦੀ ਲਾਈਨ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਮਾਗਮ ਦੌਰਾਨ ਰਾਸ਼ਟਰਪਤੀ ਟਰੰਪ ਤੋਂ ਇਲਾਵਾ ਉਪ-ਰਾਸ਼ਟਰਪਤੀ ਜੇ.ਡੀ. ਵੈਂਸ, ਹਾਊਸ ਸਪੀਕਰ ਮਾਈਕ ਜੌਹਨਸਨ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਰੱਖਿਆ ਮੰਤਰੀ ਸਮੇਤ ਕਈ ਵੱਡੇ ਅਹੁਦੇਦਾਰ ਮੌਜੂਦ ਸਨ, ਜੋ ਕਿਸੇ ਵੱਡੇ ਹਾਦਸੇ ਦੀ ਸੂਰਤ ਵਿਚ ਦੇਸ਼ ਦੀ ਵਾਗਡੋਰ ਸੰਭਾਲਣ ਦੀ ਕਤਾਰ ਵਿਚ ਆਉਂਦੇ ਹਨ।

ਵ ?ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਸੰਕੇਤ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਇਹ ਨਿਯਮ ਬਣਾਇਆ ਜਾ ਸਕਦਾ ਹੈ ਕਿ ਰਾਸ਼ਟਰਪਤੀ ਟਰੰਪ ਅਤੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਇੱਕੋ ਸਮੇਂ ਕਿਸੇ ਜਨਤਕ ਸਮਾਗਮ ਵਿਚ ਮੌਜੂਦ ਨਾ ਰਹਿਣ।



ਰਿਪਬਲਿਕਨ ਕਾਂਗਰਸਮੈਨ ਮਾਈਕਲ ਮੈਕਕੌਲ ਨੇ ਕਿਹਾ ਕਿ ਸੀਕਰੇਟ ਸਰਵਿਸ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿਉਂਕਿ ਵਾਸ਼ਿੰਗਟਨ ਹਿਲਟਨ ਵਰਗੇ ਹੋਟਲ ਇੰਨੀ ਵੱਡੀ ਗਿਣਤੀ ਵਿਚ ਵੀ.ਵੀ.ਆਈ.ਪੀਜ਼ ਦੀ ਸੁਰੱਖਿਆ ਲਈ ਢੁੱਕਵੇਂ ਨਹੀਂ ਹਨ।

ਲੀਵਿਟ ਨੇ ਦੱਸਿਆ ਕਿ ਹਾਲਾਂਕਿ ਡਿਨਰ ਲਈ ਕੋਈ ਖਾਸ 'ਡੈਜ਼ੀਗਨੇਟਿਡ ਸਰਵਾਈਵਰ' (ਸੁਰੱਖਿਅਤ ਰੱਖਿਆ ਜਾਣ ਵਾਲਾ ਉੱਤਰਾਧਿਕਾਰੀ) ਨਿਯੁਕਤ ਨਹੀਂ ਕੀਤਾ ਗਿਆ ਸੀ, ਕਿਉਂਕਿ ਕੈਬਨਿਟ ਦੇ ਕੁਝ ਮੈਂਬਰ ਪਹਿਲਾਂ ਹੀ ਨਿੱਜੀ ਕਾਰਨਾਂ ਕਰਕੇ ਉੱਥੇ ਮੌਜੂਦ ਨਹੀਂ ਸਨ। ਜ਼ਿਕਰਯੋਗ ਹੈ ਕਿ ਫਰਵਰੀ ਵਿਚ ਹੋਏ 'ਸਟੇਟ ਆਫ ਦ ਯੂਨੀਅਨ' ਭਾਸ਼ਣ ਦੌਰਾਨ ਵੈਟਰਨ ਅਫੇਅਰਜ਼ ਮੰਤਰੀ ਡੱਗ ਕੋਲਿਨਸ ਨੂੰ 'ਡੈਜ਼ੀਗਨੇਟਿਡ ਸਰਵਾਈਵਰ' ਵਜੋਂ ਇੱਕ ਗੁਪਤ ਥਾਂ 'ਤੇ ਰੱਖਿਆ ਗਿਆ ਸੀ, ਤਾਂ ਜੋ ਕਿਸੇ ਵੀ ਹਮਲੇ ਦੀ ਸੂਰਤ ਵਿਚ ਸਰਕਾਰ ਚਲਦੀ ਰਹਿ ਸਕੇ।

ਅਮਰੀਕਾ ਇਸ ਸਾਲ 4 ਜੁਲਾਈ ਨੂੰ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਜਿਸ ਕਾਰਨ ਟਰੰਪ ਕਈ ਜਨਤਕ ਰੈਲੀਆਂ ਵਿਚ ਹਿੱਸਾ ਲੈਣ ਵਾਲੇ ਹਨ। ਸੂਜ਼ਨ ਵਾਈਲਜ਼ ਵੱਲੋਂ ਸੱਦੀ ਗਈ ਮੀਟਿੰਗ ਵਿਚ ਇਨ੍ਹਾਂ ਸਮਾਗਮਾਂ ਲਈ ਨਵੀਂ ਰਣਨੀਤੀ ਉਲੀਕੀ ਜਾਵੇਗੀ। ਅਧਿਕਾਰੀਆਂ ਨੇ ਸਾਫ ਕੀਤਾ ਹੈ ਕਿ ਭਾਵੇਂ ਸੀਕਰੇਟ ਸਰਵਿਸ ਆਪਣੀ ਕਾਰਜਪ੍ਰਣਾਲੀ ਜਨਤਕ ਨਹੀਂ ਕਰਦੀ, ਪਰ ਰਾਸ਼ਟਰਪਤੀ ਦੀ ਜਾਨ ਦੀ ਰਾਖੀ ਲਈ ਹਰ ਜ਼ਰੂਰੀ ਬਦਲਾਅ ਕੀਤਾ ਜਾਵੇਗਾ।

# ਪੰਜਾਬ ਤੋਂ ਕਸ਼ਮੀਰ ਨਸ਼ੇ ਦੀ ਲਪੇਟ ਵਿੱਚ

## ਉਪ ਰਾਜਪਾਲ ਮਨੋਜ ਸਿਨਹਾ ਦੀ ਵੱਡੀ ਪਹਿਲ, ਨਸ਼ਿਆਂ ਖਿਲਾਫ ਭਰੀ ਹੁੰਕਾਰ









ਡੋਡਾ (ਜੰਮੂ-ਕਸ਼ਮੀਰ) : ਜੰਮੂ-ਕਸ਼ਮੀਰ ਨੂੰ ਨਸ਼ਾ-ਮੁਕਤ ਬਣਾਉਣ ਦੇ ਆਪਣੇ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ, ਉਪ ਰਾਜਪਾਲ ਮਨੋਜ ਸਿਨਹਾ ਨੇ ਅੱਜ ਡੋਡਾ ਖੇਤਰ ਵਿੱਚ ਚੱਲ ਰਹੀ 'ਨਸ਼ਾ-ਮੁਕਤ ਜੰਮੂ-ਕਸ਼ਮੀਰ' (Drug-Free J&K) ਮੁਹਿੰਮ ਦੌਰਾਨ ਇੱਕ ਅਹਿਮ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।

ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੱਦਾ ਇਸ ਮੌਕੇ 'ਤੇ ਸੰਬੋਧਨ ਕਰਦਿਆਂ ਉਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਨਸ਼ਾ ਸਾਡੀ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰ ਰਿਹਾ ਹੈ ਅਤੇ ਇਸ ਨੂੰ ਜੜ੍ਹੋਂ ਖਤਮ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ ਅਤੇ ਸਿੱਖਿਆ ਵਰਗੇ ਉਸਾਰੂ ਕੰਮਾਂ ਵਿੱਚ ਆਪਣਾ ਸਮਾਂ ਲਗਾਉਣ ਅਤੇ ਨਸ਼ਿਆਂ ਦੇ ਹਨੇਰੇ ਰਾਹ ਤੋਂ ਦੂਰ ਰਹਿਣ।

ਮੁਹਿੰਮ ਨੂੰ 'ਜਨ-ਅੰਦੋਲਨ' ਬਣਾਉਣ ਦੀ ਲੋੜ ਉਪ ਰਾਜਪਾਲ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ਾ-ਮੁਕਤ ਸਮਾਜ ਸਿਰਫ਼ ਸਰਕਾਰ ਦੇ ਯਤਨਾਂ ਨਾਲ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੇ ਸਹਿਯੋਗ ਨਾਲ ਹੀ ਬਣ ਸਕਦਾ ਹੈ। ਉਨ੍ਹਾਂ ਕਿਹਾ:

ਸਮਾਜਿਕ ਭਾਗੀਦਾਰੀ: ਇਸ ਮੁਹਿੰਮ ਨੂੰ ਇੱਕ 'ਜਨ-ਅੰਦੋਲਨ' (People's movement) ਬਣਾਉਣਾ ਹੋਵੇਗਾ, ਜਿਸ ਵਿੱਚ ਹਰ ਪਰਿਵਾਰ ਅਤੇ ਹਰ ਨਾਗਰਿਕ ਦੀ ਭੂਮਿਕਾ ਅਹਿਮ ਹੈ।

ਸਖ਼ਤ ਕਾਰਵਾਈ: ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਨੂੰ ਨਸ਼ਾ ਤਸਕਰਾਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਡੋਡਾ ਅਤੇ ਪੂਰੇ ਜੰਮੂ-ਕਸ਼ਮੀਰ ਨੂੰ ਸੁਰੱਖਿਅਤ ਬਣਾਇਆ ਜਾ ਸਕੇ।

ਸਕਾਰਾਤਮਕ ਬਦਲਾਅ ਦੀ ਉਮੀਦ ਇਸ ਮੁਹਿੰਮ ਦਾ ਮੁੱਖ ਉਦੇਸ਼ ਨਸ਼ਾਖੋਰੀ ਤੋਂ ਪ੍ਰਭਾਵਿਤ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਇਲਾਜ ਕਰਨਾ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਹੈ। ਡੋਡਾ ਦੇ ਲੋਕਾਂ ਨੇ ਉਪ ਰਾਜਪਾਲ ਦੀ ਇਸ ਪਹਿਲ ਦਾ ਸਵਾਗਤ ਕੀਤਾ ਹੈ ਅਤੇ ਨਸ਼ਾ-ਮੁਕਤ ਸਮਾਜ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਆਪਣਾ ਪੂਰਾ ਸਹਿਯੋਗ ਦੇਣ ਦਾ ਵਚਨ ਦਿੱਤਾ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



**All Services Under One Roof**

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਸਿਨਸਿਨਾਟੀ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ













ਸਿਨਸਿਨਾਟੀ, (ਰਾਜ ਗੋਗਨਾ)- : ਅਮਰੀਕਾ ਦੇ ਓਹਾਇਓ ਸੂਬੇ ਦੇ ਵੈਸਟ ਚੈਸਟਰ ਸਥਿਤ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਅਤੇ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਤਿੰਨ ਦਿਨਾਂ ਤੱਕ ਚੱਲੇ ਇਹਨਾਂ ਸਮਾਗਮਾਂ ਵਿੱਚ ਧਾਰਮਿਕ ਦੀਵਾਨਾਂ ਦੇ ਨਾਲ-ਨਾਲ ਨਗਰ ਕੀਰਤਨ, ਗਤਕਾ, ਮੈਡੀਕਲ ਕੈਂਪ, ਬੱਚਿਆਂ ਲਈ ਵਿਦਿਅਕ ਗਤੀਵਿਧੀਆਂ ਅਤੇ ਸਿੱਖ ਵਿਰਾਸਤ ਨੂੰ ਉਜਾਗਰ ਕਰਨ ਵਾਲੇ ਕਈ ਉਪਰਾਲੇ ਕੀਤੇ ਗਏ।ਸਮਾਗਮਾਂ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਨਾਲ ਹੋਈ। ਨਿਸ਼ਾਨ ਸਾਹਿਬ ਦੀ ਸੇਵਾ ਉਪਰੰਤ ਪੰਜ ਪਿਆਰਿਆਂ ਦੀ ਛਤਰ-ਛਾਇਆ ਹੇਠ ਨਗਰ ਕੀਰਤਨ ਸਜਾਇਆ ਗਿਆ।

ਵੱਖ-ਵੱਖ ਉਮਰ ਵਰਗ ਦੇ ਨੌਜਵਾਨਾਂ ਨੇ ਗਤਕੇ ਦੇ ਜੌਹਰ ਦਿਖਾ ਕੇ ਮਾਹੌਲ ਨੂੰ ਹੋਰ ਉਤਸ਼ਾਹਜਨਕ ਬਣਾ ਦਿੱਤਾ। ਵਿਸਾਖੀ ਜੋੜ ਮੇਲੇ ਦੌਰਾਨ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਵਿੱਚ ਸਿੱਖ ਇਤਿਹਾਸ, ਸਰਬੱਤ ਦਾ ਭਲਾ ਦੀ ਵਿਚਾਰਧਾਰਾ, ਸਿੱਖ ਬੀਬੀਆਂ ਦਾ ਯੋਗਦਾਨ, ਸ਼ਸਤਰ ਵਿਦਿਆ, ਅਤੇ 1699 ਦੀ ਵਿਸਾਖੀ ਦੀ ਮਹੱਤਤਾ ਨੂੰ ਬੈਨਰਾਂ ਅਤੇ ਜਾਣਕਾਰੀ ਭਰਪੂਰ ਚਿੱਤਰਾਂ ਰਾਹੀਂ ਦਰਸਾਇਆ ਗਿਆ। ਛੋਟਾ ਘੱਲੂਘਾਰਾ, ਵੱਡਾ ਘੱਲੂਘਾਰਾ ਅਤੇ 1984 ਦੇ ਘੱਲੂਘਾਰੇ ਨਾਲ ਸੰਬੰਧਤ ਇਤਿਹਾਸਕ ਜਾਣਕਾਰੀ ਵੀ ਸਾਂਝੀ ਕੀਤੀ ਗਈ। ਬੱਚਿਆਂ ਲਈ ਆਰਟ ਐਂਡ ਕਰਾਫਟ ਅਤੇ ਸਵਾਲ-ਜਵਾਬ ਦੇ ਬੂਥ ਵੀ ਲਗਾਏ ਗਏ, ਤਾਂ ਜੋ ਉਹਨਾਂ ਨੂੰ ਕਲਾ ਰਾਹੀਂ ਸਿੱਖੀ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾ ਸਕੇ। ਇਸ ਤੋਂ ਇਲਾਵਾ, ਦਸਤਾਰ ਸਜਾਉਣ ਵਾਲਾ ਬੂਥ ਵੀ ਲਗਾਇਆ ਗਿਆ, ਜਿੱਥੇ ਸਿੱਖ ਭਾਈਚਾਰੇ ਦੇ ਨਾਲ-ਨਾਲ ਗੈਰ-ਸਿੱਖ, ਖ਼ਾਸ ਕਰਕੇ ਸਥਾਨਕ ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਵੀ ਦਸਤਾਰ ਦੀ ਮਹੱਤਤਾ ਸਮਝੀ ਅਤੇ ਦਸਤਾਰ ਸਜਾਈ।

ਇਸ ਸਾਲ ਦੇ ਸਮਾਗਮਾਂ ਵਿੱਚ ਉੱਘੀ ਲੇਖਿਕਾ ਅਤੇ ਅਧਿਆਪਕਾ ਬੀਬੀ ਗੁਰਮੀਤ ਕੌਰ ਵਿਸ਼ੇਸ਼ ਤੌਰ 'ਤੇ ਪੁੱਜੇ। ਉਹਨਾਂ ਨੇ "ਸੋਹਣੇ ਪੰਜਾਬ ਦੀਆਂ ਮੋਹਣੀਆਂ ਬਾਤਾਂ" ਅਤੇ "ਭਾਈ ਜਸਵੰਤ ਸਿੰਘ ਖਾਲੜਾ" ਬਾਰੇ ਕਿਤਾਬਾਂ ਲਿਖੀਆਂ ਹਨ। ਉਹਨਾਂ ਨੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਗੁਰਮੁਖੀ ਦਾ ਗਿਆਨ ਹੀ ਬੱਚਿਆਂ ਨੂੰ ਸ੍ਰੀ ਗੁਰੂ ਰ?ੰਥ ਸਾਹਿਬ ਅਤੇ ਆਪਣੀਆਂ ਜੜ੍ਹਾਂ ਨਾਲ ਜੋ ੜਸਕਦਾ ਹੈ। ਉਹਨਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਅਤੇ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਸ਼ਹੀਦੀਆਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਵਿਸਾਖੀ ਸਿਰਫ਼ ਇੱਕ ਇਤਿਹਾਸਕ ਦਿਨ ਨਹੀਂ, ਸਗੋਂ ਸੱਚ, ਨਿਆਂ, ਹਿੰਮਤ, ਸ਼ਹੀਦੀ ਅਤੇ ਖਾਲਸਾਈ ਪਹਿਚਾਣ ਨੂੰ ਸਮਰਪਿਤ ਇੱਕ ਰੂਹਾਨੀ ਲੜੀ ਹੈ।ਵੈਸਟ ਚੈਸਟਰ ਟਾਊਨਸ਼ਿਪ ਦੀ ਮੁੱਖ ਟਰੱਸਟੀ ਐਨ. ਬੈਕਰ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ। ਉਹਨਾਂ ਨੇ ਸਿੱਖ ਭਾਈਚਾਰੇ ਦੀ ਮਹਿਮਾਨਨਵਾਜ਼ੀ ਅਤੇ ਸਿੱਖ ਧਰਮ ਬਾਰੇ ਦਿੱਤੀ ਗਈ ਜਾਣਕਾਰੀ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਭਾਵੇਂ ਮੌਸਮ ਬੱਦਲਵਾਈ ਵਾਲਾ ਸੀ, ਪਰ ਸਿੱਖ ਸੰਗਤ ਨੇ ਉਹਨਾਂ ਅਤੇ ਉਹਨਾਂ ਦੇ ਪਤੀ ਨੂੰ ਇਸ ਅਨੁਭਵ ਰਾਹੀਂ ਜੋ ਧੁੱਪ ਵਰਗੀ ਖੁਸ਼ੀ ਬਖ਼ਸ਼ੀ, ਉਹ ਬਹੁਤ ਹੀ ਸੁਹਾਵਣੀ ਸੀ।

ਧਾਰਮਿਕ ਸਮਾਗਮਾਂ ਵਿੱਚ ਰਾਗੀ, ਕਥਾਵਾਚਕ ਅਤੇ ਕਵੀਸ਼ਰੀ ਜੱਥਿਆਂ ਨੇ ਹਾਜ਼ਰੀ ਭਰੀ। ਭਾਈ ਮਹਿਲ ਸਿੰਘ ਜੀ ਦੇ ਜੱਥੇ ਨੇ ਜੋਸ਼ ਭਰੀ ਕਵੀਸ਼ਰੀ ਰਾਹੀਂ ਸੰਗਤ ਨੂੰ ਗੁਰ ਇਤਿਹਾਸ ਨਾਲ ਜੋੜਿਆ। ਭਾਈ ਗੋਪਾਲ ਸਿੰਘ ਜੀ ਅਨੰਦਪੁਰ ਸਾਹਿਬ ਵਾਲੇ, ਭਾਈ ਕਿਹਰ ਸਿੰਘ, ਭਾਈ ਜੋਗਿੰਦਰ ਸਿੰਘ ਅਤੇ ਭਾਈ ਜੀਤ ਸਿੰਘ ਦੇ ਕੀਰਤਨੀ ਜੱਥਿਆਂ ਨੇ ਰਸਭਿੰਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਜਦਕਿ ਭਾਈ ਜਗਬੀਰ ਸਿੰਘ ਜੀ ਨੇ ਕਥਾ ਰਾਹੀਂ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ। ਸਮਾਗਮਾਂ ਦੌਰਾਨ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਸੰਗਤ ਦੀ ਗਿਣਤੀ ਵਿੱਚ ਹਰ ਸਾਲ ਵਾਂਗ ਇਸ ਵਾਰ ਵੀ ਵੱਡਾ ਵਾਧਾ ਵੇਖਣ ਨੂੰ ਮਿਲਿਆ ਜਿਸ ਵਿੱਚ ਸਿਨਸਿਨਾਟੀ ਅਤੇ ਡੇਟਨ ਖੇਤਰ ਤੋਂ ਇਲਾਵਾ ਗੁਆਂਢੀ ਰਾਜਾਂ ਇੰਡੀਆਨਾ ਅਤੇ ਕੈਂਟਕੀ ਤੋਂ ਆਈਆਂ ਸੰਗਤਾਂ ਸ਼ਾਮਲਹ ਸਨ। ਕਈ ਗੈਰ-ਸਿੱਖ ਮਹਿਮਾਨਾਂ ਨੇ ਵੀ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਸਿੱਖ ਧਰਮ, ਪਰੰਪਰਾਵਾਂ ਅਤੇ ਸੇਵਾ-ਭਾਵਨਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕੀਤੀ।ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ, ਸੇਵਾਦਾਰਾਂ, ਬੁਲਾਰਿਆਂ, ਡਾਕਟਰੀ ਟੀਮਾਂ ਅਤੇ ਨਗਰ ਕੀਰਤਨ ਦੌਰਾਨ ਸੇਵਾਵਾਂ ਨਿਭਾਉਣ ਲਈ ਵੈਸਟ ਚੈਸਟਰ ਪੁਲਿਸ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਹ ਸਮਾਗਮ ਸਿੱਖੀ, ਸੇਵਾ, ਵਿਰਾਸਤ, ਸਿੱਖਿਆ ਅਤੇ ਭਾਈਚਾਰਕ ਸਾਂਝ ਦਾ ਸੁੰਦਰ ਪ੍ਰਤੀਕ ਬਣ ਕੇ ਉਭਰਿਆ।

## ਉਬਾਮਾ ਤੇ ਮਮਦਾਨੀ ਨੇ ਸਕੂਲ ਦੇ ਬੱਚਿਆਂ ਨਾਲ ਬਿਤਾਇਆ ਸਮਾਂ




ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਤੇ ਨਿਊਯਾਰਕ ਦੇ ਮੇਅਰ ਜ਼ੋਹਰਨ ਮਮਦਾਨੀ ਨੇ ਦੱਖਣੀ ਬਰੌਂਕਸ ਵਿੱਚ ਪਲੇਅ ਪ੍ਰੀ ਕੇ ਸੈਂਟਰ ਜਿਥੇ ਫਰੀ ਪ੍ਰੀਸਕੂਲ ਪ੍ਰੋਗਰਾਮ ਤਹਿਤ 3 ਤੋਂ 4 ਸਾਲ ਦੇ ਬੱਚਿਆਂ ਨੂੰ ਰਖਿਆ ਜਾਂਦਾ ਹੈ,ਵਿਖੇ ਕੁਝ ਸਮਾਂ ਬਿਤਾਇਆ ਤੇ ਬੱਚਿਆਂ ਨਾਲ ਹਾਸਾ ਮਜ਼ਾਕਾ ਕੀਤਾ। ਬੱਚਿਆਂ ਨਾਲ ਹਾਸੇ ਮਜ਼ਾਕ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਪਰ ਤੇਜੀ ਨਾਲ ਫੈਲੀਆਂ ਹਨ ਤੇ ਲੱਖਾਂ ਲੋਕਾਂ ਨੇ ਦੋਨਾਂ ਲੀਡਰਾਂ ਦੀ ਰਜ ਕੇ ਪ੍ਰਸੰਸਾ ਕੀਤੀ ਹੈ। ਦੋਨਾਂ ਆਗੂਆਂ ਦੀ ਇਹ ਪਹਿਲੀ ਜਨਤਿਕ ਮੀਟਿੰਗ ਦਸੀ ਜਾ ਰਹੀ ਹੈ। ਬਰਾਕ ਉਬਾਮਾ ਬੱਚਿਆਂ ਦੁਆਰਾ ਗੁਣਗਣਾਏ ਪ੍ਰਸਿੱਧ ਐਨੀਮੇਟਡ ਫਿਲਮ ਦੇ ਗਾਣੇ ਨੂੰ ਪਛਾਣਨ ਵਿੱਚ ਅਸਫਲ ਰਹਿਣ 'ਤੇ ਮਮਦਾਨੀ ਨਾਲ ਮਜ਼ਾਕ ਕਰਦੇ ਹੋਏ ਨਜਰ ਵੀ ਆਏ। ਇਸ ਮੌਕੇ ਦੋਨਾਂ ਆਗੂਆਂ ਨੇ ਕੁਝ ਮੁੱਦਿਆਂ 'ਤੇ ਆਪਸ ਵਿੱਚ ਗੱਲਬਾਤ ਵੀ ਕੀਤੀ।

## 4 ਲੱਖ ਡਾਲਰ ਜਿੱਤਣ ਦੇ ਦੋਸ਼ 'ਚ ਅਮਰੀਕੀ ਸਪੈਸ਼ਲ ਫੋਰਸ ਦਾ ਜਵਾਨ ਗ੍ਰਿਫਤਾਰ



ਵਾਸ਼ਿੰਗਟਨ : ਅਮਰੀਕਾ ਵਿੱਚ ਇੱਕ ਸਪੈਸ਼ਲ ਫੋਰਸ ਦੇ ਸੈਨਿਕ ਵੱਲੋਂ ਖੁਫੀਆ ਜਾਣਕਾਰੀ ਦੀ ਦੁਰਵਰਤੋਂ ਕਰਕੇ ਲੱਖਾਂ ਡਾਲਰ ਕਮਾਉਣ ਦਾ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਸੁਰੱਖਿਆ ਜਾਣਕਾਰੀ ਲੀਕ ਕਰਨ ਅਤੇ ਉਸ 'ਤੇ ਸੱਟਾ ਲਗਾਉਣ ਦੇ ਦੋਸ਼ ਵਿੱਚ ਮਾਸਟਰ ਸਾਰਜੈਂਟ ਗੈਨਨ ਕੇਨ ਵੈਨ ਡਾਈਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਵੇਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਚਲਾਏ ਜਾ ਰਹੇ ਗੁਪਤ ਮਿਸ਼ਨ 'ਆਪ੍ਰੇਸ਼ਨ ਐਬਸੋਲਿਊਟ ਰਿਜ਼ੋਲਵ' ਦੀ ਪਲਾਨਿੰਗ ਅਤੇ ਉਸ ਨੂੰ ਪੂਰਾ ਕਰਨ ਵਿੱਚ ਵੈਨ ਡਾਈਕ ਖੁਦ ਸ਼ਾਮਲ ਸੀ। ਇਸ ਕਾਰਨ ਉਸ ਕੋਲ ਮਿਸ਼ਨ ਸਬੰਧੀ ਕਲਾਸੀਫਾਈਡ (ਗੁਪਤ) ਜਾਣਕਾਰੀ ਪਹਿਲਾਂ ਹੀ ਮੌਜੂਦ ਸੀ। ਉਸ ਨੇ ਇਸ ਜਾਣਕਾਰੀ ਦਾ ਫਾਇਦਾ ਉਠਾਉਂਦੇ ਹੋਏ 'ਪੋਲੀਮਾਰਕੀਟ' (Polymarket) ਨਾਮਕ ਪ੍ਰੈਡੀਕਸ਼ਨ ਮਾਰਕੀਟ 'ਤੇ ਇੱਕ ਅਕਾਊਂਟ ਖੋਲ੍ਹ ਕੇ ਲਗਭਗ 32 ਹਜ਼ਾਰ ਡਾਲਰ ਦਾ ਦਾਅ ਲਗਾਇਆ ਕਿ ਮਾਦੁਰੋ ਜਨਵਰੀ ਤੱਕ ਸੱਤਾ ਤੋਂ ਬਾਹਰ ਹੋ ਜਾਣਗੇ।

ਵੈਨ ਡਾਈਕ ਨੇ 27 ਦਸੰਬਰ ਤੋਂ 2 ਜਨਵਰੀ ਦੇ ਵਿਚਕਾਰ ਕੁੱਲ 13 ਸੱਟੇ ਲਗਾਏ ਅਤੇ ਇਸ ਰਾਹੀਂ 4 ਲੱਖ ਡਾਲਰ ਤੋਂ ਵੱਧ ਦਾ ਮੁਨਾਫਾ ਕਮਾਇਆ। ਪੁਲਸ ਅਤੇ ਜਾਂਚ ਏਜੰਸੀਆਂ ਦਾ ਧਿਆਨ ਉਦੋਂ ਇਸ ਪਾਸੇ ਗਿਆ ਜਦੋਂ ਉਸ ਨੇ ਇਸ ਜਿੱਤੀ ਹੋਈ ਰਕਮ ਨੂੰ ਵਿਦੇਸ਼ੀ ਕ੍ਰਿਪਟੋਕਰੰਸੀ ਵਾਲਟ ਰਾਹੀਂ ਇੱਕ ਆਨਲਾਈਨ ਬਰੋਕਰੇਜ ਅਕਾਊਂਟ ਵਿੱਚ ਜਮ੍ਹਾਂ ਕਰਵਾਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਆਖਰੀ ਸੱਟਾ ਲਗਾਉਣ ਦੇ ਕੁਝ ਘੰਟਿਆਂ ਬਾਅਦ ਹੀ ਗ੍ਰਿਫਤਾਰ ਕਰ ਲਿਆ ਗਿਆ।

ਫੋਰਟ ਬ੍ਰੈਗ ਵਿਖੇ ਤਾਇਨਾਤ ਇਸ ਜਵਾਨ 'ਤੇ ਸਰਕਾਰੀ ਗੁਪਤ ਜਾਣਕਾਰੀ ਚੋਰੀ ਕਰਨ, ਉਸ ਦੀ ਦੁਰਵਰਤੋਂ ਕਰਨ, ਚੋਰੀ ਅਤੇ ਧੋਖਾਧੜੀ ਦੇ 5 ਕ੍ਰਿਮਿਨਲ ਚਾਰਜ ਲਗਾਏ ਗਏ ਹਨ। ਸੁਰੱਖਿਆ ਮਾਹਿਰਾਂ ਅਨੁਸਾਰ, ਇੱਕ ਸੀਨੀਅਰ ਅਧਿਕਾਰੀ (NCO) ਵੱਲੋਂ ਅਜਿਹੀ ਹਰਕਤ ਕਰਨਾ ਇੱਕ ਵੱਡੀ ਸੁਰੱਖਿਆ ਚੂਕ ਹੈ ਕਿਉਂਕਿ ਉਨ੍ਹਾਂ ਤੋਂ ਜੂਨੀਅਰ ਸੈਨਿਕਾਂ ਲਈ ਇੱਕ ਮਿਆਰ ਸਥਾਪਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਮੁਲਜ਼ਮ ਨੂੰ ਨੌਰਥ ਕੈਰੋਲੀਨਾ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਸਾਈਬਰ ਠੱਗੀ ਵਿਰੁੱਧ ਚੌਕਸੀ ਜ਼ਰੂਰੀ

ਪੰਜਾਬ ਵਿਚ ਸਾਈਬਰ ਠੱਗੀ ਰਾਹੀਂ ਲੋਕਾਂ ਤੋਂ ਕਰੋੜਾਂ ਰੁਪਏ ਤੱਕ ਲੁੱਟਣ ਦੀਆਂ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਨੇ ਜਿੱਥੇ ਪ੍ਰਸ਼ਾਸਨ ਨੂੰ ਹੈਰਾਨ ਕੀਤਾ ਹੈ, ਉੱਥੇ ਹੀ ਅਜਿਹੇ ਅਪਰਾਧਾਂ ਨੇ ਜਾਗਰੂਕਤਾ ਦੀ ਲੋੜ ਵੱਲ ਵੀ ਧਿਆਨ ਦਿਵਾਇਆ ਹੈ। ਅਜਿਹੀ ਹੀ ਇਕ ਤਾਜ਼ਾ ਘਟਨਾ ਲੁਧਿਆਣਾ ਦੀ ਹੈ, ਜਿੱਥੇ ਇਕ ਕਾਰੋਬਾਰੀ ਤੋਂ ਵੱਧ ਲਾਭ ਦਾ ਝਾਂਸਾ ਦੇ ਕੇ 20 ਕਰੋੜ ਰੁਪਏ ਤੋਂ ਵੱਧ ਦੀ ਠੱਗੀ ਕਰ ਲਈ ਗਈ। ਇਹ ਅਜਿਹਾ ਕੋਈ ਪਹਿਲਾ ਅਪਰਾਧ ਨਹੀਂ ਹੈ। ਇਹ ਵੀ ਕਿ ਅਜਿਹੀਆਂ ਘਟਨਾਵਾਂ ਨਿੱਤ ਦਿਨ ਵਾਪਰ ਰਹੀਆਂ ਹਨ। ਬੇਸ਼ੱਕ ਅਜਿਹੇ ਅਪਰਾਧਾਂ ਦੀ ਰੋਕਥਾਮ ਲਈ ਸਰਕਾਰਾਂ ਤੇ ਪ੍ਰਸ਼ਾਸਨ ’ਤੇ ਦਬਾਅ ਰਹਿੰਦਾ ਹੈ, ਪਰ ਅਜਿਹੀਆਂ ਠੱਗੀਆਂ ਬਾਰੇ ਆਮ ਤੇ ਖ਼ਾਸ ਲੋਕਾਂ ਨੂੰ ਜਾਗਰੂਕ ਕੀਤਾ ਜਾਣਾ ਵੀ ਬੇਹੱਦ ਜ਼ਰੂਰੀ ਜਾਪਦਾ ਹੈ। ਇਸ ਦਾ ਪਤਾ ਪਿਛਲੇ ਦਿਨੀਂ ਸੁਪਰੀਮ ਕੋਰਟ ’ਚ ਸਾਈਬਰ ਅਪਰਾਧ ਤੇ ਡਿਜੀਟਲ ਗ੍ਰਿਫ਼ਤਾਰੀ ਸੰਬੰਧੀ ਮਾਮਲਿਆਂ ’ਚ ਸੁਣਵਾਈ ਦੌਰਾਨ ਚੀਫ਼ ਜਸਟਿਸ ਸੂਰਿਆਕਾਂਤ ਦੀ ਇਸ ਟਿੱਪਣੀ ਤੋਂ ਲਗਦਾ ਹੈ ਜਦੋਂ ਉਨ੍ਹਾਂ ਨੇ ਕਿਹਾ ਕਿ ਹੈਰਾਨੀ ਹੁੰਦੀ ਹੈ ਜਦ ਅਸੀਂ ਅਜਿਹੀਆਂ ਖ਼ਬਰਾਂ ਪੜ੍ਹਦੇ ਹਾਂ ਕਿ ਪੜ੍ਹੇ-ਲਿਖੇ ਲੋਕ ਵੀ ਡਿਜੀਟਲ ਗ੍ਰਿਫ਼ਤਾਰੀ ਵਰਗੇ ਮਾਮਾਲਿਆਂ ਦਾ ਆਸਾਨੀ ਨਾਲ ਸ਼ਿਕਾਰ ਬਣ ਜਾਂਦੇ ਹਨ।

ਮੌਜੂਦਾ ਘਟਨਾ ਬੇਸ਼ੱਕ ਡਿਜੀਟਲ ਗ੍ਰਿਫ਼ਤਾਰੀ ਵਰਗੀ ਨਹੀਂ ਹੈ ਪਰ ਇਸ ਦਾ ਵੀ ਇਕ ਪੱਖ ਅਜਿਹਾ ਹੈ, ਜਿੱਥੇ ਸ਼ਿਕਾਰ ਬਣੇ ਵਿਅਕਤੀ ਤੋਂ ਜਾਗਰੂਕ ਹੋਣ ਤੇ ਲਾਲਚ ਵਿਚ ਨਾ ਫਸਣ ਦੀ ਉਮੀਦ ਕੀਤੀ ਜਾਣੀ ਚਾਹੀਦੀ ਸੀ। ਠੱਗਾਂ ਨੇ ਪਹਿਲਾਂ ਤਾਂ ਉਸ ਨੂੰ ਉਸ ਦੀ ਰਾਸ਼ੀ ਤੇ ਵਧੇਰੇ ਮੁਨਾਫ਼ਾ ਦੇਣ ਦਾ ਲਾਲਚ ਦੇ ਕੇ ਉਸ ਤੋਂ ਕਰੋੜਾਂ ਰੁਪਏ ਦਾ ਨਿਵੇਸ਼ ਕਰਵਾ ਲਿਆ। ਫਿਰ ਕਾਰੋਬਾਰੀ ਦੁਆਰਾ ਆਪਣੇ ਪੈਸੇ ਵਾਪਸ ਮੰਗਣ ’ਤੇ ਠੱਗਾਂ ਨੇ ਉਸ ਤੋਂ ਟੈਕਸਾਂ ਦੇ ਨਾਂਅ ’ਤੇ ਕਰੋੜਾਂ ਰੁਪਏ ਹੋਰ ਵੱਖੋ-ਵੱਖਰੇ ਖਾਤਿਆਂ ਵਿਚ ਪਵਾ ਲਏ। ਜਾਂਚ ਦੌਰਾਨ ਠੱਗਾਂ ਦੁਆਰਾ ਇਸ ਕੰਮ ਲਈ 15 ਬੈਂਕਾਂ ਦੇ 76 ਖਾਤੇ ਵਰਤੇ ਗਏ। ਪੰਜਾਬ ਪੁਲਿਸ ਦੇ ਇਕ ਵੱਡੇ ਅਧਿਕਾਰੀ ਦਾ ਵੀ ਅਜਿਹੇ ਇਕ ਮਾਮਲੇ ਵਿਚ ਠੱਗੇ ਜਾਣ ਦਾ ਕੇਸ ਸਾਹਮਣੇ ਆਇਆ ਸੀ। ਇਹ ਮਾਮਲਾ ਵੀ ਜਸਟਿਸ ਸੂਰਿਆਕਾਂਤ ਦੀ ਟਿੱਪਣੀ ਦੀ ਪੁਸ਼ਟੀ ਕਰਦਾ ਹੈ। ਜਿਨ੍ਹਾਂ ਲੋਕਾਂ ਦੇ ਮੋਢੇ ’ਤੇ ਅਜਿਹੇ ਅਪਰਾਧਾਂ ਨੂੰ ਰੋਕਣ ਤੇ ਠੱਗਾਂ ਨੂੰ ਕਾਬੂ ਕੀਤੇ ਜਾਣ ਦਾ ਭਾਰ ਹੈ, ਜੇ ਉਹ ਖ਼ੁਦ ਹੀ ਅਜਿਹੇ ਠੱਗਾਂ ਦਾ ਸ਼ਿਕਾਰ ਬਣਨ ਲੱਗਣ ਤਾਂ ਹੈਰਾਨੀ ਹੀ ਹੋਵੇਗੀ। ਜਲੰਧਰ ਵਿਚ ਵੀ ਪਿਛਲੇ ਅਜਿਹੀ ਇਕ ਘਟਨਾ ਹੋਈ ਸੀ ਜਦ ਸਾਈਬਰ ਠੱਗੀ ਦੇ ਜ਼ਰੀਏ ਇਕ ਔਰਤ ਤੋਂ ਡੇਢ ਕਰੋੜ ਰੁਪਏ ਲੁੱਟ ਲਏ ਗਏ ਸਨ। ਕ੍ਰਿਪਟੋ ਕਰੰਸੀ ਦੇ ਨਾਂਅ ’ਤੇ ਵਪਾਰ ਦਾ ਝਾਂਸਾ ਦੇ ਕੇ ਲੁੱਟਣ ਦੇ ਕਈ ਮਾਮਲੇ ਵੀ ਸਾਹਮਣੇ ਆ ਚੁੱਕੇ ਹਨ।

ਅਸੀਂ ਸਮਝਦੇ ਹਾਂ ਕਿ ਸਾਈਬਰ ਠੱਗ ਬੇਸ਼ੱਕ ਆਮ ਲੋਕਾਂ ਤੋਂ ਵੱਧ ਚਲਾਕ ਤੇ ਤੇਜ਼ ਦਿਮਾਗ ਹੁੰਦੇ ਹਨ, ਪਰ ਠੱਗੀ ਦਾ ਸ਼ਿਕਾਰ ਹੋਣ ਵਾਲਿਆਂ ਤੋਂ ਜਦ ਕਰੋੜਾਂ ਰੁਪਏ ਹੌਲੀ-ਹੌਲੀ ਕਰਕੇ ਠੱਗ ਆਪਣੇਖਾਤਿਆਂ ’ਚ ਪਵਾਉਂਦੇ ਹਨ ਤਾਂ ਉਦੋਂ ਕਿਸੇ ਇਕ ਸਮੇਂ ਤਾਂ ਇਹ ਜ਼ਰੂਰ ਸੋਚਿਆ ਜਾਣਾ ਚਾਹੀਦਾ ਹੈ, ਕਿ ਕੋਈ ਉਨ੍ਹਾਂ ਨੂੰ ਬਿਨਾਂ ਮਿਹਨਤ ਕੀਤੇ ਏਨਾ ਲਾਭ ਕਿਉਂ ਦੇ ਰਿਹਾ ਹੈ ? ਇਹ ਵੀ ਕਿ ਜੇ ਆਪਣੀ ਰਾਸ਼ੀ ਵਾਪਸ ਲੈਣ ਲਈ ਵੀ ਉਨ੍ਹਾਂ ਤੋਂ ਲੱਖਾਂ-ਕਰੋੜਾਂ ਰੁਪਏ ਦੀ ਵਾਧੂ ਮੰਗ ਕੀਤੀ ਜਾ ਰਹੀ ਹੈ ਤਾਂ ਕਿਤੇ ਤਾਂ ਉਨ੍ਹਾਂ ਨਾਲ ਧੋਖਾ ਹੋ ਰਿਹਾ ਹੈ। ਇਕ ਤ੍ਰਾਸਦੀ ਇਹ ਵੀ ਹੈ ਕਿ ਅਜਿਹੇ ਜ਼ਿਆਦਾਤਰ ਮਾਮਲਿਆਂ ’ਚ ਸ਼ਿਕਾਰ ਹੋਣ ਵਾਲੇ ਲੋਕ ਪੜ੍ਹੇ-ਲਿਖੇ ਹੁੰਦੇ ਹਨ। ਚੰਗੇ ਕਾਰੋਬਾਰੀ ਤੇ ਉੱਚ ਅਹੁਦਿਆਂ ਤੋਂ ਸੇਵਾਮੁਕਤ ਹੋਏ ਲੋਕ ਵੀ ਇਨ੍ਹਾਂ ਠੱਗਾਂ ਦਾ ਸ਼ਿਕਾਰ ਹੋਏ ਹਨ, ਜਿਨ੍ਹਾਂ ਤੋਂ ਸਮਝਦਾਰੀ ਵਾਲਾ ਫ਼ੈਸਲਾ ਕੀਤੇ ਜਾਣ ਦੀ ਆਸ ਹੁੰਦੀ ਹੈ।

ਅਜਿਹੇ ਮਾਮਲਿਆਂ ਵਿਚ ਸੁਰੱਖਿਆ ਲਈ ਕੁਝ ਗੱਲਾਂ ਦੀ ਜਾਣਕਾਰੀ ਹੋਣੀ ਬੇਹੱਦ ਜ਼ਰੂਰੀ ਹੈ, ਜਿਨ੍ਹਾਂ ਵਿਚੋਂ ਮੁੱਖ ਗੱਲ ਇਹ ਹੈ ਕਿ ਡਿਜੀਟਲ ਗ੍ਰਿਫ਼ਤਾਰੀ ਵਰਗੀ ਕੋਈ ਧਾਰਾ ਜਾਂ ਕੋਈ ਮਾਮਲਾ ਭਾਰਤੀ ਕਾਨੂੰਨਾਂ ਵਿਚ ਹੁੰਦਾ ਹੀ ਨਹੀਂ। ਦੂਜੀ ਗੱਲ ਇਹ ਵੀ ਕਿ ਬੈਂਕਾਂ ਦੁਆਰਾ ਦਿੱਤੀ ਜਾਂਦੀ ਸਾਲਾਨਾ ਵਿਆਜ ਦਰ ਤੋਂ ਵੱਧ ਖ਼ਾਸ ਤੌਰ ’ਤੇ ਰਾਸ਼ੀ ਦੁੱਗਣੀ ਕਰਨ ਵਰਗਾ ਜੇ ਕੋਈ ਦਾਅਵਾ ਕਰਦਾ ਹੈ ਤਾਂ ਬਿਨਾਂ ਸ਼ੱਕ ਇਹ ਦਾਅਵਾ ਠੱਗਾਂ ਵਲੋਂ ਹੀ ਹੋ ਸਕਦਾ ਹੈ। ਇਨ੍ਹਾਂ ’ਚ ਨਿਵੇਸ਼ ਕਰਨ ਵਾਲਿਆਂ ਨੂੰ ਝੱਟ ਸਮਝ ਲੈਣਾ ਚਾਹੀਦਾ ਹੈ ਕਿ ਮਾਮਲਾ ਸ਼ੱਕੀ ਹੈ। ਆਪਣੇ ਬੈਂਕ ਖਾਤੇ ਬਾਰੇ ਜਾਣਕਾਰੀ ਦੇਣਾ ਤਾਂ ਸਪੱਸ਼ਟ ਰੂਪ ’ਚ ਠੱਗੀ ਦਾ ਸੱਦਾ ਦੇਣ ਵਾਂਗ ਹੈ। ਸਭ ਤੋਂ ਵੱਡੀ ਗੱਲ ਇਹ ਕਿ ਮੋਬਾਈਲਾਂ ਜ਼ਰੀਏ ਬਣੇ ਸੰਪਰਕਾਂ ’ਤੇ ਲੱਖਾਂ-ਕਰੋੜਾਂ ਰੁਪਏ ਦੂਜਿਆਂ ਦੇ ਬੈਂਕ ਖਾਤਿਆਂ ’ਚ ਪਾਉਣਾ ਤਾਂ ਵੈਸੇ ਵੀ ਅੰਨ੍ਹੇ ਖੂਹ ’ਚ ਛਾਲ ਮਾਰਨ ਵਾਂਗ ਹੈ। ਅਜਿਹੇ ਵਿਚ ਅਸੀਂ ਸਮਝਦੇ ਹਾਂ ਕਿ ਬੇਸ਼ੱਕ ਸਰਕਾਰਾਂ, ਪ੍ਰਸ਼ਾਸਨਿਕ ਤੰਤਰ ਤੇ ਬੈਂਕ ਅਧਿਕਾਰੀ/ਮਾਹਿਰ ਆਪਣੇ-ਆਪਣੇ ਤੌਰ ’ਤੇ ਠੱਗੀ ਦੇ ਇਸ ਤੰਤਰ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ, ਪਰ ਫਿਰ ਵੀ ਅਜਿਹੇ ਮਾਮਲਿਆਂ ’ਚ ਲੋਕਾਂ ਦਾ ਜਾਗਰੂਕ ਤੇ ਜਾਣਕਾਰ ਹੋਣ ਬਹੁਤ ਜ਼ਰੂਰੀ ਹੈ। ਬੈਂਕਾਂ ਅਕਸਰ ਇਸ ਸੰਬੰਧੀ ਜਾਣਕਾਰੀ ਦਿੰਦੀਆਂ ਵੀ ਰਹਿੰਦੀਆਂ ਹਨ। ਸੋ ਸਭ ਤੋਂ ਵੱਡੀ ਗੱਲ ਇਹ ਹੀ ਹੈ ਕਿ ਜਾਗਰੂਕਤਾ ਨਾਲ ਹੀ ਅਜਿਹੇ ਠੱਗਾਂ ਤੋਂ ਬਚਿਆ ਜਾ ਸਕਦਾ ਹੈ।

# ਹੋਰਮੁਜ਼ ਬਣਿਆ ਆਰਥਿਕ ਜੰਗ ਦਾ ਅਖਾੜਾ



**ਸ਼ਿਵਕਾਂਤ ਸ਼ਰਮਾ**

ਸਿਆਸੀ ਬਦਲਾਅ ਅਤੇ ਈਰਾਨ ਦਾ ਨਿਸ਼ਸਤਰੀਕਰਨ ਕਰਨ ਦੇ ਐਲਾਨੇ ਉਦੇਸ਼ਾਂ ਨਾਲ ਸ਼ੁਰੂ ਕੀਤੇ ਅਮਰੀਕਾ ਦੇ ਯੁੱਧ ਨੂੰ ਈਰਾਨ ਨੇ ਬੜੀ ਚਤੁਰਾਈ ਨਾਲ ਆਰਥਿਕ ਜੰਗ ਵਿਚ ਬਦਲ ਦਿੱਤਾ ਹੈ ਅਤੇ ਹੋਰਮੁਜ਼ ਜਲ-ਮਾਰਗ ਇਸ ਜੰਗ ਦਾ ਅਖਾੜਾ ਬਣ ਗਿਆ ਹੈ। ਈਰਾਨ ਨੂੰ ਆਪਣੀਆਂ ਸ਼ਰਤਾਂ ਮੰਨਣ ਲਈ ਮਜਬੂਰ ਕਰਨ ਵਾਸਤੇ ਉਸ ਦੀ ਸੱਭਿਅਤਾ ਮਿਟਾਉਣ ਤੇ ਪੱਥਰ ਯੱਗ ਵਿਚ ਪਹੁੰਚਾਉਣ ਵਰਗੀਆਂ ਧਮਕੀਆਂ ਦੇਣ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣਾ ਅੰਦਾਜ਼ ਬਦਲਣਾ ਪਿਆ ਹੈ। ਉਨ੍ਹਾਂ ਦੇ ਬੜਬੋਲੇਪਣ ਅਤੇ ਧਮਕੀਆਂ ਤੋਂ ਨਾਰਾਜ਼ ਈਰਾਨ ਨੇ ਦੂਜੇ ਦੌਰ ਦੀ ਸ਼ਾਂਤੀ ਵਾਰਤਾ ਵਿਚ ਦਿਲਚਸਪੀ ਨਹੀਂ ਦਿਖਾਈ ਹੈ। ਇਸ ਤੋਂ ਬਾਅਦ ਟਰੰਪ ਨੂੰ ਪਹਿਲਾਂ ਆਪਣੀ ਜੰਗਬੰਦੀ ਦੀ ਹੱਦ ਅਣਮਿੱਥੇ ਸਮੇਂ ਲਈ ਵਧਾਉਣੀ ਪਈ ਅਤੇ ਫਿਰ ਲਿਬਨਾਨ ਤੇ ਇਜ਼ਰਾਈਲ ਦੀ ਜੰਗਬੰਦੀ ਨੂੰ ਵੀ ਅੱਗੇ ਵਧਾਉਣਾ ਪਿਆ।

ਟਰੰਪ ਦਾ ਕਹਿਣਾ ਹੈ ਕਿ ਪਾਕਿਸਤਾਨੀ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਜਦ ਤੱਕ ਈਰਾਨ ਦੇ ਪ੍ਰਤੀਨਿਧ ਆਪਸੀ ਝਗੜਾ ਨਿਪਟਾ ਕੇ ਕੋਈ ਸਾਂਝਾ ਪ੍ਰਸਤਾਵ ਲੈ ਕੇ ਨਹੀਂ ਆਉਂਦੇ, ਉਦੋਂ ਤੱਕ ਹਮਲੇ ਰੋਕ ਲਓ।

ਟਰੰਪ ਨੇ ਕਿਹਾ ਵੀ ਕਿ ਈਰਾਨ ਨੂੰ ਵਾਰਤਾ ਲਈ ਨੇਤਾ ਤੈਅ ਕਰਨ ਵਿਚ ਬੇਹੱਦ ਕਠਿਨਾਈ ਹੋ ਰਹੀ ਹੈ। ਜੰਗ ਵਿਚ ਬੁਰੀ ਤਰ੍ਹਾਂ ਹਾਰ ਰਹੇ ਕੱਟੜਪੰਥੀ ਅਤੇ ਵਿਵਹਾਰਵਾਦੀ ਨੇਤਾਵਾਂ ਵਿਚਾਲੇ ਆਪਸੀ ਲੜਾਈ ਛਿੜ ਗਈ ਹੈ। ਉਪ ਰਾਸ਼ਟਰਪਤੀ ਜੇ.ਡੀ. ਵੇਂਸ ਨੇ ਵੀ ਪਹਿਲੇ ਦੌਰ ਦੀ ਗੱਲਬਾਤ ਦੇ ਤਜਰਬੇ ਦੇ ਆਧਾਰ ’ਤੇ ਇਸ ਦੀ ਪੁਸ਼ਟੀ ਕੀਤੀ ਹੈ।

ਈਰਾਨੀ ਨੇਤਾਵਾਂ ਵਿਚਾਲੇ ਆਪਸੀ ਝਗੜੇ ਦੀ ਗੱਲ ਨੂੰ ਬੀਤੇ ਹਫ਼ਤੇ ਦੀਆਂ ਇਨ੍ਹਾਂ ਅਫ਼ਵਾਹਾਂ ਤੋਂ ਵੀ ਬਲ ਮਿਲਿਆ ਕਿ ਸਮਝੌਤਾ ਵਾਰਤਾਵਾਂ ਵਿਚ ਈਰਾਨ ਦੀ ਅਗਵਾਈ ਕਰ ਰਹੇ ਮੁਹੰਮਦ ਗਲੀਬਾਫ ਨੇ ਮੁੱਖ ਪ੍ਰਤੀਨਿਧ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਦੀ ਵਜ ?ਹਾ ਵਾਰਤਾਵਾਂ ਦੀ ਦਿਸ਼ਾ ਨੂੰ ਲੈ ਕੇ ਰੈਵੋਲਿਊਸ਼ਨਰੀ ਗਾਰਡਜ਼ ਦੇ ਮੁਖੀ ਜਨਰਲ ਅਹਿਮਦ ਵਹੀਦੀ ਨਾਲ ਡੂੰਘੇ ਹੁੰਦੇ ਮਤਭੇਦ ਦੱਸੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਪਹਿਲੇ ਗੇੜ ਦੀ ਗੱਲਬਾਤ ਵਿਚ ਕਤਰ ਨੇ ਖਾੜੀ ਦੇਸ਼ਾਂ ਦੇ ਵੀਹ ਜ਼ਹਾਜ਼ਾਂ ਦੇ ਬਦਲੇ ਈਰਾਨ ਦੇ 20 ਜਹਾਜ਼ਾਂ ਨੂੰ ਹੋਰਮੁਜ਼ ਤੋਂ ਰਸਤਾ ਦੇਣ ਦਾ ਪ੍ਰਸਤਾਵ ਰੱਖਿਆ ਸੀ। ਗਲੀਬਾਫ ਉਸ ਦੇ ਪੱਖ ਵਿਚ ਸਨ ਪਰ ਰੈਵੋਲਿਊਸ਼ਨਰੀ ਗਾਰਡਜ਼ ਨੇ ਉਸ ਨੂੰ ਰੋਕ ਦਿੱਤਾ।

ਤਦ ਤੋਂ ਉਨ੍ਹਾਂ ਦੇ ਅਤੇ ਈਰਾਨ ਦੀ ਰਾਸ਼ਟਰੀ ਸੁਰੱਖਿਆ ਪ੍ਰਿਸ਼ਦ ਤੇ ਮਜਲਿਸ ਦੇ ਕੱਟੜਪੰਥੀ ਮੈਂਬਰਾਂ ਵਿਚਾਲੇ ਤਿੱਖੀ ਬਿਆਨਬਾਜ਼ੀ ਚੱਲ ਰਹੀ ਹੈ। ਉਨ੍ਹਾਂ ਦੇ ਨਾਲ-ਨਾਲ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੂੰ ਵੀ ਹੋਰਮੁਜ਼ ਖੋਲ੍ਹਣ ਦੇ ਬਿਆਨ ਅਤੇ ਵਾਰਤਾਵਾਂ ਦੇ ਸਮਰਥਨ ਵਿਚ ਦਿੱਤੇ ਕੁਝ ਬਿਆਨਾਂ ਦੀ ਵਜ ?ਹਾ ਕਾਰਨ ਲੰਮੇ ਹੱਥੀਂ ਲਿਆ ਜਾ ਰਿਹਾ ਹੈ। ਮਤਭੇਦਾਂ ਦੀਆਂ ਇਨ੍ਹਾਂ ਅਫ਼ਵਾਹਾਂ ਨੂੰ ਰੋਕਣ ਲਈ ਹੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਆਨ ਨੂੰ ਇਕ ਬਿਆਨ ਜਾਰੀ ਕਰਨਾ ਪਿਆ ਜਿਸ ਵਿਚ ਉਨ੍ਹਾਂ ਨੇ ਮਤਭੇਦਾਂ ਦਾ ਖੰਡਨ ਕਰਦੇ ਹੋਏ ਨੇਤਾਵਾਂ ਵਿਚਾਲੇ ਫੌਲਾਦੀ ਏਕਤਾ ਦੀ ਗੱਲ ਕਹੀ।

ਟਰੰਪ ਨੇ ਹਵਾਈ ਹਮਲਿਆਂ ਨਾਲ ਈਰਾਨ ਦੇ ਪਰਮਾਣੂ ਤੇ ਮਿਜ਼ਾਈਲ ਤੰਤਰ, ਹਵਾਈ ਰੱਖਿਆ ਪ੍ਰਣਾਲੀ ਅਤੇ ਸਮੁੰਦਰੀ ਫ਼ੌਜ ਨੂੰ ਤਾਂ ਕਾਫ਼ੀ ਹੱਦ ਤੱਕ ਨਸ਼ਟ ਕਰ ਦਿੱਤਾ ਪਰ ਰੈਵੋਲਿਊਸ਼ਨਰੀ ਗਾਰਡਜ਼ ਤੇ ਬਸੀਜ਼ ਦੇ ਤੰਤਰ ਨੂੰ ਅਤੇ ਸੱਤਾ ’ਤੇ ਉਸ ਦੇ ਸ਼ਿਕੰਜੇ ਨੂੰ ਢਿੱਲਾ ਨਹੀਂ ਕਰ ਸਕੇ। ਬੰਬਾਰੀ ਕਾਰਨ ਹੋਈ ਤਬਾਹੀ ਕਾਰਨ ਜੋ ਲੋਕ ਮੁੱਲਾਸ਼ਾਹੀ ਦੇ ਵਿਰੋਧ ਵਿਚ ਸਨ, ਉਹ ਵੀ ਹੁਣ ਉਸ ਦਾ ਸਮਰਥਨ ਕਰਨ ਲੱਗੇ ਹਨ। ਬਿਜਲੀ ਅਤੇ ਪਾਣੀ ਦੇ ਪਲਾਂਟਾਂ ਅਤੇ ਪੁਲਾਂ ਨੂੰ ਨਸ਼ਟ ਕਰਨ ਨਾਲ ਅਮਰੀਕਾ ਤੇ ਇਜ਼ਰਾਈਲ ਪ੍ਰਤੀ ਰੋਸ ਹੋਰ ਭੜਕ ਸਕਦਾ ਸੀ ਅਤੇ ਜੇ ਬਦਲੇ ਵਿਚ ਈਰਾਨ ਖਾੜੀ ਦੇ ਦੇਸ਼ਾਂ ਦੇ ਜਲ ਅਤੇ ਤੇਲ ਪਲਾਂਟਾਂ ’ਤੇ ਹਮਲੇ ਕਰਦਾ ਤਾਂ ਪੂਰੇ ਖਾੜੀ ਖੇਤਰ ਵਿਚ ਹਾਹਾਕਾਰ ਮਚ ਸਕਦੀ ਸੀ।

ਸ਼ਾਇਦ ਇਹੀ ਸੋਚ ਕੇ ਟਰੰਪ ਨੇ ਈਰਾਨ ਦੀ ਆਮਦਨ ਦੇ ਮੁੱਖ ਸਰੋਤ ਬੰਦ ਕਰਨ ਲਈ ਹੋਰਮੁਜ਼ ਦੀ ਨਾਕੇਬੰਦੀ ਕੀਤੀ ਹੈ। ਇਹ ਚਾਲ ਉਨ੍ਹਾਂ ਨੇ ਜਨਰਲ ਮੁਨੀਰ ਦੀ ਰਾਇ ’ਤੇ ਇਸ ਉਮੀਦ ਨਾਲ ਚੱਲੀ ਹੈ ਕਿ ਆਰਥਿਕ ਤੰਗੀ ਕਾਰਨ ਜਾਂ ਤਾਂ ਈਰਾਨ ਗੱਲਬਾਤ ਲਈ ਮਜਬੂਰ ਹੋ ਜਾਵੇਗਾ ਜਾਂ ਫਿਰ ਆਪਸੀ ਫੁੱਟ ਕਾਰਨ ਉੱਥੇ ਸੱਤਾਪਲਟ ਹੋ ਜਾਵੇਗਾ। ਹਾਲਾਂਕਿ ਇਹ ਚਾਲ ਤਾਂ ਈਰਾਨ ਨੂੰ ਹਵਾਈ ਹਮਲਿਆਂ ਨਾਲ ਬਰਬਾਦ ਕੀਤੇ ਬਿਨਾਂ ਵੀ ਚੱਲੀ ਜਾ ਸਕਦੀ ਸੀ। ਜੈਨੇਵਾ ਵਾਰਤਾਵਾਂ ਵਿਚ ਈਰਾਨ ਆਪਣਾ ਪਰਮਾਣੂ ਪ੍ਰੋਗਰਾਮ ਬੰਦ ਕਰਨ ਲਈ ਲਗਪਗ ਤਿਆਰ ਹੋ ਗਿਆ ਸੀ।

ਹੋਰਮੁਜ਼ ਦੀ ਨਾਕੇਬੰਦੀ ਕਰ ਕੇ ਉਸ ਨੂੰ ਮਿਜ਼ਾਈਲ ਪ੍ਰੋਗਰਾਮ ਰੋਕਣ ਅਤੇ ਅੱਤਵਾਦੀ ਧੜਿਆਂ ਦਾ ਸਮਰਥਨ ਬੰਦ ਕਰਨ ਲਈ ਵੀ ਤਿਆਰ ਕੀਤਾ ਜਾ ਸਕਦਾ ਸੀ। ਆਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਨੇ ਜਿਹੋ ਜਿਹੀ ਭੁੱਲ ਆਪਣੇ ਦੋਸਤ ਨੇਤਨਯਾਹੂ ਦੇ ਕਹਿਣ ’ਤੇ ਈਰਾਨ ’ਤੇ ਚੜ੍ਹਾਈ ਕਰ ਕੇ ਕੀਤੀ ਸੀ, ਸ਼ਾਇਦ ਉਸੇ ਤਰ੍ਹਾਂ ਦੀ ਭੁੱਲ ਉਹ ਆਪਣੇ ਚਹੇਤੇ ਜਨਰਲ ਮੁਨੀਰ ਦੇ ਭਰਮਾਉਣ ਕਾਰਨ ਹੋਰਮੁਜ਼ ਦੀ ਨਾਕੇਬੰਦੀ ਕਰ ਕੇ ਕਰ ਰਹੇ ਹਨ। ਇਸ ਨਾਲ ਤਾਂ ਈਰਾਨ ਨਾਲੋਂ ਕਿਤੇ ਜ਼ਿਆਦਾ ਨੁਕਸਾਨ ਟਰੰਪ ਦੇ ਮਿੱਤਰ ਖਾੜੀ ਦੇਸ਼ਾਂ, ਯੂਰਪ, ਏਸ਼ੀਆ ਤੇ ਖ਼ੁਦ ਅਮਰੀਕਾ ਨੂੰ ਹੋਣ ਵਾਲਾ ਹੈ।

ਟਰੰਪ ਅਕਸਰ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਈਰਾਨ ਕੋਲ ਕੋਈ ਪੱਤਾ ਨਹੀਂ ਬਚਿਆ ਹੈ ਪਰ ਉਹ ਭੁੱਲ ਜਾਂਦੇ ਹਨ ਕਿ ਈਰਾਨ ਦਾ ਅਸਲੀ ਪੱਤਾ ਉਹ ਆਰਥਿਕ ਚੋਟ ਹੈ ਜਿਸ ਨੂੰ ਉਹ ਹੋਰਮੁਜ਼ ਨੂੰ ਬੰਦ ਕਰ ਕੇ ਪਹੁੰਚਾ ਸਕਦਾ ਹੈ। ਉਸ ਦੀ ਨਾਕੇਬੰਦੀ ਕਾਰਨ ਟਰੰਪ ਨੇ ਈਰਾਨ ਦਾ ਪੱਤਾ ਹੋਰ ਮਜ਼ਬੂਤ ਕੀਤਾ ਹੈ। ਜੰਗ ਵਿਚ ਭਾਵੇਂ ਈਰਾਨ ਨੂੰ 144 ਅਰਬ ਡਾਲਰ ਤੋਂ ਜ਼ਿਆਦਾ ਦਾ ਨੁਕਸਾਨ ਹੋਇਆ ਹੈ ਅਤੇ ਕੌਮਾਂਤਰੀ ਮੁਦਰਾ ਕੋਸ਼ ਮੁਤਾਬਕ ਉਸ ਦੀ ਆਰਥਿਕਤਾ 6.1 ਤੋਂ 10 ਪ੍ਰਤੀਸ਼ਤ ਤੱਕ ਘਟ ਸਕਦੀ ਹੈ ਪਰ ਅਮਰੀਕਾ ਦੇ ਮਿੱਤਰ ਖਾੜੀ ਦੇਸ਼ਾਂ ਨੂੰ 200 ਅਰਬ ਡਾਲਰ ਤੋਂ ਵੀ ਜ਼ਿਆਦਾ ਦਾ ਨੁਕਸਾਨ ਹੋ ਚੁੱਕਾ ਹੈ। ਸਭ ਤੋਂ ਬੁਰੀ ਸੱਟ ਤਾਂ ਕਤਰ ਨੂੰ ਲੱਗੀ ਹੈ ਜਿਸ ਦੀ ਆਰਥਿਕਤਾ ’ਚ 8.6 ਪ੍ਰਤੀਸ਼ਤ ਦੀ ਗਿਰਾਵਟ ਆ ਸਕਦੀ ਹੈ। ਕੌਮਾਂਤਰੀ ਮੁਦਰਾ ਕੋਸ਼ ਮੁਤਾਬਕ ਖਾੜੀ ਦੇਸ਼ਾਂ ਦੀ ਅਰਥ-ਵਿਵਸਥਾ ਨੂੰ 5.6 ਫ਼ੀਸਦ ਦਾ ਨੁਕਸਾਨ ਹੋਵੇਗਾ।

ਅਮਰੀਕਾ ਇਸ ਜੰਗ ਵਿਚ ਹਾਲੇ ਤੱਕ 56 ਅਰਬ ਡਾਲਰ ਖ਼ਰਚ ਕਰ ਚੁੱਕਾ ਹੈ ਅਤੇ ਇਸ ਵਿਚ ਜੇ ਤੇਲ, ਖਾਦ ਅਤੇ ਪਲਾਸਟਿਕ ਤੋਂ ਬਣੇ ਸਾਮਾਨ ਦੀ ਮਹਿੰਗਾਈ ਤੋਂ ਹੋਏ ਨੁਕਸਾਨ ਨੂੰ ਜੋੜ ਦੇਈਏ ਤਾਂ ਅੰਕੜਾ ਇਕ ਲੱਖ ਕਰੋੜ ਡਾਲਰ ਤੱਕ ਜਾਣ ਦਾ ਅਨੁਮਾਨ ਹੈ। ਤੇਲ, ਖਾਦ ਤੇ ਰੋਜ਼ਮੱਰਾ ਦੇ ਸਾਮਾਨ ਦੀਆਂ ਕੀਮਤਾਂ ਵਧਣ ਨਾਲ ਭਾਰਤ ਦੇ ਅਰਥਚਾਰੇ ਨੂੰ ਅੱਧੇ ਤੋਂ ਡੇਢ ਪ੍ਰਤੀਸ਼ਤ ਤੱਕ ਦਾ ਨੁਕਸਾਨ ਹੋਣ, ਰੁਪਈਏ ਦੀ ਕੀਮਤ ਡਿੱਗਣ ਤੇ ਉਸ ਨੂੰ ਬਚਾਉਣ ਲਈ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਵਿਚ ਕਮੀ ਆਉਣ ਦਾ ਖ਼ਤਰਾ ਬਣ ਗਿਆ ਹੈ।

ਈਰਾਨ ਨੂੰ ਪਤਾ ਹੈ ਕਿ ਹੋਰਮੁਜ਼ ਦੀ ਨਾਕੇਬੰਦੀ ਜਿੰਨੀ ਲੰਬੀ ਖਿੱਚੀ ਜਾਵੇਗੀ, ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਨੂੰ ਲੱਗਣ ਵਾਲੀ ਆਰਥਿਕ ਸੱਟ ਓਨੀ ਹੀ ਡੂੰਘੀ ਹੁੰਦੀ ਜਾਵੇਗੀ ਅਤੇ ਟਰੰਪ ’ਤੇ ਜਲਦੀ ਸਮਝੌਤਾ ਕਰਨ ਦਾ ਦਬਾਅ ਵਧਦਾ ਜਾਵੇਗਾ। ਟਰੰਪ ਦੀ ਪਾਰਟੀ ਨੂੰ ਕਾਂਗਰਸ ਦੀਆਂ ਮੱਧਕਾਲੀ ਚੋਣਾਂ ਵਿਚ ਜਨਤਾ ਦਾ ਸਾਹਮਣਾ ਵੀ ਕਰਨਾ ਪੈਣਾ ਹੈ ਜੋ ਜੰਗ ਵਿਚ ਉਲਝਣ ਅਤੇ ਮਹਿੰਗਾਈ ਵਧਣ ਤੋਂ ਨਾਰਾਜ਼ ਹੈ।

ਇਕ ਮਈ ਨੂੰ ਜੰਗ ਦੇ ਦੋ ਮਹੀਨੇ ਪੂਰੇ ਹੋ ਜਾਣਗੇ ਜਿਸ ਤੋਂ ਬਾਅਦ ਕਾਂਗਰਸ ਤੋਂ ਆਗਿਆ ਲਏ ਬਿਨਾਂ ਟਰੰਪ ਜੰਗ ਜਾਰੀ ਨਹੀਂ ਰੱਖ ਸਕਦੇ। ਉਨ੍ਹਾਂ ਨੂੰ ਇਹ ਵੀ ਪੁੱਛਿਆ ਜਾਵੇਗਾ ਕਿ ਉਨ੍ਹਾਂ ਨੇ ਜੰਗ ਸਦਕਾ ਅਜਿਹਾ ਕੀ ਹਾਸਲ ਕੀਤਾ ਹੈ ਜਿਸ ਨੂੰ ਕੂਟਨੀਤੀ ਜਾਂ ਆਰਥਿਕ ਨਾਕੇਬੰਦੀ ਨਾਲ ਨਹੀਂ ਹਾਸਲ ਕੀਤਾ ਜਾ ਸਕਦਾ ਸੀ ?

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ





## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

## ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 15 ਮਈ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 17 ਮਈ, 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

### ਹੋਰ ਜਾਣਕਾਰੀ ਲਈ

ਸ. ਹਰਜਿੰਦਰ ਸਿੰਘ ਹੈਪੀ ਸੂਚ (209) 535-0294

ਸ. ਮਨਜੀਤ ਸਿੰਘ ਬਾਸੀ (209) 678-8519

ਸ. ਹਰਿੰਦਰ ਸਿੰਘ ਸੂਚ (443) 567-0074



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(ਅ) ਗੁਰੂ ਸੰਗਤ : ਜਿਥੇ ਥੋੜ੍ਹੇ ਜਿਹੇ ਸਿੱਖ ਭੀ ਹੋਣਗੇ, ਓਹ ਇਕ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਹਨਾ ਹੀ ਚੰਗਾ ਹੈ। ਜਿਥੇ ਤਿਆਰ ਬਰ ਤਿਆਰ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਹਾਜ਼ਰ ਹੋਣ, ਉਹ 'ਗੁਰ ਸੰਗਤ' ਹੈ।

(ੲ) ਸਿੱਖ ਨੂੰ 'ਗੁਰੂ ਸੰਗਤ' ਦਾ ਸਿੱਖ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਵੇ।

੨. ਅੰਮ੍ਰਿਤ ਸੰਸਕਾਰ

(ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਤੇ ਤਿਆਰ ਬਰ ਤਿਆਰ ਸਿਦਕੀ ਸਿੰਘ ਹਾਜ਼ਰ ਹੋਣ, ਜਿਨ੍ਹਾਂਵਿਚੋਂ ਇਕ ਤਾਬੇ ਬੈਠੇ ਤੇ ਬਾਕੀ ਦੇ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗਹੀਣ (ਅੰਨ੍ਹਾ, ਕਾਣਾ, ਲੰਜਾ, ਲੂੰਜਾ, ਲੂਲ੍ਹਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ।

(ਸ) ਅੰਮ੍ਰਿਤ ਛਕਣ ਦੇ ਅਭਿਲਾਖੀ (ਮਰਦ ਤੇ ਇਸਤ੍ਰੀਆਂ) ਸਿੱਖੀ ਧਾਰਨ ਕਰਨ ਦੇ ਚਾਹਵਾਨ ਹੋਣ। ਬਹੁਤ ਛੋਟੀ ਅਵਸਥਾ ਦੇ ਨਾ ਹੋਣ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵੇਲੇ ਹਰ ਇਕ ਪੰਜ ਕਕਾਰ (ਕੇਸ, ਕੰਘਾ, ਕੜਾ, ਕਛਹਿਰਾ, ਕਿਰਪਾਨ ਗਾਤਰੇ ਵਾਲੀ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ, ਤਾਂ ਉਸਨੂੰ ਵੱਖਰਾ ਕਰੜੇ ਪੰਜ ਪਿਆਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਮੋਟੇ-ਮੋਟੇ ਅਸੂਲ ਸਮਝਾਵੇ- ਸਿੱਖ ਧਰਮ ਵਿਚ ਕਿਰਤਮ ਪੂਜਾ ਨੂੰ ਤਿਆਗਕੇ ਇਕ ਅਕਾਲ ਪੁਰਖ ਦੀ ਪ੍ਰੇਮਾ ਭਗਤੀ ਕਰਨੀ ਦੱਸੀ ਹੈ। ਇਸ ਦੀ ਪੂਰਣਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਚਾਰ ਤੇ ਨਾਮ ਦਾ ਪ੍ਰੇਮ ਮੁੱਖ ਸਾਧਨ ਹਨ ਆਦਿ। ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

(ਖ) ਹਾਂ ਦਾ ਜਵਾਬ ਆਉਣ 'ਤੇ ਪਿਆਰਿਆਂ ਵਿਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰ ਦੀ ਅਰਦਾਸ ਕਰੇ। ਪੰਜ ਪਿਆਰੇ ਸੰਗਤ ਵਲੋਂ ਆਗਿਆ ਲੈ ਕੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਣਾ ਸਰਬ ਲੋਹ ਦਾ ਹੋਵੇ ਤੇ ਕਿਸੇ ਸੂਛ ਚੀਜ਼ ਪੁਰ ਰੱਖਿਆ ਹੋਵੇ।

(ਘ) ਬਾਟੇ ਵਿਚ ਸੂਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ ਗਿਰਦ ਬੀਰ ਆਸਨ ਹੋ ਕੇ ਬੈਠ ਜਾਣ ਤੇ

(ਙ) ਇਕ ਇਕ ਕਰਕੇ ਇਨ੍ਹਾਂ ਬਾਣੀਆਂ ਦਾ ਪਾਠ ਕਰਨ :

ਜਪੁ, ਜਾਪੁ, ੧੦ ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ (ਹਮਰੀ ਰਕੇ ਧਾਵ ਵੇ ਰੱਖਾ) ਤੋਂ ਲੈ ਕੇ 'ਦੁਸ਼ਟ ਧੋਖ੍ਹ ਤੇ ਲੇਹੁ ਬਚਾਈ ਤੱਕ) ਅਨਰ




(ਚ) ਇਹ ਬਾਣੀਆਂ ਇਕ ਇਕ ਕਰਕੇ ਪ੍ਰਕਰਮਾ ਦੇ ਕ੍ਰਮ ਅਨੁਸਾਰ ਪੰਜ ਪਿਆਰੇ ਉਚੀ ਆਵਾਜ਼ ਨਾਲ ਪੜ੍ਹਨਾ

(ਛ) ਹਰ ਇਕ ਪੜ੍ਹਨਾ ਵਾਲਾ ਖਬਾਹਥ ਬਾਟੇ ਦੇ ਕੰਢੇ ਤੇ ਧਰੇ ਤੇ ਦੂਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ ਤੇ ਲੋੜਾਂ ਦਾ ਧਿਆਨ ਅੰਮ੍ਰਿਤ ਵਿਚ ਟਿਕੇ।

(ਜ) ਪਾਠ ਹੋਣ ਮਗਰੋਂ, ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

(ਝ) ਉਪਰੰਤ ਇਕ ਇਕ ਕਰਕੇ ਪੰਜੇ ਪਿਆਰੇ ਅੰਮ੍ਰਿਤ ਛਕਣ ਵਾਲਿਆਂ ਨੂੰ ਮੂਲ ਮੰਤ੍ਰ ਸੁਣਾਣ ਤੇ ਉਨ੍ਹਾਂ ਪਾਸੋਂ ਇਹਦਾ ਬਟਨ ਕਰਾਵਣ-੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੰਭੈ ਗੁਰਪ੍ਰਸਾਦਿ।

(ਞ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਟ) ਹੁਣ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰਾਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਾਕੇ ਉਸਦੇ ਖੱਬੇ ਹੱਥ ਉਪਰ ਸਜਾ ਹੱਥ ਰਖਾਕੇ ਚੁਲੇ ਅੰਮ੍ਰਿਤ ਤੇ ਛਕਾਏ ਜਾਣ ਅਤੇ ਹਰ ਚੁੱਲ੍ਹੇ ਨਾਲ ਇਹ ਕਿਹਾ ਜਾਵੇ

ਬੋਲੋ ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਫਤਹਿ। ਛਕਣ ਵਾਲਾ ਛਕ ਕੇ ਕਹੇ ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ। ਫੇਰ ਪੰਜ ਬੱਟੇ ਅੰਮ੍ਰਿਤ 'ਚ ਲਏ ਮਰ ਲਾਏ ਜਾਣ, ਫਿਰ ਪੰਜ ਬੰਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛਣ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਗਜਾਈ ਜਾਵੇ। ਜੋ ਅੰਮ੍ਰਿਤ ਬਾਣੀ ਰਹੇ, ਉਸ ਨੂੰ ਇਸੇ ਇਕੋ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿੱਖਣੀਆਂ) ਰਲ ਕੇ ਛਕਣ।

(ਚਲਦਾ)

# ਲੰਡਨ 'ਚ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਰੋਸ ਮੁਜ਼ਾਹਰਾ 7 ਜੂਨ ਨੂੰ ਹੋਵੇਗਾ : ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.

ਲੰਡਨ : ਜੂਨ 1984 ਦੌਰਾਨ ਸਿੱਖ ਤਵਾਰੀਖ ਵਿਚ ਵਾਪਰਿਆ ਤੀਸਰਾ ਖ਼ੂਨੀ ਘੱਲੂਘਾਰਾ ਅਜਿਹਾ ਕਹਿਰ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਬਰਤਾਨੀਆ ਵਿਚ ਆਜ਼ਾਦ ਸਿੱਖ ਰਾਜ ਖ਼ਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵੱਲੋਂ ਘੱਲੂਘਾਰਾ ਜੂਨ 1984 ਦੀ ਯਾਦ ਨੂੰ ਸਮਰਪਿਤ ਭਾਰੀ ਰੋਸ ਮੁਜ਼ਾਹਰਾ 7 ਜੂਨ 2026 ਐਤਵਾਰ ਵਾਲੇ ਦਿਨ ਕੀਤਾ ਜਾ ਰਿਹਾ ਹੈ। ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿਚ ਆਖਿਆ ਕਿ ਗਿਆਰਾਂ ਵਜੇ ਹਾਈ ਪਾਰਕ ਵਿਖੇ ਸਿੱਖ ਸੰਗਤਾਂ ਇਕੱਤਰ ਹੋਣਗੀਆਂ। ਇੱਕ ਵਜੇ ਰੋਸ ਅਤੇ ਰੋਹ ਭਰਪੂਰ ਮਾਰਚ ਅਰੰਭ ਹੋਵੇਗਾ ਜਿਹੜਾ ਲੰਡਨ ਦੀਆਂ ਸੜਕਾਂ ਤੋਂ ਗੁਜ਼ਰਦਾ ਹੋਇਆ ਟਰਫਾਲਗਰ ਸੁਕੇਅਰ ਪੁੱਜੇਗਾ, ਜਿੱਥੇ ਪੰਜ ਵਜੇ ਤੱਕ ਸੱਚ, ਇਨਸਾਫ਼ ਅਤੇ ਆਜ਼ਾਦੀ ਤੇ ਆਧਾਰਿਤ ਰੈਲੀ ਹੋਵੇਗੀ। ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨਜ਼ਨਜ਼ ਯੂ ਕੇ ਵੱਲੋਂ ਦੱਸਿਆ ਗਿਆ ਕਿ ਇਸ ਰੋਸ ਮੁਜ਼ਾਹਰੇ ਵਾਸਤੇ ਯੂ ਕੇ ਭਰ ਦੇ ਗੁਰਦਵਾਰਿਆਂ ਤੋਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਵੱਲੋਂ ਕੋਚਾਂ ਦਾ ਪ੍ਰਬੰਧ ਕੀਤਾ ਜਾਵੇਗਾ।



# ਕੈਨੇਡਾ ਵਿਚ ਬਜ਼ੁਰਗ ਸਿੱਖ ਵਿਅਕਤੀ 'ਤੇ ਨਸਲੀ ਹਮਲਾ

ਟੋਰਾਂਟੋ, (ਸਾਡੇ ਲੋਕ ਬਿਊਰੋ) : ਕੈਨੇਡਾ ਦੇ ਵੁੱਡਸਟੌਕ ਵਿੱਚ ਇੱਕ ਬਜ਼ੁਰਗ ਸਿੱਖ ਵਿਅਕਤੀ ਨੂੰ ਪਰੇਸ਼ਾਨ ਅਤੇ ਉਸ ਨਾਲ ਨਸਲੀ ਵਿਤਕਰਾ ਕਰਨ ਦੀ ਵੀਡੀਓ ਸਾਹਮਣੇ ਆਈ ਹੈ, ਜਿਸ ਤੋਂ ਬਾਅਦ ਹਰ ਪਾਸੇ ਇਸ ਘਟਨਾ ਦੀ ਨਿਖੇਧੀ ਹੋ ਰਹੀ ਹੈ। ਇਸ ਘਟਨਾ ਨੇ ਕੈਨੇਡਾ ਵਿੱਚ ਸਿੱਖਾਂ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਬਾਰੇ ਚਿੰਤਾਵਾਂ ਨੂੰ ਇੱਕ ਵਾਰ ਫਿਰ ਵਧਾ ਦਿੱਤਾ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇਸ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਇੱਕ ਬਜ਼ੁਰਗ ਨੂੰ ਜਨਤਕ ਥਾਂ 'ਤੇ ਨਿਸ਼ਾਨਾ ਬਣਾਇਆ ਗਿਆ। ਇਸ ਘਟਨਾ ਤੋਂ ਬਾਅਦ ਹੁਣ ਨਸਲਵਾਦ ਅਤੇ ਵਿਤਕਰੇ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਮੰਗ ਉੱਠ ਰਹੀ ਹੈ।

ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਇਸ ਘਟਨਾ ਨੂੰ ਪੂਰੀ ਤਰ੍ਹਾਂ ਗਲਤ ਦੱਸਿਆ ਹੈ। ਉਨ੍ਹਾਂ ਨੇ ਸਾਫ਼ ਕਿਹਾ ਹੈ ਕਿ ਅਜਿਹੀ ਨਫ਼ਰਤ ਭਰੀ ਹਰਕਤ ਲਈ ਕੈਨੇਡੀਅਨ ਸਮਾਜ ਵਿੱਚ ਕੋਈ ਜਗ?ਹਾ ਨਹੀਂ ਹੈ। ਵੁੱਡਸਟੌਕ ਪੁਲੀਸ ਸਰਵਿਸ ਸਮੇਤ ਸਥਾਨਕ ਅਧਿਕਾਰੀਆਂ ਨੇ ਇਸ ਘਟਨਾ 'ਤੇ ਕਾਰਵਾਈ ਕੀਤੀ ਹੈ ਅਤੇ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ। ਉੱਥੇ ਹੀ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਇਹ ਸਿਰਫ਼ ਸਿੱਖਾਂ ਦਾ ਮਸਲਾ ਨਹੀਂ, ਸਗੋਂ ਇਨਸਾਨੀਅਤ ਨਾਲ ਜੁੜਿਆ ਮੁੱਦਾ ਹੈ।



ਇਹ ਪ੍ਰਤੀਕਿਰਿਆਵਾਂ ਸਮਾਜ ਵਿੱਚ ਵਧ ਰਹੀ ਨਫ਼ਰਤ ਅਤੇ ਮਾੜੇ ਵਿਵਹਾਰ ਪ੍ਰਤੀ ਡੂੰਘੀ ਚਿੰਤਾ ਨੂੰ ਬਿਆਨ ਕਰਦੀਆਂ ਹਨ। ਇਹ ਘਟਨਾ ਉਦੋਂ ਵਾਪਰੀ ਹੈ ਜਦੋਂ 'ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ' (WSO) ਦੇਸ਼ ਵਿੱਚ ਸਿੱਖਾਂ ਵਿਰੁੱਧ ਹੁੰਦੇ ਵਿਤਕਰੇ ਨੂੰ ਰੋਕਣ ਲਈ ਸਰਗਰਮ ਹੈ। ਇਸ ਮੁੱਦੇ 'ਤੇ ਸੰਸਥਾ ਸਰੀ ਵਿੱਚ ਇੱਕ ਵਿਸ਼ੇਸ਼ ਚਰਚਾ ਕਰਵਾ ਰਹੀ ਹੈ। ਦੱਸ ਦਈਏ ਕਿ 1,600 ਤੋਂ ਵੱਧ ਕੈਨੇਡੀਅਨ ਸਿੱਖਾਂ 'ਤੇ ਕੀਤੇ ਗਏ ਸਰਵੇਖਣ ਮੁਤਾਬਕ, ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ 80 ਫੀਸਦੀ ਲੋਕ ਮੰਨਦੇ ਹਨ ਕਿ ਪਿਛਲੇ ਕੁਝ ਸਾਲਾਂ ਵਿੱਚ ਸਿੱਖਾਂ ਵਿਰੁੱਧ ਨਫ਼ਰਤ ਵਧੀ ਹੈ। ਇਸ ਦੇ ਨਾਲ ਹੀ 65 ਫੀਸਦੀ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਭੱਦੀ ਸ਼ਬਦਾਵਲੀ ਜਾਂ ਜ਼ੁਬਾਨੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਰਿਪੋਰਟ ਵਿੱਚ ਨਸਲਵਾਦ, ਬਾਹਰੀ ਲੋਕਾਂ ਪ੍ਰਤੀ ਨਫ਼ਰਤ ਅਤੇ ਫੈਲਾਈਆਂ ਜਾ ਰਹੀਆਂ ਗਲਤ ਜਾਣਕਾਰੀਆਂ ਨੂੰ ਇਸ ਦੇ ਮੁੱਖ ਕਾਰਨ ਦੱਸਿਆ ਗਿਆ ਹੈ।

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

## AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਪਿੰਡ ਬਾਹਲੇ ਵਿਖੇ ਲੰਗਰ ਛਕਣਾ ਅਰੰਭ ਕਰਨਾ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਤਕਰੀਬਨ ਇੱਕੀ ਸਾਲ ਆਪਣੇ ਜਨਮ ਨਗਰ ਪਿੰਡ ਧੁੱਗੇ ਰਹਿਣ ਉਪਰੰਤ ਅਠਾਈ ਕੁ ਸਾਲ ਦਾ ਸਮਾਂ ਸਰਗੋਧੇ 119 ਚੱਕ ਵਿੱਚ 'ਹੱਥ ਕਾਰ ਵੱਲ ਚਿੱਤ ਕਰਤਾਰ ਵੱਲ' ਲਾ ਕੇ ਅਨੰਦ ਮਾਣਨ ਅਤੇ ਦੋ ਸਾਲ ਦਾ ਸਮਾਂ ਕਰੇਰੂਏ (ਧੌਲਪੁਰ) ਬਿਤਾਉਣ ਉਪਰੰਤ ਬਾਬਾ ਜੀ ਉਸ ਸਥਾਨ ਤੇ ਪੁੱਜ ਚੁੱਕੇ ਸਨ ਜਿਸ ਨੂੰ ਸਤਿਗੁਰੂ ਜੀ ਨੇ ਗੁਰਸਿੱਖੀ-ਪ੍ਰਚਾਰ ਦਾ ਕੇਂਦਰ ਬਣਾ ਕੇ ਬਾਬਾ ਜੀ ਪਾਸੋਂ ਸੇਵਾ ਲੈਣੀ ਸੀ। ਇੱਥੇ ਵੀ ਪਹਿਲਾਂ ਵਾਂਗ ਹੀ ਜਪ-ਤਪ, ਨਾਮ-ਸਿਮਰਨ ਦਾ ਕਾਰਜ ਅਰੰਭ ਹੋ ਚੁੱਕਾ ਸੀ। ਤਿੰਨ ਦਿਨ ਅਵਗਤ ਰੂਹਾਂ ਨਾਲ ਟਕਰਾਅ ਹੋਣ ਤੋਂ ਬਾਅਦ ਹੁਣ ਵਾਤਾਵਰਣ ਸ਼ਾਂਤ ਸੀ। ਬਾਬਾ ਜੀ ਹਰ ਰੋਜ਼ ਤੜਕੇ ਉੱਠ ਕੇ ਇਸ਼ਨਾਨ ਸੋਧ, ਨਿੱਤਨੇਮ ਕਰਦੇ ਉਪਰੰਤ ਗੁਰਮੰਤ੍ਰ ਦਾ ਅਭਿਆਸ ਕਰਕੇ ਮੂਲ-ਮੰਤ੍ਰ ਦੀਆਂ ਬੱਤੀ ਮਾਲਾਂ ਦਾ ਨੇਮ ਪੂਰਾ ਕਰਦੇ੧। ਬਾਬਾ ਜੀ ਨੂੰ ਇਸ ਅਸਥਾਨ ਤੇ ਟਿਕਿਆਂ ਕੋਈ ਛੇ ਕੁ ਮਹੀਨੇ ਹੋ ਗਏ ਹੋਣਗੇ ਕਿ ਆਸ-ਪਾਸ ਦੇ ਪਿੰਡਾਂ ਦੀ ਸੰਗਤ ਨੂੰ ਵੀ ਇਸ ਗੱਲ ਦੀ ਸੂਹ ਲੱਗ ਗਈ ਕਿ ਸਦੀਆਂ ਤੋਂ ਵੀਰਾਨ ਪਏ ਥੇਹ, ਜਿੱਥੇ ਅਵਗਤ ਰੂਹਾਂ ਅਤੇ ਭੂਤਾਂ ਪ੍ਰੇਤਾਂ ਤੋਂ ਸਿਵਾ ਕੋਈ ਰਹਿ ਨਹੀਂ ਸਕਦਾ ਸੀ, ਉਸ ਅਸਥਾਨ ਉਤੇ ਕੋਈ ਮਹਾਤਮਾ ਆ ਟਿਕਿਆ ਹੈ। ਇਸ ਗੱਲ ਨੂੰ ਅੱਖੀਂ ਵੇਖਣ ਲਈ ਲੋਕ ਦੂਰੋਂ ਹੀ ਤੱਕਦੇ, ਕੋਈ ਵੀ ਇਸ ਅਸਥਾਨ ਦੇ ਉੱਪਰ ਆਉਣ ਦਾ ਹੀਆ ਨਾ ਕਰਦਾ।

ਬਾਬਾ ਜੀ ਲਈ ਛੱਪਰੀ

ਪਿੰਡ ਗੋਂਦਪੁਰ ਤੋਂ ਭਾਈ ਬਾਵਾ ਸਿੰਘ ਜੀ ਪੁੱਤਰ ਸ. ਸੁੰਦਰ ਸਿੰਘ ਜੀ, ਜਿਨ੍ਹਾਂ ਦੀ ਜ਼ਮੀਨ ਇਸ ਅਸਥਾਨ ਦੇ ਨਾਲ ਲੱਗਦੀ ਹੈ, ਬਾਬਾ ਜੀ ਦੇ ਭਜਨ-ਸਿਮਰਨ ਤੋਂ ਪ੍ਰਭਾਵਤ ਹੋ ਕੇ ਪ੍ਰੇਮੀ ਬਣ ਗਏ। ਜਿੱਥੇ ਗੁਰਦੁਆਰਾ ਸਾਹਿਬ ਦਾ ਪਹਿਲਾ ਨਿਸ਼ਾਨ ਸਾਹਿਬ ਹੁੰਦਾ ਸੀ, ਇਸ ਅਸਥਾਨ ਤੇ ਉਨ੍ਹਾਂ ਪ੍ਰੇਮੀਆਂ ਨੇ ਬਾਬਾ ਜੀ ਦੀ ਰਿਹਾਇਸ਼ ਲਈ ਲੱਕੜ ਦੀਆਂ ਮੋੜ੍ਹੀਆਂ ਗੱਡ ਕੇ ਕਾਨਿਆਂ ਦੀ ਛੱਪਰੀ ਬਣਾ ਦਿੱਤੀ ਕਿਉਂਕਿ ਗਰਮੀ ਦੇ ਦਿਨਾਂ ਵਿੱਚ ਉਸ ਉੱਚੀ ਗੁਫ਼ਾ ਵਿੱਚ ਕਾਫ਼ੀ ਹੁੰਮਸ ਹੋ ਜਾਂਦਾ ਸੀ :

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥

ਕਿਤ ਹੀ ਕਾਮਿ ਨ ਧਉਲਹਰ੧ ਜਿਤੁ ਹਰਿ ਬਿਸਰਾਏ ॥੧॥ ਰਹਾਉ ॥

(ਸੂਹੀ ਮ: ੫, ਅੰਗ ੭੪੫)

ਦਸ ਬਾਰਾਂ ਵੱਡੀਆਂ ਬੋਹੜਾਂ ਦੇ ਝੁੰਡ ਵਿੱਚ ਜਿੱਥੇ ਥੋੜ੍ਹੀ ਵਿਹਲੀ ਥਾਂ ਸੀ, ਉਥੇ ਗੁਫ਼ਾ ਦੀ ਥਾਂ ਛੱਪਰੀ ਬਣ ਗਈ। ਇਸ ਛੱਪਰ ਨੂੰ ਸਫ਼ਲ ਕਰਨ ਲਈ ਵੀ ਪਹਿਲਾਂ ਵਾਲਾ ਨਿਯਮ ਜਾਰੀ ਰਿਹਾ। ਇਸ ਸਮੇਂ ਤੱਕ ਬਾਬਾ ਜੀ ਦੇ ਪ੍ਰੇਮੀ ਭਾਈ ਗੁਰਬਖ਼ਸ਼ ਸਿੰਘ ਜੀ ਕਾਲਜ ਵਿੱਚ ਪ੍ਰੋਫ਼ੈਸਰ ਲੱਗ ਗਏ ਸਨ।

ਹੁਣ ਬਾਬਾ ਜੀ ਸਵਾ ਮਹੀਨੇ ਬਾਅਦ ਜਾਪ ਦਾ ਭੋਗ ਪਾ ਕੇ ਪਿੰਡ ਧੁੱਗੇ ਮਾਤਾ ਜੀ ਪਾਸ ਜਾਂਦੇ ਅਤੇ ਇੱਕ ਰਾਤ ਪਿੰਡ ਠਹਿਰ ਕੇ ਵਾਪਿਸ ਆ ਜਾਂਦੇ। ਵਾਪਿਸ ਆਉਣ ਲੱਗੇ ਤਿੰਨ-ਚਾਰ ਕਿਲੋ ਭੁੱਜੀ ਹੋਈ ਕਣਕ ਦਾ ਆਟਾ ਪਿਸਾ ਕੇ ਅਤੇ ਕੁੱਝ ਸ਼ੱਕਰ ਨਾਲ ਲੈ ਆਉਂਦੇ। ਪਿੰਡੋਂ ਵਾਪਸ ਆ ਕੇ ਫਿਰ ਚਾਲ੍ਹੀ ਦਿਨ ਲਈ ਜਾਪ (ਮੂਲ-ਮੰਤ੍ਰ ਜਾਂ ਕਿਸੇ ਹੋਰ ਸ਼ਬਦ ਦਾ) ਅਰੰਭ ਕਰ ਦਿੰਦੇ। ਜਦੋਂ ਭੁੱਖ ਜ਼ਿਆਦਾ ਤੰਗ ਕਰਦੀ ਤਾਂ ਥੋੜ੍ਹਾ ਜਿਹਾ ਭੁੱਜਿਆ ਹੋਇਆ ਆਟਾ ਤੇ ਸ਼ੱਕਰ ਮਿਲਾ ਕੇ ਪਾਣੀ ਵਿੱਚ ਘੋਲ ਕੇ ਛੱਕ ਲੈਂਦੇ। ਚੌਵ੍ਹੀ ਘੰਟੇ ਵਿੱਚ ਬਸ ਇਤਨਾ ਕੁ ਹੀ ਆਹਾਰ ਕਰਦੇ ਅਤੇ ਸਾਰਾ ਦਿਨ ਇਸ ਆਹਰ ਵਿੱਚ ਰਹਿੰਦੇ :



ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ ?

ਜੀਵਨ-ਗਾਥਾ

ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ

ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)

ਫੋਨ ਨੰ: +91-1886-260334, 98767-60334

Website : www.RamPurKhera.com | Email : RamPurKhera@yahoo.ca

3

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥

ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥

(ਮ: ੩, ਅੰਗ ੫੫੬)

ਤਾਂ ਕਿ ਕੋਈ ਵੀ ਸਮਾਂ ਗ਼ਫ਼ਲਤ ਵਿੱਚ ਨਾ ਲੰਘੇ।

ਇਸ ਅਸਥਾਨ ਤੇ ਉਸ ਸਮੇਂ ਜੋ ਜਾਇਦਾਦ ਸੀ ਉਹ ਸੀ; ਇੱਕ ਮੰਜਾ, ਇੱਕ ਕੱਚੀ ਚਾਟੀ, ਇੱਕ ਪਿੱਤਲ ਦਾ ਗਲਾਸ, ਇੱਕ ਭਰਤ ਦਾ ਛੰਨਾ, ਇੱਕ ਲੋਹੇ ਦੀ ਬਾਲਟੀ, ਇੱਕ-ਦੋ ਮਿੱਟੀ ਦੇ ਛੋਟੇ ਕੱਚੇ ਭਾਂਡੇ ਅਤੇ ਇੱਕ ਬਿਸਤਰਾ। ਬਾਬਾ ਜੀ ਇਨ੍ਹਾਂ ਵਿੱਚੋਂ ਹੀ ਜ਼ਿੰਦਗੀ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੇ ਸਨ।

ਪਾਣੀ ਦੀ ਥੁੜ੍ਹ

ਇਨ੍ਹਾਂ ਦਿਨਾਂ ਵਿੱਚ ਹੀ ਬਾਰਸ਼ ਨਾ ਹੋਣ ਕਰਕੇ ਹੇਠਾਂ ਜੋ ਛੋਟੀ ਖੂਹੀ ਸੀ, ਉਸ ਦਾ ਪਾਣੀ ਸੁੱਕ ਗਿਆ। ਹੁਣ ਤੜਕੇ ਇਸ਼ਨਾਨ ਕਰਨ ਵਾਸਤੇ ਬਾਬਾ ਜੀ ਨੂੰ ਚੜ੍ਹਦੇ ਪਾਸੇ ਤਿੰਨ ਕੁ ਕਿੱਲੇ ਦੀ ਵਿੱਥ ਤੇ ਜੋ ਖੂਹ ਸੀ, ਉੱਥੇ ਜਾਣਾ ਪੈਂਦਾ। ਇਸ਼ਨਾਨ ਸੋਧ ਕੇ ਵਾਪਿਸ ਆਉਣ ਲੱਗੇ ਆਪ ਜੀ ਪਾਣੀ ਦੀ ਬਾਲਟੀ ਭਰ ਕੇ ਲੈ ਆਉਂਦੇ ਅਤੇ ਸਾਰਾ ਦਿਨ ਉਸੇ ਪਾਣੀ ਨੂੰ ਵਰਤਦੇ। ਬਾਬਾ ਜੀ ਦੱਸਿਆ ਕਰਦੇ ਸਨ ਕਿ ਜਦੋਂ ਵੀ ਅਸੀਂ ਤੜਕੇ ਦੋ-ਢਾਈ ਵਜੇ ਇਸ਼ਨਾਨ ਕਰਨ ਲਈ ਜਾਣਾ ਤਾਂ ਭਾਵੇਂ ਬਾਰਸ਼ ਹੁੰਦੀ ਹੋਵੇ ਜਾਂ ਹਨੇਰੀ ਵਗਦੀ ਹੋਵੇ ਪਰ ਗੁਰੂ ਜੀ ਦੀ ਮਿਹਰ ਸਦਕਾ ਓਨਾਂ ਸਮਾਂ ਉਹ ਬਾਰਸ਼ ਜਾਂ ਹਨੇਰੀ ਜ਼ਰੂਰ ਹਟ ਜਾਇਆ ਕਰਦੀ ਸੀ। ਇਹ ਸਤਿਗੁਰੂ ਜੀ ਦੀ ਆਪਣੀ ਮਿਹਰ ਸੀ। ਉਸ ਖੂਹ ਤੱਕ ਪੁੱਜਣ ਲਈ ਵੀ ਖੇਤਾਂ ਦੇ ਬੰਨੇ ਉੱਪਰ ਦੀ ਜਾਣਾ ਤਾਂ ਜੋ ਕਿਸੇ ਦੀ ਫ਼ਸਲ ਦਾ ਨੁਕਸਾਨ ਨਾ ਹੋਵੇ। ਇਸ਼ਨਾਨ ਕਰਕੇ ਆਪ ਜੀ ਨੇ ਫਿਰ 'ਨਾਮੇ ਸੰਗ' ਜੁੱਟ ਜਾਣਾ।

ਸ: ਕਾਬਲ ਸਿੰਘ ਦਾ ਮਿਲਾਪ

ਇਨ੍ਹਾਂ ਦਿਨਾਂ ਵਿੱਚ ਹੀ ਗੋਂਦਪੁਰ ਨਿਵਾਸੀ ਭਾਈ ਬਾਵਾ ਸਿੰਘ ਜੀ ਦੇ ਸਪੁੱਤਰ ਸ. ਕਾਬਲ ਸਿੰਘ ਜੀ ਨੂੰ ਬਾਬਾ ਜੀ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੋਇਆ। ਵਿਹਲੇ ਸਮੇਂ ਆ ਕੇ ਪੰਜ ਗ੍ਰੰਥੀ ਦੀ ਸੰਥਿਆ ਲੈਣ ਉਪ੍ਰੰਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਆਪ ਜੀ ਨੇ ਬਾਬਾ ਜੀ ਪਾਸੋਂ ਸਿੱਖ ਲਿਆ। ਹਰ ਰੋਜ਼ ਬਾਬਾ ਜੀ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਆਪ ਸੁਣਾਉਂਦੇ ਸਨ ਅਤੇ ਸਿਮਰਨ ਕਰਕੇ ਕੁੱਝ ਆਤਮਿਕ ਅਵਸਥਾ ਵੀ ਪ੍ਰਾਪਤ ਕਰ ਲਈ। ਬਾਬਾ ਜੀ ਦੇ ਦੱਸਣ ਅਨੁਸਾਰ ਇਹ ਕਬੱਡੀ ਖੇਡਣ ਦੇ ਕਾਫ਼ੀ ਸ਼ੌਕੀਨ ਸਨ ਅਤੇ ਬਹੁਤਾ ਧਿਆਨ ਉਸੇ ਪਾਸੇ ਲਾਉਣ ਲੱਗ ਪਏ। ਬਾਬਾ ਜੀ ਦਿਬ-ਦ੍ਰਿਸ਼ਟਾ ਸਨ। ਉਨ੍ਹਾਂ ਨੇ ਆਪ ਜੀ ਨੂੰ ਪ੍ਰਾਇਮਰੀ ਸਕੂਲ ਵਿੱਚ ਪੜ੍ਹਾਉਣ ਲਈ ਬੇਸਿਕ ਦੀ ਟਰੇਨਿੰਗ ਕਰਵਾ ਕੇ ਮਾਸਟਰ ਲਵਾ ਦਿੱਤਾ ਅਤੇ ਆਪਣੇ ਹੱਥੀਂ ਹੀ ਇਹਨਾਂ ਦਾ ਵਿਆਹ ਵੀ ਕਰ ਦਿੱਤਾ। ਮਾਸਟਰ ਹੁਰਾਂ ਨੇ ਗੁਰਮਤਿ ਦੇ ਧਾਰਨੀ ਬਣ ਕੇ ਬਾਬਾ ਜੀ ਨਾਲ ਸੰਪਰਕ ਰੱਖਿਆ।

ਭਾਈ ਲਾਭ ਸਿੰਘ ਪਿੰਡ ਬਾਹਲੇ ਦਾ ਮਿਲਾਪ

ਬਾਬਾ ਜੀ ਨੇ ਇਸ ਛੱਪਰੀ ਵਿੱਚ ਕੋਈ ਛੇ ਕੁ ਮਹੀਨੇ ਭਜਨ-ਸਿਮਰਨ ਕੀਤਾ, ਪ੍ਰਸ਼ਾਦਾ ਨਹੀਂ ਛਕਿਆ। ਕੇਵਲ ਭੁੱਜੀ ਹੋਈ ਕਣਕ ਦੇ ਆਟੇ ਤੇ ਸ਼ੱਕਰ ਦਾ ਆਹਾਰ ਹੀ ਕੀਤਾ। ਇੱਕ ਦਿਨ ਪਿੰਡ ਬਾਹਲਿਆਂ ਦੇ ਵਾਸੀ ਸ. ਲਾਭ ਸਿੰਘ, ਜੋ ਬਾਬਾ ਜੀ ਦੇ ਸਿਮਰਨ-ਭਜਨ ਤੋਂ ਜਾਣੂ ਹੋ ਚੁੱਕੇ ਸਨ, ਬਾਬਾ ਜੀ ਪਾਸ ਇਸ ਥੇਹ ਤੇ ਆਏ। ਨਮਸਕਾਰ ਕਰਨ ਉਪ੍ਰੰਤ ਪੁੱਛਿਆ ਕਿ ਤੁਸੀਂ ਜੋ ਜਾਪ ਅਰੰਭ ਕੀਤਾ ਹੋਇਆ ਹੈ, ਇਸ ਦਾ ਭੋਗ ਕਿਸ ਦਿਨ ਪਾਉਣਾ ਹੈ ?

(ਚਲਦਾ)

## 'ਆਪ' ਵੱਲੋਂ ਰਾਜ ਸਭਾ ਮੈਂਬਰਾਂ ਖ਼ਿਲਾਫ਼ ਮੁਜ਼ਾਹਰੇ



ਜਗਰਾਉਂ : ਆਮ ਆਦਮੀ ਪਾਰਟੀ ਛੱਡਣ ਵਾਲੇ ਸੱਤ ਰਾਜ ਸਭਾ ਮੈਂਬਰਾਂ ਖ਼ਿਲਾਫ਼ ਪਾਰਟੀ ਕਾਰਕੁਨਾਂ ਨੇ ਰੋਸ ਮੁਜ਼ਾਹਰੇ ਕੀਤੇ। ਇੱਥੇ ਅੱਜ ਭਾਜਪਾ 'ਚ ਸ਼ਾਮਲ ਹੋਣ ਵਾਲੇ 'ਆਪ' ਆਗੂਆਂ ਦੇ ਪੁਤਲੇ ਫੂਕਦਿਆਂ ਨਾਅਰੇਬਾਜ਼ੀ ਕੀਤੀ ਗਈ। ਇਨ੍ਹਾਂ ਪੁਤਲਿਆਂ 'ਤੇ ਗੱਦਾਰ ਲਿਖਿਆ ਹੋਇਆ ਸੀ।

ਸਥਾਨਕ ਮੁੱਖ ਤਹਿਸੀਲ ਚੌਕ ਵਿੱਚ ਵੱਡੀ 'ਆਪ' ਵਾਲੰਟੀਅਰਾਂ ਨੇ ਮੁਜ਼ਾਹਰੇ ਵਿੱਚ ਹਿੱਸਾ ਲਿਆ। ਹਲਕਾ ਵਿਧਾਇਕਾ ਸਰਵਜੀਤ ਕੌਰ ਵੀ ਆਪਣੇ ਪਤੀ ਪ੍ਰੋ. ਸੁਖਵਿੰਦਰ ਸੁੱਖੀ ਨਾਲ ਹਾਜ਼ਰ ਰਹੇ। ਪ੍ਰਦਰਸ਼ਨਕਾਰੀਆਂ ਨੇ ਰਾਘਵ ਚੱਢਾ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਬੈਨਰ ਅਤੇ ਪੋਸਟਰ ਫੜੇ ਹੋਏ ਸਨ, ਜਿਨ੍ਹਾਂ 'ਤੇ 'ਪੰਜਾਬ ਦੀ ਮਿੱਟੀ ਦੇ ਗੱਦਾਰ ਮੁਰਦਾਬਾਦ' ਅਤੇ 'ਪੰਜਾਬ ਨਾਲ ਧੋਖਾ ਕਰਨ ਵਾਲਿਓ ਸ਼ਰਮ ਕਰੋ' ਵਰਗੇ ਨਾਅਰੇ ਲਿਖੇ ਹੋਏ ਸਨ।

'ਆਪ' ਦੇ ਸੀਨੀਅਰ ਆਗੂ ਵਿਕਰਮਜੀਤ ਸਿੰਘ ਵਿੱਕੀ ਥਿੰਦ ਨੇ ਵੀ ਕਿਹਾ ਕਿ ਪੰਜਾਬ ਤੋਂ ਰਾਜ ਸਭਾ ਵਿੱਚ ਭੇਜੇ ਗਏ ਆਗੂਆਂ ਨੇ ਲੋਕਾਂ ਦੀਆਂ ਉਮੀਦਾਂ ਨੂੰ ਤੋੜਿਆ ਹੈ ਅਤੇ ਹੁਣ ਭਾਜਪਾ ਵਿੱਚ ਜਾ ਕੇ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਨੈਤਿਕਤਾ ਖ਼ਿਲਾਫ਼ ਹੈ।

ਵਿਧਾਇਕਾ ਸਰਬਜੀਤ ਕੌਰ ਨੇ ਕਿਹਾ ਕਿ ਇਨ੍ਹਾਂ ਆਗੂਆਂ ਦਾ ਭਾਜਪਾ ਵਿੱਚ ਜਾਣਾ ਲੋਕਾਂ ਦੇ ਭਰੋਸੇ ਨਾਲ ਧੋਖਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਆਗੂ ਹੁਣ ਆਪਣੇ ਨਿੱਜੀ ਤੇ ਸਿਆਸੀ ਫਾਇਦੇ ਲਈ ਵਿਚਾਰਧਾਰਾ ਬਦਲ ਰਹੇ ਹਨ। 'ਆਪ' ਕਦੇ ਵੀ ਅਜਿਹੇ ਗੱਦਾਰਾਂ ਨੂੰ ਮਾਫ਼ ਨਹੀਂ ਕਰੇਗੀ ਅਤੇ ਲੋਕਾਂ ਦੇ ਸਾਹਮਣੇ ਉਨ੍ਹਾਂ ਦੇ ਅਸਲੀ ਚਿਹਰੇ ਬੇਨਕਾਬ ਕਰੇਗੀ। ਇਸ ਮੌਕੇ ਐਡਵੋਕੇਟ ਕਰਮ ਸਿੰਘ ਸਿੱਧੂ, ਸਰਪੰਚ ਗੁਰਪ੍ਰੀਤ ਸਿੰਘ ਡਾਂਗੀਆਂ ਅਤੇ ਕਰਮਜੀਤ ਸਿੰਘ ਹਾਜ਼ਰ ਸਨ।

## ਕੈਨੇਡਾ 'ਚ 16 ਮੌਤਾਂ ਦੇ ਜ਼ਿੰਮੇਵਾਰ ਪੰਜਾਬੀ ਟਰੱਕ ਡਰਾਈਵਰ ਦੀ ਡਿਪੋਰਟੇਸ਼ਨ 'ਤੇ ਲੱਗੀ ਰੋਕ

ਓਟਾਵਾ : ਕੈਨੇਡਾ ਦੇ ਫੈਡਰਲ ਕੋਰਟ ਆਫ ਕੈਨੇਡਾ ਨੇ ਸ਼ੁੱਕਰਵਾਰ ਨੂੰ ਇੱਕ ਵੱਡਾ ਫ਼ੈਸਲਾ ਸੁਣਾਉਂਦੇ ਹੋਏ ਜਸਕੀਰਤ ਸਿੰਘ ਸਿੱਧੂ ਦੀ ਡਿਪੋਰਟੇਸ਼ਨ 'ਤੇ ਅਸਥਾਈ ਰੋਕ ਲਾ ਦਿੱਤੀ। ਇਹ ਫ਼ੈਸਲਾ ਉਸ ਸਮੇਂ ਆਇਆ ਜਦੋਂ ਉਸ ਨੂੰ ਸੋਮਵਾਰ ਸਵੇਰੇ ਭਾਰਤ ਭੇਜਿਆ ਜਾਣਾ ਤੈਅ ਸੀ। ਇਹ ਮਾਮਲਾ Humboldt Broncos ਬੱਸ ਹਾਦਸੇ ਨਾਲ ਜੁੜਿਆ ਹੈ, ਜੋ 6 ਅਪ੍ਰੈਲ 2018 ਨੂੰ ਹੋਇਆ ਸੀ। ਸੰਗਰੂਰ ਦੇ ਰਹਿਣ ਵਾਲੇ ਸਿੱਧੂ ਦੇ ਟਰੱਕ ਨੇ ਸਟਾਪ ਸਾਈਨ ਪਾਰ ਕਰਦੇ ਹੋਏ ਸਸਕਾਚੇਵਨ ਦੀ ਜੂਨੀਅਰ ਹਾਕੀ ਟੀਮ ਦੀ ਬੱਸ ਨੂੰ ਟੱਕਰ ਮਾਰੀ ਸੀ, ਜਿਸ ਵਿੱਚ 16 ਲੋਕਾਂ ਦੀ ਮੌਤ ਹੋ ਗਈ ਸੀ ਅਤੇ 13 ਹੋਰ ਜ਼ਖ਼ਮੀ ਹੋਏ ਸਨ।

**ਅਦਾਲਤ ਨੇ ਰੋਕੀ ਡਿਪੋਰਟੇਸ਼ਨ** : ਜਸਟਿਸ Jocelyne Gagn ਨੇ ਇਹ ਰਾਹਤ ਉਸ ਵੇਲੇ ਤੱਕ ਲਈ ਦਿੱਤੀ ਹੈ ਜਦੋਂ ਤੱਕ ਇੱਕ ਪੁਰਾਣੇ



ਕੇਸ ਦਾ ਫ਼ੈਸਲਾ ਨਹੀਂ ਆ ਜਾਂਦਾ। ਇਸ ਕੇਸ ਵਿੱਚ ਕੈਨੇਡਾ ਬਾਰਡਰ ਸਰਵਿਸ ਏਜੰਸੀ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਵਿੱਚ ਸਿੱਧੂ ਦੀ ਡਿਪੋਰਟੇਸ਼ਨ ਟਾਲਣ ਤੋਂ ਇਨਕਾਰ ਕੀਤਾ ਗਿਆ ਸੀ। ਸਿੱਧੂ ਨੇ 2019 ਵਿੱਚ 16 ਮੌਤਾਂ ਅਤੇ 13 ਜ਼ਖ਼ਮੀਆਂ ਦੇ ਮਾਮਲੇ ਵਿੱਚ ਦੋਸ਼ ਕਬੂਲ ਕੀਤਾ ਸੀ। ਉਸੇ ਸਾਲ ਉਨ੍ਹਾਂ ਨੂੰ 8 ਸਾਲ ਦੀ ਸਜ਼ਾ ਸੁਣਾਈ ਗਈ, ਜੋ ਇਸ ਤਰ੍ਹਾਂ ਦੇ ਅਪਰਾਧ ਵਿੱਚ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਲੰਬੀ ਸਜ਼ਾ ਮੰਨੀ ਜਾਂਦੀ ਹੈ (ਬਿਨਾਂ ਸ਼ਰਾਬ ਜਾਂ ਨਸ਼ੇ ਦੇ ਮਾਮਲਿਆਂ ਵਿੱਚ)। ਉਸ ਨੂੰ 2023 ਵਿੱਚ ਪੂਰੀ ਪੈਰੋਲ ਮਿਲ ਗਈ ਸੀ।

**ਮਾਨਵੀ ਆਧਾਰ 'ਤੇ ਰਹਿਣ ਦੀ ਅਪੀਲ** : 2024 ਵਿੱਚ ਇਮੀਗ੍ਰੇਸ਼ਨ ਐਂਡ ਰਿਫਿਊਜ਼ੀ ਬੋਰਡ ਆਫ ਕੈਨੇਡਾ ਨੇ ਉਸ ਦਾ ਸਥਾਈ ਨਿਵਾਸ (PR) ਰੱਦ ਕਰ ਦਿੱਤਾ ਅਤੇ ਉਸ ਨੂੰ ਦੇਸ਼ ਤੋਂ ਬਾਹਰ ਭੇਜਣ ਦਾ ਹੁਕਮ ਦਿੱਤਾ। ਸਿੱਧੂ ਦੇ ਵਕੀਲਾਂ ਨੇ ਮਾਨਵੀ ਅਤੇ ਕਰੁਣਾਮਈ ਆਧਾਰ 'ਤੇ ਕੈਨੇਡਾ ਵਿੱਚ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿੱਧੂ ਦੇ ਛੋਟੇ ਬੱਚੇ ਹਨ, ਜਿਨ੍ਹਾਂ 'ਤੇ ਇਸਦਾ ਅਸਰ ਪਵੇਗਾ। ਉਨ੍ਹਾਂ ਦੇ ਪੁੱਤਰ ਨੂੰ ਇੱਕ ਗੰਭੀਰ ਫੇਫੜਿਆਂ ਦੀ ਬਿਮਾਰੀ ਹੈ, ਅਤੇ ਭਾਰਤ ਦੀ ਖ਼ਰਾਬ ਹਵਾ ਉਸ ਲਈ ਖ਼ਤਰਨਾਕ ਹੋ ਸਕਦੀ ਹੈ।

## ਗਿਣਮਿਥ ਕੇ ਹੋਈ ਲੜਾਈ ਵਿੱਚ 2 ਮੁੰਡਿਆਂ ਦੀ ਮੌਤ ਤੇ 5 ਜ਼ਖ਼ਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇੱਕ ਮਿਡਲ ਸਕੂਲ ਨਾਲ ਲੱਗਦੇ ਨਾਰਥ ਕੈਰੋਲੀਨਾ ਪਬਲਿਕ ਪਾਰਕ ਵਿੱਚ ਗਿਣਮਿਥਕੇ ਹੋਈ ਲੜਾਈ ਜੋ ਬਾਅਦ ਵਿੱਚ ਗੋਲੀਬਾਰੀ ਵਿੱਚ ਬਦਲ ਗਈ, 2 ਨੌਜਵਾਨਾਂ ਦੀ ਮੌਤ ਹੋ ਗਈ ਤੇ 5 ਹੋਰ ਜਖਮੀ ਹੋ ਗਏ। ਇਹ ਜਾਣਕਾਰੀ ਵਿੰਸਟਨ- ਸਲੇਮ ਪੁਲਿਸ ਨੇ ਜਾਰੀ ਇਕ ਬਿਆਨ ਵਿੱਚ ਦਿੱਤੀ ਹੈ। ਪੁਲਿਸ ਕੈਪਟਨ ਕੈਵਿਨ ਬਰਨਸ ਨੇ ਦੱਸਿਆ ਕਿ ਸਵੇਰ ਵੇਲੇ ਹੋਈ ਗੋਲੀਬਾਰੀ ਵਿੱਚ ਮਾਰੇ ਗਏ ਨਬਾਲਗ ਮੁੰਡਿਆਂ ਦੀ ਪਛਾਣ 17 ਸਾਲਾ ਏਰੂਬੇ ਰੋਮੇਰੋ ਮੈਡੀਨਾ ਤੇ 16 ਸਾਲਾ ਡੈਨੀਅਲ ਜਿਮੇਨੇਜ਼ ਮਿਲੀਅਨ ਵਜੋਂ ਹੋਈ ਹੈ। ਇਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਉਨਾਂ ਕਿਹਾ ਕਿ ਜਖਮੀ 5 ਨੌਜਵਾਨਾਂ ਵਿਚ 4 ਲੜਕੀਆਂ ਤੇ ਇਕ ਲੜਕਾ ਹੈ ਜਿਨਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ। ਇਨਾਂ ਸਾਰਿਆਂ ਦੀ ਉਮਰ 14 ਤੋਂ 19 ਸਾਲ ਦੇ ਦਰਮਿਆਨ ਹੈ। ਪੁਲਿਸ ਨੇ ਇਨਾਂ ਦੀ ਪਛਾਣ ਕਰ ਲਈ ਪਰੰਤੂ ਨਾਂ ਜਨਤਿਕ ਨਹੀਂ ਕੀਤੇ ਹਨ। ਘਟਨਾ ਸਬੰਧੀ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਇਰਾਨ ਵੱਲੋਂ ਅਮਰੀਕਾ ਅੱਗੇ ਨਵੀਂ ਸ਼ਾਂਤੀ ਪੇਸ਼ਕਸ਼

# ਹੋਰਮੁਜ਼ ਜਲਡਮਰੂ ਖੋਲ੍ਹਣ ਅਤੇ ਜੰਗਬੰਦੀ ਦੀ ਤਜਵੀਜ਼




ਇਰਾਨ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੀ ਭਿਆਨਕ ਜੰਗ ਨੂੰ ਖ਼ਤਮ ਕਰਨ ਲਈ ਇੱਕ ਵੱਡੀ ਉਮੀਦ ਦੀ ਕਿਰਨ ਦਿਖਾਈ ਦਿੱਤੀ ਹੈ। ਰਿਪੋਰਟਾਂ ਅਨੁਸਾਰ, ਇਰਾਨ ਨੇ ਪਾਕਿਸਤਾਨੀ ਵਿਚੋਲਿਆਂ ਰਾਹੀਂ ਅਮਰੀਕਾ ਨੂੰ ਇੱਕ ਨਵੀਂ 'ਸ਼ਾਂਤੀ ਪੇਸ਼ਕਸ਼' ਭੇਜੀ ਹੈ। ਇਸ ਤਜਵੀਜ਼ ਵਿੱਚ ਇਰਾਨ ਨੇ ਤੇਲ ਦੀ ਸਪਲਾਈ ਲਈ ਅਹਿਮ ਮੰਨੇ ਜਾਂਦੇ ਹੋਰਮੁਜ਼ ਜਲਡਮਰੂ ਨੂੰ ਮੁੜ ਖੋਲ੍ਹਣ ਅਤੇ ਜੰਗ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਗੱਲ ਕਹੀ ਹੈ। ਇੱਕ ਰਿਪੋਰਟ ਮੁਤਾਬਕ ਇਰਾਨ ਨੇ ਸੁਝਾਅ ਦਿੱਤਾ ਹੈ ਕਿ ਵਿਵਾਦਤ ਪਰਮਾਣੂ ਵਾਰਤਾ ਨੂੰ ਫਿਲਹਾਲ ਬਾਅਦ ਵਾਲੇ ਪੜਾਅ ਲਈ ਮੁਲਤਵੀ ਕਰ ਦਿੱਤਾ ਜਾਵੇ ਤਾਂ ਜੋ ਤੁਰੰਤ ਸ਼ਾਂਤੀ ਬਹਾਲ ਹੋ ਸਕੇ।

ਹਾਲਾਂਕਿ ਇਸ ਮਾਮਲੇ 'ਤੇ ਅਮਰੀਕੀ ਵਿਦੇਸ਼ ਵਿਭਾਗ ਅਤੇ ਵ੍ਹਾਈਟ ਹਾਊਸ ਨੇ ਅਜੇ ਤੱਕ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਹੈ। ਜ਼ਿਕਰਯੋਗ ਹੈ ਕਿ ਇਰਾਨ ਲੰਬੇ ਸਮੇਂ ਤੋਂ ਯੂਰੇਨੀਅਮ ਸੰਵਰਧਨ (enrichment) ਦੇ ਆਪਣੇ ਅਧਿਕਾਰ ਨੂੰ ਮਾਨਤਾ ਦੇਣ ਦੀ ਮੰਗ ਕਰ ਰਿਹਾ ਹੈ। ਜਿੱਥੇ ਤਹਿਰਾਨ ਇਸ ਨੂੰ ਸ਼ਾਂਤਮਈ ਉਦੇਸ਼ਾਂ ਲਈ ਦੱਸਦਾ ਹੈ, ਉੱਥੇ ਹੀ ਪੱਛਮੀ ਦੇਸ਼ਾਂ ਨੂੰ ਖਦਸ਼ਾ ਹੈ ਕਿ ਇਰਾਨ ਪਰਮਾਣੂ ਹਥਿਆਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਅਮਰੀਕਾ 'ਚ ਐਚ-1ਬੀ ਵੀਜ਼ਾ 'ਤੇ 3 ਸਾਲ ਦੀ ਰੋਕ ਲਈ ਬਿੱਲ ਪੇਸ਼




ਵਾਸ਼ਿੰਗਟਨ ਡੀ.ਸੀ. : ਰਿਪਬਲਿਕਨ ਕਾਨੂੰਨ ਨਿਰਮਾਤਾਵਾਂ ਦੇ ਇਕ ਸਮੂਹ ਨੇ ਐਚ-1ਬੀ ਵੀਜ਼ਾ ਜਾਰੀ ਕਰਨ ਨੂੰ ਤਿੰਨ ਸਾਲਾਂ ਲਈ ਮੁਅੱਤਲ ਕਰਨ ਤੇ ਪ੍ਰੋਗਰਾਮ ਵਿਚ ਸੁਧਾਰ ਕਰਨ ਲਈ ਇਕ ਬਿੱਲ ਪੇਸ਼ ਕੀਤਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਇਸ ਨਾਲ ਅਮਰੀਕੀ ਕਾਮਿਆਂ ਨੂੰ ਨੁਕਸਾਨ ਹੋਇਆ ਹੈ। ਏਲੀ ਕ੍ਰੇਨ ਦੁਆਰਾ ਪੇਸ਼ ਕੀਤਾ ਗਿਆ ਪ੍ਰਸਤਾਵਿਤ 'ਐਂਡ ਐਚ-1ਬੀ ਵੀਜ਼ਾ ਐਬਿਊਜ਼ ਐਕਟ 2026' ਵੀਜ਼ਾ ਪ੍ਰਣਾਲੀ ਨੂੰ ਸਖ਼ਤ ਨਿਯਮਾਂ ਨਾਲ ਦੁਬਾਰਾ ਸ਼ੁਰੂ ਕਰਨ ਤੋਂ ਪਹਿਲਾਂ ਇਸਨੂੰ ਰੀਸੈਟ ਕਰਨ ਦੀ ਕੋਸ਼ਿਸ਼ ਕਰਦਾ ਹੈ, ਸੰਘੀ ਸਰਕਾਰ ਨੂੰ ਮਿਹਨਤੀ ਨਾਗਰਿਕਾਂ ਲਈ ਕੰਮ ਕਰਨਾ ਚਾਹੀਦਾ ਹੈ, ਨਾ ਕਿ ਵੱਡੇ ਕਾਰਪੋਰੇਸ਼ਨਾਂ ਦੇ ਮੁਨਾਫ਼ੇ ਲਈ। ਉਨ੍ਹਾਂ ਕਿਹਾ ਕਿ ਇਹ ਬਿੱਲ ਅਮਰੀਕੀ ਲੋਕਾਂ ਲਈ ਰੁਜ਼ਗਾਰ ਤੱਕ ਵਧੇਰੇ ਪਹੁੰਚ ਪ੍ਰਦਾਨ ਕਰੇਗਾ, ਵੀਜ਼ਾ ਪ੍ਰਕਿਰਿਆ ਵਿਚ ਪ੍ਰੋਟੋਕੋਲ ਨੂੰ ਮਜ਼ਬੂਤ ਕਰੇਗਾ ਅਤੇ ਅਮਰੀਕੀਆਂ ਦੀ ਰੋਜ਼ੀ-ਰੋਟੀ ਨੂੰ ਤਰਜੀਹ ਦੇਵੇਗਾ। ਇਸ ਕਾਨੂੰਨ ਨੂੰ ਕਈ ਰਿਪਬਲਿਕਨ ਸੰਸਦ ਮੈਂਬਰਾਂ ਦਾ ਸਮਰਥਨ ਮਿਲਿਆ ਹੈ, ਜਿਨ੍ਹਾਂ ਵਿਚ ਬ੍ਰੈਂਡਨ ਗਿੱਲ, ਪਾਲ ਗੋਸਰ ਤੇ ਐਂਡੀ ਓਗਲਸ ਸ਼ਾਮਲ ਹਨ। ਗਿੱਲ ਨੇ ਕਿਹਾ ਕਿ ਮੈਨੂੰ ਐਚ-1ਬੀ ਵੀਜ਼ਾ ਪ੍ਰਣਾਲੀ 'ਚ ਸੁਧਾਰ ਤੇ ਸਖ਼ਤੀ ਕਰਨ ਦੇ ਪ੍ਰਤੀਨਿਧੀ ਐਲੀ ਕ੍ਰੇਨ ਦੇ ਯਤਨਾਂ ਨੂੰ ਸਹਿ-ਪ੍ਰਯੋਜਿਤ ਕਰਨ 'ਤੇ ਮਾਣ ਹੈ ਤਾਂ ਜੋ ਸਾਡੀਆਂ ਇਮੀਗ੍ਰੇਸ਼ਨ ਨੀਤੀਆਂ ਅਮਰੀਕੀ ਕਾਮਿਆਂ ਨੂੰ ਪਹਿਲ ਦੇਣ।

# ਟਰੰਪ ਦਾ ਵੱਡਾ ਫ਼ੈਸਲਾ ; ਭਾਰਤ ਵਾਂਗ ਇਕ ਹੋਰ ਦੇਸ਼ ਨੂੰ ਦਿੱਤੀ ਰੂਸੀ ਤੇਲ ਖਰੀਦਣ 'ਤੇ ਛੋਟ

ਵਾਸ਼ਿੰਗਟਨ/ਮਨੀਲਾ: ਮੱਧ ਪੂਰਬ (ਪੱਛਮੀ ਏਸ਼ੀਆ) ਵਿੱਚ ਜਾਰੀ ਤਣਾਅ ਅਤੇ ਵਿਸ਼ਵਵਿਆਪੀ ਊਰਜਾ ਸੰਕਟ ਦੇ ਦਰਮਿਆਨ ਅਮਰੀਕਾ ਨੇ ਫਿਲੀਪੀਨਜ਼ ਨੂੰ ਵੱਡੀ ਰਾਹਤ ਦਿੱਤੀ ਹੈ। ਅਮਰੀਕਾ ਨੇ ਫਿਲੀਪੀਨਜ਼ ਦੀ ਬੇਨਤੀ 'ਤੇ ਉਸ ਨੂੰ ਰੂਸੀ ਤੇਲ ਅਤੇ ਪੈਟਰੋਲੀਅਮ ਉਤਪਾਦ ਖਰੀਦਣ ਲਈ ਆਰਜ਼ੀ ਛੋਟ ਦੇ ਦਿੱਤੀ ਹੈ। ਫਿਲੀਪੀਨਜ਼ ਦੇ ਊਰਜਾ ਵਿਭਾਗ ਅਨੁਸਾਰ ਇਹ ਛੋਟ 17 ਅਪ੍ਰੈਲ ਤੋਂ 16 ਮਈ ਤੱਕ ਪ੍ਰਭਾਵੀ ਰਹੇਗੀ। ਇਸ ਤੋਂ ਪਹਿਲਾਂ ਮਾਰਚ ਵਿੱਚ ਵੀ ਅਮਰੀਕਾ ਨੇ 30 ਦਿਨਾਂ ਦੀ ਛੋਟ ਦਿੱਤੀ ਸੀ, ਜੋ 11 ਅਪ੍ਰੈਲ ਨੂੰ ਖ਼ਤਮ ਹੋ ਗਈ ਸੀ। ਹੁਣ ਨਵੀਂ ਛੋਟ ਮਿਲਣ ਨਾਲ ਫਿਲੀਪੀਨਜ਼ ਨੂੰ ਕੁਝ ਸਮੇਂ ਲਈ ਆਪਣੀਆਂ ਊਰਜਾ ਲੋੜਾਂ ਪੂਰੀਆਂ ਕਰਨ ਵਿੱਚ ਵੱਡੀ ਮਦਦ ਮਿਲੇਗੀ।



ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਸ ਫੈਸਲੇ ਦਾ ਮੁੱਖ ਮਕਸਦ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਨੂੰ ਕਾਬੂ ਵਿੱਚ ਰੱਖਣਾ ਹੈ। ਜ਼ਿਕਰਯੋਗ ਹੈ ਕਿ ਇਸ ਦਾ ਫਾਇਦਾ ਸਿਰਫ ਫਿਲੀਪੀਨਜ਼ ਨੂੰ ਹੀ ਨਹੀਂ, ਸਗੋਂ ਭਾਰਤ ਨੂੰ ਵੀ ਹੋ ਰਿਹਾ ਹੈ ਕਿਉਂਕਿ ਟਰੰਪ ਪ੍ਰਸ਼ਾਸਨ ਨੇ ਰੂਸੀ ਤੇਲ ਦੀ ਖਰੀਦ 'ਤੇ ਛੋਟ ਵਧਾ ਦਿੱਤੀ ਹੈ।ਫਿਲੀਪੀਨਜ਼ ਵਿੱਚ 'ਊਰਜਾ ਐਮਰਜੈਂਸੀ' ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਫਿਲੀਪੀਨਜ਼ ਪਹਿਲਾਂ ਹੀ ਊਰਜਾ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਫਿਲੀਪੀਨਜ਼ ਦੇ ਰਾਸ਼ਟਰਪਤੀ ਫਰਡੀਨੈਂਡ ਮਾਰਕੋਸ ਜੂਨੀਅਰ ਨੇ ਹਾਲ ਹੀ ਵਿੱਚ ਦੇਸ਼ ਵਿੱਚ ਰਾਸ਼ਟਰੀ ਊਰਜਾ ਐਮਰਜੈਂਸੀ ਦਾ ਐਲਾਨ ਕੀਤਾ ਸੀ।

ਊਰਜਾ ਸਕੱਤਰ ਸ਼ੇਰੋਨ ਗੈਰੀਨ ਅਨੁਸਾਰ, ਦੇਸ਼ ਕੋਲ ਫਿਲਹਾਲ ਲਗਭਗ 54 ਦਿਨਾਂ ਦਾ ਬਾਲਣ ਭੰਡਾਰ ਮੌਜੂਦ ਹੈ, ਪਰ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਵਾਧੂ ਬਦਲ ਜ਼ਰੂਰੀ ਸਨ। ਸਰੋਤਾਂ ਅਨੁਸਾਰ, ਹੋਰਮੁਜ਼ ਸਟ੍ਰੇਟ ਵਰਗੇ ਅਹਿਮ ਸਮੁੰਦਰੀ ਮਾਰਗਾਂ 'ਤੇ ਵਧਦੇ ਤਣਾਅ ਕਾਰਨ ਪੂਰੀ ਦੁਨੀਆ ਦੀ ਤੇਲ ਅਤੇ ਗੈਸ ਸਪਲਾਈ ਪ੍ਰਭਾਵਿਤ ਹੋਈ ਹੈ। ਇਸੇ ਕਾਰਨ ਕਈ ਦੇਸ਼ਾਂ ਨੂੰ ਬਦਲਵੇਂ ਸਰੋਤਾਂ ਦੀ ਭਾਲ ਕਰਨੀ ਪੈ ਰਹੀ ਹੈ। ਅਮਰੀਕਾ ਵੱਲੋਂ ਦਿੱਤੀ ਗਈ ਇਸ ਛੋਟ ਨਾਲ ਤੇਲ ਦੀਆਂ ਕੀਮਤਾਂ ਨੂੰ ਸਥਿਰ ਰੱਖਣ ਅਤੇ ਸਪਲਾਈ ਨੂੰ ਬਰਕਰਾਰ ਰੱਖਣ ਵਿੱਚ ਮਦਦ ਮਿਲਣ ਦੀ ਉਮੀਦ ਹੈ।

# ਜਥੇਦਾਰ ਗੜਗੱਜ ਵੱਲੋਂ ਆਕਲੈਂਡ 'ਚ ਨੌਜਵਾਨਾਂ ਨੂੰ ਸਿੱਖੀ ਸਰੂਪ ਤੇ ਗੁਰਮੁਖੀ ਨਾਲ ਜੁੜਨ ਦਾ ਸੱਦਾ

## ਜਥੇਦਾਰ ਗੜਗੱਜ ਦੀ ਹਾਜ਼ਰੀ 'ਚ ਕਈ ਨੌਜਵਾਨਾਂ ਨੇ ਮੁੜ ਕੇਸਾਧਾਰੀ ਹੋਣ ਦਾ ਲਿਆ ਪ੍ਰਣ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਨਿਊਜ਼ੀਲੈਂਡ ਦੌਰੇ ਦੌਰਾਨ ਆਕਲੈਂਡ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ, ਟਾਕਾਨੀਨੀ ਵਿੱਚ 'ਨਿਊਜ਼ੀਲੈਂਡ ਸਿੱਖ ਨੌਜਵਾਨ ਸੰਸਥਾ' ਨਾਲ ਵਿਸ਼ੇਸ਼ ਇਕੱਤਰਤਾ ਕੀਤੀ। ਇਸ ਦੌਰਾਨ ਉਨ੍ਹਾਂ ਸਿੱਖ ਨੌਜਵਾਨੀ ਨੂੰ ਆਪਸੀ ਇਤਫ਼ਾਕ, ਉੱਚ ਸਿੱਖਿਆ ਅਤੇ ਗੁਰਮਤਿ ਸਿਧਾਂਤਾਂ ਦੀ ਪਾਲਣਾ ਕਰਨ ਦਾ ਸੱਦਾ ਦਿੱਤਾ।

ਜਥੇਦਾਰ ਗੜਗੱਜ ਨੇ ਨੌਜਵਾਨਾਂ ਨੂੰ ਤਾਕੀਦ ਕੀਤੀ ਕਿ ਉਹ ਵਿਦੇਸ਼ਾਂ ਵਿੱਚ ਰਹਿੰਦਿਆਂ ਵੀ ਆਪਣੀ ਮੂਲ ਪਛਾਣ 'ਸਾਬਤ ਸੂਰਤ' ਸਿੱਖ ਸਰੂਪ ਨੂੰ ਬਰਕਰਾਰ ਰੱਖਣ ਅਤੇ ਆਪਣੀ ਮਾਂ-ਬੋਲੀ ਗੁਰਮੁਖੀ ਪੰਜਾਬੀ ਨਾਲ ਜੁੜੇ ਰਹਿਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਨੌਜਵਾਨਾਂ ਦਾ ਉੱਚ ਅਹੁਦਿਆਂ 'ਤੇ ਪਹੁੰਚਣਾ ਲਾਜ਼ਮੀ ਹੈ, ਤਾਂ ਜੋ ਉਹ ਕੌਮ ਦੀ ਬਿਹਤਰ ਸੇਵਾ ਕਰ ਸਕਣ।

ਇਸ ਦੌਰਾਨ ਨੌਜਵਾਨਾਂ ਨੇ ਜਥੇਦਾਰ ਪਾਸੋਂ ਸਿੱਖ ਸੰਸਥਾਵਾਂ ਦੀ ਮੌਜੂਦਾ ਸਥਿਤੀ, ਸਿੱਖਾਂ ਵਿਰੁੱਧ ਚੱਲ ਰਹੇ ਬਿਰਤਾਂਤ (ਨੈਰੇਟਿਵ), ਸਿੱਖ ਰਹਿਤ ਮਰਿਆਦਾ ਅਤੇ ਧਰਮ ਪ੍ਰਚਾਰ ਸਬੰਧੀ ਕਈ ਅਹਿਮ ਸਵਾਲ ਪੁੱਛੇ। ਜਥੇਦਾਰ ਨੇ ਇਨ੍ਹਾਂ ਸ਼ੰਕਿਆਂ ਦਾ ਨਿਵਾਰਨ ਕਰਦਿਆਂ ਨੌਜਵਾਨਾਂ ਦੀ ਜਾਗਰੂਕਤਾ 'ਤੇ ਸੰਤੁਸ਼ਟੀ ਪ੍ਰਗਟਾਈ। ਇਸ ਮੌਕੇ ਉਨ੍ਹਾਂ ਕੁੱਝ ਅਜਿਹੇ ਨੌਜਵਾਨਾਂ ਨੂੰ ਮੁੜ ਕੇਸਾਧਾਰੀ ਹੋਣ ਦਾ ਪ੍ਰਣ ਵੀ ਕਰਵਾਇਆ, ਜੋ ਸਿੱਖੀ ਸਰੂਪ ਤੋਂ ਦੂਰ ਹੋ ਗਏ ਸਨ।

ਜ਼ਿਕਰਯੋਗ ਹੈ ਕਿ ਜਥੇਦਾਰ ਗੜਗੱਜ ਨੇ ਆਪਣੇ ਇਸ ਦੌਰੇ ਦੌਰਾਨ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ, ਮਾਓਰੀ ਭਾਈਚਾਰੇ ਦੇ ਆਗੂਆਂ ਅਤੇ ਵੱਖ-ਵੱਖ ਗੁਰਦੁਆਰਾ ਕਮੇਟੀਆਂ ਨਾਲ ਵੀ ਅਹਿਮ ਮੁਲਾਕਾਤਾਂ ਕੀਤੀਆਂ ਹਨ। ਅੱਜ ਦੀ ਇਕੱਤਰਤਾ ਵਿੱਚ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ, ਨਿਊਜ਼ੀਲੈਂਡ ਸਿੱਖ ਯੂਥ ਦੇ ਗੁਰਨਾਮ ਸਿੰਘ, ਪਾਹੁਲਪ੍ਰੀਤ ਕੌਰ, ਗੁਰਲੀਨ ਕੌਰ, ਸੁਪਿੰਦਰ ਕੌਰ, ਪ੍ਰੀਤੀ ਕੌਰ, ਅਗਮਜੋਤ ਕੌਰ, ਜਸਕਰਨ ਸਿੰਘ ਅਤੇ ਸਰਬਜੀਤ ਸਿੰਘ ਝਿੰਜਰ ਸਮੇਤ ਹੋਰ ਪਤਵੰਤੇ ਹਾਜ਼ਰ ਸਨ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਉਹ ਘ੍ਰਿਣਾ ਜੋ ਬਦਲੇ ਦੀ ਹੱਦ ਤੱਕ ਪੁੱਜ ਜਾਵੇ, ਉਸ ਦੀ ਧਰਮ ਵਿੱਚ ਕੋਈ ਥਾਂ ਨਹੀਂ ਅਤੇ ਨਾਂ ਹੀ ਸਿਆਣਪ ਹੈ।

'ਇਕ ਥੀਆਂ ਲੀਡਰ ਨੇ ਮੈਨੂੰ ਕਿਹਾ, 'ਅੱਜ ਸਾਡੀ ਹਾਲਤ ਐਨ ਉਹ ਹੈ ਜੋ ਸਿੱਖਾਂ ਦੀ ਅੱਜ ਤੋਂ ਸੈਂਕੜੇ ਸਾਲ ਪਹਿਲਾਂ ਪੰਜਾਬ ਵਿੱਚ ਸੀ। ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੰਮ ਸ੍ਰੀ ਨਰਾਇਣ ਗੁਰੂ ਜੀ ਨੇ ਕੀਤਾ ਅਤੇ ਇਸ ਵੇਲੇ ਸਾਨੂੰ ਉਸ ਆਦਮੀ ਦੀ ਲੋੜ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੰਮ ਕਰੇ ਮੈਂ ਉੱਤਰ ਦਿੱਤਾ 'ਯਕੀਨਨ ਤੁਹਾਨੂੰ ਕੋਈ ਲੀਡਰ ਮਿਲੇਗਾ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਕੰਮ ਕਰੇ ਬਸ਼ਰਤੇ ਕਿ ਤੁਹਾਡੇ ਵਿੱਚ ਪੰਜ ਆਦਮੀ ਦੁਖੀ ਦੀਨਾਂ ਲਈ ਆਪਣੇ ਸੀਸ ਭੇਂਟ ਕਰਨ ਲਈ ਤਿਆਰ ਹੋ ਜਾਣ, ਜਿਸ ਤਰ੍ਹਾਂ ਪੰਜ ਸਿੱਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਭੇਟ ਕੀਤੇ ਸਨ।' ਇਹ ਮੇਰਾ ਖ਼ਿਆਲ ਪੱਕਾ ਹੈ ਕਿ ਨਿਸ਼ਕਾਮ ਕੁਰਬਾਨੀ ਤੋਂ ਬਿਨਾਂ ਕੁਝ ਨਹੀਂ ਹੋ ਸਕਦਾ। ਜੇ ਤੁਸੀਂ ਆਪਣੀ ਕੌਮ ਨੂੰ ਉਠਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਨਿਰਮਾਣ ਹੋਣਾ ਪਵੇਗਾ। ਜੇ ਤੁਸੀਂ ਆਪਣੀ ਕੌਮ ਲਈ ਉੱਚਾ ਜੀਵਨ ਚਾਹੁੰਦੇ ਹੋ, ਤੁਹਾਨੂੰ ਇਸ ਅਧੋਗਤੀ ਦੇ ਜੀਵਨ ਨੂੰ ਤਿਆਗਣਾ ਪਵੇਗਾ।

'ਮੈਂ ਤੁਹਾਨੂੰ ਆਪਣਾ ਧਰਮ ਪੇਸ਼ ਕਰਨ ਲਈ ਆਇਆ ਹਾਂ ਪਰ ਮੇਰਾ ਇਸ ਵਿੱਚ ਕੋਈ ਸਵਾਰਥ ਕੰਮ ਨਹੀਂ ਕਰ ਰਿਹਾ, ਕੇਵਲ ਇਹ ਸਿੱਖ ਦਾ ਫ਼ਰਜ਼ ਹੈ ਕਿ ਉਹ ਦੀਨ ਦੁਖੀ ਤੇ ਲੋੜਵੰਦ ਦੀ ਸਹਾਇਤਾ ਕਰੇ। ਸਿੱਖ ਆਪਣੀ ਸੇਵਾ ਤੁਹਾਡੇ ਅਰਪਣ ਕਰਦੇ ਹਨ। ਜੇ ਤੁਸੀਂ ਸਿੱਖ ਮੱਤ ਕਬੂਲ ਕਰੋ ਤਾਂ ਸਾਨੂੰ ਇਸ ਤਸੱਲੀ ਤੋਂ ਛੁੱਟ ਹੋਰ ਕਿਸੇ ਲਾਭ ਦੀ ਲੋੜ ਨਹੀਂ ਕਿ ਅਸੀਂ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਝੰਡੇ ਨੂੰ ਹਿੰਦੁਸਤਾਨ ਦੇ ਦੁਰੇਡੇ ਹਿੱਸੇ ਵਿੱਚ ਝੁਲਾ ਸਕਦੇ ਹਾਂ।

'ਜੇ ਤੁਸੀਂ ਸਿੱਖੀ ਧਾਰਨ ਕਰ ਲਵੋ ਤਾਂ ਅਸੀਂ ਤੁਹਾਡੀ ਗ਼ੁਲਾਮੀ ਦੂਰ ਕਰਨ ਲਈ ਸਾਰਾ ਯਤਨ ਕਰਾਂਗੇ, ਜੇ ਤੁਸੀਂ ਸਿੱਖ ਮੱਤ ਧਾਰਨ ਨਾਂਹ ਵੀ ਕਰੋ, ਤਾਂ ਵੀ ਤੁਹਾਡੀ ਸੇਵਾ ਅਸੀਂ ਕਰਾਂਗੇ, ਜੋ ਭੀ ਸੇਵਾ ਅਸੀਂ ਹਾਲਾਤ ਮੁਤਾਬਿਕ ਤੇ ਸ਼ਕਤੀ ਅਨੁਸਾਰ ਤੁਹਾਡੀ ਕਰ ਸਕੇਂ, ਜਿਹਾ ਕਿ ਅਸਾਂ ਵੇਕਮ ਸੱਤਿਆਗ੍ਰਹਿ ਸਮੇਂ ਕੀਤਾ ਸੀ।

'ਜੇ ਤੁਸੀਂ ਸਿੱਖ ਗੁਰਦੁਆਰੇ ਜਾਓ ਤਾਂ ਤੁਸੀਂ ਦੇਖੋਗੇ ਕਿ ਉਚ, ਨੀਚ, ਅਮੀਰ, ਗ਼ਰੀਬ, ਗੱਭਰੂ ਤੇ ਬੁੱਢੇ ਸਭਨਾਂ ਨੂੰ ਸੇਵਾ ਕਰਨ ਲਈ ਖ਼ਾਸ ਜ਼ੋਰ ਦਿੱਤਾ ਜਾਂਦਾ ਹੈ। ਅਸੀਂ ਤੁਹਾਡੇ ਪਾਸ ਉਸ ਸਪਿਰਿਟ ਵਿੱਚ ਆਏ ਹਾਂ।

'ਸਾਨੂੰ ਸਿੱਖ ਬਣਨ ਨਾਲ ਕੀ ਲਾਭ ਪੁੱਜ ਸਕਦਾ ਹੈ?' ਇਹ ਸਵਾਲ ਮੁੜ ਮੁੜ ਸੁਣ ਕੇ




ਬੜਾ ਅਫ਼ਸੋਸ ਹੋਇਆ ਹੈ। ਭਾਵੇਂ ਮੈਂ ਕਈ ਸੱਚੇ ਤੇ ਸੁੱਚੇ ਸੱਜਣਾਂ ਨੂੰ ਮਿਲਿਆ ਹਾਂ, ਜੋ ਅਜਿਹੀ ਸਪਿਰਿਟ ਵਿੱਚ ਕੰਮ ਕਰਨ ਵਾਲਿਆਂ ਪੁਰ ਲਾਹਨਤ ਪਾਉਂਦੇ ਹਨ। ਮੈਂ ਚਾਹੁੰਦਾ ਹਾਂ ਕਿ ਇਸ ਸਵਾਲ ਦਾ ਸਪਸ਼ਟ ਤੌਰ 'ਤੇ ਅਤੇ ਗੁਰੂ ਮਹਾਰਾਜ ਦੇ ਸ਼ਬਦਾਂ ਵਿੱਚ ਉੱਤਰ ਦੇਵਾਂ. ਗੁਰੂ ਮਹਾਰਾਜ ਫ਼ਰਮਾਉਂਦੇ ਹਨ, 'ਜੇ ਤਉ ਪਰੇਮ ਖੇਲਣ ਕਾ ਚਾਉ, ਸਿਰ ਧਰ, ਤਲੀ ਗਲੀ ਮੋਰੀ ਆਉ।' ਗੁਰੂ ਮਹਾਰਾਜ ਸਿੱਖ ਨੂੰ ਕਿਸੇ ਬਾਦਸ਼ਾਹੀ, ਕਿਸੇ ਸਵਾਰਥ ਜਾਂ ਕਿਸੇ ਬਹਿਸ਼ਤ ਦਾ ਵਾਅਦਾ ਨਹੀਂ ਕਰਦੇ। ਆਪ ਫ਼ਰਮਾਉਂਦੇ ਹਨ ਕਿ, 'ਰਾਜ ਨਾ ਚਾਹੋ, ਮੁਕਤ ਨਾ ਚਾਹੋ, ਮਨ ਪ੍ਰੀਤ ਚਰਨ ਕੰਵਲਾਰੇ।' ਇੱਕ ਵਾਰ ਆਪ ਨੇ ਸਿੱਖਾਂ ਨੂੰ ਫ਼ਰਮਾਇਆ ਕਿ ਮੈਂ ਤੁਹਾਨੂੰ ਜੀਵਨ-ਮ੍ਰਿਤੂ ਦੇਂਦਾ ਹਾਂ। ਜੋ ਕੇਵਲ ਪ੍ਰਮਾਤਮਾ ਨਾਲ ਮਿਲਾ ਸਕਦੀ ਹੈ।

ਇਹ ਚੀਜ਼ ਹੈ ਜੋ ਕਿ ਸਿੱਖ ਧਰਮ ਤੁਹਾਨੂੰ ਅਤੇ ਦੁਨੀਆ ਦੇ ਪੇਸ਼ ਕਰਦਾ ਹੈ। ਇੱਥੋਂ ਤੱਕ ਕਿ ਮੁਕਤੀ ਤੇ ਸਵਰਗ ਦੀ ਚਾਹ ਕਰਨ ਦੀ ਸਿੱਖੀ ਵਿੱਚ ਨਿਖੇਧੀ ਕੀਤੀ ਹੈ ਕਿਉਂਕਿ ਇਸ ਚਾਹ ਦੀ ਵੀ ਦੂਜੀਆਂ ਬਿਮਾਰੀਆਂ ਵਰਗੀ ਹੀ ਖ਼ਾਸੀਅਤ ਹੈ। ਜੋ ਲੋਕ ਆਪਣੀ ਕੌਮ ਦੀ ਰੂਹ ਨੂੰ ਵਧੇਰੇ ਬੋਲੀ ਦੇਣ ਵਾਲਿਆਂ ਪਾਸ ਵੇਚ ਦੇਣਾ ਚਾਹੁੰਦੇ ਹਨ, ਉਹ ਆਪਣੀ ਕੌਮ ਤੇ ਮਨੁੱਖ ਜਾਤੀ ਲਈ ਬਹੁਤ ਭੈੜੇ ਸਾਬਤ ਹੋਣਗੇ। ਮੈਂ ਕਦੀ ਆਪਣੀ ਜ਼ਮੀਰ ਨਹੀਂ ਵੇਚੀ।

'ਸਵਾਰਥ ਅਧੀਨ ਹੋ ਕੇ ਕੰਮ ਕਰਨਾ, ਭਾਵੇਂ ਉਹ ਫ਼ਿਰਕੂ ਸਵਾਰਥ ਹੀ ਕਿਉਂ ਨਾਂ ਹੋਵੇ, ਕੰਮ ਨਾ ਕਰਨ ਨਾਲੋਂ ਵੀ ਭੈੜਾ ਹੈ। ਸਵਾਰਥ ਖ਼ੁਦ ਦਾ ਖ਼ਿਆਲ ਹੈ।

'ਤਿਆਗ ਤੇ ਕੁਰਬਾਨੀ ਤੋਂ ਬਿਨਾਂ ਨਾ ਕਿਸੇ ਕੌਮ ਨੇ ਤਰੱਕੀ ਕੀਤੀ ਹੈ ਨਾ ਕੋਈ ਤਰੱਕੀ ਹੋ ਸਕਦੀ ਹੈ, ਇਹੋ ਕੁਝ ਹੈ ਜੋ ਸਿੱਖ ਧਰਮ ਤੁਹਾਨੂੰ ਦੇ ਰਿਹਾ ਹੈ। ਅਸੀਂ ਤੁਹਾਨੂੰ ਉਠਾਉਣ ਲਈ ਤੁਹਾਡੇ ਸਹਾਇਕ ਹਾਂ ਅਤੇ ਤੁਹਾਡੀ ਗਿਰਾਵਟ ਦੇ ਚਾਹਵਾਨ ਨਹੀਂ। ਸਿੱਖ ਧਰਮ ਤੁਹਾਨੂੰ ਉਹ ਇਤਿਹਾਸ, ਉਹ

ਸਿੱਖਿਆ ਤੇ ਰਵਾਇਤਾਂ ਪੇਸ਼ ਕਰਦਾ ਹੈ ਜੋ ਤੁਹਾਨੂੰ ਸਹਾਈ ਹੋ ਸਕਦੀਆਂ ਹਨ ਜੋ ਤੁਸੀਂ ਕੁਰਬਾਨੀ ਦੀ ਸਪਿਰਿਟ ਆਪਣੇ ਅੰਦਰ ਪੈਦਾ ਕਰਨਾ ਚਾਹੋ। ਮੁੱਕਦੀ ਗੱਲ ਇਹ ਹੈ ਕਿ ਤੁਸੀਂ ਦਲਿਤ ਜਾਤੀਆਂ ਲਈ ਆਪਣਾ ਆਪ ਕੁਰਬਾਨ ਕਰ ਦੇਵੋ ਸਿੱਖ ਕੌਮ ਤੁਹਾਨੂੰ ਦੇਵੇਗੀ ਕੁਝ ਨਹੀਂ ਪਰ ਦਲਿਤ ਜਾਤੀਆਂ ਤੇ ਮਨੁੱਖ ਸਮਾਜ ਦੀ ਮਦਦ ਲਈ ਆਪਾਂ ਕੁਰਬਾਨ ਕਰ ਦੇਵੇਗੀ।

'ਸਿੱਖ ਬਹੁਤ ਘੱਟ ਗਿਣਤੀ ਵਿੱਚ ਉੱਚੀਆਂ ਜਾਤਾਂ ਵਿੱਚੋਂ ਆਏ ਹਨ, ਇਸ ਦੇ ਬਾਵਜੂਦ ਸਿੱਖ ਬ੍ਰਾਹਮਣ ਤੇ ਖੱਤਰੀ ਨਾਲੋਂ ਵੀ ਉੱਚੇ ਹਨ। ਖੇਤੀ ਕਰਨ ਵਾਲਾ ਮਜ਼ਦੂਰ ਤਰਖਾਣ ਆਦਿ ਛੋਟੀਆਂ ਜਾਤਾਂ ਵਾਲੇ ਸਿੱਖ ਸਮਾਜ ਵਿਚ ਇਤਨੇ ਉੱਚੇ ਹੋ ਗਏ ਹਨ। ਜਿਤਨੇ ਕਿ ਅਖੌਤੀ ਉੱਚੇ ਜਾਤੀਏ।

(ਚਲਦਾ)

# ਕੀਰਤਪੁਰ ਸਾਹਿਬ ਦੇ 400 ਸਾਲ: 1 ਮਈ ਨੂੰ ਮਨਾਇਆ ਜਾਵੇਗਾ ਇਤਿਹਾਸਕ ਸਥਾਪਨਾ ਦਿਵਸ



ਰੋਪੜ : ਇਤਿਹਾਸਕ ਸ਼ਹਿਰ ਕੀਰਤਪੁਰ ਸਾਹਿਬ ਇੱਕ ਮਈ ਨੂੰ ਆਪਣੀ ਸਥਾਪਨਾ ਦੇ 400 ਸਾਲ ਪੂਰੇ ਹੋਣ ਦਾ ਯਾਦਗਾਰੀ ਮੀਲ ਪੱਥਰ ਗੱਡਣ ਜਾ ਰਿਹਾ ਹੈ, ਜਿਸ ਲਈ ਦੇਸ਼ ਭਰ ਤੋਂ ਸੰਗਤ ਇਸ ਪਵਿੱਤਰ ਦਿਹਾੜੇ ਨੂੰ ਮਨਾਉਣ ਦੀ ਤਿਆਰੀ ਕਰ ਰਹੀ ਹੈ। ਅਧਿਆਤਮਿਕ ਵਿਰਾਸਤ ਨਾਲ ਭਰਪੂਰ ਅਤੇ ਸਿੱਖ ਗੁਰੂਆਂ ਨਾਲ ਨੇੜਿਓਂ ਜੁੜੇ ਇਸ ਸ਼ਹਿਰ ਦਾ ਸਿੱਖ ਧਰਮ ਵਿੱਚ ਬਹੁਤ ਸਤਿਕਾਰਤ ਸਥਾਨ ਹੈ, ਜੋ ਸਾਰਾ ਸਾਲ ਸ਼ਰਧਾਲੂਆਂ ਨੂੰ ਆਪਣੇ ਵੱਲ ਖਿੱਚਦਾ ਹੈ।

ਛੇਵੇਂ ਸਿੱਖ ਗੁਰੂ, ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਮਈ 1626 ਵਿੱਚ ਸਥਾਪਿਤ ਕੀਤਾ ਗਿਆ ਕੀਰਤਪੁਰ ਸਾਹਿਬ ਸ਼ਾਂਤੀ, ਅਧਿਆਤਮਿਕਤਾ ਅਤੇ ਸਿੱਖਿਆ ਦੇ ਕੇਂਦਰ ਵਜੋਂ ਕਲਪਿਆ ਗਿਆ ਸੀ। ਸਤਲੁਜ ਦਰਿਆ ਦੇ ਕੰਢੇ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਵਸਿਆ ਇਹ ਸ਼ਹਿਰ ਸਿੱਖ ਵਿਚਾਰਧਾਰਾ ਅਤੇ ਗਤੀਵਿਧੀਆਂ ਦਾ ਇੱਕ ਮਹੱਤਵਪੂਰਨ ਕੇਂਦਰ ਬਣਿਆ। ਗੁਰੂ ਹਰਿਰਾਏ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਸਮੇਤ ਕਈ ਸਿੱਖ ਗੁਰੂਆਂ ਨੇ ਇੱਥੇ ਸਮਾਂ ਬਿਤਾਇਆ ਅਤੇ ਅੱਠਵੇਂ ਗੁਰੂ ਜੀ ਇੱਥੇ ਹੀ ਜੋਤੀ-ਜੋਤ ਸਮਾਏ ਸਨ।

ਸ਼ਹਿਰ ਵਿੱਚ ਕਈ ਇਤਿਹਾਸਕ ਗੁਰਦੁਆਰੇ ਹਨ ਜਿਨ੍ਹਾਂ ਵਿੱਚ ਗੁਰਦੁਆਰਾ ਪਾਤਾਲਪੁਰੀ ਸਾਹਿਬ, ਗੁਰਦੁਆਰਾ ਚਰਨ ਕਮਲ ਸਾਹਿਬ, ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ ਅਤੇ ਬਾਬਾ ਗੁਰਦਿੱਤਾ ਜੀ ਦਾ ਗੁਰਦੁਆਰਾ ਪ੍ਰਮੁੱਖ ਹਨ। 400 ਸਾਲਾ ਸਥਾਪਨਾ ਦਿਵਸ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ 29 ਅਪਰੈਲ ਤੋਂ ਇੱਕ ਮਈ ਤੱਕ ਅਖੰਡ ਪਾਠ ਸਾਹਿਬ, ਕੀਰਤਨ ਦਰਬਾਰ ਅਤੇ ਨਗਰ ਕੀਰਤਨ ਸਜਾਏ ਜਾਣਗੇ। ਦੂਜੇ ਪਾਸੇ, ਪੰਜਾਬ ਸਰਕਾਰ ਨੇ ਪਿਛਲੇ ਸਾਲ ਅਨੰਦਪੁਰ ਸਾਹਿਬ ਵਿਖੇ ਹੋਏ ਵਿਵਾਦ ਦੇ ਮੱਦੇਨਜ਼ਰ ਇਸ ਵਾਰ ਸਾਵਧਾਨੀ ਵਾਲਾ ਰਵੱਈਆ ਅਪਣਾਇਆ ਹੈ ਅਤੇ ਆਪਣੀ ਭੂਮਿਕਾ ਨੂੰ ਮੁੱਖ ਤੌਰ 'ਤੇ ਕਾਨੂੰਨ ਵਿਵਸਥਾ, ਟਰੈਫਿਕ ਪ੍ਰਬੰਧਨ ਅਤੇ ਨਾਗਰਿਕ ਸਹੂਲਤਾਂ ਤੱਕ ਹੀ ਸੀਮਤ ਰੱਖਿਆ ਹੈ। ਜ਼ਮੀਨੀ ਪੱਧਰ 'ਤੇ ਤਿਆਰੀਆਂ ਜ਼ੋਰਾਂ 'ਤੇ ਹਨ, ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ ਅਤੇ ਸਫਾਈ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ ਤਾਂ ਜੋ ਸੰਗਤ ਦੀ ਆਮਦ ਨੂੰ ਸੁਚਾਰੂ ਢੰਗ ਨਾਲ ਸੰਭਾਲਿਆ ਜਾ ਸਕੇ।

# ਕਾਸ਼ ਪਟੇਲ ਦੀ ਹੋ ਸਕਦੀ ਹੈ 'ਛੁੱਟੀ'! ਗੰਭੀਰ ਇਲਜ਼ਾਮਾਂ ਕਾਰਨ ਵਿਵਾਦਾਂ 'ਚ ਘਿਰੇ FBI ਚੀਫ

ਵਸ਼ਿੰਗਟਨ : ਅਮਰੀਕਾ 'ਚ FBI ਮੁਖੀ ਕਾਸ਼ ਪਟੇਲ ਨੂੰ ਲੈ ਕੇ ਵਿਵਾਦ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ, ਵ ?ਹਾਈਟ ਹਾਊਸ ਦੇ ਅੰਦਰ ਉਨ੍ਹਾਂ ਦੇ ਕੰਮਕਾਜ ਤੇ ਵਤੀਰੇ ਨੂੰ ਲੈ ਕੇ ਅਸੰਤੋਸ਼ ਵਧ ਰਿਹਾ ਹੈ ਅਤੇ ਕਿਸੇ ਵੀ ਸਮੇਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਡੋਨਾਲਡ ਟਰੰਪ ਪ੍ਰਸ਼ਾਸਨ ਦੇ ਕਈ ਅਧਿਕਾਰੀ ਪਟੇਲ ਨਾਲ ਜੁੜੀਆਂ ਨਕਾਰਾਤਮਕ ਖ਼ਬਰਾਂ ਤੋਂ ਪਰੇਸ਼ਾਨ ਹਨ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਸਰਕਾਰ ਦੀ ਤਸਵੀਰ ਖ਼ਰਾਬ ਹੋ ਰਹੀ ਹੈ।

ਵਤੀਰਾ ਤੇ ਅਨੁਸ਼ਾਸਨ: ਉਨ੍ਹਾਂ 'ਤੇ ਬਹੁਤ ਜ਼ਿਆਦਾ ਸ਼ਰਾਬ ਪੀਣ ਅਤੇ ਦਫ਼ਤਰ ਵਿੱਚ ਸਹਿਕਰਮੀਆਂ ਨੂੰ ਅਸਹਿਜ ਮਹਿਸੂਸ ਕਰਵਾਉਣ ਦੇ ਦੋਸ਼ ਹਨ।

ਲਾਪਰਵਾਹੀ: ਉਹ ਕਈ ਅਹਿਮ ਮੀਟਿੰਗਾਂ ਵਿੱਚੋਂ ਗੈਰ-ਹਾਜ਼ਰ ਪਾਏ ਗਏ ਹਨ।

ਅਸੁਰੱਖਿਆ ਦੀ ਭਾਵਨਾ: ਇਕ ਘਟਨਾ ਦੌਰਾਨ ਜਦੋਂ ਉਨ੍ਹਾਂ ਦਾ ਕੰਪਿਊਟਰ ਸਿਸਟਮ ਲਾਕ ਹੋ ਗਿਆ ਤਾਂ ਉਹ ਘਬਰਾ ਗਏ ਅਤੇ ਉਨ੍ਹਾਂ ਨੂੰ



ਲੱਗਾ ਕਿ ਸ਼ਾਇਦ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।

ਪੁਰਾਣੇ ਵਿਵਾਦਾਂ ਨੇ ਮੁੜ ਫੜਿਆ ਜ਼ੋਰ

ਪਟੇਲ ਦਾ ਕਰੀਅਰ ਪਹਿਲਾਂ ਵੀ ਵਿਵਾਦਾਂ ਨਾਲ ਭਰਿਆ ਰਿਹਾ ਹੈ। ਉਨ੍ਹਾਂ ਨੇ 2018 ਵਿੱਚ ਇੱਕ ਅਜਿਹਾ ਮੈਮੋ ਤਿਆਰ ਕੀਤਾ ਸੀ ਜਿਸ ਵਿੱਚ FBI 'ਤੇ ਸਿਆਸੀ ਪੱਖਪਾਤ ਦੇ ਦੋਸ਼ ਲਾਏ ਗਏ ਸਨ। ਇਸ ਤੋਂ ਇਲਾਵਾ, 2019 ਦੇ ਯੂਕਰੇਨ ਮਾਮਲੇ ਵਿੱਚ ਗੁਪਤ ਭੂਮਿਕਾ ਅਤੇ ਕੈਪੀਟਲ ਹਿੰਸਾ ਦੌਰਾਨ ਨੈਸ਼ਨਲ ਗਾਰਡ ਦੀ ਤਾਇਨਾਤੀ ਵਿੱਚ ਦੇਰੀ ਨੂੰ ਲੈ ਕੇ ਵੀ ਉਹ ਸਵਾਲਾਂ ਦੇ ਘੇਰੇ ਵਿੱਚ ਰਹੇ ਹਨ। ਉਨ੍ਹਾਂ ਨੇ ਖੁੱਲ੍ਹੇਆਮ ਟਰੰਪ ਦੇ ਵਿਰੋਧੀਆਂ ਅਤੇ ਪੱਤਰਕਾਰਾਂ ਵਿਰੁੱਧ ਕਾਰਵਾਈ ਕਰਨ ਦੀਆਂ ਧਮਕੀਆਂ ਵੀ ਦਿੱਤੀਆਂ ਹਨ।

250 ਮਿਲੀਅਨ ਡਾਲਰ ਦਾ ਮਾਣਹਾਨੀ ਦਾ ਮੁਕੱਦਮਾ

ਇਨ੍ਹਾਂ ਰਿਪੋਰਟਾਂ ਦੇ ਸਾਹਮਣੇ ਆਉਣ ਤੋਂ ਬਾਅਦ, ਕਾਸ਼ ਪਟੇਲ ਨੇ 'ਦਿ ਐਟਲਾਂਟਿਕ' (The Atlantic) ਮੈਗਜ਼ੀਨ ਵਿਰੁੱਧ 250 ਮਿਲੀਅਨ ਡਾਲਰ ਦਾ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਵਿਰੁੱਧ ਝੂਠੀਆਂ ਅਤੇ ਗੁੰਮਰਾਹਕੁੰਨ ਖ਼ਬਰਾਂ ਫੈਲਾਈਆਂ ਜਾ ਰਹੀਆਂ ਹਨ। ਦੂਜੇ ਪਾਸੇ, ਮੈਗਜ਼ੀਨ ਆਪਣੀ ਰਿਪੋਰਟਿੰਗ 'ਤੇ ਕਾਇਮ ਹੈ।

ਫਿਲਹਾਲ, ਪ੍ਰਸ਼ਾਸਨ ਦੇ ਅੰਦਰੂਨੀ ਹਾਲਾਤ ਪਟੇਲ ਦੇ ਪੱਖ 'ਚ ਨਹੀਂ ਜਾਪਦੇ ਅਤੇ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਦੀ ਬਰਖਾਸਤਗੀ ਬਾਰੇ ਅੰਤਿਮ ਫੈਸਲਾ ਲਿਆ ਜਾ ਸਕਦਾ ਹੈ।

# ਅਮਰੀਕਾ ਨੇ ਚੀਨ ਦੀਆਂ 40 ਸ਼ਿਪਿੰਗ ਕੰਪਨੀਆਂ 'ਤੇ ਲਾਈ ਪਾਬੰਦੀ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਚੀਨ ਦੀ ਇਕ ਪ੍ਰਮੁੱਖ ਤੇਲ ਰਿਫਾਇਨਰੀ ਅਤੇ ਈਰਾਨੀ ਤੇਲ ਦੀ ਢੋਆ-ਢੁਆਈ ਵਿਚ ਸ਼ਾਮਲ ਲੱਗਭਗ 40 ਸ਼ਿਪਿੰਗ ਕੰਪਨੀਆਂ ਅਤੇ ਟੈਂਕਰਾਂ 'ਤੇ ਆਰਥਿਕ ਪਾਬੰਦੀਆਂ ਲਾਈਆਂ ਹਨ। ਅਮਰੀਕਾ ਨੇ ਇਸ ਮਹੀਨੇ ਫ਼ਾਰਸ ਦੀ ਖਾੜੀ ਦੇ ਸਟਰੇਟ ਆਫ ਹੋਰਮੁਜ਼ 'ਤੇ ਨਾਕਾਬੰਦੀ ਪ੍ਰਭਾਵੀ ਕੀਤੀ ਹੈ, ਜੋ ਵਿਸ਼ਵ ਪੱਧਰੀ ਊਰਜਾ ਸਪਲਾਈ ਲਈ ਬੇਹੱਦ ਮਹੱਤਵਪੂਰਨ ਹੈ। ਇਹ ਪਾਬੰਦੀਆਂ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ-ਜਿਨਪਿੰਗ ਦੀ ਚੀਨ ਵਿਚ ਹੋਣ ਵਾਲੀ ਮੁਲਾਕਾਤ ਤੋਂ ਠੀਕ ਕੁਝ ਹਫ਼ਤੇ ਪਹਿਲਾਂ ਲਾਈਆਂ ਗਈਆਂ ਹਨ। ਸ਼ੁੱਕਰਵਾਰ ਨੂੰ ਲਾਈਆਂ ਗਈਆਂ ਪਾਬੰਦੀਆਂ ਵਿਚ ਹੈਂਗਲੀ ਪੈਟਰੋਕੈਮੀਕਲ ਦੀ ਡਾਲੀਆਨ ਬੰਦਰਗਾਹ ਸ਼ਹਿਰ ਵਿਚ ਸਥਿਤ ਕੰਪਨੀ ਵੀ ਸ਼ਾਮਲ ਹੈ, ਜਿਸ ਦੀ ਹਰ ਰੋਜ਼ ਲੱਗਭਗ 4,00,000 ਬੈਰਲ ਕੱਚੇ ਤੇਲ ਨੂੰ ਸੋਧਣ ਦੀ ਸਮਰੱਥਾ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਭਾਰ ਘਟਾਉਣ ਵਾਲੀਆਂ ਦਵਾਈਆਂ ਤੋਂ ਗੁਰੇਜ਼ ਕਰੋ :**

1. ਜ਼ਿਆਦਾਤਰ ਭਾਰ ਘਟਾਉਣ ਵਾਲੀਆਂ ਦਵਾਈਆਂ ਸਥਿਰ ਨਤੀਜੇ ਨਹੀਂ ਦਿਖਾਉਂਦੀਆਂ।
2. ਇਨ੍ਹਾਂ ਦਵਾਈਆਂ ਦੇ ਨੁਕਸਾਨਦਾਇਕ ਪ੍ਰਭਾਵ ਵੀ ਹੋ ਸਕਦੇ ਹਨ।
3. ਇਨ੍ਹਾਂ ਦਵਾਈਆਂ ਨੂੰ ਛੱਡਣ ਤੋਂ ਬਾਅਦ ਲੋਕਾਂ ਦਾ ਭਾਰ ਹੋਰ ਵੱਧ ਜਾਂਦਾ ਹੈ।
4. ਇਨ੍ਹਾਂ ਕਾਰਨਾਂ ਕਰਕੇ ਹੀ ਕ੍ਰੈਸ਼ ਡਾਈਟ ਕੋਰਸ ਵੀ ਫਾਇਦੇਮੰਦ ਨਹੀਂ ਹਨ।

**ਡਾਕਟਰ ਨੂੰ ਕਦੋਂ ਦਿਖਾਈਏ :**

ਹਾਰਮੋਨਲ ਬਿਮਾਰੀਆਂ ਜਿਵੇਂ ਕਿ ਡਾਇਬੀਟੀਜ਼, ਥਾਈਰੋਇਡ ਗਲੈਂਡ ਜਾਂ ਪਿਚੁਟਰੀ ਗਲੈਂਡ ਦੀਆਂ ਬਿਮਾਰੀਆਂ ਭਾਰ ਨੂੰ ਕਾਬੂ ਵਿੱਚ ਨਾ ਰਹਿਣ ਦਾ ਕਾਰਨ ਬਣਦੀਆਂ ਹਨ। ਇਨ੍ਹਾਂ ਨੂੰ ਖ਼ੂਨ ਦੀ ਜਾਂਚ ਕਰਵਾ ਕੇ ਜਾਣਿਆ ਜਾ ਸਕਦਾ ਹੈ ਅਤੇ ਇਨ੍ਹਾਂ ਦਾ ਇਲਾਜ ਵੀ ਆਸਾਨ ਹੈ। ਇਸ ਲਈ ਡਾਕਟਰ ਨੂੰ ਦਿਖਾਓ, ਜੇ :

1. ਤੁਸੀਂ ਭਾਰ ਨੂੰ ਘਟਾਉਣ ਅਤੇ ਭਾਰ ਨੂੰ ਸੰਤੁਲਨ ਵਿੱਚ ਰੱਖਣ ਦੇ ਉਪਾਅ ਕਰਦੇ ਹੋ, ਪਰ ਫਿਰ ਵੀ ਭਾਰ ਵਧਦਾ ਜਾ ਰਿਹਾ ਹੈ।
2. ਤੁਸੀਂ ਠੀਕ ਖਾਣਾ ਖਾ ਰਹੇ ਹੋ, ਪਰ ਫਿਰ ਵੀ ਤੁਹਾਡਾ ਭਾਰ ਲੋੜ ਤੋਂ ਜ਼ਿਆਦਾ ਘਟਦਾ ਜਾ ਰਿਹਾ ਹੈ।
3. ਤੁਸੀਂ ਹਰ ਸਮੇਂ ਥਕਾਵਟ ਮਹਿਸੂਸ ਕਰਦੇ ਹੋ।

**ਟੀਕਾਕਰਨ**

**(ਇਮਿਊਨਾਈਜੇਸ਼ਨ)**

ਟੀਕਾਕਰਨ ਬਿਮਾਰੀਆਂ ਨੂੰ ਰੋਕਦਾ ਹੈ। ਸਮੇਂ 'ਤੇ ਟੀਕਾਕਰਨ ਕਰਵਾਉਣਾ ਸਮਝਦਾਰੀ ਹੈ। ਅਮੈਰੀਕਨ ਅਕੈਡਮੀ ਆਫ਼




ਪੇਡਿਏਟ੍ਰਿਕਸ (ਬੱਚਿਆਂ ਸੰਬੰਧੀ ਅਮੈਰੀਕਨ ਅਕੈਡਮੀ) ਨੇ ਹੇਠ ਲਿਖੇ ਟੀਕਾਕਰਨਾਂ ਦਾ ਸੁਝਾਓ ਦਿੱਤਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਸੁਝਾਓ ਥੋੜੇ-ਥੋੜੇ ਅਲੱਗ ਵੀ ਹੋ ਸਕਦੇ ਹਨ, ਇਸ ਲਈ ਸਥਾਨਕ ਡਾਕਟਰ ਤੋਂ ਮਸ਼ਵਰਾ ਲਵੋ। ਇਹ ਜਾਣਕਾਰੀ ਸਿਰਫ਼ ਤੁਹਾਡੀ ਸਹਾਇਤਾ ਲਈ ਹੈ।

**1. ਡੀ.ਪੀ.ਟੀ. (ਡਿਪਥੀਰੀਆ, ਪਰਟਿਉਸਿਸ, ਟੈਟਨਸ) :**
2 ਮਹੀਨੇ, 4 ਮਹੀਨੇ, 6 ਮਹੀਨੇ, 1 ਸਾਲ ਅਤੇ ਆਖ਼ਰੀ ਵਾਰ ਤਕਰੀਬਨ 5 ਸਾਲ ਦੀ ਉਮਰ ਹੋਣ 'ਤੇ।

**2. ਪੋਲੀਓ (ਅਪੰਗਤਾ) :**
2 ਮਹੀਨੇ, 4 ਮਹੀਨੇ, 1 ਸਾਲ ਅਤੇ ਆਖ਼ਰੀ ਵਾਰ ਤਕਰੀਬਨ 5 ਸਾਲ ਦੀ ਉਮਰ ਹੋਣ 'ਤੇ।

**3. ਐਮ.ਐਮ.ਆਰ. (ਮੀਜ਼ਲਜ਼, ਮੰਮਪਸ, ਰੁਬੈਲਾ) :**
1 ਸਾਲ, 5 ਸਾਲ ਅਤੇ ਇਸ ਤੋਂ ਬਾਅਦ ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ।

**4. ਚਿਕਨਪੌਕਸ (ਛੋਟੀ ਮਾਤਾ) :**
ਤਕਰੀਬਨ 1 ਸਾਲ ਅਤੇ ਇਸ ਤੋਂ ਬਾਅਦ ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ।

**5. ਹੈਪੇਟਾਈਟਸ-ਬੀ :**
ਬੱਚਿਆਂ ਅਤੇ ਵੱਡਿਆਂ ਵਿੱਚ ਤਿੰਨ ਟੀਕੇ। ਦੂਜਾ ਅਤੇ ਤੀਜਾ ਟੀਕਾ, ਪਹਿਲੇ
ਟੀਕੇ ਤੋਂ ਇੱਕ ਅਤੇ ਛੇ ਮਹੀਨੇ ਬਾਅਦ।

**6. ਹਿਮੋਫੀਲਸ ਇਨਫਲੁਇੰਜ਼ਾ-ਬੀ :**
2 ਮਹੀਨੇ, 4 ਮਹੀਨੇ, 6 ਮਹੀਨੇ ਅਤੇ ਆਖ਼ਰੀ ਵਾਰ 1 ਸਾਲ ਦੀ ਉਮਰ ਹੋਣ 'ਤੇ।

**7. ਟੈਟਨਸ :**
ਤਕਰੀਬਨ 10 ਸਾਲ ਦੀ ਉਮਰ ਹੋਣ 'ਤੇ ਅਤੇ ਬਾਅਦ ਵਿੱਚ ਹਰ 10 ਸਾਲ ਬਾਅਦ।

**8. ਨਿਉਮੋਕੋਕਲ (ਨਿਮੋਨੀਏ ਤੋਂ ਬਚਾਅ ਲਈ) :**
**65 ਸਾਲ ਤੋਂ ਵੱਧ ਦੀ ਉਮਰ ਹੋਣ 'ਤੇ ਸਿਰਫ਼ ਇੱਕ ਵਾਰੀ।**

**9. ਸ਼ਿੰਗਲਜ ਦੀ ਦਵਾਈ (ਨਵਲ ਦਵਾਈ, ਅਜੇ ਹਰ ਜਗ੍ਹਾ ਮੌਜੂਦ ਨਹਲ ਹੈ) :**
60 ਸਾਲ ਦੀ ਉਮਰ ਤੋਂ ਵੱਧ, ਸਿਰਫ਼ ਇੱਕ ਵਾਰੀ।

**10. ਇਨਫਲੁਇੰਜ਼ਾ (ਫਲੂ ਦੀ ਦਵਾਈ) :**
ਫਲੂ ਦੇ ਮੌਸਮ ਵਿੱਚ ਹਰ ਸਾਲ।

**11. ਐਚ.ਪੀ.ਵੀ. (ਹਿਉਮਨ ਪੈਪੀਲੋਮਾ ਵਾਇਰਸ) ਦੀ ਦਵਾਈ :**
11 ਤੋਂ 26 ਸਾਲ ਦੀ ਉਮਰ ਵਿੱਚ ਤਿੰਨ ਟੀਕੇ ਕੁਝ ਅੰਤਰਾਲ ਬਾਅਦ।

**ਜ਼ਰੂਰੀ ਟੈਸਟ**

**(ਬਿਮਾਰੀਆਂ ਤੋਂ ਬਚਾਅ ਲਈ)**

ਇਹ ਸੁਝਾਓ ਵੱਖ-ਵੱਖ ਦੇਸ਼ਾਂ ਵਿੱਚ ਥੋੜੇ-ਥੋੜੇ ਅਲੱਗ ਵੀ ਹੋ ਸਕਦੇ ਹਨ।
ਕਿਰਪਾ ਕਰਕੇ ਆਪਣੇ ਡਾਕਟਰ ਨੂੰ ਇਸਦੀ ਪੁਸ਼ਟੀ ਲਈ ਮਿਲੋ। ਇਹ ਸੁਝਾਓ
ਸਿਰਫ਼ ਤੁਹਾਡੀ ਸਹਾਇਤਾ ਲਈ ਹਨ।

1. **ਕੋਲੈਸਟ੍ਰੋਲ ਟੈਸਟ** : 40 ਸਾਲ ਦੀ ਉਮਰ ਤੋਂ ਬਾਅਦ ਹਰ 5 ਸਾਲ ਬਾਅਦ। ਜੇ ਤੁਹਾਡਾ ਕੋਲੈਸਟ੍ਰੋਲ ਜ਼ਿਆਦਾ ਹੈ, ਜਾਂ ਕੋਲੈਸਟ੍ਰੋਲ ਘੱਟ ਕਰਨ ਵਾਲੀ ਦਵਾਈ ਦੀ ਵਰਤੋਂ ਕਰਦੇ ਹੋ ਤਾਂ ਇਹ ਟੈਸਟ ਹਰ ਸਾਲ ਕਰਵਾਓ।
2. **ਬਲੱਡ ਪ੍ਰੈਸ਼ਰ** : 40 ਸਾਲ ਦੀ ਉਮਰ ਤੋਂ ਬਾਅਦ ਹਰ 1-2 ਸਾਲ ਦੇ ਬਾਅਦ। ਜੇਕਰ ਤੁਹਾਡੇ ਪਰਿਵਾਰ ਵਿੱਚ ਪਹਿਲਾਂ ਹੀ ਬਲੱਡ ਪ੍ਰੈਸ਼ਰ ਦੀ ਬਿਮਾਰੀ ਕਿਸੇ ਨੂੰ ਹੈ ਤਾਂ ਤੁਹਾਨੂੰ 20 ਸਾਲ ਦੀ ਉਮਰ ਵਿੱਚ ਹੀ ਇਸਦੀ ਜਾਂਚ ਕਰਵਾਉਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ।
3. **ਅੱਖਾਂ ਦੀ ਜਾਂਚ** : 35 ਸਾਲ ਦੀ ਉਮਰ ਵਿੱਚ ਅਤੇ ਉਸ ਤੋਂ ਬਾਅਦ ਹਰ ਸਾਲ।
4. **ਕੰਨਾਂ ਦੀ ਜਾਂਚ** : 50 ਸਾਲ ਦੀ ਉਮਰ ਵਿੱਚ ਅਤੇ ਉਸ ਤੋਂ ਬਾਅਦ ਹਰ 2-3 ਸਾਲ ਬਾਅਦ। **(ਚਲਦਾ)**

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ !
ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546


ਪੰਜਾਬੀ
ਆਨਲਾਈਨ ਸਕੂਲ
ਦਾਖਲੇ ਲਈ
ਖੁੱਲ੍ਹਾ ਹੈ
2026
QR ਕੋਡ ਸਕੈਨ ਕਰੋ
ਅਤੇ ਫ਼ਾਰਮ ਭਰੋ
ਗੁਰਮੁਖੀ ਅੱਖਰ
ਹੁਣੇ
ਦਾਖਲਾ ਲਵੋ
ਅ
ਪੰਜਾਬੀ
ਸਿੱਖੋ
ਗੁਰਬਾਣੀ
ਕਲਾਸਾਂ
ਸਾਡੇ ਬਾਰੇ
ਸਾਡਾ ਵਿਸ਼ਵਾਸ ਹੈ ਕਿ ਭਾਸ਼ਾ ਆਪਣੀ ਵਿਰਾਸਤ ਨਾਲ ਜੁੜਨ ਦਾ ਸਭ ਤੋਂ ਮਜ਼ਬੂਤ ਸਾਧਨ ਹੈ।
ਸਾਡਾ ਮਕਸਦ ਇੱਕ ਪਿਆਰ ਭਰਾ ਅਤੇ ਸਹਾਇਕ ਮਾਹੌਲ ਪ੍ਰਦਾਨ ਕਰਨਾ ਹੈ, ਜਿੱਥੇ ਵਿਦਿਆਰਥੀ ਪੰਜਾਬੀ ਬੋਲਣ, ਪੜ੍ਹਣ ਅਤੇ ਲਿਖਣ ਸਿੱਖਣ ਦੇ ਨਾਲ ਨਾਲ ਪੰਜਾਬ ਦੇ ਸਮ੍ਰਿੱਧ ਇਤਿਹਾਸ ਅਤੇ ਮੁੱਲਾਂ ਨੂੰ ਵੀ ਸਮਝ ਸਕਣ।
ਅਸੀਂ ਕੀ ਪ੍ਰਦਾਨ ਕਰਦੇ ਹਾਂ
ਮੂਲ ਪੰਜਾਬੀ ਅਧਿਆਪਕਾਂ ਨਾਲ ਇੰਟਰਐਕਟਿਵ ਲਾਈਵ ਕਲਾਸਾਂ
ਪੰਜਾਬੀ ਪੜ੍ਹਨਾ, ਲਿਖਣਾ ਅਤੇ ਬੋਲਣਾ ਸਿੱਖੋ
ਰੋਜ਼ਾਨਾ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਸਿੱਖਿਆ
ਮਜ਼ੇਦਾਰ ਵਰਚੁਅਲ ਸਭਿਆਚਾਰਕ ਗਤੀਵਿਧੀਆਂ
ਆਪਣੀ ਮਾਤ ਭਾਸ਼ਾ
ਅਤੇ ਸਭਿਆਚਾਰ ਨੂੰ
ਸਿੱਖੋ ਅਤੇ ਸੰਭਾਲੋ
+1 (510) 828-8352
+1 (916) 900-6161

### ਟਰੰਪ ਦਾ ਵੱਡਾ ਦਾਅਵਾ

# ਪਤਨ ਦੇ ਕੰਢੇ 'ਤੇ ਈਰਾਨ, ਹੋਰਮੁਜ਼ ਖੋਲ੍ਹਣ ਲਈ ਹੋਇਆ ਮਜਬੂਰ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਇੱਕ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਹੈ। ਟਰੰਪ ਅਨੁਸਾਰ, ਈਰਾਨ ਇਸ ਸਮੇਂ ਗੰਭੀਰ ਸੰਕਟ ਦੀ ਸਥਿਤੀ ਵਿੱਚ ਹੈ ਅਤੇ ਉਸ ਨੇ ਸੰਕੇਤ ਦਿੱਤਾ ਹੈ ਕਿ ਉਹ ਜਲਦੀ ਤੋਂ ਜਲਦੀ ਹੋਰਮੁਜ਼ ਸਟਰੇਟ ਨੂੰ ਖੋਲ੍ਹਣਾ ਚਾਹੁੰਦਾ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਮੱਧ ਪੂਰਬ ਵਿੱਚ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਆਪਣੇ ਸਿਖਰ 'ਤੇ ਹੈ।

ਸੂਤਰਾਂ ਅਨੁਸਾਰ, ਅਮਰੀਕਾ ਨੇ ਈਰਾਨ ਦੇ ਖਿਲਾਫ ਸਖ਼ਤ ਸਮੁੰਦਰੀ ਨਾਕਾਬੰਦੀ ਕਰ ਰੱਖੀ ਹੈ, ਜਿਸ ਦਾ ਈਰਾਨ ਦੇ ਤੇਲ ਨਿਰਯਾਤ 'ਤੇ ਬਹੁਤ ਮਾੜਾ ਅਸਰ ਪਿਆ ਹੈ। ਇਸੇ ਕਾਰਨ ਈਰਾਨ ਦੀ ਆਰਥਿਕਤਾ 'ਤੇ ਜ਼ਬਰਦਸਤ ਦਬਾਅ ਬਣ ਗਿਆ ਹੈ। ਟਰੰਪ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਈਰਾਨ ਆਪਣੀ ਲੀਡਰਸ਼ਿਪ ਸਥਿਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਸ ਮੁੱਦੇ ਦਾ ਜਲਦ ਹੱਲ ਚਾਹੁੰਦਾ ਹੈ।

ਹੋਰਮੁਜ਼ ਜਲਡਮਰੂਮੱਧ ਦੁਨੀਆ ਦਾ ਸਭ ਤੋਂ ਮਹੱਤਵਪੂਰਨ ਤੇਲ ਮਾਰਗ ਮੰਨਿਆ ਜਾਂਦਾ ਹੈ, ਜਿੱਥੋਂ ਵਿਸ਼ਵ ਦੀ ਲਗਭਗ 20% ਤੇਲ ਸਪਲਾਈ ਗੁਜ਼ਰਦੀ ਹੈ। ਜੇਕਰ ਇਹ ਮਾਰਗ ਬੰਦ ਰਹਿੰਦਾ ਹੈ, ਤਾਂ ਨਾ ਸਿਰਫ਼ ਈਰਾਨ ਬਲਕਿ ਪੂਰੀ ਦੁਨੀਆ ਦੀ ਆਰਥਿਕਤਾ ਪ੍ਰਭਾਵਿਤ ਹੁੰਦੀ ਹੈ, ਜਿਸ ਨਾਲ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆ ਸਕਦਾ ਹੈ। ਹਾਲਾਂਕਿ ਡੋਨਾਲਡ ਟਰੰਪ ਨੇ ਇਹ ਦਾਅਵਾ ਕੀਤਾ ਹੈ ਪਰ ਈਰਾਨ ਵੱਲੋਂ ਅਜੇ ਤੱਕ ਇਸ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ। ਕਈ ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦਾ ਇਹ ਬਿਆਨ ਈਰਾਨ 'ਤੇ ਕੂਟਨੀਤਕ ਦਬਾਅ ਬਣਾਉਣ ਦੀ ਰਣਨੀਤੀ ਦਾ ਹਿੱਸਾ ਵੀ ਹੋ ਸਕਦਾ ਹੈ।

### 'ਦਬਾਅ ਹੇਠ ਨਹੀਂ ਕਰਾਂਗੇ ਗੱਲਬਾਤ'!

# ਈਰਾਨੀ ਰਾਸ਼ਟਰਪਤੀ ਦੀ ਟਰੰਪ ਨੂੰ ਦੋ ਟੁੱਕ

ਤਹਿਰਾਨ : ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਦੇਸ਼ ਦਬਾਅ, ਧਮਕੀਆਂ ਜਾਂ ਘੇਰਾਬੰਦੀ ਦੇ ਮਾਹੌਲ ਹੇਠ ਗੱਲਬਾਤ ਵਿੱਚ ਸ਼ਾਮਲ ਨਹੀਂ ਹੋਵੇਗਾ। ਉਨ੍ਹਾਂ ਨੇ ਇਹ ਬਿਆਨ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਦਿੱਤਾ। ਗੱਲਬਾਤ ਦੌਰਾਨ ਉਨ੍ਹਾਂ ਨੇ ਅਮਰੀਕਾ 'ਤੇ ਲਗਾਤਾਰ ਸਮਝੌਤਿਆਂ ਦੀ ਉਲੰਘਣਾ ਕਰਨ ਅਤੇ ਗੱਲਬਾਤ ਅਤੇ ਜੰਗਬੰਦੀ ਦੌਰਾਨ ਦਬਾਅ ਦੀ ਨੀਤੀ ਅਪਣਾਉਣ ਦਾ ਦੋਸ਼ ਲਗਾਇਆ।



ਈਰਾਨੀ ਰਾਸ਼ਟਰਪਤੀ ਨੇ ਕਿਹਾ ਕਿ ਅਮਰੀਕਾ ਦੁਆਰਾ ਲਗਾਈਆਂ ਗਈਆਂ ਸਮੁੰਦਰੀ ਪਾਬੰਦੀਆਂ ਅੰਤਰਰਾਸ਼ਟਰੀ ਸਮਝੌਤਿਆਂ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੀ ਉਲੰਘਣਾ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਅਤੇ ਧਮਕੀ ਭਰੇ ਬਿਆਨ ਸ਼ਾਂਤੀ ਪ੍ਰਕਿਰਿਆ ਵਿੱਚ ਵਿਸ਼ਵਾਸ ਨੂੰ ਕਮਜ਼ੋਰ ਕਰਦੇ ਹਨ। ਪੇਜ਼ੇਸ਼ਕੀਅਨ ਨੇ ਇਹ ਵੀ ਕਿਹਾ ਕਿ ਈਰਾਨ ਆਪਣੀ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਅਮਰੀਕਾ ਜਾਂ ਇਜ਼ਰਾਈਲ ਦੁਆਰਾ ਕਿਸੇ ਵੀ ਨਵੀਂ ਟਕਰਾਅ ਵਾਲੀ ਕਾਰਵਾਈ ਦੇ ਗੰਭੀਰ ਨਤੀਜੇ ਹੋ ਸਕਦੇ ਹਨ, ਜਿਸ ਨਾਲ ਖੇਤਰੀ ਅਤੇ ਵਿਸ਼ਵਵਿਆਪੀ ਸਥਿਰਤਾ ਪ੍ਰਭਾਵਿਤ ਹੋ ਸਕਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਈਰਾਨ ਆਪਣੇ ਗੁਆਂਢੀਆਂ, ਖਾਸ ਕਰਕੇ ਦੱਖਣੀ ਫਾਰਸ ਦੀ ਖਾੜੀ ਵਿੱਚ ਰਹਿਣ ਵਾਲਿਆਂ ਨਾਲ ਆਪਸੀ ਸਤਿਕਾਰ ਦੇ ਆਧਾਰ 'ਤੇ ਚੰਗੇ ਸਬੰਧਾਂ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਇਹ ਦੇਸ਼ ਬਾਹਰੀ ਦਖਲਅੰਦਾਜ਼ੀ ਤੋਂ ਪਰਹੇਜ਼ ਕਰਕੇ ਖੇਤਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਮਜ਼ਬੂਤ ??ਕਰਨ ਵਿੱਚ ਵੀ ਸਹਿਯੋਗ ਕਰਨਗੇ। ਈਰਾਨ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਉਹ ਹੋਰਮੁਜ਼ ਜਲਡਮਰੂ ਵਿੱਚ ਸ਼ਿਪਿੰਗ 'ਤੇ ਪਾਬੰਦੀਆਂ ਉਦੋਂ ਤੱਕ ਬਰਕਰਾਰ ਰੱਖੇਗਾ ਜਦੋਂ ਤੱਕ ਅਮਰੀਕਾ ਈਰਾਨੀ ਬੰਦਰਗਾਹਾਂ 'ਤੇ ਆਪਣੀ ਨਾਕਾਬੰਦੀ ਨਹੀਂ ਹਟਾਉਂਦਾ। ਪਰ ਟਰੰਪ ਦਾ ਕਹਿਣਾ ਹੈ ਕਿ ਨਾਕਾਬੰਦੀ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਕੋਈ ਸਮਝੌਤਾ ਨਹੀਂ ਹੋ ਜਾਂਦਾ।

ਈਰਾਨ ਕਿਸੇ ਵੀ ਸਥਾਈ ਸਮਝੌਤੇ ਦੇ ਹਿੱਸੇ ਵਜੋਂ ਪਾਬੰਦੀਆਂ ਤੋਂ ਰਾਹਤ ਅਤੇ 20 ਬਿਲੀਅਨ ਡਾਲਰ ਦੀ ਜਾਇਦਾਦ ਨੂੰ ਅਨਫਰੀਜ਼ ਕਰਨ ਦੀ ਵੀ ਮੰਗ ਕਰ ਰਿਹਾ ਹੈ। ਅਲ ਜਜ਼ੀਰਾ ਦੇ ਅਨੁਸਾਰ, ਈਰਾਨ ਨੇ ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਕਾਰਨ ਹੋਏ ਨੁਕਸਾਨ ਲਈ ਮੁਆਵਜ਼ਾ ਵੀ ਮੰਗਿਆ ਹੈ, ਜੋ ਕਿ ਲਗਭਗ 270 ਬਿਲੀਅਨ ਡਾਲਰ ਹੈ।

# ਕੀ ਅਸੀਂ ਸੁਰੱਖਿਅਤ ਹਾਂ: ਯੂਕੇ ਵਿੱਚ ਸਿੱਖ ਔਰਤ ਨਾਲ ਆਪਣੇ ਹੀ ਘਰ ਵਿੱਚ ਬਲਾਤਕਾਰ ਤੋਂ ਬਾਅਦ ਭਾਈਚਾਰੇ ਨੇ ਪੁੱਛਿਆ

### ਨਸਲੀ ਨਫ਼ਰਤ ਤਹਿਤ ਦਿੱਤਾ ਵਾਰਦਾਤ ਨੂੰ ਅੰਜਾਮ; ਅਦਾਲਤ ਨੇ 21 ਸਾਲ ਦੀ ਘੱਟੋ-ਘੱਟ ਸਜ਼ਾ ਸੁਣਾਈ

ਬਰਮਿੰਘਮ, (ਸਾਡੇ ਲੋਕ ਬਿਊਰੋ) : ਪੱਛਮੀ ਮਿਡਲੈਂਡਜ਼ (West Midlands) ਦੀ ਇੱਕ ਅਦਾਲਤ ਵੱਲੋਂ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਨੇ ਜਿੱਥੇ ਇੱਕ ਅਪਰਾਧੀ ਨੂੰ ਸਲਾਖਾਂ ਪਿੱਛੇ ਭੇਜ ਦਿੱਤਾ ਹੈ, ਉੱਥੇ ਹੀ ਯੂਕੇ ਵਿੱਚ ਰਹਿ ਰਹੀ ਸਿੱਖ ਅਤੇ ਦੱਖਣੀ ਏਸ਼ੀਆਈ ਕਮਿਊਨਿਟੀ ਵਿੱਚ ਸੁਰੱਖਿਆ ਨੂੰ ਲੈ ਕੇ ਡੂੰਘੀ ਚਿੰਤਾ ਪੈਦਾ ਕਰ ਦਿੱਤੀ ਹੈ। ਅਦਾਲਤ ਨੇ ਜੌਹਨ ਐਸ਼ਬੀ ਨੂੰ ਇੱਕ ਸਿੱਖ ਮਹਿਲਾ ਨਾਲ ਉਸ ਦੇ ਘਰ ਵਿੱਚ ਵੜ ਕੇ ਬਲਾਤਕਾਰ, ਲੁੱਟ-ਖੋਹ ਅਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਵਿੱਚ ਘੱਟੋ-ਘੱਟ 21 ਸਾਲ ਦੀ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਬਰਮਿੰਘਮ ਕਰਾਊਨ ਕੋਰਟ ਵਿੱਚ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਇਹ ਹਮਲਾ ਸਿਰਫ਼ ਇੱਕ ਅਪਰਾਧ ਨਹੀਂ ਸੀ, ਸਗੋਂ 'ਇਸਲਾਮੋਫੋਬੀਆ' (ਨਸਲੀ ਨਫ਼ਰਤ) ਤੋਂ ਪ੍ਰੇਰਿਤ ਸੀ।



ਦੋਸ਼ੀ ਐਸ਼ਬੀ ਨੇ ਪੀੜਤ ਮਹਿਲਾ ਦੇ ਚਮੜੀ ਦੇ ਰੰਗ ਅਤੇ ਦਿੱਖ ਤੋਂ ਗਲਤ ਅੰਦਾਜ਼ਾ ਲਗਾਇਆ ਕਿ ਉਹ ਮੁਸਲਿਮ ਹੈ। ਹਮਲੇ ਦੌਰਾਨ ਉਸ ਨੇ ਮਹਿਲਾ ਵਿਰੁੱਧ ਅਪਸ਼ਬਦ ਬੋਲੇ। ਪੀੜਤਾ ਨੇ ਪੁਲੀਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ, " ਉਸ ਨੇ ਮੈਨੂੰ ਗਾਲ੍ਹਾਂ ਕੱਢਦੇ ਹੋਏ ਮੁਸਲਿਮ ਕਿਹਾ, ਜਦੋਂਕਿ ਮੈਂ ਉਸ ਨੂੰ ਵਾਰ-ਵਾਰ ਕਿਹਾ ਕਿ ਮੈਂ ਮੁਸਲਿਮ ਨਹੀਂ, ਸਿੱਖ ਹਾਂ।

**ਕਮਿਊਨਿਟੀ ਵਿੱਚ ਸਹਿਮ ਦਾ ਮਾਹੌਲ:** ਇਸ ਘਟਨਾ ਨੇ ਸਥਾਨਕ ਨਿਵਾਸੀਆਂ, ਖਾਸ ਕਰਕੇ ਸਿੱਖ ਕਮਿਊਨਿਟੀ ਵਿੱਚ 'ਕੀ ਅਸੀਂ ਸੁਰੱਖਿਅਤ ਹਾਂ?' ਵਰਗੇ ਸਵਾਲ ਖੜ੍ਹੇ ਕਰ ਦਿੱਤੇ ਹਨ। 'ਸਿੱਖ ਵੂਮੈਨ ਏਡ' (Sikh WomenÓs Aid) ਦੀ ਟਰੱਸਟੀ ਸੁਖਵਿੰਦਰ ਕੌਰ ਨੇ ਕਿਹਾ ਕਿ ਇਸ ਕੇਸ ਨੇ ਔਰਤਾਂ ਅਤੇ ਕੁੜੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਭਰ ਦਿੱਤੀ ਹੈ। ਲੋਕਾਂ ਵਿੱਚ ਗੁੱਸਾ ਇਸ ਗੱਲ ਦਾ ਵੀ ਹੈ ਕਿ ਮਹਿਲਾ ਆਪਣੀ ਰੋਜ਼ਾਨਾ ਦੀ ਰੁਟੀਨ (ਕੰਮ ਅਤੇ ਖਰੀਦਦਾਰੀ) ਕਰਕੇ ਘਰ ਪਰਤ ਰਹੀ ਸੀ, ਜਦੋਂ ਉਸ ਨੂੰ ਨਿਸ਼ਾਨਾ ਬਣਾਇਆ ਗਿਆ।

**ਪੁਲਿਸ ਦੀ ਕਾਰਵਾਈ ਅਤੇ ਸਮਾਜਿਕ ਸਰੋਕਾਰ :** ਵੈਸਟ ਮਿਡਲੈਂਡਜ਼ ਪੁਲੀਸ ਨੇ ਕਿਹਾ ਹੈ ਕਿ ਉਹ ਭਾਈਚਾਰਕ ਸਾਂਝ ਬਣਾਉਣ ਅਤੇ ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਲਈ ਧਾਰਮਿਕ ਆਗੂਆਂ ਨਾਲ ਲਗਾਤਾਰ ਸੰਪਰਕ ਵਿੱਚ ਹਨ। ਇਸ ਦੇ ਨਾਲ ਹੀ ਸਤੰਬਰ ਵਿੱਚ ਓਲਡਬਰੀ (Oldbury) ਵਿੱਚ ਹੋਏ ਇੱਕ ਹੋਰ ਹਮਲੇ ਦੀ ਜਾਂਚ ਵੀ ਜਾਰੀ ਹੈ। ਭਾਈਚਾਰਕ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਫ਼ਰਤ ਫੈਲਾਉਣ ਵਾਲੇ ਪੱਖਪਾਤੀ ਬਿਰਤਾਂਤਾਂ ਅਤੇ ਰੂੜੀਵਾਦੀ ਸੋਚ ਦੇ ਖਿਲਾਫ ਸਖ਼ਤ ਕਦਮ ਚੁੱਕੇ ਜਾਣ ਤਾਂ ਜੋ ਅਜਿਹੀਆਂ ਦੁਖਦਾਈ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਕੈਨੇਡਾ 'ਚ ਪੱਕੇ ਹੋਣ ਲਈ ਪੰਜਾਬੀ ਵੇਚ ਰਹੇ ਜ਼ਮੀਨਾਂ !

ਜਲੰਧਰ/ਟੋਰਾਂਟੋ- ਕੈਨੇਡਾ ਵਿੱਚ ਇਮੀਗ੍ਰੇਸ਼ਨ ਨਿਯਮ ਸਖ਼ਤ ਹੋਣ ਨਾਲ ਪੰਜਾਬ ਦੇ ਹਜ਼ਾਰਾਂ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ। ਪੰਜਾਬ ਦੇ ਬਹੁਤ ਸਾਰੇ ਨੌਜਵਾਨ ਜੋ ਪੜ੍ਹਾਈ ਲਈ ਪ੍ਰਿੰਸ ਐਡਵਰਡ ਆਈਲੈਂਡ ਅਤੇ ਓਨਟਾਰੀਓ ਵਰਗੇ ਸੂਬਿਆਂ ਵਿਚ ਗਏ ਸਨ ਅਤੇ ਬਾਅਦ ਵਿੱਚ ਕੰਮ ਕਰਨ ਲੱਗ ਪਏ ਸਨ, ਉਨ੍ਹਾਂ ਨੂੰ ਹੁਣ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੇ ਪੱਕੇ ਹੋਣ ਲਈ ਸਥਾਈ ਨਿਵਾਸ ਦਸਤਾਵੇਜ਼ ਵੀ ਜਮ੍ਹਾਂ ਨਹੀਂ ਕਰਵਾਏ ਹਨ। ਜੇਕਰ ਕਿਸੇ ਨੇ ਦਸਤਾਵੇਜ਼ ਲਗਾਏ ਵੀ ਹਨ ਤਾਂ ਵੀ ਉਨ੍ਹਾਂ ਨੂੰ ਕੈਨੇਡੀਅਨ ਸਰਕਾਰ ਨੂੰ ਸਬੂਤ ਦੇਣਾ ਪਵੇਗਾ। ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਕੈਨੇਡੀਅਨ ਵਕੀਲਾਂ ਨੂੰ ਨੌਜਵਾਨ ਬਹੁਤ ਜ਼ਿਆਦਾ ਫੀਸਾਂ ਦੇ ਰਹੇ ਹਨ। ਪੰਜਾਬ ਵਿੱਚ ਉਨ੍ਹਾਂ ਦੇ ਪਰਿਵਾਰ ਜ਼ਮੀਨ ਵੇਚ ਕੇ, ਕਰਜ਼ੇ ਲੈ ਕੇ ਅਤੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲੈ ਕੇ ਇਨ੍ਹਾਂ ਫੀਸਾਂ ਦਾ ਭੁਗਤਾਨ ਕਰ ਰਹੇ ਹਨ। PEI ਅਤੇ ਹੋਰ ਕੈਨੇਡੀਅਨ ਸੂਬਿਆਂ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ, ਵਿਦਿਆਰਥੀਆਂ ਦਾ ਕਹਿਣਾ ਹੈ ਕਿ ਵਕੀਲ



ਹਰੇਕ ਫਾਈਲ ਲਈ ਹਜ਼ਾਰਾਂ ਡਾਲਰ ਵਸੂਲ ਰਹੇ ਹਨ, ਜਿਸ ਨਾਲ ਉਨ੍ਹਾਂ ਦੀ ਵਿੱਤੀ ਸਥਿਤੀ ਹੋਰ ਵਿਗੜ ਰਹੀ ਹੈ ਅਤੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਪਿੰਡਾਂ ਵਿੱਚ ਰਹਿੰਦੇ ਇਨ੍ਹਾਂ ਮਾਪਿਆਂ ਲਈ, ਕੈਨੇਡਾ ਦਾ ਸੁਪਨਾ ਇੱਕ ਬੋਝ ਬਣ ਗਿਆ ਹੈ ਜਿਸਨੂੰ ਉਹ ਨਾ ਤਾਂ ਸਹਿ ਸਕਦੇ ਹਨ ਅਤੇ ਨਾ ਹੀ ਛੱਡ ਸਕਦੇ ਹਨ। ਕਰਜ਼ੇ ਦੇ ਦਬਾਅ ਅਤੇ ਅਨਿਸ਼ਚਿਤ ਭਵਿੱਖ ਕਾਰਨ ਬਹੁਤ ਸਾਰੇ ਪਰਿਵਾਰ ਮਾਨਸਿਕ ਤਣਾਅ ਤੋਂ ਪੀੜਤ ਹਨ। ਜਲੰਧਰ ਦੇ ਪਿੰਡ ਸੇਖਵਾਂ ਦਾ ਪੰਜਾਬੀ ਵਿਦਿਆਰਥੀ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਵਿੱਚੋਂ ਇੱਕ ਹੈ ਜੋ ਇਸ ਸਮੇਂ ਕੈਨੇਡਾ ਦੇ ਸਖ਼ਤ ਨਿਯਮਾਂ ਵਿੱਚ ਫਸੇ ਹੋਏ ਹਨ। ਪੰਜਾਬੀ ਨੌਜਵਾਨ ਨੂੰ ਉੱਥੇ ਵਸਣ ਅਤੇ ਆਪਣੀ ਕਾਨੂੰਨੀ ਲੜਾਈ ਲੜਨ ਵਿੱਚ ਮਦਦ ਕਰਨ ਲਈ ਉਸਦੇ ਪਿਤਾ ਨੇ ਭਾਰੀ ਮਨ ਨਾਲ ਆਪਣੀ ਦੋ ਏਕੜ ਜ਼ਮੀਨ ਗਿਰਵੀ ਰੱਖ ਦਿੱਤੀ। ਇਸੇ ਤਰ੍ਹਾਂ ਦੇ ਇਕ ਹੋਰ ਮਾਮਲੇ ਵਿਚ ਇਕ ਪੰਜਾਬੀ ਪਰਿਵਾਰ ਨੇ 9 ਲੱਖ ਰੁਪਏ ਦਾ ਵੱਡਾ ਕਰਜ਼ਾ ਲਿਆ। ਇਕ ਹੋਰ ਮਾਮਲੇ ਵਿਚ ਆਪਣੇ ਇਕਲੌਤੇ ਪੁੱਤਰ ਨੂੰ ਦੇਸ਼ ਨਿਕਾਲੇ ਤੋਂ ਬਚਾਉਣ ਲਈ ਇਕ ਮਾਂ ਨੇ 1.3 ਮਿਲੀਅਨ ਰੁਪਏ ਉਧਾਰ ਲਏ। ਹੁਣ, ਸਥਿਤੀ ਅਜਿਹੀ ਹੈ ਕਿ ਚਿੰਤਾ ਅਤੇ ਕਰਜ਼ੇ ਦਾ ਬੋਝ ਹਰ ਰੋਜ਼ ਵਧਦਾ ਜਾ ਰਿਹਾ ਹੈ। ਇਨ੍ਹਾਂ ਪਰਿਵਾਰਾਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਰਕਾਰ ਦੇ ਨਿਯਮਾਂ ਵਿੱਚ ਅਚਾਨਕ ਬਦਲਾਅ ਨੇ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਹੈ। ਹੁਣ ਉਹ ਸਿਰਫ਼ ਵਕੀਲਾਂ ਅਤੇ ਕਾਗਜ਼ੀ ਕਾਰਵਾਈਆਂ 'ਤੇ ਨਿਰਭਰ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਦੀ ਬੱਚਤ ਖਤਮ ਹੋ ਜਾਂਦੀ ਹੈ, ਅਤੇ ਉਨ੍ਹਾਂ ਦਾ ਭਵਿੱਖ ਅਨਿਸ਼ਚਿਤ ਦਿਖਾਈ ਦਿੰਦਾ ਹੈ।

# ਸਰੀ 'ਚ 1400 ਵਿਦਿਆਰਥੀਆਂ ਦੀ ਗੂੰਜੀ ਸੁਰੀਲੀ ਆਵਾਜ਼, ਸਕੂਲ ਡਿਸਟ੍ਰਿਕਟ ਕੋਰਲ ਫੈਸਟੀਵਲ 'ਚ ਬੰਨ੍ਹਿਆ ਸਮਾਂ

ਵੈਨਕੂਵਰ : ਕੈਨੇਡਾ ਦੇ ਸਰੀ ਸ਼ਹਿਰ ਵਿੱਚ ਆਯੋਜਿਤ ਸਕੂਲ ਡਿਸਟ੍ਰਿਕਟ ਕੋਰਲ ਫੈਸਟੀਵਲ ਦੌਰਾਨ ਲਗਭਗ 1400 ਵਿਦਿਆਰਥੀਆਂ ਵੱਲੋਂ ਇਕੱਠੇ ਗਰੁੱਪ ਗੀਤ ਪੇਸ਼ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ ਗਿਆ। ਇਹ ਵਿਸ਼ਾਲ ਸੰਗੀਤਕ ਸਮਾਗਮ ਬੈੱਲ ਪਰਫਾਰਮਿੰਗ ਆਰਟਸ ਸੈਂਟਰ ਵਿੱਚ ਕਰਵਾਇਆ ਗਿਆ, ਜਿੱਥੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਆਪਣੀ ਸੰਗੀਤਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਫੈਸਟੀਵਲ ਵਿੱਚ ਸਰੀ ਸਕੂਲ ਡਿਸਟ੍ਰਿਕਟ ਦੇ ਕਈ ਐਲੀਮੈਂਟਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਸੰਗੀਤ ਅਧਿਆਪਕਾਂ ਦੀ ਰਹਿਨੁਮਾਈ ਹੇਠ ਕਈ ਪ੍ਰੇਰਣਾਦਾਇਕ ਅਤੇ ਮਨੋਰੰਜਕ ਗੀਤ ਪੇਸ਼ ਕੀਤੇ। ਸਮੂਹ ਗਾਇਨ ਦੌਰਾਨ ਵਿਦਿਆਰਥੀਆਂ ਦੀ ਸੁਰ-ਤਾਲ ਅਤੇ ਅਨੁਸ਼ਾਸਨ ਨੇ ਦਰਸ਼ਕਾਂ ਨੂੰ ਪ੍ਰਭਾਵਿਤ



ਕੀਤਾ। ਇਸ ਸਮਾਗਮ ਦਾ ਮਕਸਦ ਬੱਚਿਆਂ ਵਿੱਚ ਸੰਗੀਤ ਪ੍ਰਤੀ ਰੁਚੀ ਵਧਾਉਣ ਅਤੇ ਉਨ੍ਹਾਂ ਦੀ ਰਚਨਾਤਮਕ ਯੋਗਤਾਵਾਂ ਨੂੰ ਮੰਚ ਮੁਹੱਈਆ ਕਰਵਾਉਣਾ ਸੀ। ਅਧਿਆਪਕਾਂ ਅਤੇ ਆਯੋਜਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰਦੇ ਹਨ। ਸਮਾਗਮ ਵਿੱਚ ਮਾਪਿਆਂ ਅਤੇ ਕਮਿਊਨਿਟੀ ਮੈਂਬਰਾਂ ਦੀ ਵੱਡੀ ਗਿਣਤੀ ਨੇ ਸ਼ਮੂਲੀਅਤ ਕੀਤੀ ਅਤੇ ਵਿਦਿਆਰਥੀਆਂ ਦੀ ਪੇਸ਼ਕਾਰੀ ਨੂੰ ਖੂਬ ਸਲਾਹਿਆ।



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

ਲਹੂ ਨਾਲ ਲਿਖਿਆ ਇਤਿਹਾਸ — ਇੱਕ ਇਨਕਲਾਬੀ ਸਿਰਜਣਾ

ਅੱਜ ਤੋਂ 327 ਸਾਲ ਪਹਿਲਾਂ, ਅਨੰਦਪੁਰ ਸਾਹਿਬ ਦੀ ਧਰਤੀ 'ਤੇ ਇਤਿਹਾਸ ਨੇ ਇੱਕ ਅਜਿਹਾ ਮੋੜ ਲਿਆ ਜਿਸ ਨੇ ਨਾ ਸਿਰਫ਼ ਸਿੱਖ ਕੌਮ ਦੀ ਤਕਦੀਰ ਬਦਲੀ, ਸਗੋਂ ਸਮੁੱਚੀ ਮਨੁੱਖਤਾ ਨੂੰ ਆਜ਼ਾਦੀ ਅਤੇ ਬਰਾਬਰੀ ਦਾ ਇੱਕ ਨਵਾਂ ਮਾਰਗ ਦਿਖਾਇਆ। 1699 ਦੀ ਉਹ ਵਿਸਾਖੀ ਸਿਰਫ਼ ਇੱਕ ਤਿਉਹਾਰ ਨਹੀਂ ਸੀ, ਸਗੋਂ ਜਾਤ-ਪਾਤ ਦੇ ਹੰਕਾਰ ਨੂੰ ਤੋੜਨ ਅਤੇ ਮਜ਼ਲੂਮਾਂ ਦੇ ਹੱਥਾਂ ਵਿੱਚ ਸਵੈ-ਮਾਣ ਦੀ ਸ਼ਮਸ਼ੀਰ ਫੜਾਉਣ ਵਾਲਾ ਇੱਕ 'ਰੂਹਾਨੀ ਇਨਕਲਾਬ' ਸੀ। ਅਨੰਦਪੁਰ ਸਾਹਿਬ ਦੀ ਉਹ ਕੇਸਰੀ ਸਵੇਰ... ਜਦੋਂ ਨੰਗੀ ਤਲਵਾਰ ਦੀ ਧਾਰ ਨੇ ਸਮੇਂ ਦੀ ਹਿੱਕ 'ਤੇ ਇੱਕ ਅਜਿਹਾ ਇਤਿਹਾਸ ਉੱਕਰ ਦਿੱਤਾ, ਜਿਸ ਦੀ ਗੂੰਜ ਸਦੀਆਂ ਬੀਤਣ ਬਾਅਦ ਵੀ ਮਨੁੱਖਤਾ ਦੇ ਕੰਨਾਂ ਵਿੱਚ ਗੂੰਜ ਰਹੀ ਹੈ। 1699 ਦੀ ਉਹ ਵਿਸਾਖੀ ਮਹਿਜ਼ ਇੱਕ ਇਕੱਠ ਨਹੀਂ ਸੀ, ਸਗੋਂ ਮੁਰਦਾ ਹੋ ਚੁੱਕੀ ਕੌਮ ਵਿੱਚ ਅਣਖ ਦੀ ਰੂਹ ਫੂਕਣ ਵਾਲਾ ਇੱਕ 'ਰੂਹਾਨੀ ਧਮਾਕਾ' ਸੀ। ਅਪ੍ਰੈਲ ਦੇ ਇਸ ਮਹੀਨੇ ਦੇ ਅਖੀਰਲੇ ਹਫ਼ਤੇ ਦੇ ਵਿਸ਼ੇਸ਼ ਅੰਕ ਵਿੱਚ, ਡਾ. ਗੁਰਿੰਦਰ ਸਿੰਘ ਗ੍ਰੇਵਾਲ (MD) ਸਾਨੂੰ ਉਸ ਇਤਿਹਾਸਕ ਪਲ ਦੀ ਗਹਿਰਾਈ ਵਿੱਚ ਲੈ ਕੇ ਜਾਂਦੇ ਹਨ ਜਦੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ 'ਪੰਜ ਪਿਆਰਿਆਂ' ਦੀ ਚੋਣ ਕਰਕੇ ਇੱਕ ਅਜਿਹਾ ਸਮਾਜ ਸਿਰਜਿਆ ਜਿੱਥੇ ਕੋਈ ਉਚ ਨਹੀਂ, ਕੋਈ ਨੀਚ ਨਹੀਂ। ਇਹ ਲੇਖ ਸਾਨੂੰ ਯਾਦ ਦਿਵਾਉਂਦਾ ਹੈ ਕਿ ਕਿਵੇਂ ਲਾਹੌਰ ਤੋਂ ਬਿਦਰ ਤੱਕ ਫੈਲੇ ਵੱਖ-ਵੱਖ ਪਿਛੋਕੜਾਂ ਵਾਲੇ ਪੰਜ ਗੁਰਸਿੱਖਾਂ ਨੇ ਆਪਣਾ ਸੀਸ ਭੇਟ ਕਰਕੇ 'ਖ਼ਾਲਸੇ' ਦੀ ਨੀਂਹ ਰੱਖੀ। ਇਸ ਲਿਖਤ ਦਾ ਸਭ ਤੋਂ ਸ਼ਕਤੀਸ਼ਾਲੀ ਪਹਿਲੂ ਉਹ 'ਰੱਬੀ ਨਿਮਰਤਾ' ਹੈ, ਜਦੋਂ ਪੰਜਾਂ ਨੂੰ ਗੁਰੂ ਥਾਪ ਕੇ, ਕਾਇਨਾਤ ਦਾ ਮਾਲਕ ਖੁਦ ਉਨ੍ਹਾਂ ਅੱਗੇ ਸਵਾਲੀ ਬਣ ਕੇ ਖੜ੍ਹ ਗਿਆ। 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' - ਇਹ ਸਿਰਫ਼ ਤੁਕ ਨਹੀਂ, ਬਲਕਿ ਦੁਨੀਆ ਦੇ ਇਤਿਹਾਸ ਵਿੱਚ ਲੋਕਤੰਤਰ ਅਤੇ ਬਰਾਬਰੀ ਦੀ ਸਭ ਤੋਂ ਮਹਾਨ ਅਤੇ ਪਹਿਲੀ ਅਸਲ ਮਿਸਾਲ ਹੈ। ਆਓ, ਡਾ. ਗ੍ਰੇਵਾਲ ਦੀ ਕਲਮ ਰਾਹੀਂ ਉਸ ਪਵਿੱਤਰ ਅੰਮ੍ਰਿਤ ਦੀ ਬੂੰਦ ਵਿੱਚੋਂ ਨਿਕਲੇ ਸਾਹਸ ਨੂੰ ਮਹਿਸੂਸ ਕਰੀਏ ਅਤੇ ਇਸ ਲੇਖ ਰਾਹੀਂ ਖ਼ਾਲਸੇ ਦੇ ਜਨਮ ਦੀ ਉਸ ਮਹਾਨ ਗਾਥਾ ਨੂੰ ਮੁੜ ਜੀਵੀਏ ਅਤੇ ਸਮਝੀਏ ਕਿ ਕਿਵੇਂ ਇਹ ਪੰਜ ਪਿਆਰੇ ਅੱਜ ਵੀ ਸਾਡੇ ਜੀਵਨ ਵਿੱਚ ਨੈਤਿਕ ਸਾਹਸ ਅਤੇ ਸੇਵਾ ਦੇ ਪ੍ਰਤੀਕ ਹਨ।--- ਸਤਨਾਮ ਸਿੰਘ ਖਾਲਸਾ

# ਖਾਲਸਾ ਪੰਥ ਦੇ 327ਵੇਂ ਸਾਜਨਾ ਦਿਵਸ 1699 ਦੀ ਵਿਸਾਖੀ ਅਤੇ ਰੂਹਾਨੀ ਇਨਕਲਾਬ ਉਪਰ ਵਿਸ਼ੇਸ਼

ਪੰਜ ਪਿਆਰੇ ਸਿੱਖ ਇਤਿਹਾਸ ਦੇ ਕੇਂਦਰੀ ਪਾਤਰ ਹਨ। ਇਹ ਉਹ ਪਹਿਲੇ ਸਿੱਖ ਸਨ ਜੋ 1699 ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜੇ ਗਏ ਅਧਿਆਤਮਿਕ ਅਤੇ ਸੈਨਿਕ ਸੰਗਠਨ 'ਖ਼ਾਲਸਾ' ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਦੀ ਪਛਾਣ ਅਤੇ ਪਿਛੋਕੜ ਰਵਾਇਤੀ ਤੌਰ 'ਤੇ ਹੇਠ ਲਿਖੇ ਅਨੁਸਾਰ ਦਰਜ ਹੈ:

**ਵਿਸਾਖੀ 1699: ਸਿੱਖ ਇਤਿਹਾਸ ਦਾ ਇੱਕ ਨਿਰਣਾਇਕ ਮੋੜ**

1699 ਦੀ ਵਿਸਾਖੀ ਵਾਲੇ ਦਿਨ, ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਹਜ਼ਾਰਾਂ ਸਿੱਖਾਂ ਦਾ ਇਕੱਠ ਕੀਤਾ। ਇੱਕ ਨਾਟਕੀ ਅਤੇ ਪ੍ਰਤੀਕਾਤਮਕ ਕਾਰਜ ਵਿੱਚ, ਉਹ ਹੱਥ ਵਿੱਚ ਨੰਗੀ ਤਲਵਾਰ ਲੈ ਕੇ ਸੰਗਤ ਦੇ ਸਾਹਮਣੇ ਆਏ ਅਤੇ ਇੱਕ ਅਜਿਹੇ ਸਵੈਸੇਵੀ ਦੀ ਮੰਗ ਕੀਤੀ ਜੋ ਧਰਮ ਅਤੇ ਨਿਆਂ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋਵੇ।

ਇੱਕ ਵਿਅਕਤੀ ਅੱਗੇ ਆਇਆ। ਗੁਰੂ ਜੀ ਉਸਨੂੰ ਇੱਕ ਤੰਬੂ ਵਿੱਚ ਲੈ ਗਏ ਅਤੇ ਇਕੱਲੇ ਬਾਹਰ ਆਏ, ਉਨ੍ਹਾਂ ਦੀ ਤਲਵਾਰ ਖੂਨ ਨਾਲ ਰੰਗੀ ਹੋਈ ਜਾਪਦੀ ਸੀ। ਉਨ੍ਹਾਂ ਨੇ ਚਾਰ ਵਾਰ ਹੋਰ ਇਹੀ ਮੰਗ ਦੁਹਰਾਈ, ਅਤੇ ਚਾਰ ਹੋਰ ਸਵੈਸੇਵੀ ਅੱਗੇ ਆਏ।

ਜਦੋਂ ਗੁਰੂ ਜੀ ਨੇ ਅੰਤ ਵਿੱਚ ਪੰਜਾਂ ਮਨੁੱਖਾਂ ਨੂੰ ਬਾਹਰ ਲਿਆਂਦਾ, ਤਾਂ ਉਹ ਜਿਉਂਦੇ ਸਨ ਅਤੇ ਕੇਸਰੀ ਬਸਤਰਾਂ ਵਿੱਚ ਸਜੇ ਹੋਏ ਸਨ। ਗੁਰੂ ਜੀ ਨੇ 'ਅੰਮ੍ਰਿਤ' ਤਿਆਰ ਕੀਤਾ ਅਤੇ ਉਨ੍ਹਾਂ ਨੂੰ 'ਖ਼ਾਲਸਾ' ਪੰਥ ਵਿੱਚ ਸ਼ਾਮਲ ਕੀਤਾ—ਇੱਕ ਅਜਿਹਾ ਭਾਈਚਾਰਾ ਜੋ ਅਧਿਆਤਮਿਕ ਅਨੁਸ਼ਾਸਨ, ਸਮਾਨਤਾ ਅਤੇ ਮਨੁੱਖੀ ਮਾਣ-ਸਤਿਕਾਰ ਦੀ ਰਾਖੀ ਲਈ ਸਮਰਪਿਤ ਸੀ।

ਨਿਮਰਤਾ ਅਤੇ ਬਰਾਬਰੀ ਦੀ ਇੱਕ ਡੂੰਘੀ ਮਿਸਾਲ ਪੇਸ਼ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਜੀ ਨੇ ਫਿਰ ਪੰਜ ਪਿਆਰਿਆਂ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ (ਗੁਰੂ ਜੀ ਨੂੰ) ਵੀ ਅੰਮ੍ਰਿਤ ਛਕਾ ਕੇ ਖ਼ਾਲਸੇ ਵਿੱਚ ਸ਼ਾਮਲ ਕਰਨ। ਇਸ ਕਾਰਜ ਨੇ ਇਹ ਸਿਧਾਂਤ ਸਥਾਪਿਤ ਕੀਤਾ ਕਿ ਖ਼ਾਲਸੇ ਵਿੱਚ ਗੁਰੂ ਹੀ ਚੇਲਾ ਹੈ ਅਤੇ ਚੇਲਾ ਹੀ ਗੁਰੂ, ਅਤੇ ਸਾਰੇ ਮੈਂਬਰ ਬਰਾਬਰ ਹਨ।



**ਸਾਰਣੀ: ਪੰਜ ਪਿਆਰਿਆਂ ਦਾ ਜੀਵਨ**

| ਨਾਮ | ਜਨਮ ਸਥਾਨ ਅਤੇ ਪਿਛੋਕੜ | ਸਮਾਜਿਕ ਮਹੱਤਤਾ | 1699 ਦੀ ਵਿਸਾਖੀ ਵੇਲੇ ਭੂਮਿਕਾ | ਅੰਤਿਮ ਸਮਾਂ |
|---|---|---|---|---|
| 1. ਭਾਈ ਦਇਆ ਸਿੰਘ (ਦਇਆ ਰਾਮ) | ਲਾਹੌਰ, ਖੱਤਰੀ (ਸੋਬਤੀ) | ਨੈਤਿਕ ਸਾਹਸ ਦਾ ਪ੍ਰਤੀਕ; ਵਪਾਰਕ ਪਿਛੋਕੜ | ਸਭ ਤੋਂ ਪਹਿਲਾਂ ਸਿਰ ਭੇਟ ਕੀਤਾ | 1708, ਨਾਂਦੇੜ |
| 2. ਭਾਈ ਧਰਮ ਸਿੰਘ (ਧਰਮ ਦਾਸ) | ਹਸਤਿਨਾਪੁਰ (ਮੇਰਠ), ਜੱਟ ਕਿਸਾਨ | ਖੇਤੀਬਾੜੀ ਦੀ ਸ਼ਕਤੀ ਦਾ ਪ੍ਰਤੀਕ | ਦੂਜੇ ਸਥਾਨ 'ਤੇ ਅੱਗੇ ਆਏ | 1708, ਨਾਂਦੇੜ |
| 3. ਭਾਈ ਹਿੰਮਤ ਸਿੰਘ (ਹਿੰਮਤ ਰਾਏ) | ਜਗਨਨਾਥ ਪੁਰੀ, ਝੀਵਰ (ਪਾਣੀ ਢੋਣ ਵਾਲੇ) | ਕ੍ਰਾਂਤੀਕਾਰੀ ਬਰਾਬਰੀ ਦਾ ਪ੍ਰਤੀਕ | ਤੀਜੇ ਸਵੈਸੇਵੀ ਵਜੋਂ ਪੇਸ਼ ਹੋਏ | ਸ਼ਹੀਦੀ: ਚਮਕੌਰ, 1705 |
| 4. ਭਾਈ ਮੋਹਕਮ ਸਿੰਘ (ਮੋਹਕਮ ਚੰਦ) | ਦੁਆਰਕਾ, ਛੀਂਬਾ (ਧੋਬੀ) | ਦਸਤਕਾਰਾਂ ਦੇ ਮਾਣ-ਸਤਿਕਾਰ ਦਾ ਪ੍ਰਤੀਕ | ਚੌਥੇ ਸਥਾਨ 'ਤੇ ਅੱਗੇ ਆਏ | ਸ਼ਹੀਦੀ: ਚਮਕੌਰ, 1705 |
| 5. ਭਾਈ ਸਾਹਿਬ ਸਿੰਘ (ਸਾਹਿਬ ਚੰਦ) | ਬਿਦਰ, ਨਾਈ | ਸਰਬ-ਭਾਰਤੀ ਅਤੇ ਜਾਤ-ਪਾਤ ਵਿਰੋਧੀ ਦ੍ਰਿਸ਼ਟੀਕੋਣ | ਪੰਜਵੇਂ ਸਵੈਸੇਵੀ ਵਜੋਂ ਸਿਰ ਭੇਟ ਕੀਤਾ | ਸ਼ਹੀਦੀ: ਚਮਕੌਰ, 1705 |

**ਸਮਾਜਿਕ ਲੜੀ ਨੂੰ ਚੁਣੌਤੀ**

ਇਹ ਪੰਜ ਸਵੈਸੇਵੀ ਭਾਰਤ ਦੇ ਵੱਖ-ਵੱਖ ਖੇਤਰਾਂ ਅਤੇ ਉਨ੍ਹਾਂ ਸਮਾਜਿਕ ਸਮੂਹਾਂ ਵਿੱਚੋਂ ਆਏ ਸਨ ਜਿਨ੍ਹਾਂ ਨੂੰ ਉਸ ਸਮੇਂ ਦੇ ਸਮਾਜ ਵਿੱਚ 'ਨੀਵੀਂ ਜਾਤ' ਮੰਨਿਆ ਜਾਂਦਾ ਸੀ। ਉਨ੍ਹਾਂ ਨੂੰ ਖ਼ਾਲਸੇ ਦੇ ਸੰਸਥਾਪਕ ਮੈਂਬਰਾਂ ਵਜੋਂ ਚੁਣ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਸਦੀਆਂ ਤੋਂ ਚੱਲੀ ਆ ਰਹੀ ਜਾਤ-ਪਾਤ ਪ੍ਰਣਾਲੀ ਨੂੰ ਸਿੱਧੀ ਚੁਣੌਤੀ ਦਿੱਤੀ ਅਤੇ ਨਕਾਰ ਦਿੱਤਾ। ਖ਼ਾਲਸਾ ਬਰਾਬਰੀ, ਭਾਈਚਾਰੇ ਅਤੇ ਸਾਂਝੀ ਜ਼ਿੰਮੇਵਾਰੀ ਦੇ ਸਿਧਾਂਤਾਂ 'ਤੇ ਅਧਾਰਿਤ ਸੀ।

ਕਿਹਾ ਜਾਂਦਾ ਹੈ ਕਿ ਉਸ ਦਿਨ 30,000 ਤੋਂ ਵੱਧ ਲੋਕਾਂ ਨੇ ਅੰਮ੍ਰਿਤ ਪਾਨ ਕੀਤਾ ਅਤੇ ਖ਼ਾਲਸੇ ਵਿੱਚ ਸ਼ਾਮਲ ਹੋਏ।

**ਖ਼ਾਲਸਾ ਅਤੇ ਆਜ਼ਾਦੀ ਦੀ ਰਾਖੀ**

ਖ਼ਾਲਸੇ ਦੀ ਸਿਰਜਣਾ ਨੇ ਸਿੱਖ ਪਛਾਣ ਨੂੰ ਬਦਲ ਦਿੱਤਾ। ਖ਼ਾਲਸੇ ਦੇ ਮੈਂਬਰਾਂ ਤੋਂ ਨਿਆਂ ਬਹਾਲ ਰੱਖਣ, ਜ਼ੁਲਮ ਦਾ ਟਾਕਰਾ ਕਰਨ ਅਤੇ ਕਮਜ਼ੋਰਾਂ ਦੀ ਰੱਖਿਆ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਸਮੇਂ ਦੇ ਨਾਲ, ਖ਼ਾਲਸੇ ਨੇ ਮੁਗਲ ਸ਼ਾਸਨ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਅਤੇ ਬਾਅਦ ਵਿੱਚ ਖੈਬਰ ਦਰੇ ਰਾਹੀਂ ਉੱਤਰ-ਪੱਛਮ ਤੋਂ ਹੋਣ ਵਾਲੇ ਹਮਲਿਆਂ ਨੂੰ ਰੋਕਣ ਵਿੱਚ ਵੱਡੀ ਭੂਮਿਕਾ ਨਿਭਾਈ।

**ਖ਼ਾਲਸੇ ਦੇ ਜਨਮ ਦਾ ਜਸ਼ਨ**

ਖ਼ਾਲਸੇ ਦਾ ਜਨਮ ਹਰ ਸਾਲ ਵਿਸਾਖੀ 'ਤੇ ਮਨਾਇਆ ਜਾਂਦਾ ਹੈ, ਜੋ ਆਧੁਨਿਕ ਕੈਲੰਡਰ ਅਨੁਸਾਰ 14 ਅਪ੍ਰੈਲ ਨੂੰ ਆਉਂਦੀ ਹੈ। ਦੁਨੀਆ ਭਰ ਦੇ ਸਿੱਖ ਇਸ ਦਿਨ ਨੂੰ ਇੱਕ ਪਵਿੱਤਰ ਅਤੇ ਖੁਸ਼ੀ ਦੇ ਮੌਕੇ ਵਜੋਂ ਮਨਾਉਂਦੇ ਹਨ, ਜੋ 1699 ਵਿੱਚ ਸਥਾਪਿਤ ਕੀਤੇ ਗਏ ਸਾਹਸ, ਸਮਾਨਤਾ ਅਤੇ ਅਧਿਆਤਮਿਕ ਆਜ਼ਾਦੀ ਦੇ ਮੁੱਲਾਂ ਦਾ ਸਤਿਕਾਰ ਕਰਦੇ ਹਨ।

**ਮੁੱਖ ਵਿਸ਼ਲੇਸ਼ਣ ਨੋਟਸ**

**ਸਰਬ-ਭਾਰਤੀ ਸਰੂਪ:** ਪੰਜ ਪਿਆਰੇ ਲਾਹੌਰ, ਹਸਤਿਨਾਪੁਰ, ਪੁਰੀ, ਦੁਆਰਕਾ ਅਤੇ ਬਿਦਰ ਤੋਂ ਆਏ ਸਨ—ਇਹ ਭੂਗੋਲਿਕ ਫੈਲਾਅ ਦਰਸਾਉਂਦਾ ਹੈ ਕਿ ਖ਼ਾਲਸਾ ਕਿਸੇ ਇੱਕ ਖੇਤਰ ਦਾ ਨਹੀਂ, ਸਗੋਂ ਪੂਰੇ ਭਾਰਤ ਦਾ ਪ੍ਰਤੀਕ ਸੀ।

**ਜਾਤ-ਪਾਤ ਵਿਰੋਧੀ ਕ੍ਰਾਂਤੀ:** ਗੁਰੂ ਗੋਬਿੰਦ ਸਿੰਘ ਜੀ ਨੇ ਵੱਖ-ਵੱਖ ਜਾਤੀ ਪਿਛੋਕੜਾਂ—ਵਪਾਰੀ, ਕਿਸਾਨ, ਪਾਣੀ ਢੋਣ ਵਾਲੇ, ਧੋਬੀ ਅਤੇ ਨਾਈ—ਤੋਂ ਬੰਦਿਆਂ ਦੀ ਚੋਣ ਕਰਕੇ ਜਾਤ-ਪਾਤ ਦੇ ਭੇਦਭਾਵ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ।

**ਖ਼ਾਲਸਾ ਆਦਰਸ਼ਾਂ ਦਾ ਪ੍ਰਗਟਾਵਾ:** ਉਹ ਪਹਿਲੇ ਅੰਮ੍ਰਿਤਧਾਰੀ ਸਿੱਖ ਸਨ ਜਿਨ੍ਹਾਂ ਨੇ ਬਾਅਦ ਵਿੱਚ ਗੁਰੂ ਜੀ ਨੂੰ ਖੁਦ ਅੰਮ੍ਰਿਤ ਛਕਾਇਆ, ਜਿਸ ਨਾਲ ਉੱਚ-ਨੀਚ ਦਾ ਭੇਦ ਮਿਟ ਗਿਆ ਅਤੇ ਖ਼ਾਲਸਾ ਇੱਕ ਪ੍ਰਭੂਸੱਤਾ ਸੰਪੰਨ ਜਥੇਬੰਦੀ ਵਜੋਂ ਸਥਾਪਿਤ ਹੋਇਆ।

**ਸੈਨਿਕ ਅਤੇ ਰਾਜਨੀਤਿਕ ਭੂਮਿਕਾ:** ਪੰਜੇ ਪਿਆਰਿਆਂ ਨੇ ਗੁਰੂ ਜੀ ਦੀਆਂ ਜੰਗਾਂ ਵਿੱਚ ਹਿੱਸਾ ਲਿਆ; ਤਿੰਨ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਅਤੇ ਦੋ ਨਾਂਦੇੜ ਵਿਖੇ ਗੁਰੂ ਜੀ ਦੇ ਨਾਲ ਸਨ, ਜਿਨ੍ਹਾਂ ਨੇ ਆਪਣਾ ਜੀਵਨ ਖ਼ਾਲਸੇ ਦੀ ਅਜ਼ਾਦੀ ਦੇ ਸੰਘਰਸ਼ ਲੇਖੇ ਲਾਇਆ।

# ‘ਆਪ’ ਨੂੰ ਵੱਡਾ ਝਟਕਾ: ਰਾਜ ਸਭਾ ਦੇ 7 ਮੈਂਬਰ ਭਾਜਪਾ ’ਚ ਸ਼ਾਮਲ; ਚੇਅਰਮੈਨ ਨੇ ਰਲੇਵੇਂ ਨੂੰ ਦਿੱਤੀ ਮਾਨਤਾ

## ਭਾਜਪਾ ਦੀ ਗਿਣਤੀ ਵਧ ਕੇ 113 ਹੋਈ



ਨਵੀਂ ਦਿੱਲੀ : ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (AAP) ਨੂੰ ਅੱਜ ਉਸ ਵੇਲੇ ਵੱਡਾ ਸਿਆਸੀ ਝਟਕਾ ਲੱਗਾ ਜਦੋਂ ਰਾਜ ਸਭਾ ਦੇ ਚੇਅਰਮੈਨ ਸੀ.ਪੀ. ਰਾਧਾਕ੍ਰਿਸ਼ਨਨ ਨੇ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਦੇ ਭਾਜਪਾ ਵਿੱਚ ਰਲੇਵੇਂ ਨੂੰ ਅਧਿਕਾਰਤ ਤੌਰ ’ਤੇ ਪ੍ਰਵਾਨਗੀ ਦੇ ਦਿੱਤੀ। ਇਸ ਫੈਸਲੇ ਨਾਲ ਰਾਜ ਸਭਾ ਵਿੱਚ ‘ਆਪ’ ਦੀ ਗਿਣਤੀ 10 ਤੋਂ ਘਟ ਕੇ ਸਿਰਫ਼ 3 ਰਹਿ ਗਈ ਹੈ, ਜਦੋਂਕਿ ਭਾਜਪਾ ਦੀ ਤਾਕਤ 106 ਤੋਂ ਵਧ ਕੇ 113 ਹੋ ਗਈ ਹੈ। ਰਾਜ ਸਭਾ ਦੀ ਵੈੱਬਸਾਈਟ ਅਨੁਸਾਰ, ਹੁਣ ਸਦਨ ਵਿੱਚ ਸੱਤਾਧਾਰੀ ਐਨਡੀਏ (NDA) ਦੀ ਕੁੱਲ ਗਿਣਤੀ 141 ਤੋਂ ਵਧ ਕੇ 148 ਹੋ ਗਈ ਹੈ। ਭਾਜਪਾ ਹੁਣ ਉਪਰਲੇ ਸਦਨ ਵਿੱਚ 123 ਦੇ ਬਹੁਮਤ ਦੇ ਅੰਕੜੇ ਦੇ ਬਹੁਤ ਨੇੜੇ ਪਹੁੰਚ ਗਈ ਹੈ। ਸੂਤਰਾਂ ਅਨੁਸਾਰ, ਚੇਅਰਮੈਨ ਨੇ ਇਹ ਫੈਸਲਾ ਸੰਵਿਧਾਨ ਦੀ ਦਸਵੀਂ ਅਨੁਸੂਚੀ (ਦਲ-ਬਦਲੀ ਵਿਰੋਧੀ ਕਾਨੂੰਨ) ਤਹਿਤ ਲਿਆ ਹੈ, ਜੋ ਕਿ ਦੋ-ਤਿਹਾਈ ਮੈਂਬਰਾਂ ਦੇ ਇਕੱਠੇ ਜਾਣ ’ਤੇ ਰਲੇਵੇਂ ਦੀ ਇਜਾਜ਼ਤ ਦਿੰਦਾ ਹੈ।

ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸੱਤ ਸਾਂਸਦਾਂ ਵਿੱਚ ਰਾਘਵ ਚੱਢਾ, ਸੰਦੀਪ ਪਾਠਕ, ਸਵਾਤੀ ਮਾਲੀਵਾਲ, ਹਰਭਜਨ ਸਿੰਘ, ਵਿਕਰਮਜੀਤ ਸਿੰਘ ਸਾਹਨੀ, ਅਸ਼ੋਕ ਮਿੱਤਲ ਅਤੇ ਰਾਜਿੰਦਰ ਗੁਪਤਾ ਸ਼ਾਮਲ ਹਨ। ਇਹ ਸਾਰੇ ਮੈਂਬਰ ’ਆਪ’ ਦੀ ਰਾਜ ਸਭਾ ਇਕਾਈ ਦੀ ਕੁੱਲ ਤਾਕਤ ਦਾ ਦੋ-ਤਿਹਾਈ ਹਿੱਸਾ ਬਣਦੇ ਹਨ, ਜਿਸ ਕਾਰਨ ਇਨ੍ਹਾਂ ਦੀ ਮੈਂਬਰਸ਼ਿਪ ਰੱਦ ਹੋਣ ਤੋਂ ਬਚ ਗਈ ਹੈ।

# ਭਾਜਪਾ ਲਈ ਰਾਘਵ ਚੱਢਾ ਨਾਲੋਂ ਸੰਦੀਪ ਪਾਠਕ ਕਿਉਂ ਹਨ ‘ਅਹਿਮ’ ?

## ਚੱਢਾ ਕੋਲ ‘ਗਲੈਮਰ’ ਪਰ ਪਾਠਕ ਕੋਲ ‘ਆਪ’ ਦਾ ਜਥੇਬੰਦਕ ਢਾਂਚਾ

ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਲਈ ਰਾਘਵ ਚੱਢਾ ਦਾ ਸਾਥ ਛੱਡਣਾ ਉਨ੍ਹਾਂ ਚਿੰਤਾਜਨਕ ਨਹੀਂ ਹੈ, ਜਿੰਨਾ ਸ਼ਾਂਤ ਅਤੇ ਪਰਦੇ ਦੇ ਪਿੱਛੇ ਰਹਿ ਕੇ ਕੰਮ ਕਰਨ ਵਾਲੇ ਸੰਦੀਪ ਪਾਠਕ ਦਾ ਪਾਰਟੀ ਤੋਂ ਕਿਨਾਰਾ ਕਰਨਾ। ਸਿਆਸੀ ਮਾਹਿਰਾਂ ਅਤੇ ਖ਼ੁਦ ‘ਆਪ’ ਦੇ ਅੰਦਰੂਨੀ ਹਲਕਿਆਂ ਵਿੱਚ ਇਹ ਚਰਚਾ ਆਮ ਹੈ ਕਿ ਰਾਘਵ ਚੱਢਾ ਭਾਜਪਾ ਲਈ ਸਿਰਫ਼ ‘ਚਮਕ-ਦਮਕ’ (ਗਲੈਮਰ) ਲਿਆ ਸਕਦੇ ਹਨ, ਪਰ ਸੰਦੀਪ ਪਾਠਕ ਉਹ ਸ਼ਖ਼ਸ



ਹਨ ਜੋ ‘ਆਪ’ ਦੀ ਪੂਰੀ ਜਥੇਬੰਦਕ ਰਣਨੀਤੀ ਆਪਣੇ ਨਾਲ ਲੈ ਕੇ ਗਏ ਹਨ।

ਰਾਘਵ ਚੱਢਾ ਵੱਲੋਂ 63 ਵਿਧਾਇਕਾਂ ਦੇ ਸਮਰਥਨ ਦਾ ਦਾਅਵਾ ਫਿਲਹਾਲ ‘ਆਪ’ ਦੀ ਹਾਈਕਮਾਂਡ ਨੂੰ ਬਹੁਤਾ ਪ੍ਰੇਸ਼ਾਨ ਨਹੀਂ ਕਰ ਰਿਹਾ। ਪਾਰਟੀ ਦਾ ਮੰਨਣਾ ਹੈ ਕਿ ਇੰਨੇ ਵੱਡੇ ਪੱਧਰ ’ਤੇ ਦਲ-ਬਦਲੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ। ਸਗੋਂ, ਚੱਢਾ ਦੇ ਇਸ ਦਾਅਵੇ ਨੇ ਵਿਧਾਇਕਾਂ ਦੀ ਸਥਿਤੀ ਮਜ਼ਬੂਤ ਕਰ ਦਿੱਤੀ ਹੈ। ਹੁਣ ਪਾਰਟੀ ਵਿਧਾਇਕਾਂ ਨੂੰ ਜੋੜੀ ਰੱਖਣ ਲਈ ਉਨ੍ਹਾਂ ’ਤੇ ਪਾਇਆ ਜਾਣ ਵਾਲਾ ‘ਵਾਲੰਟੀਅਰਾਂ ਅਤੇ ਹਲਕਾ ਇੰਚਾਰਜਾਂ’ ਦਾ ਦਬਾਅ ਘਟਾ ਸਕਦੀ ਹੈ, ਜਿਸ ਨਾਲ ਵਿਧਾਇਕਾਂ ਨੂੰ ਆਪਣੇ ਹਲਕਿਆਂ ਵਿੱਚ ਕੰਮ ਕਰਨ ਦੀ ਵਧੇਰੇ ਖੁੱਲ੍ਹ ਮਿਲ ਸਕਦੀ ਹੈ।

**ਪਾਠਕ: ਭਾਜਪਾ ਲਈ ‘ਮਾਸਟਰਮਾਈਂਡ’ :** ਭਾਜਪਾ ਲਈ ਸੰਦੀਪ ਪਾਠਕ ਇਸ ਲਈ ‘ਕੀਮਤੀ’ ਹਨ ਕਿਉਂਕਿ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਹਨ। ਸਾਲ 2022 ਦੀਆਂ ਚੋਣਾਂ ਦੌਰਾਨ ‘ਆਪ’ ਦੇ ਜਥੇਬੰਦਕ ਢਾਂਚੇ ਨੂੰ ਜ਼ੀਰੋ ਤੋਂ ਖੜ੍ਹਾ ਕਰਨ ਵਾਲੇ ਪਾਠਕ ਹੀ ਸਨ। ਉਹ ਪਾਰਟੀ ਦੀਆਂ ਉਨ੍ਹਾਂ ਨੀਂਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਜਿਨ੍ਹਾਂ ’ਤੇ ‘ਆਪ’ ਖੜ੍ਹੀ ਹੈ। ਹੁਣ ਭਾਜਪਾ ਉਨ੍ਹਾਂ ਦੀ ਵਰਤੋਂ ‘ਆਪ’ ਦੀ ਉਸੇ ਨੀਂਹ ਨੂੰ ਹਿਲਾਉਣ ਅਤੇ ਪਾਰਟੀ ਦੇ ਜਥੇਬੰਦਕ ਬਲਾਕਾਂ ਨੂੰ ਭਾਜਪਾ ਦੀ ਚੋਣ ਮੁਹਿੰਮ ਲਈ ਵਰਤਣ ਵਿੱਚ ਕਰੇਗੀ।

**ਵਿਧਾਇਕਾਂ ਦੀ ਵੁੱਕਤ ਵਧਣ ਦੇ ਆਸਾਰ :** ਆਪਣੇ ਵਿਧਾਇਕਾਂ ਨੂੰ ਭਾਜਪਾ ਦੀ ‘ਸੰਨ੍ਹ’ ਤੋਂ ਬਚਾਉਣ ਲਈ ਹੁਣ ‘ਆਪ’ ਲੀਡਰਸ਼ਿਪ ਨੂੰ ਆਪਣੀਆਂ ਪੁਰਾਣੀਆਂ ਯੋਜਨਾਵਾਂ ਵਿੱਚ ਬਦਲਾਅ ਕਰਨਾ ਪਵੇਗਾ। ਪਹਿਲਾਂ ਚਰਚਾ ਸੀ ਕਿ ਪਾਰਟੀ ਵੱਡੀ ਗਿਣਤੀ ਵਿੱਚ ਮੌਜੂਦਾ ਵਿਧਾਇਕਾਂ ਦੀਆਂ ਟਿਕਟਾਂ ਕੱਟ ਸਕਦੀ ਹੈ, ਪਰ ਹੁਣ ਬਗ਼ਾਵਤ ਦੇ ਡਰੋਂ ਪਾਰਟੀ ਨੂੰ ਇਨ੍ਹਾਂ ਵਿਧਾਇਕਾਂ ਪ੍ਰਤੀ ਨਰਮ ਰੁਖ਼ ਅਪਣਾਉਣਾ ਪਵੇਗਾ। ਕੁੱਲ ਮਿਲਾ ਕੇ, ਸੰਦੀਪ ਪਾਠਕ ਦਾ ਜਾਣਾ ‘ਆਪ’ ਲਈ ਸਿਰਫ਼ ਆਗੂ ਦਾ ਜਾਣਾ ਨਹੀਂ, ਸਗੋਂ ਆਪਣੇ ਪੂਰੇ ‘ਸਿਸਟਮ’ ਨੂੰ ਖ਼ਤਰੇ ਵਿੱਚ ਪਾਉਣ ਵਾਂਗ ਹੈ।

# ਮੈਨੂੰ ਵੀ ਆਇਆ ਸੀ ਫੋਨ ਪਰ ਮੈਂ ਨਾਂਹ ਕਰ ਦਿੱਤੀ: ਸੰਤ ਸੀਚੇਵਾਲ

ਚੰਡੀਗੜ੍ਹ : ‘ਆਪ’ ਦੇ ਸੰਸਦ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਐਤਵਾਰ ਨੂੰ ਦਾਅਵਾ ਕੀਤਾ ਕਿ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਜੋ ਸ਼ੁੱਕਰਵਾਰ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸੱਤ ਸੰਸਦ ਮੈਂਬਰਾਂ ਵਿੱਚੋਂ ਇੱਕ ਹਨ, ਨੇ ਉਨ੍ਹਾਂ ਨੂੰ ‘ਆਜ਼ਾਦ ਗਰੁੱਪ’ ਵਿੱਚ ਸ਼ਾਮਲ ਹੋਣ ਲਈ ਸੰਪਰਕ ਕੀਤਾ ਸੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ।

ਵਾਤਾਵਰਣ ਪ੍ਰੇਮੀ ਅਤੇ ਪੰਜਾਬ ਤੋਂ ‘ਆਪ’ ਦੇ ਰਾਜ ਸਭਾ ਮੈਂਬਰ ਸੀਚੇਵਾਲ ਨੇ ਸੱਤ ਸੰਸਦ ਮੈਂਬਰਾਂ ਵੱਲੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਛੱਡਣ ਦੇ ਅਚਾਨਕ ਫੈਸਲੇ ’ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਂਬਰਾਂ ਨੇ ‘ਆਪ’ ਨਾਲ ‘ਧੋਖਾ’ ਕੀਤਾ ਹੈ, ਜਿਸ ਨੇ ਉਨ੍ਹਾਂ ਨੂੰ ਪੰਜਾਬ ਦੇ ਮੁੱਦੇ ਚੁੱਕਣ ਲਈ ਉਪਰਲੇ ਸਦਨ ਵਿੱਚ ਭੇਜਿਆ ਸੀ।



ਸੀਚੇਵਾਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸ਼ੁੱਕਰਵਾਰ ਸਵੇਰੇ ਸਾਹਨੀ ਦਾ ਫੋਨ ਆਇਆ ਸੀ, ਜਿਸ ਵਿੱਚ ਉਨ੍ਹਾਂ ਨੂੰ ਇੱਕ ਨਵੇਂ ਬਣ ਰਹੇ ਗਰੁੱਪ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ, ਜਿਸ ਵਿੱਚ ਪਹਿਲਾਂ ਹੀ 6-7 ਰਾਜ ਸਭਾ ਮੈਂਬਰਾਂ ਨੇ ਦਸਤਖਤ ਕਰ ਦਿੱਤੇ ਸਨ। ਸਾਹਨੀ ਨੇ ਉਨ੍ਹਾਂ ਨੂੰ ਕਿਹਾ ਕਿ ਪੰਜਾਬ ਦੇ ਮੁੱਦੇ ਚੁੱਕਣ ਲਈ ਇੱਕ ‘ਆਜ਼ਾਦ ਗਰੁੱਪ’ ਬਣਾਇਆ ਜਾ ਰਿਹਾ ਹੈ, ਪਰ ਸੀਚੇਵਾਲ ਨੇ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਦਾ ਅਜਿਹੇ ਕਿਸੇ ਗਰੁੱਪ ਵਿੱਚ ਸ਼ਾਮਲ ਹੋਣ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਨੇ ਬਾਅਦ ਵਿੱਚ ਮੀਡੀਆ ਰਾਹੀਂ ਇਨ੍ਹਾਂ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀ ਖ਼ਬਰ ਸੁਣੀ।

ਸੀਚੇਵਾਲ ਨੇ ਰਾਘਵ ਚੱਢਾ ਅਤੇ ਸੰਦੀਪ ਪਾਠਕ ’ਤੇ ਵੀ ਨਿਸ਼ਾਨਾ ਸੇਧਿਆ ਅਤੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਵਿੱਚ ਸਾਰੀਆਂ ਸ਼ਕਤੀਆਂ ਦਾ ਆਨੰਦ ਮਾਣਿਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕਦੇ ਵੀ ਸਦਨ ਵਿੱਚ ਕਿਸੇ ਬਿੱਲ ’ਤੇ ਬੋਲਣ ਨਹੀਂ ਦਿੱਤਾ ਗਿਆ, ਕਿਉਂਕਿ ਹਮੇਸ਼ਾ ਚੱਢਾ ਅਤੇ ਪਾਠਕ ਹੀ ਬੋਲਦੇ ਸਨ ਅਤੇ ਉਹ ਸਿਰਫ਼ ਜ਼ੀਰੋ ਆਵਰ ਦੌਰਾਨ ਹੀ ਮੁੱਦੇ ਚੁੱਕਦੇ ਸਨ।

# ਅਰਵਿੰਦ ਕੇਜਰੀਵਾਲ ਅਤੇ ‘ਆਪ’ ਲੀਡਰਸ਼ਿਪ ਰਾਜਘਾਟ ਨਤਮਸਤਕ; ਮਹਾਤਮਾ ਗਾਂਧੀ ਨੂੰ ਭੇਟ ਕੀਤੀ ਸ਼ਰਧਾਂਜਲੀ

ਨਵੀਂ ਦਿੱਲੀ, (ਸਾਡੇ ਲੋਕ ਬਿਊਰੋ) : ਆਮ ਆਦਮੀ ਪਾਰਟੀ (AAP) ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਦਿੱਲੀ ਸਥਿਤ ਰਾਜਘਾਟ ਪਹੁੰਚ ਕੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।



**ਸੀਨੀਅਰ ਆਗੂਆਂ ਦੀ ਮੌਜੂਦਗੀ:** ਇਸ ਮੌਕੇ ਕੇਜਰੀਵਾਲ ਦੇ ਨਾਲ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਆਤਿਸ਼ੀ ਅਤੇ ਪਾਰਟੀ ਦੇ ਹੋਰ ਪ੍ਰਮੁੱਖ ਵਿਧਾਇਕ ਤੇ ਅਹੁਦੇਦਾਰ ਮੌਜੂਦ ਸਨ।

**ਸ਼ਾਂਤੀ ਅਤੇ ਅਹਿੰਸਾ ਦਾ ਸੰਦੇਸ਼:** ਰਾਜਘਾਟ ਵਿਖੇ ਪਹੁੰਚ ਕੇ ‘ਆਪ’ ਵਫ਼ਦ ਨੇ ਮਹਾਤਮਾ ਗਾਂਧੀ ਦੀ ਸਮਾਧੀ ’ਤੇ ਫੁੱਲ ਮਾਲਾਵਾਂ ਭੇਟ ਕੀਤੀਆਂ ਅਤੇ ਕੁਝ ਸਮਾਂ ਮੌਨ ਰਹਿ ਕੇ ਉਨ੍ਹਾਂ ਦੇ ਦਰਸਾਏ ਮਾਰਗ ’ਤੇ ਚੱਲਣ ਦਾ ਪ੍ਰਣ ਲਿਆ।

**ਸਿਆਸੀ ਮਹੱਤਵ:** ਮੌਜੂਦਾ ਸਿਆਸੀ ਚੁਣੌਤੀਆਂ ਦਰਮਿਆਨ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਦੀ ਇਸ ਫੇਰੀ ਨੂੰ ਸੱਚ ਅਤੇ ਅਹਿੰਸਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪਾਰਟੀ ਆਗੂਆਂ ਅਨੁਸਾਰ, ਉਹ ਗਾਂਧੀ ਜੀ ਦੀਆਂ ਸਿੱਖਿਆਵਾਂ ਨੂੰ ਅਧਾਰ ਬਣਾ ਕੇ ਲੋਕ ਹਿੱਤ ਵਿੱਚ ਆਪਣਾ ਸੰਘਰਸ਼ ਜਾਰੀ ਰੱਖਣਗੇ।

ਰਾਜਘਾਟ ਦੇ ਬਾਹਰ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਪਾਰਟੀ ਆਗੂਆਂ ਨੇ ਸੰਵਿਧਾਨ ਦੀ ਰਾਖੀ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੀ ਵਚਨਬੱਧਤਾ ਦੁਹਰਾਈ।

# ਪੁਲਿਸ ਨੇ ਮਹਿਲਾ ਭਾਜਪਾ ਆਗੂਆਂ ਨੂੰ ਹਿਰਾਸਤ ’ਚ ਲਿਆ

## ਭਾਜਪਾ ਮਹਿਲਾ ਮੋਰਚੇ ਦੇ ਕਾਰਕੁਨਾਂ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਲਈ ਜਾਣ ਤੋਂ ਪਹਿਲਾਂ ਰੋਕਿਆ

ਚੰਡੀਗੜ੍ਹ : ਕੇਂਦਰ ਸਰਕਾਰ ਵੱਲੋਂ ਰਾਜਨੀਤੀ ਵਿੱਚ ਮਹਿਲਾਵਾਂ ਨੂੰ 33 ਫ਼ੀਸਦੀ ਰਾਖਵਾਂਕਰਨ ਦੇਣ ਲਈ ਲੋਕ ਸਭਾ ਵਿੱਚ ਲਿਆਂਦੇ ਮਹਿਲਾ ਰਾਖਵਾਂਕਰਨ ਬਿੱਲ ਦੇ ਡਿੱਗਣ ਤੋਂ ਬਾਅਦ ਮਹਿਲਾ ਭਾਜਪਾ ਦੀਆਂ ਆਗੂ ਵਿਰੋਧੀ ਧਿਰਾਂ ਖ਼ਿਲਾਫ਼ ਸੜਕਾਂ ’ਤੇ ਉਤਰ ਆਈਆਂ ਹਨ। ਅੱਜ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਭਾਜਪਾ ਮਹਿਲਾ ਮੋਰਚਾ ਵੱਲੋਂ ਚੰਡੀਗੜ੍ਹ ਵਿੱਚ ‘ਆਪ’ ਖ਼ਿਲਾਫ਼ ਮੁਜ਼ਾਹਰਾ ਕੀਤਾ ਗਿਆ।




ਇਸ ਦੌਰਾਨ ਭਾਜਪਾ ਦੀ ਮਹਿਲਾ ਆਗੂਆਂ ਨੇ ਸੈਕਟਰ 37 ਸਥਿਤ ਪੰਜਾਬ ਭਾਜਪਾ ਦਫ਼ਤਰ ਦੇ ਬਾਹਰ ਇਕੱਠੇ ਹੋ ਕੇ ‘ਆਪ’ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਮਹਿਲਾ ਭਾਜਪਾ ਆਗੂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਦਾ ਘਿਰਾਓ ਕਰਨ ਲਈ ਅੱਗੇ ਵਧੀਆਂ ਤਾਂ ਕੁਝ ਦੂਰੀ ’ਤੇ ਪੁਲੀਸ ਨੇ ਉਨ੍ਹਾਂ ਨੂੰ ਰੋਕ ਦਿੱਤਾ। ਪੁਲੀਸ ਅਤੇ ਮੁਜ਼ਾਹਰਾਕਾਰੀਆਂ ਵਿਚਕਾਰ ਖਿੱਚ-ਧੂਹ ਹੋਈ ਅਤੇ ਚੰਡੀਗੜ੍ਹ ਪੁਲੀਸ ਨੇ ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਜੈ ਇੰਦਰ ਕੌਰ, ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ, ਮੋਹਿੰਦਰ ਕੌਰ ਜੋਸ਼ ਅਤੇ ਮੋਨਾ ਜੈਸਵਾਲ ਸਣੇ ਕਈ ਭਾਜਪਾ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ। ਭਾਜਪਾ ਮਹਿਲਾ ਮੋਰਚਾ ਨੇ ਮਹਿਲਾਵਾਂ ਦੇ ਅਧਿਕਾਰੀਆਂ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਜੈ ਇੰਦਰ ਕੌਰ ਨੇ ਮਹਿਲਾ ਰਾਖਵਾਂਕਰਨ ਬਿੱਲ ਰੋਕਣ ਨੂੰ ਲੋਕਤੰਤਰ ਲਈ ‘ਕਾਲਾ ਦਿਨ’ ਗਰਦਾਨਿਆ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ‘ਆਪ’ ਨੇ ਹਮੇਸ਼ਾ ਮਹਿਲਾਵਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਦੇਖਿਆ ਹੈ ਪਰ ਉਨ੍ਹਾਂ ਨੂੰ ਢੁੱਕਵੀਂ ਨੁਮਾਇੰਦਗੀ ਦੇਣ ਵਿੱਚ ਅਸਫ਼ਲ ਰਹੀਆਂ ਹਨ। ਕਾਂਗਰਸ ਗੱਠਜੋੜ ਮਹਿਲਾਵਾਂ ਦੇ ਵਧਦੇ ਰਾਜਨੀਤਕ ਸਸ਼ਕਤੀਕਰਨ ਤੋਂ ਡਰਦਾ ਨਜ਼ਰ ਆ ਰਿਹਾ ਹੈ। ਦੇਸ਼ ਭਰ ਦੀਆਂ ਮਹਿਲਾਵਾਂ ਇਸ ਅਪਮਾਨ ਦਾ ਵਿਰੋਧੀ ਧਿਰਾਂ ਨੂੰ ਕਰਾਰਾ ਜਵਾਬ ਦੇਣਗੀਆਂ। ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਨੇ ਸਾਰੇ ਰਾਜਨੀਤਕ ਦਲਾਂ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਦੇਸ਼ ਦੀ ਅੱਧੀ ਆਬਾਦੀ ਦੀ ਹਮਾਇਤ ’ਚ ਡਟਣ ਦੀ ਅਪੀਲ ਕੀਤੀ।

# ਪੰਜਾਬ ’ਚ ਵੱਖ-ਵੱਖ ਥਾਵਾਂ ’ਤੇ 7 ਰਾਜ ਸਭਾ ਮੈਂਬਰਾਂ ਦੇ ਪੁਤਲੇ ਫੂਕੇ

## ਮੌਕਾਪ੍ਰਸਤਾਂ ਨੂੰ ਲੋਕ ਬਖ਼ਸ਼ਣਗੇ ਨਹੀਂ : ਡਿਪਟੀ ਸਪੀਕਰ



ਗੜ੍ਹਸ਼ੰਕਰ : ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ‘ਆਪ’ ਆਗੂਆਂ ਖ਼ਿਲਾਫ਼ ਅੱਜ ਗੜ੍ਹਸ਼ੰਕਰ ਦੇ ਬੰਗਾ ਚੌਕ ਵਿੱਚ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਵਰਕਰਾਂ ਨੇ ਦੋਸ਼ ਲਗਾਇਆ ਕਿ ਜਿਹੜੇ ਆਗੂਆਂ ’ਤੇ ਪਾਰਟੀ ਨੇ ਭਰੋਸਾ ਕੀਤਾ, ਉਨ੍ਹਾਂ ਨੇ ਆਪਣੇ ਨਿੱਜੀ ਲਾਭ ਲਈ ਪਾਰਟੀ ਛੱਡ ਕੇ ਲੋਕਾਂ ਨਾਲ ਧੋਖਾ ਕੀਤਾ ਹੈ। ਡਿਪਟੀ ਸਪੀਕਰ ਸ੍ਰੀ ਰੌੜੀ ਨੇ ਕਿਹਾ ਕਿ ਕੁਝ ਆਗੂ ਸਿਰਫ ਸੱਤਾ ਦੇ ਲਾਲਚ ਵਿੱਚ ਪਾਰਟੀਆਂ ਬਦਲ ਰਹੇ ਹਨ, ਜੋ ਲੋਕਤੰਤਰ ਅਤੇ ਲੋਕਾਂ ਦੇ ਭਰੋਸੇ ਨਾਲ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੌਕਾਪਰਸਤ ਆਗੂਆਂ ਨੂੰ ਆਉਣ ਵਾਲੇ ਸਮੇਂ ਵਿੱਚ ਲੋਕ ਠੋਕਵਾਂ ਜਵਾਬ ਦੇਣਗੇ। ਅੰਤ ਵਿੱਚ ਸਾਰੇ ਵਰਕਰਾਂ ਨੇ ਇਕਜੁਟਤਾ ਦਾ ਸੰਦੇਸ਼ ਦਿੰਦਿਆਂ ਪਾਰਟੀ ਦੀ ਮਜ਼ਬੂਤੀ ਲਈ ਹੋਰ ਜ਼ੋਰ ਸ਼ੋਰ ਨਾਲ ਕੰਮ ਕਰਨ ਦਾ ਸੰਕਲਪ ਲਿਆ। ਇਸ ਮੌਕੇ ਸਮੂਹ ਵਿੰਗਾਂ ਦੇ ਅਹੁਦੇਦਾਰ ਅਤੇ ਪਾਰਟੀ ਵਰਕਰ ਹਾਜ਼ਰ ਸਨ।

## ਮਨੀਸ਼ ਸਿਸੋਦੀਆ ਵਲੋਂ ਜਲੰਧਰ ’ਚ ਪਾਰਟੀ ਦੇ ਆਬਜ਼ਰਵਰ ਸਿਸਟਮ ਦੀ ਸਮੀਖਿਆ



ਜਲੰਧਰ (ਪੰਜਾਬ): ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਜਲੰਧਰ ਵਿੱਚ ਪਾਰਟੀ ਦੇ ਆਬਜ਼ਰਵਰ ਸਿਸਟਮ ਦੀ ਸਮੀਖਿਆ ਕਰਦਿਆਂ ਵਿਰੋਧੀਆਂ ’ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ‘ਆਪ’ ਨੇ ਪਿਛਲੇ 4 ਸਾਲਾਂ ਵਿੱਚ ਜੋ ਵਿਕਾਸ ਕਾਰਜ ਕੀਤੇ ਹਨ, ਉਹ ਹੋਰ ਪਾਰਟੀਆਂ ਆਪਣੇ 75 ਸਾਲਾਂ ਦੇ ਰਾਜ ਵਿੱਚ ਵੀ ਨਹੀਂ ਕਰ ਸਕੀਆਂ।

**ਆਬਜ਼ਰਵਰ ਸਿਸਟਮ ਦੀ ਸਫਲਤਾ:** ਸਿਸੋਦੀਆ ਨੇ ਦੱਸਿਆ ਕਿ ਹਰ 15 ਪਿੰਡਾਂ/ਵਾਰਡਾਂ ਵਿੱਚ ਨਿਯੁਕਤ ਆਬਜ਼ਰਵਰਾਂ ਨੇ ਜ਼ਮੀਨੀ ਪੱਧਰ ’ਤੇ ਵਰਕਰਾਂ ਅਤੇ ਸਰਕਾਰ ਵਿਚਕਾਰ ਪੁਲ ਦਾ ਕੰਮ ਕੀਤਾ ਹੈ। 2.5 ਲੱਖ ਵਲੰਟੀਅਰਾਂ ਦੀ ਮਦਦ ਨਾਲ ਪਾਰਟੀ ਨੇ ਜਨਤਾ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਸਮਝਿਆ ਹੈ।

**ਵਿਕਾਸ ਦਾ ਦਾਅਵਾ:** ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ, ਬਿਜਲੀ, ਖੇਤੀਬਾੜੀ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਸਰਕਾਰ ਦੀ ਕਾਰਗੁਜ਼ਾਰੀ ਬੇਮਿਸਾਲ ਹੈ। ਆਪ ਦੇ ਐਮ.ਐਲ.ਏ. ਸਿੱਧੇ ਤੌਰ ’ਤੇ ਜਨਤਾ ਨਾਲ ਜੁੜੇ ਹੋਏ ਹਨ, ਜੋ ਕਿ ਪਾਰਟੀ ਦੀ ਵੱਡੀ ਤਾਕਤ ਹੈ।

**ਭਾਜਪਾ ’ਤੇ ਤਿੱਖਾ ਹਮਲਾ:** ਸਿਸੋਦੀਆ ਨੇ ਭਾਜਪਾ ਨੂੰ ‘ਝੂਠੀ ਪਾਰਟੀ’ ਕਰਾਰ ਦਿੰਦਿਆਂ ਕਿਹਾ ਕਿ ਵਿਰੋਧੀਆਂ ਕੋਲ ਵਿਕਾਸ ਦਾ ਕੋਈ ਮਾਡਲ ਨਹੀਂ ਹੈ। ਉਹ ਸਿਰਫ਼ ਗੁੰਮਰਾਹਕੁੰਨ ਪ੍ਰਚਾਰ ਕਰਦੇ ਹਨ, ਜਦਕਿ ਆਮ ਆਦਮੀ ਪਾਰਟੀ ਆਪਣੇ ਕੀਤੇ ਗਏ ਕੰਮਾਂ ਦੇ ਦਮ ’ਤੇ ਅੱਗੇ ਵਧ ਰਹੀ ਹੈ।

ਮੀਟਿੰਗ ਵਿੱਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੇ ਦੂਰਦਰਸ਼ੀ ਵਿਜ਼ਨ ਦੀ ਸ਼ਲਾਘਾ ਕਰਦਿਆਂ ਪਾਰਟੀ ਵਰਕਰਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਡਟ ਕੇ ਕੰਮ ਕਰਨ ਦਾ ਸੱਦਾ ਦਿੱਤਾ ਗਿਆ।

## ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਇਕੱਲੇ ਸੀਐਮ ਭਗਵੰਤ ਮਾਨ ਨੂੰ ਹੀ ਮਿਲਣ ਦਾ ਦਿੱਤਾ ਸਮਾਂ

ਚੰਡੀਗੜ੍ਹ : ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਸੰਸਦ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਸੂਬੇ ਵਿੱਚ ਰਾਜਨੀਤਿਕ ਸਥਿਤੀ ਗਰਮਾ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹੁਣ ਇਸ ਮਾਮਲੇ ਨੂੰ ਲੈ ਕੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਗੇ। ਇਹ ਮੁਲਾਕਾਤ 5 ਮਈ ਨੂੰ ਹੋਣੀ ਤੈਅ ਹੈ। ਇਹ ਜਾਣਕਾਰੀ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਆਪਣੇ ਸੋਸ਼ਲ ਮੀਡੀਆ ਅਕਾਊਂਟ, ਐਕਸ ’ਤੇ ਇੱਕ ਪੋਸਟ ਵਿੱਚ ਦਿੱਤੀ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੇ ਸੋਸ਼ਲ ਮੀਡੀਆ ’ਤੇ ਇਕ ਪੋਸਟ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਫ਼ਤਵੇ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਕਰਨਾ ਸਾਡਾ ਫ਼ਰਜ਼ ਹੈ। ਸੀਐਮ ਮਾਨ ਨੇ ਟਵੀਟ ਕਰਦਿਆਂ ਕਿਹਾ ਕਿ ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਮਾਨਯੋਗ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਜੀ ਨੇ ਮਿਲਣ ਲਈ 5 ਮਈ, ਦੁਪਹਿਰ 12 ਵਜੇ ਦਾ ਸਮਾਂ ਦਿੱਤਾ ਹੈ। ਹਾਲਾਂਕਿ ਅਸੀਂ ਸਾਰੇ ਵਿਧਾਇਕਾਂ (MLAs) ਲਈ ਸਮਾਂ ਮੰਗਿਆ ਸੀ, ਪਰ ਮੈਨੂੰ ਇਕੱਲੇ ਨੂੰ ਹੀ ਮਿਲਣ ਦਾ ਸੱਦਾ ਮਿਲਿਆ ਹੈ। ਸੀਐਮ ਨੇ ਕਿਹਾ ਕਿ ਮੈਂ ਆਪਣੇ ਸਾਥੀ ਵਿਧਾਇਕਾਂ ਨਾਲ ਰਾਸ਼ਟਰਪਤੀ ਭਵਨ ਪਹੁੰਚਾਂਗਾ। ਮੇਰੇ ਸਾਥੀ ਵਿਧਾਇਕ ਬਾਹਰ ਰਹਿਣਗੇ ਅਤੇ ਮੈਂ ਅੰਦਰ ਜਾ ਕੇ ਸਾਰਿਆਂ ਵਲੋਂ ਪੰਜਾਬ ਦੀ ਆਵਾਜ਼ ਅਤੇ ਜਨਤਾ ਦੇ ਪੱਖ ਨੂੰ ਪੂਰੀ ਮਜ਼ਬੂਤੀ ਨਾਲ ਮਾਨਯੋਗ ਰਾਸ਼ਟਰਪਤੀ ਜੀ ਦੇ ਸਾਹਮਣੇ ਰੱਖਾਂਗਾ। ਮੁਲਾਕਾਤ ਤੋਂ ਬਾਅਦ ਅਗਲੀ ਰਣਨੀਤੀ ਸਾਂਝੀ ਕੀਤੀ ਜਾਵੇਗੀ। ਕੀਮਤੀ ਸਮਾਂ ਦੇਣ ਲਈ ਮਾਨਯੋਗ ਰਾਸ਼ਟਰਪਤੀ ਜੀ ਦਾ ਤਹਿ ਦਿਲੋਂ ਧੰਨਵਾਦ।

## ਭਾਜਪਾ ’ਚ ਸ਼ਾਮਲ ਰਾਜ ਸਭਾ ਮੈਂਬਰਾਂ ਦੇ ਪੁਤਲੇ ਫੂਕੇ

### ‘ਆਪ’ ਆਗੂਆਂ ਵੱਲੋਂ ਮੁਜ਼ਾਹਰੇ; ਪੰਜਾਬੀਆਂ ਨਾਲ ਦਗਾ ਕਮਾਉਣ ਦੇ ਦੋਸ਼ ਲਾਏ




ਸੰਗਰੂਰ/ਪਟਿਆਲਾ : ਭਾਜਪਾ ਵਿੱਚ ਸ਼ਾਮਲ ਹੋਏ ਸੱਤ ਰਾਜ ਸਭਾ ਮੈਂਬਰਾਂ ਦੇ ਪੁਤਲੇ ਫੂਕਦਿਆਂ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਸ਼ਹਿਰ ਵਿੱਚ ਜ਼ੋਰਦਾਰ ਮੁਜ਼ਾਹਰਾ ਕੀਤਾ ਗਿਆ। ਇਨ੍ਹਾਂ ਸੱਤ ਰਾਜ ਸਭਾ ਮੈਂਬਰਾਂ ਨੂੰ ਗੱਦਾਰ ਕਰਾਰ ਦਿੰਦਿਆਂ ਨਾਅਰੇਬਾਜ਼ੀ ਕੀਤੀ ਗਈ ਅਤੇ ਇਕਜੁੱਟ ਹੋ ਕੇ ਇਨ੍ਹਾਂ ਵਿਰੁੱਧ ਲੜਨ ਦਾ ਅਹਿਦ ਲਿਆ।

ਇਸ ਮੌਕੇ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ ਅਤੇ ਮਾਰਕੀਟ ਕਮੇਟੀ ਸੰਗਰੂਰ ਦੇ ਚੇਅਰਮੈਨ ਅਵਤਾਰ ਸਿੰਘ ਈਲਵਾਲ ਨੇ ਸੰਬੋਧਨ ਕੀਤਾ। ਡਾ. ਮਿੰਕੂ ਜਵੰਧਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਜਿਹੜੇ ਆਗੂਆਂ ਨੂੰ ਰਾਜ ਸਭਾ ਦੇ ਮੈਂਬਰ ਬਣਾ ਕੇ ਮਾਣ ਸਨਮਾਨ ਦਿੱਤਾ ਸੀ, ਉਨ੍ਹਾਂ ਆਗੂਆਂ ਨੇ ਜਿਥੇ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਿਆ ਹੈ ਉਥੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਵੱਡਾ ਧਰੋਹ ਕਮਾਉਣ ਵਾਲੇ ਇਨ੍ਹਾਂ ਆਗੂਆਂ ਨੂੰ ਲੋਕ ਕਦੇ ਵੀ ਮੁਆਫ਼ ਨਹੀਂ ਕਰਨਗੇ ਅਤੇ ਹਰ ਮੋੜ ’ਤੇ ਲੋਕਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਡਾ. ਜਵੰਧਾ ਨੇ ਕਿਹਾ ਕਿ ਪੰਜਾਬ ਹਮੇਸ਼ਾ ਯੋਧਿਆਂ, ਸੂਰਬੀਰਾਂ ਅਤੇ ਅਣਖੀਲੇ ਲੋਕਾਂ ਦੀ ਧਰਤੀ ਰਿਹਾ ਹੈ, ਜਿੱਥੇ ਗੱਦਾਰਾਂ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਹ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਇਨ੍ਹਾਂ ਦਾ ਅਸਲੀ ਚਿਹਰਾ ਜਨਤਾ ਦੇ ਸਾਹਮਣੇ ਨਹੀਂ ਆਉਂਦਾ। ਇਸ ਮੌਕੇ ਜ਼ਿਲ੍ਹਾ ਪਰਿਸ਼ਦ ਮੈਂਬਰ ਰਣਬੀਰ ਸਿੰਘ ਢੀਂਡਸਾ, ਸਰਪੰਚ ਦਲਜੀਤ ਸਿੰਘ ਘਰਾਚੋਂ, ਨਗਰ ਕੌਂਸਲ ਦੇ ਪ੍ਰਧਾਨ ਭੁਪਿੰਦਰ ਸਿੰਘ ਨਹਿਲ, ਅਵਤਾਰ ਸਿੰਘ ਝਨੇੜੀ, ਮਹਿਲਾ ਆਗੂ ਹਰਮਨਦੀਪ ਕੌਰ ਆਦਿ ਮੌਜੂਦ ਸਨ।

ਇਸੇ ਦੌਰਾਨ ਭਾਜਪਾ ’ਚ ਸ਼ਾਮਲ ਹੋਏ ਰਾਜ ਸਭਾ ਮੈਂਬਰਾਂ ਨੂੰ ਗੱਦਾਰ ਕਰਾਰ ਦਿੰਦਿਆਂ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਪਾਰਟੀ ਦੇ ਪਟਿਆਲਾ ਦੇ ਲੋਕ ਸਭਾ ਹਲਕੇ ਦੇ ਇੰਚਾਰਜ ਤੇ ਪੰਜਾਬ ਐਗਰੋ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ ਅਤੇ ਇੰਪਰੂਵਮੈਂਟ ਟਰੱਸਟ ਪਟਿਆਲਾ ਦੇ ਚੇਅਰਮੈਨ ਹਰਪਾਲ ਸਿੰਘ ਵਿਰਕ ਦੀ ਅਗਵਾਈ ਹੇਠ ਇਥੇ ਖੰਡਾ ਚੌਕ ’ਤੇ ਪ੍ਰਦਰਸ਼ਨ ਕਰਦਿਆਂ ਪੁਤਲੇ ਸਾੜੇ ਗਏ। ਇਸ ਤੋਂ ਪਹਿਲਾਂ ਇਨ੍ਹਾਂ ਵਰਕਰਾਂ ਨੇ ਬਲਜਿੰਦਰ ਢਿੱਲੋਂ ਦੀ ਅਗਵਾਈ ਹੇਠਾਂ ਰੋਸ ਮਾਰਚ ਵੀ ਕੀਤਾ ਤੇ ਫੇਰ ਖੰਡ ਚੌਕ ’ਚ ਪੁਤਲੇ ਸਾੜੇ। ਇਸ ਮੌਕੇ ’ਤੇ ਬੋਲਦਿਆਂ ਬਲਜਿੰਦਰ ਢਿੱਲੋਂ ਦਾ ਕਹਿਣਾ ਸੀ ਕਿ ਪੰਜਾਬ ਦੇ ਲੋਕਾਂ ਨਾਲ ਗੱਦਾਰੀ ਕਰਨ ਵਾਲੇ ਰਾਜ ਸਭਾ ਮੈਂਬਰਾਂ ਨੂੰ ਲੋਕ ਕਦੇ ਵੀ ਮੁਆਫ਼ ਨਹੀਂ ਕਰਨਗੇ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਮਾਰਕੀਟ ਕਮੇਟੀ ਦੇ ਚੇਅਰਮੈਨ ਦੀਪਕ ਸੂਦ, ਮੀਡੀਆ ਸਲਾਹਕਾਰ ਗੱਜਣ ਸਿੰਘ, ਪ੍ਰਿੰਸ ਲਾਂਬਾ, ਐੱਸ ਕੇ ਚਰਨਜੀਤ ਆਦਿ ਹਾਜ਼ਰ ਸਨ। ਇਸ ਦੌਰਾਨ ‘ਆਪ’ ਦੀ ਸ਼ਹਿਰੀ ਇਕਾਈ ਪਟਿਆਲਾ ਵੱਲੋਂ ਵੀ ਸ਼ਹਿਰੀ ਪ੍ਰਧਾਨ ਤੇਜਿੰਦਰ ਮਹਿਤਾ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਸੰਘਣੇ ਬਾਜ਼ਾਰ ਅਨਾਰ ਦਾਣਾ ਚੌਕ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪਟਿਆਲਾ ਸ਼ਹਿਰੀ ਹਲਕੇ ਤੋਂ ‘ਆਪ’ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ, ਮਹਿਲਾ ਵਿੰਗ ਦੇ ਮਾਲਵਾ ਜ਼ੋਨ ਦੀ ਪ੍ਰਧਾਨ ਵੀਰਪਾਲ ਕੌਰ ਸਮੇਤ ਕਈ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।

## ਭੱਜੀ ਅਤੇ ਮਿੱਤਲ ਵਿਰੁੱਧ ‘ਆਪ’ ਦਾ ਵਿਰੋਧ ਪ੍ਰਦਰਸ਼ਨ



ਜਲੰਧਰ : ਸਥਾਨਕ ‘ਆਪ’ ਵਰਕਰਾਂ ਨੇ ਲਵਲੀ ਯੂਨੀਵਰਸਿਟੀ ਦੇ ਮਾਲਕ ਅਸ਼ੋਕ ਮਿੱਤਲ, ਜਿਨ੍ਹਾਂ ਨੂੰ ‘ਆਪ’ ਸਰਕਾਰ ਨੇ ਰਾਜ ਸਭਾ ਭੇਜਿਆ ਸੀ, ਦੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਵਿਰੋਧ ਕੀਤਾ।‘ਆਪ’ ਦੇ ਜ਼ਿਲ੍ਹਾ ਸ਼ਹਿਰੀ ਮੁਖੀ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਪੰਜਾਬ ‘ਆਪ’ ਸਰਕਾਰ ਨੇ ਚੁਣਿਆ ਸੀ। ਇਨ੍ਹਾਂ ਨੇ ਨਾ ਤਾਂ ਰਾਜ ਸਭਾ ਵਿੱਚ ਪੰਜਾਬ ਦੇ ਮੁੱਦੇ ਚੁੱਕੇ ਅਤੇ ਨਾ ਹੀ ਪਾਰਟੀ ਪ੍ਰਤੀ ਵਫ਼ਾਦਾਰੀ ਦਿਖਾਈ। ਪ੍ਰਦਰਸ਼ਨ ਦੌਰਾਨ ‘ਆਪ’ ਵਰਕਰਾਂ ਨੇ ਅਸ਼ੋਕ ਮਿੱਤਲ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਫਿਰ ਉਨ੍ਹਾਂ ਨੇ ਸ਼ਹਿਰ ਦੇ ਲਵਲੀ ਸਵੀਟਸ ਦੇ ਗੇਟ ’ਤੇ ਲਾਲ ਪੇਂਟ ਨਾਲ ਦੇਸ਼ਧ੍ਰੋਹੀ ਲਿਖਣ ਦੀ ਕੋਸ਼ਿਸ਼ ਕੀਤੀ। ਪ੍ਰਦਰਸ਼ਨ ਦੌਰਾਨ ਪੁਲੀਸ ਨੇ ਉਨ੍ਹਾਂ ਨੂੰ ਰੋਕ ਦਿੱਤਾ। ਇਸ ਕਾਰਨ ਵਰਕਰਾਂ ਅਤੇ ਪੁਲੀਸ ਵਿਚਕਾਰ ਝੜਪਾਂ ਹੋਈਆਂ। ‘ਆਪ’ ਵਰਕਰਾਂ ਨੇ ਛੋਟੀ ਬਾਰਾਂਦਰੀ ਸਥਿਤ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਭੱਜੀ ਦੇ ਘਰ ਦੇ ਬਾਹਰ ਪੰਜਾਬ ਦੇ ਗੱਦਾਰ ਲਿਖੇ ਪੋਸਟਰ ਲਹਿਰਾਏ। ‘ਆਪ’ ਵਰਕਰਾਂ ਨੂੰ ਰੋਕਣ ਲਈ, ਪੰਜਾਬ ਪੁਲੀਸ ਨੇ ਘਰ ਦੇ ਬਾਹਰ ਬੈਰੀਕੇਡ ਲਗਾਏ। ਨਤੀਜੇ ਵਜੋਂ, ਅੱਜ ਸਵੇਰੇ ਤਾਇਨਾਤ ਸੀ ਆਰ ਪੀ ਐੱਫ ਜਵਾਨਾਂ ਨੇ ਵਰਕਰਾਂ ਨੂੰ ਗੇਟ ਦੇ ਨੇੜੇ ਜਾਣ ਤੋਂ ਰੋਕਿਆ। ਇਸ ਵਿਰੋਧ ਪ੍ਰਦਰਸ਼ਨ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ, ਕੈਂਟ ਹਲਕੇ ਦੇ ਸਾਰੇ ਬਲਾਕ ਪ੍ਰਧਾਨਾਂ, ਕੌਂਸਲਰਾਂ, ਸਰਪੰਚਾਂ ਅਤੇ ਅਹੁਦੇਦਾਰਾਂ ਨੂੰ ਲਾਜ਼ਮੀ ਤੌਰ ’ਤੇ ਮੌਜੂਦ ਰਹਿਣ ਦੇ ਨਿਰਦੇਸ਼ ਦਿੱਤੇ ਗਏ ਸਨ, ਹਰੇਕ ਮੈਂਬਰ ਨੂੰ ਆਪਣੇ ਨਾਲ ਘੱਟੋ-ਘੱਟ 15 ਸਾਥੀ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

## ਨੌਜਵਾਨ ਨੇ ਸਾਲੇ ਤੇ ਸਹੁਰੇ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ

ਕੌਹਰੀਆਂ, (ਸੰਗਰੂਰ) : ਜ਼ਿਲ੍ਹਾ ਸੰਗਰੂਰ ਦੇ ਪਿੰਡ ਸ਼ਾਦੀਹਰੀ ’ਚ ਨੌਜਵਾਨ ਨੇ ਸਾਲੇ ਤੇ ਸਹੁਰੇ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸ਼ਾਦੀਹਰੀ ਦੇ ਗੁਰਵਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਨੇ ਆਪਣੇ ਸਹੁਰਾ ਲਖਬੀਰ ਸਿੰਘ ਅਤੇ ਸਾਲਾ ਜਗਸੀਰ ਸਿੰਘ ਨੂੰ ਗੋਲੀਆਂ ਮਾਰ ਦਿੱਤੀਆਂ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਇਲਾਜ ਦੌਰਾਨ ਦੋਵਾਂ ਦੀ ਮੌਤ ਹੋ ਗਈ ਹੈ। ਗੁਰਵਿੰਦਰ ਸਿੰਘ ਦਾ ਵਿਆਹ ਵੀਰਪਾਲ ਕੌਰ ਪੁੱਤਰੀ ਲਖਬੀਰ ਸਿੰਘ ਵਾਸੀ ਰਸੌਲੀ ਜ਼ਿਲ੍ਹਾ ਪਟਿਆਲਾ ਨਾਲ ਹੋਇਆ ਸੀ। ਦੋਵਾਂ ਦਾ ਹਮੇਸ਼ਾ ਆਪਸ ਵਿਚ ਝਗੜਾ ਰਹਿੰਦਾ ਸੀ। ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਭਾਈ ਬਲਦੇਵ ਸਿੰਘ ਵਡਾਲਾ ਨੇ ਬੇਅਦਬੀਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਲਈ ਦਿੱਤੇ ਸਹਿਯੋਗ ਲਈ ਕੀਤਾ ਧੰਨਵਾਦ



ਚੰਡੀਗੜ੍ਹ : ਭਾਈ ਬਲਦੇਵ ਸਿੰਘ ਵਡਾਲਾ ਨੇ ਜਾਗਤ ਜੋਤ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਕੇ ਬਣੇ ਕਾਨੂੰਨ ਬਾਰੇ ਕਿਹਾ ਕਿ ਜਿਸ ਤਰ੍ਹਾਂ ਸਾਡੇ ਕਾਨੂੰਨੀ ਮਾਹਿਰ ਐਡਵੋਕੇਟ ਪਰਮਜੀਤ ਸਿੰਘ ਨੇ ਕਾਨੂੰਨੀ ਖਰੜਾ ਤਿਆਰ ਕੀਤਾ ਸੀ ਅਤੇ ਜਿਸ ਤਰ੍ਹਾਂ ਸਿੱਖ ਸੰਸਥਾਵਾਂ ਅਤੇ ਲੋਕਾਂ ਨੇ ਸਹਿਯੋਗ ਕਰਕੇ ਇਸ ਕੰਮ ਨੂੰ ਪੂਰਾ ਕੀਤਾ ਉਸ ਲਈ ਸਭ ਦਾ ਧੰਨਵਾਦ ।ਭਾਈ ਵਡਾਲਾ ਨੇ ਦੱਸਿਆ ਕਿ 21 ਮਾਰਚ 2026 ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਹੋਈ ਸੀ ਜਿਸ ਵਿੱਚ ਜਾਗਤ ਜੋਤ ਐਕਟ ਬਾਰੇ ਗੱਲ ਕੀਤੀ ਗਈ ਸੀ ਅਤੇ ਬੇਅਦਬੀਆਂ ਕਰਨ ਵਾਲਿਆਂ ਖ਼ ?ਲਾਫ਼ ਕਾਰਵਾਈ ਨਾ ਹੋਣ ਕਾਰਨ ਨਿਰਾਸ਼ਾ ਪ੍ਰਗਟ ਕੀਤੀ ਗਈ। ਉਨ੍ਹਾਂ ਦੱਸਿਆ ਕਿ 21 ਮਾਰਚ 2026 ਨੂੰ ਇਹ ਕਾਨੂੰਨ ਬਣਾ ਕੇ ਪਰਮਜੀਤ ਸਿੰਘ ਨੇ ਦਿੱਤਾ ਸੀ, ਜਿਸ ਤੋਂ ਬਾਅਦ ਇਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਤਾ ਗਿਆ ਅਤੇ ਮੁੱਖ ਮੰਤਰੀ ਮਾਨ ਨੇ 3 ਮਿੰਟ ਵਿੱਚ ਹੀ ਇਹ ਫੈਸਲਾ ਲਿਆ ਕਿ ਇਸ ਕਾਨੂੰਨ ਵਿੱਚ ਹੀ ਸੋਧ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਬੇਅਦਬੀਆਂ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਹੋਈ ਸੀ ਪਰ ਉਨ੍ਹਾਂ ਨੂੰ ਸਖ਼ਤ ਸਜ਼ਾ ਨਹੀਂ ਮਿਲ ਪਾਈ। ਜੋ ਸ੍ਰੀ ਗੁਰੂ ਸਾਹਿਬ ਨੂੰ ਲੁਟੇਰਾ, ਚੋਰ ਡਾਕੂ ਲਿਖ ਸਕਦਾ ਹੈ ਉਹ ਐੱਸ.ਜੀ.ਪੀ.ਸੀ. ਵੇਖੇ ਤਾਂ ਅਕਾਲੀ ਸਰਕਾਰ ਦੇ ਸਮੇਂ ਇਹ ਐਕਟ ਲਿਆਂਦਾ ਗਿਆ ਸੀ ਜਿਸ ਨੇ ਗਲਤ ਸ਼ਬਦ ਅਤੇ ਲੇਖਣੀ ਨੂੰ ਲੈ ਕੇ ਸਵਾਲ ਉਠਾਇਆ ਸੀ। ਵਡਾਲਾ ਨੇ ਕਿਹਾ ਕਿ ਉਸ ਐਕਟ ਵਿੱਚ ਸ਼ਬਦ ਗਲਤ ਇਸਤੇਮਾਲ ਕਰਨੀ ਦੀ ਗੱਲ ਕਹੀ ਗਈ ਸੀ ਜਿਸ ਦੇ ਚਲਦਿਆਂ 2008 ਵਿੱਚ ਕਾਨੂੰਨ ਲਿਆਂਦਾ ਗਿਆ ਸੀ। 5 ਸਾਲ ਮੋਰਚਾ ਲਗਾਉਣਾ ਪਿਆ ਜਿਸ ਤੋਂ ਬਾਅਦ 7 ਦਸੰਬਰ 2025 ਨੂੰ 168 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ। ਅਸੀਂ ਮੰਗ ਕੀਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਉੱਤੇ UAPA ਕਿਉਂ ਨਹੀਂ ਲਗਾਇਆ ਗਿਆ।

ਭਾਈ ਵਡਾਲਾ ਨੇ ਦੱਸਿਆ ਕਿ 2014 ਤੋਂ ਲੈ ਕੇ 2016 ਤੱਕ ਨਿਊਜ਼ੀਲੈਂਡ ਵਿੱਚ ਇੱਕ ਵਿਅਕਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਿੰਟ ਨਿਕਲਵਾਇਆ ਸੀ ਜਿਸ ਤੋਂ ਬਾਅਦ ਉਹ ਜਿਲਦ ਚੜ੍ਹਾਉਣ ਗਿਆ ਤਾਂ ਉਸ ਨੂੰ ਫੜ ਲਿਆ ਗਿਆ ਪਰ ਉੱਥੇ ਕਾਨੂੰਨ ਨਹੀਂ ਸੀ ਤਾਂ ਕੁਝ ਨਹੀਂ ਹੋਇਆ। ਵਡਾਲਾ ਨੇ ਕਿਹਾ ਕਿ ਇਹ ਵੀ ਕਿਹਾ ਗਿਆ ਕਿ ਪਾਠੀ ਸਿੰਘਾਂ ਵਿਰੁੱਧ ਕਾਨੂੰਨ ਹੈ ਪਰ ਅਜਿਹਾ ਨਹੀਂ ਹੈ ਅਤੇ ਉਨ੍ਹਾਂ ਨੂੰ ਡਰ ਵੀ ਨਹੀਂ ਹੈ।

# ਨਿੱਜੀ ਸਕੂਲ 'ਚ ਗੁਰਸਿੱਖ ਬੱਚੇ ਦੀ ਕੁੱਟਮਾਰ

## ਇੰਦਰਾ ਗਾਂਧੀ ਨੂੰ ਸਿੱਖਾਂ ਦੀ ਕਾਤਲ ਕਹਿਣ 'ਤੇ ਕੀਤੀ ਕੁੱਟਮਾਰ, ਅੱਠਵੀਂ ਜਮਾਤ ਦਾ ਵਿਦਿਆਰਥੀ ਹੈ ਬੱਚਾ








ਫਰੀਦਕੋਟ, (ਸਾਡੇ ਲੋਕ ਬਿਊਰੋ) : ਫਰੀਦਕੋਟ ਦੇ ਕੋਟਕਪੂਰਾ ਵਿਚ ਡੀਸੀਐਮ ਇੰਟਰਨੈਸ਼ਨਲ ਸਕੂਲ ਵਿਚ ਪੜ੍ਹਦੇ ਅੱਠਵੀਂ ਜਮਾਤ ਦੇ ਗੁਰਸਿੱਖ ਬੱਚੇ ਜਸਨੂਰ ਸਿੰਘ ਦੇ ਪਰਿਵਾਰ ਨੇ ਸਕੂਲ ਦੇ ਅਧਿਆਪਕਾਂ ਤੇ ਇਲਜਾਮ ਲਗਾਏ ਹਨ ਕਿ ਉਹਨਾਂ ਦੇ ਬੱਚੇ ਦੀ ਇਸੇ ਲਈ ਕੁੱਟਮਾਰ ਕੀਤੀ ਗਈ ਕਿ ਉਸ ਨੇ ਅਧਿਆਪਕਾਂ ਨੂੰ ਇੰਦਰਾ ਗਾਂਧੀ ਬਾਰੇ ਸੱਚ ਬੋਲਣ ਲਈ ਕਿਹਾ ਸੀ। ਪੀੜਤ ਬੱਚੇ ਦੇ ਪਰਿਵਾਰ ਅਤੇ ਸਿੱਖ ਜਥੇਬੰਦੀਆਂ ਵੱਲੋਂ ਸਕੂਲ ਬਾਹਰ ਪਹੁੰਚ ਕੇ ਨਾਅਰੇਬਾਜ਼ੀ ਵੀ ਕੀਤੀ ਗਈ ਅਤੇ ਸਕੂਲ ਪ੍ਰਬੰਧਕਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਵੀ ਕੀਤੀ ਗਈ।

ਕੀ ਹੈ ਪੂਰਾ ਮਾਮਲਾ ?

ਦਰਅਸਲ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਕੁਹਾਰ ਵਾਲਾ ਦਾ ਇਕ ਗੁਰਸਿੱਖ ਬੱਚਾ ਕੋਟਕਪੂਰਾ ਦੇ ਬਾਹਮਣ ਵਾਲਾ ਰੋਡ ਤੇ ਬਣੇ ਡੀਸੀਐਮ ਇੰਟਰਨੈਸ਼ਨਲ ਸਕੂਲ ਵਿਚ ਅੱਠਵੀਂ ਜਮਾਤ ਵਿਚ ਪੜ੍ਹਦਾ ਹੈ। ਬੀਤੇ ਦਿਨ ਜਦੋਂ ਸਕੂਲ ਵਿਚ ਪ੍ਰਭਾਵਸ਼ਾਲੀ ਔਰਤਾਂ ਬਾਰੇ ਪੜ੍ਹਾਏ ਜਾ ਰਹੇ ਸਬਕ ਦੌਰਾਨ ਅਧਿਆਪਕਾਂ ਵੱਲੋਂ ਇੰਦਰਾ ਗਾਂਧੀ ਨੂੰ ਲੈ ਕੇ ਗੁਰਸਿੱਖ ਬੱਚੇ ਵੱਲੋਂ ਕੀਤੀ ਗਈ ਟਿੱਪਣੀ ਦੇ ਅਧਾਰ ਤੇ ਬੱਚੇ ਦੀ ਕੁੱਟਮਾਰ ਕੀਤੇ ਜਾਣ ਦੇ ਇਲਜਾਮ ਲੱਗੇ ਹਨ ਜਿਸ ਨੂੰ ਲੈ ਕੇ ਅੱਜ ਪਿੰਡ ਕੁਹਾਰ ਵਾਲਾ ਦੇ ਕੁਝ ਲੋਕ ਪਰਿਵਾਰ ਅਤੇ ਸਿੱਖ ਜਥੇਬੰਦੀਆਂ ਸਮੇਤ ਸਕੂਲ ਪਹੁੰਚੇ ਸਨ ਅਤੇ ਇਸ ਪੂਰੇ ਮਾਮਲੇ ਨੂੰ ਲੈ ਕੇ ਉਹਨਾਂ ਵੱਲੋਂ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਗਈ ਤਾਂ ਜਿੱਥੇ ਬੱਚੇ ਦੀ ਕਥਿਤ ਕੁੱਟਮਾਰ ਕਰਨ ਵਾਲੀ ਅਧਿਆਪਕਾ ਨੇ ਮੰਨਿਆ ਕਿ ਉਸ ਨੇ ਬੱਚੇ ਦੇ 3 ਥੱਪੜ ਮਾਰੇ ਹਨ ਪਰ ਇਸ ਦੌਰਾਨ ਸਕੂਲ ਪ੍ਰਬੰਧਕਾਂ ਵੱਲੋਂ ਪਰਿਵਾਰ ਨਾਲ ਆਈਆਂ ਜਥੇਬੰਦੀਆ ਦੇ ਲੋਕਾਂ ਨਾਲ ਕੋਈ ਕਹਾ ਸੁਣੀ ਹੋ ਗਈ ਜਿਸ ਤੋਂ ਬਾਅਦ ਮਾਮਲਾ ਜ਼ਿਆਦਾ ਭਖ ਗਿਆ।

ਇਸ ਮੌਕੇ ਗੱਲਬਾਤ ਕਰਦਿਆਂ ਪੀੜਤ ਬੱਚੇ ਨੇ ਦੱਸਿਆ ਕਿ ਸਕੂਲ ਵਿਚ ਉਹਨਾਂ ਦੀ ਟੀਚਰ ਉਹਨਾਂ ਨੂੰ ਸਾਬਕਾ ਰਾਸਟਰਪਤੀ ਏਪੀਜੇ ਅਬਦੁਲ ਕਲਾਮ ਬਾਰੇ ਪੜ੍ਹਾਅ ਰਹੇ ਸਨ ਅਤੇ ਇਸੇ ਦੌਰਾਨ ਉਹਨਾਂ ਨੇ ਦੇਸ਼ ਦੀਆ ਪ੍ਰਭਾਵਸ਼ਾਲੀ ਔਰਤਾਂ ਬਾਰੇ ਗੱਲ ਕਰਨੀ ਸੁਰੂ ਕੀਤੀ। ਟੀਚਰ ਵਲੋਂ ਉਹਨਾਂ ਨੂੰ ਦੱਸਿਆ ਗਿਆ ਕਿ ਕਲਪਨਾਂ ਚਾਵਲਾ ਮਹਾਨ ਔਰਤ ਸੀ ਜੋ ਚੰਨ ਤੇ ਗਈ ਸੀ, ਇਸ ਦੇ ਨਾਲ ਹੀ ਟੀਚਰ ਨੇ ਕਿਹਾ ਕਿ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਬਹੁਤ ਫੇਮਸ ਅਤੇ ਚੰਗੀ ਔਰਤ ਸੀ ਤਾਂ ਉਸ ਨੇ ਮੈਡਮ ਨੂੰ ਇਹ ਕਹਿ ਦਿੱਤਾ ਕਿ ਮੈਡਮ ਜੀ ਝੂਠ ਨਾ ਬੋਲੋ, ਇੰਦਰਾ ਗਾਂਧੀ ਕਿਹੜੇ ਪਾਸਿਓਂ ਚੰਗੀ ਹੋਈ ਉਸ ਨੇ ਤਾਂ ਸਿੱਖ ਕੌਮ ਦੇ ਹਰਿਮੰਦਰ ਸਾਹਿਬ ਅਤੇ ਸ੍ਰੀ ਅਖਾਲ ਤਖਤ ਸਾਹਿਬ 'ਤੇ ਹਮਲਾ ਕਰਵਾਇਆ ਸੀ, ਬੇਦੋਸ਼ੇ ਸਿੱਖਾਂ ਦਾ ਕਤਲੇਆਮ ਕੀਤਾ ਸੀ। ਉਹਨਾਂ ਕਿਹਾ ਕਿ ਇਹ ਸੁਣਦੇ ਹੀ ਮੈਡਮ ਤਲਖ ਹੋ ਗਏ ਅਤੇ ਉਹਨਾਂ ਨੇ ਖੁਦ ਵੀ ਉਸ ਦੀ ਕੁੱਟਮਾਰ ਕੀਤੀ ਅਤੇ ਬਾਅਦ ਵਿਚ ਇੰਚਾਰਜ ਸਾਹਿਬ ਕੋਲ ਲੈ ਕੇ ਗਏ ਜਿੱਥੇ ਉਹਨਾਂ ਵੀ ਉਸ ਦੀ ਕੁੱਟਮਾਰ ਕੀਤੀ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੀੜਤ ਬੱਚੇ ਦੇ ਪਿਤਾ ਅਤੇ ਹੋਰ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਸਕੂਲ ਪ੍ਰਸ਼ਾਸਨ ਵੱਲੋਂ ਇਹ ਧੱਕੇਸ਼ਾਹੀ ਹੈ। ਉਨ੍ਹਾਂ ਕਿਹਾ ਕਿ ਸਕੂਲ ਟੀਚਰ ਆਪਣੀ ਗਲਤੀ ਮੰਨ ਗਏ ਹਨ ਪਰ ਸਕੂਲ ਪ੍ਰਬੰਧਕਾਂ ਵੱਲੋਂ ਹਾਲੇ ਵੀ ਬਦਸਲੂਕੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਹ ਸਕੂਲ ਆਰਐਸਐਸ ਦੀ ਵਿਚਾਰ ਧਾਰਾ 'ਤੇ ਚਲਦਾ ਹੈ ਅਤੇ ਹਿੰਦੂਤਵ ਦਾ ਪ੍ਰਚਾਰ ਕਰਦਾ ਹੈ। ਉਹਨਾਂ ਕਿਹਾ ਕਿ ਇਕ ਵਿਦਿਅਕ ਅਦਾਰੇ ਵਿਚ ਅਜਿਹਾ ਕੀਤਾ ਜਾਣਾ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਵੱਡਾ ਖਤਰਾ ਹੈ। ਉਹਨਾਂ ਕਿਹਾ ਕਿ ਸਕੂਲ ਵਿਚ ਇੰਦਰਾ ਗਾਂਧੀ ਬਾਰੇ ਸੱਚ ਬੋਲਣ 'ਤੇ ਬੱਚੇ ਦੀ ਕੁੱਟਮਾਰ ਕੀਤੀ ਗਈ ਹੈ ਜਿਸ ਦੀ ਅਸੀਂ ਪੁਲਿਸ ਨੂੰ ਸ਼ਿਕਾਇਤ ਦੇ ਦਿੱਤੀ ਹੈ। ਉਹਨਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਜੇਕਰ ਪੁਲਿਸ ਨੇ ਸਮੇਂ ਸਿਰ ਢੁਕਵੀਂ ਕਾਰਵਾਈ ਨਾ ਕੀਤੀ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

ਇਸ ਪੂਰੇ ਮਾਮਲੇ ਸੰਬੰਧੀ ਜਦ ਸਕੂਲ ਪ੍ਰਸ਼ਾਸਨ ਨਾਲ ਸੰਪਰਕ ਕਰਨਾਂ ਚਾਹਿਆ ਤਾਂ ਸਕੂਲ ਪ੍ਰਬੰਧਕ ਦੇ ਮੋਬਾਇਲ ਤੇ ਵਾਰ ਵਾਰ ਸੰਪਰਕ ਕਰਨ ਤੇ ਉਹਨਾਂ ਕੋਈ ਜਵਾਬ ਨਹੀਂ ਦਿੱਤਾ, ਜਦ ਸਕੂਲ ਪਹੁੰਚ ਕੇ ਪ੍ਰਬੰਧਕਾਂ ਨਾਲ ਗੱਲ ਕਰਨੀ ਚਾਹੀ ਤਾਂ ਚੌਂਕੀਦਾਰ ਨੇ ਕਿਹਾ ਕਿ ਸਕੂਲ ਵਿਚ ਕੋਈ ਵੀ ਹਾਜਰ ਨਹੀਂ ਹੈ।




### ਸਿੱਖਾਂ ਪ੍ਰਤੀ ਨ.ਫਰਤ ਅਤੇ ਚੌਥੀ ਪੀੜ੍ਹੀ ਦਾ ਜਵਾਬ

ਇੱਕ ਮਾਸੂਮ ਬੱਚੇ 'ਤੇ ਅਧਿਆਪਕ ਵੱਲੋਂ ਕੀਤਾ ਤਸ਼ੱਦਦ ਸਿਰਫ਼ ਕੁੱਟਮਾਰ ਨਹੀਂ, ਬਲਕਿ ਸਿੱਖ ਕੌਮ ਵਿਰੁੱਧ ਜਮਾਤੀ ਨ.ਫਰਤ ਦਾ ਪ੍ਰਗਟਾਵਾ ਹੈ ਅਤੇ ਦੂਜੇ ਪਾਸੇ ਇਹ ਸਪੱਸ਼ਟ ਹੈ ਕਿ 1984 ਦੇ ਜ਼ੁਲਮਾਂ ਅਤੇ ਵਿਤਕਰੇ ਦੀ ਲੜਾਈ ਅੱਜ ਚੌਥੀ ਪੀੜ੍ਹੀ ਦੇ ਖ਼ੂਨ ਵਿੱਚ ਉਤਰ ਆਈ ਹੈ। ਚਾਹੇ ਉਹ ਭਾਰਤ ਵਿੱਚ ਰਹਿਣ ਜਾਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ, ਇਹ ਘਟਨਾ ਸਾਬਤ ਕਰਦੀ ਹੈ ਕਿ ਸਰੀਰਕ ਜ਼ਖ਼ਮ ਤਾਂ ਭਰ ਸਕਦੇ ਹਨ, ਪਰ ਮਾਨਸਿਕਤਾ ਦੀ ਇਹ ਜੰਗ ਕਦੇ ਖਤਮ ਨਹੀ ਹੁੰਦੀ।

# ਭਾਈ ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਤੋਂ ਪੰਜਾਬ ਤਬਦੀਲ ਕਰਨ ਦੀ ਮੰਗ ਨੂੰ ਲੈ ਕੇ ਮੋਟਰਸਾਈਕਲ ਮਾਰਚ



ਅੰਮ੍ਰਿਤਸਰ : ਅਕਾਲੀ ਦਲ ਵਾਰਿਸ ਪੰਜਾਬ ਦੇ ਮੁਖੀ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਣ ਦੇ ਰੋਸ ਵਜੋਂ ਅਤੇ ਪੰਜਾਬ ਵਿੱਚ ਤਬਦੀਲ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਅੱਜ ਪਾਰਟੀ ਵੱਲੋਂ ਅੰਮ੍ਰਿਤਸਰ ਗੋਲਡਨ ਗੇਟ ਤੋਂ ਅਟਾਰੀ ਤੱਕ ਮੋਟਰਸਾਇਕਲਾਂ 'ਤੇ ਮਾਰਚ ਕੀਤਾ ਗਿਆ ਹੈ।

ਪਾਰਟੀ ਦੇ ਮੀਡੀਆ ਸਕੱਤਰ ਸ਼ਮਸ਼ੇਰ ਸਿੰਘ ਪੱਧਰੀ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਵਿੱਚ ਤਬਦੀਲ ਕਰਨ ਦੀ ਮੰਗ ਨੂੰ ਲੈ ਕੇ ਅੱਜ ਪਾਰਟੀ ਦੀ ਅੰਮ੍ਰਿਤਸਰ ਅਤੇ ਦਿਹਾਤੀ ਇਕਾਈ ਵੱਲੋਂ ਰਲ ਕੇ ਮੋਟਰਸਾਈਕਲ ਰੋਸ ਮਾਰਚ ਕੀਤਾ ਗਿਆ ਹੈ, ਜਿਸ ਦੀ ਅਗਵਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਕੀਤੀ ਗਈ।

ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਵੱਲੋਂ ਜਾਣ ਬੁਝ ਕੇ ਉਸ ਨੂੰ ਪੰਜਾਬ ਤੋਂ ਬਾਹਰ ਰੱਖਣ ਦਾ ਯਤਨ ਕੀਤਾ ਜਾ ਰਿਹਾ ਹੈ, ਜਦੋਂ ਕਿ ਐੱਨ ਐੱਸ ਏ ਦੀ ਮਿਆਦ ਵੀ ਖਤਮ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਰੋਸ ਮਾਰਚ ਦੀ ਖਬਰ ਮਿਲਣ ਤੋਂ ਬਾਅਦ ਪੁਲੀਸ ਵੱਲੋਂ ਬੀਤੀ ਸ਼ਾਮ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਇਕਾਈ ਦੇ ਮੁਖੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ ਪਰ ਪਾਰਟੀ ਦਾ ਵਿਰੋਧ ਦੇਖਦਿਆਂ ਉਸ ਨੂੰ ਦੇਰ ਸ਼ਾਮ ਨੂੰ ਰਿਹਾਅ ਕਰ ਦਿੱਤਾ ਗਿਆ।

ਉੱਥੇ ਹੀ ਅੱਜ ਅੰਮ੍ਰਿਤਪਾਲ ਸਿੰਘ ਨੂੰ ਦੋ ਦਿਨ ਦੇ ਰਿਮਾਂਡ ਦੀ ਮਿਆਦ ਖਤਮ ਹੋਣ ਤੋਂ ਬਾਅਦ ਡਿਬਰੂਗੜ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਅਜਨਾਲਾ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਵੱਲੋਂ ਉਸ ਨੂੰ 30 ਅਪਰੈਲ ਤੱਕ ਨਿਆਇਕ ਹਿਰਾਸਤ ਵਿੱਚ ਭੇਜਿਆ ਗਿਆ ਹੈ। ਸਬ ਡਿਵੀਜ਼ਨ ਅਦਾਲਤ ਵਿੱਚ ਅੰਮ੍ਰਿਤਪਾਲ ਸਿੰਘ ਨੂੰ ਪੇਸ਼ ਕੀਤੇ ਜਾਣ ਤੋਂ ਬਾਅਦ ਉਸ ਦੇ ਵਕੀਲ ਹਰਪਾਲ ਸਿੰਘ ਖਾਰਾ ਨੇ ਦੱਸਿਆ ਕਿ ਪੁਲੀਸ ਵੱਲੋਂ ਅੰਮ੍ਰਿਤਪਾਲ ਸਿੰਘ ਦੇ ਰਿਮਾਂਡ ਵਿੱਚ ਵਾਧੇ ਦੀ ਮੰਗ ਨਹੀਂ ਕੀਤੀ ਗਈ, ਜਿਸ ਕਾਰਨ ਅਦਾਲਤ ਨੇ ਉਸ ਨੂੰ ਨਿਆਇਕ ਹਿਰਾਸਤ ਵਿੱਚ ਭੇਜਣ ਦੇ ਹੁਕਮ ਦਿੱਤੇ ਅਤੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 30 ਅਪਰੈਲ ਨੂੰ ਹੋਵੇਗੀ।

# ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਪੰਥਕ ਇਕੱਤਰਤਾ



ਲੁਧਿਆਣਾ : ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਨੇ ਕਿਹਾ ਹੈ ਕਿ ਪੰਜਾਬ ਨੂੰ ਨਸ਼ਿਆਂ, ਗੈਂਗਸਟਰਵਾਦ, ਲੁੱਟਾਂ-ਖੋਹਾਂ ਅਤੇ ਬੇਰੁਜ਼ਗਾਰੀ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਨੂੰ ਸੱਤਾ ਵਿੱਚ ਲਿਆਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੋਕ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਸੂਬੇ ਅੰਦਰ ਅਗਲੀ ਸਰਕਾਰ ਬਣਨੀ ਦੇਖਣਾ ਚਾਹੁੰਦੇ ਹਨ। ਉਹ ਇੱਥੇ ਮੁੰਡੀਆਂ ਕਲਾਂ 33 ਫੁੱਟਾ ਰੋਡ 'ਤੇ ਪਾਰਟੀ ਦੀ ਵਿਸ਼ਾਲ ਪੰਥਕ ਇਕੱਤਰਤਾ ਮੌਕੇ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਅੰਮ੍ਰਿਤਪਾਲ ਸਿੰਘ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੋਣਗੇ ਅਤੇ ਦੋ ਉਪ ਮੁੱਖ ਮੰਤਰੀ ਬਣਾਏ ਜਾਣਗੇ, ਜੋ ਹਿੰਦੂ ਅਤੇ ਦਲਿਤ ਭਾਈਚਾਰੇ ਨਾਲ ਸਬੰਧਤ ਹੋਣਗੇ। ਉਨ੍ਹਾਂ ਕਿਹਾ ਕਿ ਪਾਰਟੀ ਸਮਾਜ ਦੇ ਸਾਰੇ ਵਰਗਾਂ ਦੀ ਭਾਗੀਦਾਰੀ ਵਿੱਚ ਭਰੋਸਾ ਰੱਖਦੀ ਹੈ। ਉਨ੍ਹਾਂ ਲੁਭਾਉਣੇ ਵਾਅਦੇ ਕਰ ਕੇ ਸੱਤਾ 'ਚ ਆਉਣ ਵਾਲੀਆਂ ਪਾਰਟੀਆਂ 'ਤੇ ਵੀ ਤਨਜ਼ ਕੱਸਿਆ, ਜਿਨ੍ਹਾਂ ਤੋਂ ਹੁਣ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂਆਂ ਪਰਮਜੀਤ ਸਿੰਘ ਜੌਹਲ, ਪ੍ਰਿਥੀਪਾਲ ਸਿੰਘ ਬਟਾਲਾ, ਜਸਵੰਤ ਸਿੰਘ ਚੀਮਾ, ਰੋਸ਼ਨ ਸਿੰਘ ਸਾਗਰ, ਰਾਜੀਵ ਕੁਮਾਰ ਲਵਲੀ, ਸੰਦੀਪ ਸਿੰਘ ਰੁਪਾਲੋਂ ਅਤੇ ਗੁਰਪ੍ਰੀਤ ਸਿੰਘ ਸੋਨੂੰ ਨੇ ਕਿਹਾ ਕਿ ਅੱਜ ਦਾ ਇਕੱਠ ਸਾਫ਼ ਤੌਰ 'ਤੇ ਦਰਸਾ ਰਿਹਾ ਹੈ ਕਿ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ 'ਚ ਪੰਥਕ ਪਾਰਟੀ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦਾ ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰਤੀ ਲਗਾਤਾਰ ਸਮਰਥਨ ਵਧ ਰਿਹਾ ਹੈ। ਇਸ ਮੌਕੇ ਐਡਵੋਕੇਟ ਇੰਦਰਜੀਤ ਸਿੰਘ, ਜਸਬੀਰ ਸਿੰਘ ਲੁਧਿਆਣਾ, ਸ਼ੁਭਮ ਸ਼ਰਮਾ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਪਰਮਿੰਦਰ ਸਿੰਘ, ਕਮਲਜੀਤ ਸਿੰਘ, ਜੁਗਰਾਜ ਸਿੰਘ, ਨਰਿੰਦਰ ਸਿੰਘ, ਮਨਜਿੰਦਰ ਪਾਲ ਸਿੰਘ, ਗੁਰਲਾਲ ਸਿੰਘ, ਲਖਵਿੰਦਰ ਸਿੰਘ, ਜਗਰੂਪ ਸਿੰਘ, ਕਿਰਪਾਲ ਸਿੰਘ, ਪ੍ਰਗਟ ਸਿੰਘ ਅਤੇ ਅਵਤਾਰ ਸਿੰਘ ਹਾਜ਼ਰ ਸਨ।

# ਪੂਜਾ ਵਾਲੀਆਂ ਥਾਵਾਂ ਦੇ ਆਲੇ-ਦੁਆਲੇ ਬਫ਼ਰ ਜ਼ੋਨ ਬਣਾਉਣ ਲਈ ਅਮਰੀਕੀ ਸੰਸਦ ਵਿਚ ਬਿੱਲ ਪੇਸ਼

## ਗੁਰਦੁਆਰਿਆਂ, ਮੰਦਰਾਂ ਦੇ 100 ਫੁੱਟ ਦੇ ਘੇਰੇ 'ਚ ਤੰਗ-ਪ੍ਰੇਸ਼ਾਨ ਕਰਨਾ ਜਾਂ ਧਮਕੀ ਹੋਵੇਗਾ ਸੰਘੀ ਅਪਰਾਧ




ਵਾਸ਼ਿੰਗਟਨ : ਅਮਰੀਕੀ ਸੰਸਦ ਵਿਚ ਬਿੱਲ ਪੇਸ਼ ਕੀਤਾ ਗਿਆ ਹੈ ਜਿਸ ਵਿਚ ਮੰਦਰਾਂ ਅਤੇ ਗੁਰਦੁਆਰਿਆਂ ਸਮੇਤ ਪੂਜਾ ਵਾਲੀਆਂ ਥਾਵਾਂ ਦੇ ਆਲੇ ਦੁਆਲੇ 100 ਫੁੱਟ ਦਾ ਬਫਰ ਜ਼ੋਨ ਬਣਾਉਣ ਅਤੇ ਉਨ੍ਹਾਂ ਖੇਤਰਾਂ ਵਿਚ ਵਿਚ ਕਸੇ ਵੀ ਤਰ੍ਹਾਂ ਦੇ ਤੰਗ-ਪ੍ਰੇਸ਼ਾਨ ਕਰਨ ਜਾਂ ਧਮਕੀ ਨੂੰ ਸੰਘੀ ਅਪਰਾਧ ਮੰਨਣ ਦਾ ਪ੍ਰਬੰਧ ਹੈ। ਨਿਊਯਾਰਕ ਤੋਂ ਡੈਮੋਕ੍ਰੈਟਿਕ ਸੰਸਦ ਮੈਂਬ ਟਾਮ ਸੂਓਜ਼ੀ ਅਤੇ ਓਹਾਇਓ ਤੋਂ ਰਿਪਬਲਿਕਨ ਸੰਸਦ ਮੈਂਬਰ ਮੈਕਸ ਮਿਲਰ ਨੇ ਧਾਰਮਿਕ ਸਭਾਵਾਂ ਅਤੇ ਧਾਰਮਿਕ ਸੰਸਥਾਵਾਂ ਦੀ ਸੁਰੱਖਿਆ ਦੇ ਐਕਟ ਨਾਲ ਸਬੰਧਤ ਬਿਲ ਪੇਸ਼ ਕੀਤਾ ਹੈ। ਇਸ ਬਿੱਲ ਦਾ ਉਦੇਸ਼ ਕਿਸੇ ਵੀ ਪੂਜਾ ਵਾਲੀ ਥਾਂ ਦੇ 100 ਫੁੱਟ ਦੇ ਘੇਰੇ ਵਿਚ ਧਾਰਮਿਕ ਅਧਿਕਾਰਾਂ ਦਾ ਪ੍ਰਯੋਗ ਕਰ ਰਹੇ ਲੋਕਾਂ ਨੂੰ ਜਾਣ ਬੁਝ ਕੇ ਡਰਾਉਣਾ, ਰੋਕਣਾ ਜਾਂ ਪ੍ਰੇਸ਼ਾਨ ਕਰਨਾ ਸੰਘੀ ਅਪਰਾਧ ਬਣਾਉਣਾ ਹੈ। ਸੰਸਦ ਮੈਂਬਰ ਮਿਲਰ ਨੇ ਕਿਹਾ, "ਹਰ ਅਮਰੀਕੀ ਨੂੰ ਬਿਨਾਂ ਕਿਸੇ ਡਰ, ਧਮਕੀ ਜਾਂ ਉਤਪੀੜਨ ਦੇ ਆਪਣੇ ਧਰਮ ਦਾ ਪਾਲਣ ਕਰਨ ਦਾ ਅਧਿਕਾਰ ਹੈ। ਯੂਨਾਈਟਿਡ ਸਿੱਖਜ਼, ਹਿੰਦੂ ਅਮਰੀਕਨ ਫਾਊਂਡੇਸ਼ਨ ਸਮੇਤ ਕਈ ਧਾਰਮਿਕ ਸੰਸਥਾਵਾਂ ਨੇ ਇਸ ਦਾ ਸਮਰਥਨ ਕੀਤਾ ਹੈ। ਸੰਸਦ ਮੈਂਬਰ ਸੂਓਜ਼ੀ ਨੇ ਕਿਹਾ, "ਕਿਸੇ ਨੂੰ ਵੀ ਪ੍ਰੇਸ਼ਾਨ ਕੀਤਾ ਜਾਂ ਡਰਾਇਆ ਨਹੀਂ ਜਾਣਾ ਚਾਹੀਦਾ, ਖ਼ਾਸ ਕਰਕੇ ਜਦੋਂ ਉਹ ਆਪਣੇ ਪੂਜਾ ਵਾਲੀ ਥਾਂ ਵਲ ਜਾ ਰਹੇ ਹੋਣ।" ਉਨ੍ਹਾਂ ਨੇ ਕਿਹਾ, "ਅਸੀਂ ਇਕ ਤੇਜ਼ੀ ਨਾਲ ਅਸਥਿਰ ਹੋ ਰਹੇ ਦੌਰ ਵਿਚ ਰਹਿ ਰਹੇ ਹਾਂ, ਜਿਸ ਦਾ ਇਕ ਕਾਰਨ ਸੋਸ਼ਲ ਮੀਡੀਆ ਵਲੋਂ ਵੰਡ ਦੀ ਅੱਗ ਨੂੰ ਭੜਕਾਉਣਾ ਅਤੇ ਦੂਜਾ ਸਾਡੇ ਵਿਦੇਸ਼ੀ ਵੈਰੀਆਂ ਵਲੋਂ ਅੰਦਰੂਨੀ ਤੌਰ 'ਤੇ ਵੰਡਣ ਦੀ ਕੋਸ਼ਿਸ਼ ਕਰਨਾ ਹੈ। ਪਿਛਲੇ ਕੁਝ ਸਾਲਾਂ ਵਿਚ ਮੈਂ ਆਪਣੇ ਖੇਤਰ ਦੇ ਲੋਕਾਂ ਤੋਂ ਨਫ਼ਰਤ ਬਾਰੇ ਅਸਲ ਡਰ ਸੁਣਿਆ ਹੈ, ਖਾਸ ਕਰ ਕੇ ਜਦੋਂ ਉਹ ਪ੍ਰਾਰਥਨਾ ਕਰਨ ਜਾਂ ਧਾਰਮਿਕ ਗਤੀਵਿਧੀਆਂ ਵਿਚ ਹਿੱਸਾ ਲੈਣ ਜਾਂਦੇ ਹਨ।" ਸੂਓਜ਼ੀ ਨੇ ਕਿਹਾ, "ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਸ ਡਰ ਨੂੰ ਸੋਚ-ਵਿਚਾਰ ਕਰ ਕੇ ਅਤੇ ਨਿਸ਼ਾਨੇਬਾਜ਼ੀ ਨਾਲ ਦੂਰ ਕਰੀਏ, ਤਾਂ ਜੋ ਸਾਡੇ ਵੋਟਰਾਂ ਦੀ ਰੱਖਿਆ ਹੋ ਸਕੇ ਅਤੇ ਨਾਲ ਹੀ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਦੇ ਪਹਿਲੇ ਸੰਸ਼ੋਧਨ ਅਧਿਕਾਰ ਦਾ ਸਤੰਤੁਲਨ ਵੀ ਬਣਿਆ ਰਹੇ।

# ਮਸ਼ਹੂਰ ਫੋਟੋਗ੍ਰਾਫਰ ਰਘੂ ਰਾਏ ਦਾ ਲੰਬੀ ਬਿਮਾਰੀ ਤੋਂ ਬਾਅਦ ਦੇਹਾਂਤ

## ਰਘੂ ਰਾਏ ਆਪਣੇ ਪਿੱਛੇ ਪਤਨੀ, ਪੁੱਤਰ ਅਤੇ ਤਿੰਨ ਧੀਆਂ ਛੱਡ ਗਏ ਹਨ



ਨਵੀਂ ਦਿੱਲੀ : ਭਾਰਤ ਦੇ ਸਭ ਤੋਂ ਪ੍ਰਸਿੱਧ ਅਤੇ ਸਤਿਕਾਰਤ ਫੋਟੋਗ੍ਰਾਫਰ ਰਘੂ ਰਾਏ, ਜਿਨ੍ਹਾਂ ਨੇ ਆਪਣੇ ਕੈਮਰੇ ਦੀ ਅੱਖ ਰਾਹੀਂ ਭਾਰਤ ਦੇ ਕਈ ਰੰਗਾਂ ਅਤੇ ਇਤਿਹਾਸਕ ਪਲਾਂ ਨੂੰ ਦੁਨੀਆ ਸਾਹਮਣੇ ਪੇਸ਼ ਕੀਤਾ, ਅੱਜ ਤੜਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। 83 ਸਾਲਾ ਰਘੂ ਰਾਏ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਅਤੇ ਦਿੱਲੀ ਦੇ ਇਕ ਨਿੱਜੀ ਹਸਪਤਾਲ ਵਿਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਨਾਲ ਕਲਾ ਅਤੇ ਪੱਤਰਕਾਰੀ ਦੇ ਖੇਤਰ ਵਿਚ ਸੋਗ ਦੀ ਲਹਿਰ ਦੌੜ ਗਈ ਹੈ।

ਰਘੂ ਰਾਏ ਦੇ ਪੁੱਤਰ ਅਤੇ ਖੁਦ ਇਕ ਜਾਣੇ-ਪਛਾਣੇ ਫੋਟੋਗ੍ਰਾਫਰ ਨਿਤਿਨ ਰਾਏ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਪਿਛਲੇ 2 ਸਾਲਾਂ ਤੋਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ। ਉਨ੍ਹਾਂ ਦੱਸਿਆ, " ਪਿਤਾ ਜੀ ਨੂੰ 2 ਸਾਲ ਪਹਿਲਾਂ ਪ੍ਰੋਸਟੇਟ ਕੈਂਸਰ ਹੋਇਆ ਸੀ, ਜੋ ਠੀਕ ਹੋ ਗਿਆ ਸੀ। ਬਾਅਦ ਵਿਚ ਇਹ ਪੇਟ ਤੱਕ ਫੈਲ ਗਿਆ। ਹਾਲ ਹੀ ਵਿਚ ਕੈਂਸਰ ਉਨ੍ਹਾਂ ਦੇ ਦਿਮਾਗ ਤੱਕ ਫੈਲ ਗਿਆ ਸੀ ਅਤੇ ਵਧਦੀ ਉਮਰ ਕਾਰਨ ਹੋਰ ਵੀ ਕਈ ਸਰੀਰਕ ਮੁਸ਼ਕਲਾਂ ਪੈਦਾ ਹੋ ਗਈਆਂ ਸਨ। ਰਘੂ ਰਾਏ ਨੂੰ ਭਾਰਤ ਦੇ ਦ੍ਰਿਸ਼ਟੀਗਤ ਇਤਿਹਾਸ ਨੂੰ ਕੈਦ ਕਰਨ ਵਾਲਾ ਸਭ ਤੋਂ ਮਹਾਨ ਫੋਟੋਗ੍ਰਾਫਰ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਭੋਪਾਲ ਗੈਸ ਤ੍ਰਾਸਦੀ, ਮਦਰ ਟੈਰੇਸਾ, ਇੰਦਰਾ ਗਾਂਧੀ ਅਤੇ 1984 ਦੇ ਸਿੱਖ ਦੰਗਿਆਂ ਨੂੰ ਆਪਣੇ ਕੈਮਰੇ ਰਾਹੀਂ ਇਤਿਹਾਸਕ ਤਸਵੀਰਾਂ ਵਿਚ ਕੈਦ ਕੀਤਾ। ਉਨ੍ਹਾਂ ਨੂੰ ਹੈਨਰੀ ਕਾਰਟੀਅਰ-ਬ੍ਰੇਸਨ ਦੁਆਰਾ ਮੈਗਨਮ ਫੋਟੋਜ਼ ਦਾ ਮੈਂਬਰ ਬਣਨ ਲਈ ਨਾਮਜ਼ਦ ਕੀਤਾ ਗਿਆ ਸੀ।

# ਧਮਾਕੇ ਦੇ ਚਾਰ ਮੁਲਜ਼ਮਾਂ ਦਾ ਸੱਤ ਰੋਜ਼ਾ ਪੁਲਿਸ ਰਿਮਾਂਡ



ਪਟਿਆਲਾ : ਸ਼ੰਭੂ ਨੇੜੇ ਰੇਲਵੇ ਟਰੈਕ 'ਤੇ ਹੋਏ ਬੰਬ ਧਮਾਕੇ ਸਬੰਧੀ ਮਾਮਲੇ 'ਚ ਪਟਿਆਲਾ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਚਾਰੇ ਨੌਜਵਾਨਾਂ ਨੂੰ ਅੱਜ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠਾਂ ਪਟਿਆਲਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਇਸ ਦੌਰਾਨ ਇਨ੍ਹਾਂ ਦਾ 7 ਰੋਜ਼ਾ ਪੁਲੀਸ ਰਿਮਾਂਡ ਮਿਲਿਆ ਹੈ। ਇਨ੍ਹਾਂ ਖ਼ ?ਲਾਫ਼ ਥਾਣਾ ਕੋਤਵਾਲੀ ਪਟਿਆਲਾ ਵਿੱਚ ਦਰਜ ਕੇਸ ਤਹਿਤ ਤਫ਼ਤੀਸ਼ੀ ਅਫਸਰ ਵਜੋਂ ਇੰਸਪੈਕਟਰ ਜਸਪ੍ਰੀਤ ਕਾਹਲੋਂ ਨੇ ਸਰਕਾਰੀ ਵਕੀਲ ਰਾਹੀਂ 10 ਦਿਨਾਂ ਦਾ ਪੁਲੀਸ ਰਿਮਾਂਡ ਮੰਗਿਆ ਸੀ। ਉਨ੍ਹਾਂ ਕਿਹਾ ਕਿ ਮੁਲਜ਼ਮ ਪਾਕਿਸਤਾਨ ਆਧਾਰਿਤ ਆਈ ਐੱਸ ਆਈ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੇ ਖ਼ਤਰਨਾਕ ਇਰਾਦਿਆਂ ਵਾਲ਼ੇ ਹਨ। ਇਨ੍ਹਾਂ ਤੋਂ ਬੰਬ, ਪਿਸਤੌਲ ਅਤੇ ਜੰਗੀ ਅਸਲਾ ਬਰਾਮਦ ਹੋਇਆ ਹੈ। ਇਨ੍ਹਾਂ ਦੇ ਹੋਰ ਸਾਥੀਆਂ, ਹਥਿਆਰਾਂ ਅਤੇ ਯੋਜਨਾਵਾਂ ਆਦਿ ਬਾਰੇ ਪੁੱਛ-ਪੜਤਾਲ ਕਰਨੀ ਹੈ। ਮੁਲਜ਼ਮਾਂ ਦੇ ਵਕੀਲਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਅਦਾਲਤ ਨੇ ਦੋਵਾਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਉਪਰੰਤ ਮੁਲਜ਼ਮਾਂ ਦਾ 7 ਦਿਨਾਂ ਦਾ ਪੁਲੀਸ ਰਿਮਾਂਡ ਦੇ ਦਿੱਤਾ ਹੈ।

ਮੁਲਜ਼ਮਾਂ ਵਿੱਚ ਪਰਦੀਪ ਸਿੰਘ ਖ਼ਾਲਸਾ ਤੇ ਕੁਲਵਿੰਦਰ ਸਿੰਘ ਬੱਗਾ ਵਾਸੀ ਜ਼ਿਲ੍ਹਾ ਮਾਨਸਾ ਸਣੇ ਸਤਨਾਮ ਸਿੰਘ ਸੱਤਾ ਵਾਸੀ ਪੰਜਵੜ ਅਤੇ ਗੁਰਪ੍ਰੀਤ ਸਿੰਘ ਗੋਪੀ ਵਾਸੀ ਮੁਰਾਦਪੁਰ ਖੁਰਦ (ਗੋਇੰਦਵਾਲ) ਜ਼ਿਲ੍ਹਾ ਤਰਨ ਤਾਰਨ ਸ਼ਾਮਲ ਹਨ। ਇਨ੍ਹਾਂ ਤੋਂ ਇੱਥੇ ਸੀ ਆਈ ਏ ਸਟਾਫ ਵਿੱਚ ਐੱਸ ਐੱਸ ਪੀ ਵਰੁਣ ਸ਼ਰਮਾ ਦੀ ਨਿਗਰਾਨੀ ਹੇਠ ਐੱਸ ਪੀ ਵੈਭਵ ਚੌਧਰੀ, ਡੀ ਐੱਸ ਪੀ (ਡੀ) ਸੁਖਅੰਮ੍ਰਿਤ ਰੰਧਾਵਾ, ਇੰਸਪੈਕਟਰ ਪ੍ਰਦੀਪ ਬਾਜਵਾ ਤੇ ਕੋਤਵਾਲ ਜਸਪ੍ਰੀਤ ਕਾਹਲੋਂ ਆਦਿ ਪੁੱਛ-ਪੜਤਾਲ ਕਰ ਰਹੇ ਹਨ। ਜ਼ਿਕਰਯੋਗ ਹੈ ਕਿ 27 ਅਪਰੈਲ ਦੀ ਰਾਤ ਨੂੰ ਸ਼ੰਭੂ ਨੇੜੇ ਰੇਲਵੇ ਟਰੈਕ 'ਤੇ ਬੰਬ ਧਮਾਕਾ ਹੋਇਆ ਸੀ।

# ਮਾਨ ਸਰਕਾਰ ਦੇ 24 ਘੰਟੇ ਨਿਰਵਿਘਨ ਬਿਜਲੀ ਦੇਣ ਦੇ ਵਾਅਦੇ ਠੁਸ, ਲੋਕਾਂ ਯਾਦ ਆਇਆ 80 ਦਾ ਦਸ਼ਕ : ਲਖਵਿੰਦਰ ਲੱਖੀ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸੱਤਾ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੇ ਦਾਅਵੇ ਕਰਨ ਵਾਲੀ ਮਾਨ ਸਰਕਾਰ ਦੇ ਹੁਣ ਇਹ ਸਾਰੇ ਵਾਇਦੇ ਪੂਰੀ ਤਰ੍ਹਾਂ ਠੁੱਸ ਹੋ ਗਏ ਹਨ। ਵੈਸੇ ਤਾਂ ਅਜੇ ਤੱਕ ਗਰਮੀ ਦੀ ਰੁੱਤ ਪੂਰੀ ਤਰ੍ਹਾਂ ਆਈ ਨਹੀਂ ਕਿ ਸ਼ੁਰੂਆਤ ਵਿੱਚ ਹੀ ਮਾਨ ਸਰਕਾਰ ਦੇ ਬਿਜਲੀ ਵਿਭਾਗ ਦਾ ਇਹ ਹਾਲ ਹੈ ਤਾਂ ਮਈ- ਜੂਨ- ਜੁਲਾਈ ਦੀ ਭਰਪੂਰ ਗਰਮੀ ਵਿੱਚ ਇਸਦਾ ਕੀ ਹਾਲ ਹੋਵੇਗਾ, ਇਹ ਤਾਂ ਰੱਬ ਹੀ ਜਾਣਦਾ ਹੈ।

ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਅੱਜ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਟਾਂਡਾ ਵਿਖੇ ਹੋਈ ਇੱਕ ਮੀਟਿੰਗ ਚ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਕੀਤਾ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਮੌਸਮ ਵਿਭਾਗ ਆਉਣ ਵਾਲੇ ਦਿਨਾਂ ਵਿੱਚ ਗਰਮੀ ਦੇ ਕਹਿਰ ਦੀ ਚੇਤਾਵਨੀ ਦੇ ਰਿਹਾ ਹੈ ਅਤੇ ਦੂਜੇ ਪਾਸੇ ਮਾਨ ਸਰਕਾਰ ਦਾ ਬਿਜਲੀ ਵਿਭਾਗ ਜਰੂਰੀ ਮੁਰੰਮਤ ਦਾ ਬਹਾਨਾ ਬਣਾ ਕੇ ਪੰਜਾਬ ਦੇ ਕਈ ਸ਼ਹਿਰਾਂ ਅਤੇ ਪਿੰਡਾਂ ਵਿੱਚ 8-10 ਘੰਟੇ ਬਿਜਲੀ ਦੇ ਕੱਟ ਲਗਾ ਰਿਹਾ ਹੈ ਜਿਸ ਕਾਰਨ ਪੰਜਾਬ ਨਿਵਾਸੀਆਂ ਦੇ ਦਿਲਾਂ ਵਿੱਚ ਹਾਹਾਕਾਰ ਮਚਿਆ ਹੋਇਆ ਹੈ।



ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਲਖਵਿੰਦਰ ਸਿੰਘ ਲੱਖੀ।

ਲਖਵਿੰਦਰ ਲੱਖੀ ਨੇ ਕਿਹਾ ਕਿ ਪੰਜਾਬ ਵਿੱਚ ਅੱਜ ਵੀ ਕੁਝ ਅਜਿਹੇ ਗਰੀਬ ਪਰਿਵਾਰ ਹਨ ਜਿਨ੍ਹਾਂ ਦੇ ਘਰ ਵਿੱਚ ਇਨਵਰਟਰ ਨਹੀਂ ਲੱਗਾ ਹੋਇਆ ਤੇ ਰਾਤ ਨੂੰ ਜਦ ਬਿਜਲੀ ਗੁੱਲ ਹੋ ਜਾਂਦੀ ਹੈ ਤਾਂ ਉਨ੍ਹਾਂ ਪਰਿਵਾਰਾਂ ਨੂੰ 80 ਦੇ ਦਸ਼ਕ ਵਾਲਾ ਸਮਾਂ ਯਾਦ ਆ ਜਾਂਦਾ ਹੈ ਜਦ ਰਾਤ ਵੇਲੇ ਬਿਜਲੀ ਜਾਣ ਤੇ ਮਾਂ-ਪਿਓ ਬੱਚਿਆਂ ਨੂੰ ਹੱਥਾਂ ਨਾਲ ਪੱਖੀਆਂ ਝਲ ਕੇ ਸਵਾਉਂਣ ਦੀ ਕੋਸ਼ਿਸ਼ ਕਰਦੇ ਸਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਜਦੋਂ ਤੋਂ ਹੋਂਦ ਵਿੱਚ ਆਈ ਹੈ ਉਦੋਂ ਤੋਂ ਹੀ ਪੰਜਾਬ ਦੇ ਹਰ ਜ਼ਿਲੇ ਵਿੱਚ ਲੁੱਟਾਂ ਖੋਹਾਂ, ਫ਼ਿਰੌਤੀਆਂ ਅਤੇ ਗੈਂਗਸਟਰਾਂ ਵੱਲੋਂ ਕਤਲੇਆਮ ਦੀਆਂ ਵਾਰਦਾਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਪੰਜਾਬ ਦੀ ਜਨਤਾ ਨਾਲ ਜਿਹੜੇ ਵੀ ਵਾਇਦੇ ਕੀਤੇ ਸਨ ਉਨ੍ਹਾਂ ਵਿੱਚੋਂ ਕੋਈ ਵੀ ਵਾਇਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਹਰ ਪਾਸੇ ਤ੍ਰਾਹੀ ਤ੍ਰਾਹੀ ਮਚੀ ਹੋਈ ਹੈ ਵਪਾਰੀ ਵਰਗ, ਮਜ਼ਦੂਰ ਅਤੇ ਫੈਕਟਰੀਆਂ ਦੇ ਮਾਲਕਾਂ ਤੋਂ ਇਲਾਵਾ ਹਰ ਦੁਕਾਨਦਾਰਾਂ ਦਾ ਕਾਰੋਬਾਰ ਠੱਪ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਸ਼ਿਖਰਾਂ ਤੇ ਹੈ ਅਤੇ ਮਾਨ ਸਰਕਾਰ ਕਰਜ਼ੇ ਲੈ ਕੇ ਆਪਣੇ ਆਕਾਵਾਂ ਨੂੰ ਖੁਸ਼ ਕਰਨ ਵਿੱਚ ਹੀ ਲੱਗੀ ਹੋਈ ਹੈ ਜਦਕਿ ਪੰਜਾਬ ਕਰਜ਼ਿਆਂ ਦੇ ਬੋਝ ਹੇਠਾਂ ਦੱਬਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ 10 ਲੱਖ ਦੇ ਸਿਹਤ ਬੀਮਾ ਯੋਜਨਾ, ਯੁੱਧ ਨਸ਼ਿਆਂ ਖਿਲਾਫ਼ ਅਤੇ ਕਿਸਾਨਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਦੇ ਨਾਂ ਤੇ ਲੋਕਾਂ ਦੇ ਹੱਥਾਂ ਵਿੱਚ ਲੋਲੀਪੋਪ ਫੜਾ ਕੇ ਖੁਦ ਦੇਸ਼ ਵਿਦੇਸ਼ ਵਿੱਚ ਮੌਜ ਮਸਤੀਆਂ ਕਰਨ ਚੱਲੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਜਾਗ੍ਰਿਤ ਹੋ ਚੁੱਕੀ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਦੀ ਸਰਕਾਰ ਨੂੰ ਚਲਦਾ ਕਰਕੇ ਅਕਾਲੀ ਦਲ ਬਾਦਲ ਦੀ ਸਰਕਾਰ ਬਣਾਉਣ ਲਈ ਉਤਾਵਲੀ ਹੋ ਰਹੀ ਹੈ।

# ਨਹਿਰ 'ਚ ਨਹਾਉਂਦੇ ਦੋ ਦੋਸਤਾਂ ਦੀ ਡੁੱਬਣ ਨਾਲ ਹੋਈ ਮੌਤ



ਮਾਨਸਾ : ਘਰੋਂ ਸਕੂਲ ਗਏ ਦਸਵੀਂ ਕਲਾਸ ਵਿੱਚ ਪੜ੍ਹਦੇ ਦੋ ਦੋਸਤਾਂ ਦੀ ਭੀਖੀ ਨਹਿਰ ਵਿੱਚ ਡੁੱਬਣ ਕਾਰਨ ਮੌਤ ਹੋ ਗਈ ਹੈ। ਦੋਵੇਂ ਸਕੂਲ ਜਾਂਦੇ ਸਮੇਂ ਨਹਿਰ 'ਤੇ ਹੋਰ ਮੁੰਡਿਆਂ ਨੂੰ ਨਹਾਉਂਦਿਆਂ ਵੇਖ ਕੇ ਖੁਦ ਨਹਿਰ ਵਿੱਚ ਨਹਾਉਣ ਲਈ ਉਤਰ ਗਏ ਅਤੇ ਪਾਣੀ ਦੇ ਵਹਾਅ ਵਿੱਚ ਵਹਿ ਗਏ।

ਸਵੇਰ ਵੇਲੇ ਵਾਪਰੀ ਇਸ ਘਟਨਾ ਤੋਂ ਬਾਅਦ ਪੁਲੀਸ ਅਤੇ ਪਿੰਡ ਵਾਸੀਆਂ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਨਹਿਰ 'ਚੋਂ ਪਿੰਡ ਕਿਸ਼ਨਗੜ੍ਹ ਫਰਮਾਹੀ ਤੋਂ ਬਰਾਮਦ ਕੀਤਾ। ਇਸ ਘਟਨਾ ਨੂੰ ਲੈ ਕੇ ਪਰਿਵਾਰ ਅਤੇ ਇਲਾਕੇ ਵਿੱਚ ਸੋਗ ਦਾ ਮਾਹੌਲ ਹੈ।

ਮਿਲੇ ਵੇਰਵਿਆਂ ਅਨੁਸਾਰ ਪਿੰਡ ਭੀਖੀ ਨਿਵਾਸੀ ਸੁਖਪ੍ਰੀਤ ਸਿੰਘ (16) ਅਤੇ ਪਿੰਡ ਢੈਪਈ ਦੇ ਗੁਰਵਿੰਦਰ ਸਿੰਘ (16) ਘਰੋਂ ਸਕੂਲ ਲਈ ਨਿਕਲੇ। ਰਸਤੇ ਵਿੱਚ ਉਹ ਭੀਖੀ ਨਹਿਰ 'ਤੇ ਰੁੱਕ ਗਏ ਅਤੇ ਦੋਵਾਂ ਨੇ ਹੋਰਨਾਂ ਮੁੰਡਿਆਂ ਨੂੰ ਨਹਿਰ ਵਿੱਚ ਨਹਾਉਂਦਿਆਂ ਵੇਖਿਆ ਤਾਂ ਉਹ ਵੀ ਨਹਿਰ ਵਿੱਚ ਕੁੱਦ ਪਏ। ਡੂੰਘੇ ਪਾਣੀ ਵਿੱਚ ਜਾਣ ਕਾਰਨ ਉਹ ਬਾਹਰ ਨਾ ਨਿਕਲ ਸਕੇ ਅਤੇ ਪਾਣੀ ਇਨ੍ਹਾਂ ਨੂੰ ਦੂਰ ਤੱਕ ਵਹਾ ਕੇ ਲੈ ਗਿਆ।

ਉੱਥੇ ਨਹਾਉਂਦੇ ਮੁੰਡਿਆਂ ਨੇ ਰੋਲਾ ਪਾਇਆ ਅਤੇ ਇਸ ਦੀ ਸੂਚਨਾ ਪਰਿਵਾਰ ਅਤੇ ਪੁਲੀਸ ਨੂੰ ਦਿੱਤੀ, ਜਿੰਨ੍ਹਾਂ ਵੱਲੋਂ ਇਨ੍ਹਾਂ ਦੀ ਭਾਲ ਸ਼ੁਰੂ ਕੀਤੀ ਗਈ। ਬਾਅਦ ਦੁਪਹਿਰ ਦੋਵੇਂ ਨੌਜਵਾਨਾਂ ਦੀਆਂ ਲਾਸ਼ਾਂ ਨਹਿਰ ਵਿਚੋਂ ਪਿੰਡ ਕਿਸ਼ਨਗੜ੍ਹ ਫਰਮਾਹੀ ਤੋਂ ਇਕੱਠੀਆਂ ਮਿਲੀਆਂ। ਥਾਣਾ ਭੀਖੀ ਦੇ ਮੁਖੀ ਗੁਰਮੇਲ ਸਿੰਘ ਨੇ ਦੱਸਿਆ ਕਿ ਦੋਵਾਂ ਨੌਜਵਾਨਾਂ ਦੀਆਂ ਲਾਸ਼ਾਂ ਬਰਾਮਦ ਕਰਕੇ ਉਨ੍ਹਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਮਾਨਸਾ ਵਿਖੇ ਭੇਜ ਦਿੱਤਾ ਗਿਆ ਹੈ।

# ਸੇਵਾ ਸੁਰਤਿ ਦੇ ਪਾਵਨ ਪੁੰਜ ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਸਾਹਿਬ ਮਨ ਦੀ ਪਰਮ ਨਿਰਮਲ ਅਵਸਥਾ ਦੇ ਅਦੁੱਤੀ ਪ੍ਰਤੀਕ ਸਨ ਜਿੱਥੇ ਪੁੱਜ ਕੇ ਜੀਵਨ ਪਰਮਾਤਮਾ ਜਿਹਾ ਹੀ ਹੋ ਜਾਂਦਾ ਹੈ, ਕੋਈ ਭੇਦ ਨਹੀਂ ਰਹਿੰਦਾ। ਉਨ੍ਹਾਂ ਲਈ ਸੇਵਾ ਜੀਵਨ ਅਵਸਥਾ ਤੇ ਪਰਮਾਤਮਾ ਭਗਤੀ ਦਾ ਮਾਰਗ ਬਣ ਗਈ ਸੀ। ਇਸ ਅਵਸਥਾ ਨੂੰ ਕੋਈ ਵਿਰਲਾ ਹੀ ਪ੍ਰਾਪਤ ਕਰ ਸਕਿਆ ਹੈ ਕਿਉਂਕਿ ਸੰਸਾਰ ਅੰਦਰ ਰਹਿੰਦੀਆਂ ਵਿਕਾਰ ਤੇ ਮਾਇਆ ਦੇ ਬੰਧਨ ਮਨ ਨੂੰ ਕਠੋਰ ਬਣਾ ਦਿੰਦੇ ਹਨ। ਸਚ ਜੋ ਪਰਮਾਤਮਾ ਦਾ ਪ੍ਰਗਟ ਰੂਪ ਹੈ, ਦੂਰ ਹੁੰਦਾ ਜਾਂਦਾ ਹੈ। ਜੀਵਨ ਭਰਮਾਂ ਤੇ ਭਟਕਨ ਦਾ ਪ੍ਰਤੀਕ ਬਣ ਜਾਂਦਾ ਹੈ। ਪਰਮਾਤਮਾ ਦੀ ਮਿਹਰ ਹੀ ਇਸ ਹਨੇਰੇ ਭਰੀ ਅਵਸਥਾ ਤੋਂ ਉਬਾਰ ਕੇ ਚਾਨਣ ਵਿੱਚ ਲਿਆਉਣ 'ਚ ਸਹਾਈ ਹੁੰਦੀ ਹੈ। ਜੋ ਚਾਨਣ ਦੀ ਕਾਮਨਾ ਲੈ ਕੇ ਪਰਮਾਤਮਾ ਦੀ ਸ਼ਰਨ 'ਚ ਆਇਆ, ਪਰਾਮਤਮਾ ਨੇ ਸਦਾ ਹੀ ਉਸ ਦੀ ਲਾਜ ਰੱਖੀ ਹੈ। ਗੁਰੂ ਅਮਰਦਾਸ ਜੀ ਨੂੰ ਬਿਰਧ ਅਵਸਥਾ ਵਿੱਚ ਗੁਰੂ ਸ਼ਬਦ ਰਾਹੀਂ ਅੰਤਰ ਪ੍ਰੇਰਨਾ ਮਿਲੀ। ੬੧ ਵਰ੍ਹਿਆਂ ਤੋਂ ਭਟਕਦਾ ਮਨ ਗੁਰੂ ਅੰਗਦ ਸਾਹਿਬ ਦੇ ਪ੍ਰੇਮ ਵਿੱਚ ਸਿੰਝ ਕੇ ਸ਼ਾਂਤ ਹੋ ਗਿਆ। ਮਨ ਨਿਰਮਲ ਤੇ ਸਹਿਜ ਹੋ ਗਿਆ।

ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ॥
( ਪੰਨਾ ੨੬)

ਮਨ ਦੀਆਂ ਤ੍ਰਿਸ਼ਨਾਵਾਂ, ਵਾਸਨਾਵਾਂ ਸੋਚ ਤੇ ਭਰੋਸੇ ਨੂੰ ਕਦੇ ਵੀ ਥਿਰ ਨਹੀ ਹੋਣ ਦਿੰਦਿਆਂ। ਲੋਭ, ਕ੍ਰੋਧ, ਕਾਮ, ਮੋਹ ਵੱਸ ਜੀਵਨ ਕੂੜ੍ਹ ਕਿਰਿਆਵਾਂ ਨਾਲ ਭਰ ਜਾਂਦਾ ਹੈ। ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਮਨੁੱਖ ਦਾ ਭੇਖ ਭਾਵੇਂ ਧਰਮੀਆਂ ਵਾਲਾ ਹੁੰਦਾ ਹੈ ਪਰ ਮਨ ਕਪਟ ਨਾਲ ਭਰਿਆ ਹੁੰਦਾ ਹੈ। ਮਨੁੱਖ ਭੋਗ ਵਿਲਾਸ ਦੇ ਜਿੰਨੇ ਵੀ ਸਾਧਨ ਸੰਚਿਤ ਕਰ ਲਵੇ, ਵਡਾ ਰਾਜ ਪਾਟ ਕਾਇਮ ਕਰ ਲਵੇ ਪਰ ਵਾਹਿਗੁਰੂ ਦੀ ਕਿਰਪਾ ਬਿਨਾ ਸੁੱਖ ਤੋਂ ਦੂਰ ਰਹਿੰਦਾ ਹੈ। ਕਈ ਲੋਗ ਗ੍ਰੰਥ ਪੜ੍ਹ ਪੜ੍ਹ ਕੇ ਗਿਆਨੀ, ਵਿਦਵਾਨ ਸ੍ਰੇਸ਼ਟ ਧਰਮ ਚਰਚਾ ਕਰਨ ਲਾਇਕ ਤਾਂ ਹੋ ਜਾਂਦੇ ਹਨ ਮਨ ਅੰਦਰ ਲੋਭ, ਵਿਕਾਰਾਂ ਕਾਰਨ ਭਰਮਦੇ ਰਹਿੰਦੇ ਹਨ ਤੇ ਜੀਵਨ ਨਿਹਫਲ ਕਰਦੇ ਹਨ। ਗੁਰੂ ਸਾਹਿਬ ਨੇ ਕਿਹਾ ਕਿ ਜਿਸ ਮਨ ਅੰਦਰ ਪਰਮਾਤਮਾ ਦੀ ਭਗਤੀ ਹੁੰਦੀ ਹੈ ਉਹ ਸਹਿਜ ਹੀ ਪਰਮਾਤਮਾ ਦੇ ਹੁਕਮ ਅੰਦਰ ਆ ਜਾਂਦਾ ਹੈ। ਪਰਮਾਤਮਾ ਦੇ ਹੁਕਮ ਅੰਦਰ ਆਉਣਾ ਹੀ ਮਨ ਦੀ ਤਿਖ ਦਾ ਮਿੱਟ ਜਾਣਾ ਤੇ ਨਿਰਲੇਪ ਹੋ ਜਾਣਾ ਹੈ। ਗੁਰੂ ਅਮਰਦਾਸ ਜੀ ਲਗਾਤਾਰ ੧੨ ਸਾਲ ਤੱਕ ਗੁਰੂ ਅੰਗਦ ਸਾਹਿਬ ਦੀ ਦਿਨ ਰਾਤ ਸੇਵਾ ਵਿੱਚ ਰਤ ਰਹੇ। ਇਹ ਸੇਵਾ ਬਹੁਤ ਹੀ ਕਠਿਨ ਸੀ। ਉਨ੍ਹਾਂ ਨੂੰ ਲੋਕ ਉਪਹਾਸ ਦਾ ਪਾਤਰ ਵੀ ਬਣਨਾ ਪਿਆ। ਨਿਤ ਵਿਘਨ ਵੀ ਆਉਂਦੇ ਰਹੇ। ਪਰ ਗੁਰੂ ਅਮਰਦਾਸ ਜੀ ਕਦੇ ਵੀ, ਖਿਨ ਮਾਤਰ ਵੀ ਵਿਚਲਿਤ ਨਾ ਹੋਏ। ਗੁਰੂ ਅੰਗਦ ਸਾਹਿਬ ਤੇ ਸਿੱਖ ਸੰਗਤ ਲਈ ਉਨ੍ਹਾਂ ਦਾ ਪ੍ਰੇਮ ਤੇ ਸਮਰਪਣ ਕਦੇ ਵੀ ਘੱਟ ਨਹੀ ਹੋਇਆ ਸਗੋਂ ਵੱਧਦਾ ਹੀ ਗਿਆ। ਕਿਉਂਕਿ ਗੁਰ ਸ਼ਬਦ ਜਰੀਏ ਮਨ ਦੀ ਤਿਖ ਬੁਝ ਗਈ ਸੀ। ਮਨ ਅੰਦਰ ਸਹਿਜ ਸੀ ਤੇ ਬਾਹਰ ਵੀ ਸਹਿਜ ਹੀ ਪਰਗਟ ਹੋ ਰਿਹਾ ਸੀ। ਮਨ ਅੰਦਰ ਪੈਦਾ ਹੋਈ ਨਿਰਮਲ ਗੁਣਾਂ ਦੀ ਸ਼ਕਤੀ ਨੇ ਅਡੋਲ ਕਰ ਦਿੱਤਾ ਸੀ। ਕਹਿੰਦੇ ਹਨ ਕਿ ਗੁਰੂ ਅੰਗਦ ਸਾਹਿਬ ਹਰ ਸਾਲ ਆਪਨੇ ਸਿੱਖਾਂ ਦੀ ਸੇਵਾ ਤੇ ਭਗਤੀ ਤੇ ਪ੍ਰਸੰਨ ਹੋ ਸਿਰੋਪਾ ਵੰਡਿਆ ਕਰਦੇ ਸਨ। ਗੁਰੂ ਅਮਰਦਾਸ ਜੀ ਉਸ ਸਿਰੋਪੇ ਨੂੰ ਕਦੇ ਵੀ ਸਿਰ ਤੋਂ ਨਾ ਉਤਾਰਦੇ ਤੇ ਉੱਪਰ ਮੁੜਾਸਾ ਬੰਨ ਲੈਂਦੇ ਸਨ। ਲੋਗ ਉਨ੍ਹਾਂ ਬਾਰੇ ਤਰਹ ਤਰਹ ਦੀਆਂ ਗੱਲਾਂ ਕਰਦੇ ਪਰ ਆਪ ਸਦਾ ਸਹਿਜ ਰਹਿੰਦੇ। ਗੁਰਗੱਦੀ ਤੇ ਵਿਰਾਜਮਾਨ ਹੋਣ ਤੱਕ ਆਪ ਦੇ ਸਿਰ ਤੇ ੧੨ ਸਿਰੋਪੇ ਬੰਨੇ ਜਾ ਚੁਕੇ ਸਨ। ਇਹ ਲੋਕਾਂ ਨੂੰ ਵੱਡਾ ਭਾਰ ਲੱਗਦਾ ਸੀ ਪਰ ਗੁਰੂ ਅਮਰਦਾਸ ਸਾਹਿਬ ਲਈ ਇਹ ਆਨੰਦ ਤੇ ਮਾਨ ਦੀ ਪੰਡ ਸੀ। ਲੋਕਾਂ ਤੇ ਤਾਹਨੇ ਉਨ੍ਹਾਂ ਦੇ ਸਹਿਜ ਮਨ ਦੇ ਨੇੜੇ ਵੀ ਨਾ ਆ ਪਾਉਂਦੇ। ਆਪ ਜਾਣਦੇ ਸਨ ਕਿ ਹੰਕਾਰ ਹੀ ਮਨ ਦੀ ਅਵਸਥਾ ਭੰਗ ਕਰਨ ਵਾਲਾ ਹੈ। ਹੰਕਾਰੀ ਮਨ ਦੀ ਭਗਤੀ ਪ੍ਰਵਾਨ ਨਹੀ ਹੁੰਦੀ।

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।।**
(ਪੰਨਾ ੫੬੦)

ਹੰਕਾਰ ਹੀ ਵਾਦ ਵਿਵਾਦ ਤੇ ਕ੍ਰੋਧ ਦਾ ਜਨਕ ਹੈ। ਵਿਕਾਰ ਵਿਹੀਨ ਮਨ ਹੀ ਪਰਮਾਤਮਾ ਦੀ ਭਗਤੀ ਜੋਗ ਬਣਦਾ ਹੈ। ਗੁਰੂ ਅਮਰਦਾਸ




ਸਾਹਿਬ ਦਾ ਜੀਵਨ ਇਸ ਦੀ ਸਰੇਵ ਸ੍ਰੇਸ਼ਟ ਮਿਸਾਲ ਸੀ। ਆਪ ਦਾ ਸਾਰਾ ਧਿਆਨ ਗੁਰੂ ਅੰਗਦ ਸਾਹਿਬ ਦੀ ਸੇਵਾ ਵਿੱਚ ਕੇਂਦ੍ਰਿਤ ਰਹਿੰਦਾ। ਕੋਈ ਕੀ ਕਹਿ ਰਿਹਾ ਹੈ, ਕੀ ਕਰ ਰਿਹਾ ਹੈ ਇਹ ਆਪ ਦੀ ਸੋਚ ਦਾ ਵਿਸ਼ਾ ਕਦੇ ਵੀ ਨਾ ਬਣਿਆ। ਆਪ ਸਾਰੀਆਂ ਨੂੰ ਖਿਮਾ ਕਰਦੇ ਰਹੇ ਤੇ ਮਨ ਅੰਦਰ ਪਰਮਾਤਮਾ ਲਈ ਪ੍ਰੇਮ ਦੇ ਰਸ ਨੂੰ ਗੂੜ੍ਹਾ ਤੋਂ ਗੂੜ੍ਹਾ ਕਰਦੇ ਗਏ।



ਡਾ. ਸਤਿੰਦਰ ਪਾਲ ਸਿੰਘ
ਸਿਡਨੀ ਆਸਟ੍ਰੇਲੀਆ
akaalpurkh.7@gmail.com

ਗੁਰਗੱਦੀ ਤੇ ਵਿਰਾਜਮਾਨ ਹੋਣ ਤੋਂ ਬਾਅਦ ਵੀ ਗੁਰੂ ਅਮਰਦਾਸ ਸਾਹਿਬ ਨੂੰ ਕਈ ਅਨ ਸੁਖਾਵੀਆਂ ਸਥਿਤੀਆਂ ਦੇ ਦਰਪੇਸ਼ ਹੋਣਾ ਪਿਆ ਪਰ ਆਪ ਦਾ ਸਹਿਜ ਸਦਾ ਬਣਿਆ ਰਿਹਾ। ਸਿੱਖ ਸੰਗਤਾਂ ਨੂੰ ਵੀ ਗੁਰੂ ਸਾਹਿਬ ਸਦਾ ਹੀ ਸਹਿਜ ਤੇ ਸਹਿਨਸ਼ੀਲ ਬਣੇ ਰਹਿਣ ਦੀ ਪ੍ਰੇਰਨਾ ਦਿੰਦੇ। ਗੁਰੂ ਅੰਗਦ ਸਾਹਿਬ ਦੇ ਹੁਕਮ ਅਨੁਸਾਰ ਗੁਰਗੱਦੀ ਤੇ ਆਸੀਨ ਹੋਣ ਤੋਂ ਬਾਅਦ ਆਪ ਗੋਇੰਦਵਾਲ ਸਾਹਿਬ ਆ ਗਏ ਸਨ। ਗੁਰੂ ਸਾਹਿਬ ਦੇ ਆਉਣ ਨਾਲ ਇਸ ਨਗਰ ਦੀ ਰੌਣਕ ਵੱਧ ਗਈ। ਜਨ ਜੀਵਨ ਬੜਾ ਹੀ ਆਨੰਦਮਈ ਸੀ। ਕੁੱਝ ਅਮੀਰ ਮੁਸਲਮਾਨ ਵੀ ਆ ਕੇ ਇੱਥੇ ਰਹਿਣ ਲੱਗ ਪਏ। ਉਨ੍ਹਾਂ ਅੰਦਰ ਗੁਰੂ ਸਾਹਿਬ ਦਾ ਆਦਰ ਮਾਣ ਵੇਖ ਕੇ ਈਰਖਾ ਪੈਦਾ ਹੋ ਗਈ। ਮੁਸਲਮਾਨਾਂ ਨੇ ਸਿੱਖਾਂ ਨੂੰ ਤੰਗ ਕਰਣਾ ਸ਼ੁਰੂ ਕਰ ਦਿੱਤਾ। ਸਿੱਖ ਜਦੋਂ ਗੁਰੂ ਘਰ ਦੇ ਲੰਗਰ ਲਈ ਪਾਣੀ ਲੈ ਕੇ ਆਉਂਦੇ ਤਾਂ ਮੁਸਲਮਾਨਾਂ ਦੇ ਮੁੰਡੇ ਗੁਲੇਲਾਂ ਨਾਲ ਉਨ੍ਹਾਂ ਦੀਆਂ ਮਿੱਟੀ ਦੀਆਂ ਗਾਗਰਾਂ ਤੋੜ ਦਿੰਦੇ ਤੇ ਬਦਸਲੂਕੀ ਕਰਦੇ। ਸਿੱਖਾਂ ਨੇ ਗੁਰੂ ਸਾਹਿਬ ਨੂੰ ਸ਼ਿਕਾਇਤ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸ਼ਾਂਤ ਕਰਦਿਆਂ ਚਮੜੇ ਦੀਆਂ ਮਸ਼ਕਾਂ ਵਰਤਨ ਲਈ ਕਿਹਾ। ਮੁਸਲਮਾਨਾਂ ਦੇ ਬਦਦਿਮਾਗ ਮੁੰਡੇ ਤੀਰ ਮਾਰ ਕੇ ਮਸ਼ਕਾਂ ਨੂੰ ਵਿਨ੍ਹਨ ਲੱਗ ਪਏ। ਹੁਣ ਗੁਰੂ ਅਮਰਦਾਸ ਸਾਹਿਬ ਸਿੱਖਾਂ ਨੂੰ ਪਿੱਤਲ ਦੀਆਂ ਗਾਗਰਾਂ ਵਰਤਨ ਲਈ ਕਿਹਾ। ਹੰਕਾਰੇ ਮੁਸਲਮਾਨ ਮੁੰਡੇ ਪਿੱਤਲ ਦੀਆਂ ਗਾਗਰਾਂ ਨੂੰ ਪੱਥਰ ਮਾਰ ਕੇ ਡੇਗਣ ਲੱਗ ਪਏ। ਸਿੱਖਾਂ ਨੇ ਅੱਕ ਕੇ ਗੁਰੂ ਸਾਹਿਬ ਨੂੰ ਕਿਹਾ ਕਿ ਅਸੀਂ ਕਦੋਂ ਤੱਕ ਮੁਸਲਮਾਨਾਂ ਦੇ ਜੁਲਮ ਸਹਿਣ ਕਰਦੇ ਰਹੀਏ। ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਧਰਮੀਆਂ ਅੰਦਰ ਕਦੇ ਵੀ ਬਦਲੇ ਦੀ ਭਾਵਨਾ ਨਹੀ ਹੋਣੀ ਚਾਹੀਦੀ। ਸਦਾ ਸਬਰ, ਸੰਤੋਖ ਬਣਿਆ ਰਹਿਣਾ ਚਾਹੀਦੇ। ਸਿੱਖ ਸੰਗਤ ਗੁਰੂ ਸਾਹਿਬ ਦਾ ਹੁਕਮ ਮੰਨ ਸ਼ਾਂਤ ਰਹੀ। ਬਾਅਦ ਵਿੱਚ ਅਜਿਹੇ ਹਾਲਾਤ ਬਣੇ ਕਿ ਮੁਸਲਮਾਨਾਂ ਦੀ ਈਰਖਾ ਤੇ ਬਦਦਿਮਾਗੀ ਨੂੰ ਸੰਨਿਆਸੀਆਂ ਤੇ ਫੌਜੀਆਂ ਤੋਂ ਕਰਾਰਾ ਜਵਾਬ ਮਿਲਿਆ ਤੇ ਉਹ ਸਾਰੇ ਕੈਦ ਕਰ ਲਏ ਗਏ। ਉਨ੍ਹਾਂ ਦੇ ਘਰ ਮਿੱਟੀ ਵਿੱਚ ਮਿਲਾ ਦਿੱਤੇ ਗਏ। ਧਰਮੀ ਨੂੰ ਆਪਣਾ ਸਹਿਜ ਤੇ ਸੰਜਮ ਸਦਾ ਕਾਇਮ ਰੱਖਣਾ ਚਾਹੀਦੇ। ਇਹ ਉਸ ਦੀ ਭਗਤੀ ਦਾ ਅਹਿਮ ਹਿੱਸਾ ਹਨ।

ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ॥
ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ॥ ੨॥
ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ॥
ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ॥੩॥
(ਪੰਨਾ ੯੦੮)

ਪੁਰਾਤਨ ਕਾਲ ਵਿੱਚ ਆਪਨੇ ਧਰਮੀ ਹੋਣ ਦਾ ਪ੍ਰਮਾਣ ਦੇਣ ਲਈ ਖਾਸ ਭੇਖ ਧਾਰਨ ਕਰਦੇ ਸਨ। ਆਪਨੇ ਭੇਖ ਕਾਰਨ ਹੀ ਉਹ ਧਰਮੀ ਹੋਣ ਦਾ ਸਨਮਾਨ ਪ੍ਰਾਪਤ ਕਰਦੇ ਸਨ। ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਭੇਖ ਨਹੀ ਗੁਣ ਧਾਰਨ ਕਰਣਾ ਹੀ ਭਗਤੀ ਦਾ ਸੱਚਾ ਮਾਰਗ ਹੈ। ਜੋਗੀ ਆਪਨੇ ਹੱਥ ਵਿੱਚ ਇੱਕ ਭਿਖਿਆ ਦਾ ਪਾਤਰ ਰੱਖਦੇ ਸਨ ਜਿਸ ਵਿੱਚ ਉਨ੍ਹਾਂ ਨੂੰ ਦਾਨ ਮਿਲਦਾ ਸੀ। ਗੁਰੂ ਸਾਹਿਬ ਨੇ ਕਿਹਾ ਕਿ ਸੱਚਾ ਪਾਤਰ, ਕਮੰਡਲ ਤਾਂ ਸਤ ਤੇ ਸੰਤੋਖ ਦਾ ਹੈ ਜਿਸ ਵਿੱਚ ਨਾਮ ਦੀ ਅੰਮ੍ਰਿਤਮਈ ਦਾਤ ਪ੍ਰਾਪਤ ਹੁੰਦੀ ਹੈ। ਸਤ ਤੇ ਸੰਤੋਖ ਬਿਨਾ ਭਗਤੀ ਨਹੀ ਹੋ ਸਕਦੀ। ਮਨ ਵੀ ਤਾਂ ਹੀ ਟਿਕਦਾ ਹੈ। ਮਨ ਅੰਦਰ ਸੰਤੋਖ ਤੇ ਸਹਿਜ ਹੋਵੇ ਤਾਂ ਹੀ ਸਾਰੇ ਭਰਮ ਜਾਂਦੇ ਹਨ। ਮਨ ਅੰਦਰ ਤਾਂ ਦਰਅਸਲ ਨਾਮ ਹੀ ਹੈ। ਮਨ ਪਰਮਾਤਮਾ ਦੀ ਭਾਵਨਾ ਲਈ ਹੀ ਹੈ। ਇਸ ਵਿੱਚ ਵਿਕਾਰਾਂ, ਮਾਇਆ ਲਈ ਕੋਈ ਜਗਹ ਨਹੀਂ ਹੈ। ਗੁਰੂ ਅਮਰਦਾਸ ਜੀ ਦੀ ਸਹਿਨਸ਼ੀਲਤਾ ਸੁਭਾਵਕ ਸੀ। ਸਹਿਜ, ਸੰਤੋਖ, ਸੰਜਮ ਬਿਨਾ ਪਰਮਾਤਮਾ ਦਾ ਨਾਮ ਨਹੀ ਜਪਿਆ ਜਾ ਸਕਦਾ। ਗੁਰੂ ਅਮਰਦਾਸ ਜੀ ਨੇ ਇਸ ਨੂੰ ਜੀਵਨ ਅੰਦਰ ਵਰਤ ਕੇ ਵਿਖਾਇਆ। ਆਪ ਨੂੰ ਜਦੋਂ ਗੁਰੂ ਅੰਗਦ ਸਾਹਿਬ ਨੇ ਗੁਰਗੱਦੀ ਬਖਸ਼ੀ ਤਾਂ ਉਨ੍ਹਾਂ ਦੇ ਪੁੱਤਰ ਦਾਸੂ ਜੀ ਤੇ ਦਾਤੂ ਜੀ ਬਹੁਤ ਨਾਰਾਜ ਹੋਏ। ਇੱਕ ਵਾਰ ਕ੍ਰੋਧ ਨਾਲ ਭਰੇ ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨਾਲ ਬੇਅਦਬੀ ਦਾ ਵਿਉਹਾਰ ਕੀਤਾ ਤੇ ਉਨ੍ਹਾਂ ਦੇ ਆਸਨ ਤੇ ਬੈਠ ਗਏ। ਗੁਰੂ ਅਮਰਦਾਸ ਜੀ ਪੂਰੀ ਤਰਹ ਸ਼ਾਂਤ ਬਣੇ ਰਹੇ ਤੇ ਦਾਤੂ ਜੀ ਨੂੰ ਖਿਮਾ ਕਰ ਦਿੱਤਾ। ਸਹਿਨਸ਼ੀਲਤਾ ਜਿਹੇ ਗੁਣਾਂ ਕਾਰਨ ਹੀ ਗੁਰੂ ਅਮਰਦਾਸ ਜੀ ਨੂੰ ਭਗਤੀ ਤੇ ਗੁਰੂ ਦੀ ਕਿਰਪਾ ਪ੍ਰਾਪਤ ਹੋਈ। ਆਪ ਗੁਰਗੱਦੀ ਤੇ ਆਸੀਨ ਹੋਏ। ਭੱਟ ਸਾਹਿਬਾਨ ਨੇ ਤਾਂ ਆਪ ਅੰਦਰ ਪ੍ਰਤੱਖ ਪਰਮਾਤਮਾ ਦੇ ਦਰਸ਼ਨ ਕੀਤੇ "ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ"। ਪਰਮਾਤਮਾ ਨੇ ਸ੍ਰਿਸ਼ਟੀ ਸਾਜ ਕੇ ਇਸ ਵਿੱਚ ਮਾਇਆ ਰਚਿ ਦਿੱਤੀ ਹੈ। ਪਾਪ, ਪੁੰਨ ਦਾ ਖੇਡ ਹੁੰਦਾ ਉਹ ਸਹਿਜ ਭਾਵ ਨਾਲ ਵੇਖਦਾ ਰਹਿੰਦਾ ਹੈ। ਵਡਿਆਈ ਉਸ ਨੇ ਆਪਣੇ ਹੱਥ ਰੱਖੀ ਹੈ ਪਰ ਜਿਊਣ ਲਈ ਰਿਜ਼ਕ ਸਾਰੀਆਂ ਨੂੰ ਦੇ ਰਿਹਾ ਹੈ। ਅਜਿਹੀ ਹੀ ਸੀ ਗੁਰੂ ਅਮਰਦਾਸ ਸਾਹਿਬ ਦੀ ਵਡਿਆਈ।





30 ਅਪ੍ਰੈਲ ਨੂੰ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਸੇਵਾ ਨੂੰ ਸਮਰਪਿਤ ਸਨ ਗੁਰੂ ਅਮਰਦਾਸ ਜੀ

ਸੁਖਵਿੰਦਰ ਸਿੰਘ ਮੁੱਲਾਂਪੁਰ

ਤੀਜੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਵੈਸਾਖ ਸੁਦੀ 14 ਸੰਮਤ 1536 ਮੁਤਾਬਕ 5 ਮਈ 1479 ਨੂੰ ਬਾਬਾ ਤੇਜ ਭਾਨ ਜੀ ਤੇ ਮਾਤਾ ਸ੍ਰੀ ਲਛਮੀ ਜੀ ਦੇ ਘਰ ਪਿੰਡ ਬਾਸਰਕੇ (ਅੰਮ੍ਰਿਤਸਰ ਤੋਂ 7 ਕਿਲੋਮੀਟਰ ਦੀ ਵਿੱਥ 'ਤੇ ਲਹਿੰਦੇ ਪਾਸੇ) ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਭੱਲਾ ਕੁਲ ਦੇ ਖੱਤਰੀ ਸਨ। ਗੁਰੂ ਅਮਰਦਾਸ ਜੀ ਦਾ ਵਿਆਹ 11 ਮਾਘ ਸੰਮਤ 1559 ਮੁਤਾਬਕ 1503 ਈ. ਨੂੰ ਸ੍ਰੀ ਦੇਵੀ ਚੰਦ ਦੀ ਧੀ ਬੀਬੀ ਰਾਮ ਕੌਰ ਨਾਲ ਪਿੰਡ ਸਨਖੱਤਰਾ ਨੇੜੇ ਪਸਰੂਰ (ਅੱਜ ਪਾਕਿਸਤਾਨ 'ਚ) ਵਿਖੇ ਹੋਇਆ। ਉਨ੍ਹਾਂ ਦੇ ਘਰ ਦੋ ਲੜਕੇ ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਅਤੇ ਦੋ ਲੜਕੀਆਂ ਬੀਬੀ ਭਾਨੀ ਜੀ ਤੇ ਬੀਬੀ ਦਾਨੀ ਜੀ ਨੇ ਜਨਮ ਲਿਆ। ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਬੀਬੀ ਅਮਰੋ ਜੋ ਇਨ੍ਹਾਂ ਦੇ ਭਰਾ ਦੇ ਪੁੱਤਰ (ਭਤੀਜੇ) ਨੂੰ ਵਿਆਹੀ ਹੋਈ ਸੀ, ਇਕ ਸਵੇਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਉਚਾਰ ਰਹੇ ਸੀ। ਗੁਰੂ ਅਮਰਦਾਸ ਜੀ ਨੇ ਜਦ ਇਹ ਸ਼ਬਦ ਸੁਣੇ ਤਾਂ ਉਨ੍ਹਾਂ ਨੇ ਇਸ ਬਾਰੇ ਪੁੱਛਿਆ। ਬੀਬੀ ਅਮਰੋ ਨੇ ਕਿਹਾ ਕਿ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਹਨ ਤੇ ਹੁਣ ਉਨ੍ਹਾਂ ਦੀ ਜੋਤ ਪਿਤਾ ਗੁਰੂ ਅੰਗਦ ਦੇਵ ਜੀ ਵਿਚ ਹੈ। ਗੁਰੂ ਅਮਰਦਾਸ ਜੀ ਨੇ ਕਿਹਾ ਕਿ ਮੈਨੂੰ ਆਪਣੇ ਪਿਤਾ ਕੋਲ ਲੈ ਚੱਲੋ। 1541 ਵਿਚ ਬੀਬੀ ਅਮਰੋ (ਗੁਰੂ) ਅਮਰ ਦਾਸ ਜੀ ਨੂੰ ਆਪਣੇ ਪਿਤਾ ਕੋਲ ਲੈ ਆਏ। ਗੁਰੂ ਜੀ ਨੇ ਉਨ੍ਹਾਂ ਦਾ ਕੁੜਮ ਵਾਲਾ ਸਤਿਕਾਰ ਕਰਨਾ ਚਾਹਿਆ ਪਰ ਆਪ ਉਨ੍ਹਾਂ ਦੇ ਚਰਨਾਂ 'ਚ ਢਹਿ ਪਏ ਤੇ ਬੇਨਤੀ ਕੀਤੀ ਕਿ ਮੈਂ ਤੁਹਾਡਾ ਸਿੱਖ ਬਣਨ ਤੇ ਆਤਮਿਕ ਜੀਵਨ ਦੀ ਦਾਤ ਲੈਣ ਆਇਆ ਹਾਂ। ਉਸ ਵੇਲੇ (ਗੁਰੂ) ਅਮਰਦਾਸ ਜੀ ਦੀ ਉਮਰ 62 ਸਾਲ ਸੀ। ਉਹ ਹਰ ਸਮੇਂ ਗੁਰੂ ਘਰ ਦੀ ਸੇਵਾ 'ਚ ਰਹਿਣ ਲੱਗੇ। ਕਦੇ ਲੰਗਰ ਦੀ ਸੇਵਾ, ਭਾਂਡੇ ਮਾਜਣੇ, ਬਾਲਣ ਲਿਆਉਣਾ, ਪਾਣੀ ਢੋਣਾ, ਸੰਗਤ ਦੀ ਸੇਵਾ ਕਰਨੀ ਆਦਿ। ਸਮਾਂ ਮਿਲਣ 'ਤੇ ਉਹ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਲੈ ਕੇ ਪੜ੍ਹਦੇ। ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਉਹ ਰੋਜ਼ਾਨਾ ਬਿਆਸ ਦਰਿਆ ਤੋਂ ਪਾਣੀ ਲੈ ਕੇ ਆਉਂਦੇ।

ਗੁਰੂ ਅੰਗਦ ਦੇਵ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ (ਗੁਰੂ) ਅਮਰਦਾਸ ਜੀ ਦੀ ਗਿਆਰਾਂ ਸਾਲਾਂ ਦੀ ਸੇਵਾ ਤੋਂ ਬਾਅਦ ਚੇਤ ਸੁਦ, 4 ਸੰਮਤ 1609 ਮੁਤਾਬਿਕ 26 ਮਈ 1552 ਈ: ਨੂੰ ਗੁਰਿਆਈ ਸੌਂਪ ਦਿੱਤੀ। ਇਸ ਸਮੇਂ ਉਹ 73 ਸਾਲਾਂ ਦੇ ਸਨ। ਇਨ੍ਹਾਂ ਨੇ ਖਡੂਰ ਸਾਹਿਬ ਤੋਂ ਰਿਹਾਇਸ਼ ਗੋਇੰਦਵਾਲ ਸਾਹਿਬ ਕਰ ਲਈ ਸੀ। ਉਨ੍ਹਾਂ ਨੇ ਇਹ ਨਗਰ ਬਿਆਸ ਕੰਢੇ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਹੁਕਮ ਅਨੁਸਾਰ ਹੀ ਵਸਾਇਆ ਸੀ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਬਾਬਾ ਦਾਤੂ ਗੁਰੂ ਅਮਰਦਾਸ ਜੀ ਨਾਲ ਈਰਖਾ ਰੱਖਦੇ ਸਨ ਕਿ ਉਹ ਦੂਜੇ ਗੁਰੂ ਦਾ ਪੁੱਤਰ ਹੈ, ਇਸ ਲਈ ਇਹ ਗੱਦੀ 'ਤੇ ਉਸ ਦਾ ਹੱਕ ਹੈ। ਗੁਰੂ ਦੇ ਪੁੱਤਰਾਂ ਦਾ ਮਨ ਦੁਖੀ ਨਾ ਹੋਵੇ, ਇਸ ਲਈ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਛੱਡ ਕੇ ਆਪਣੇ ਪੁਰਾਣੇ ਪਿੰਡ ਬਾਸਰਕੇ ਜਾ ਪੁੱਜੇ। ਪਿੰਡ ਦੇ ਬਾਹਰ ਖੇਤਾਂ 'ਚ ਇਕ ਕੱਚਾ ਕੋਠਾ ਸੀ, ਗੁਰੂ ਜੀ ਉਸ ਵਿਚ ਜਾ ਬੈਠੇ ਤੇ ਬੂਹੇ 'ਤੇ ਲਿਖ ਦਿੱਤਾ ਕਿ ਜੋ ਇਹ ਬੂਹਾ ਖੋਲ੍ਹੇਗਾ ਉਹ ਸਾਡਾ ਸਿੱਖ ਨਹੀਂ ਹੋਵੇਗਾ। ਗੁਰੂ ਜੀ ਇਕਾਂਤ ਸਿਮਰਨ ਵਿਚ ਲੀਨ ਹੋ ਗਏ। ਗੋਇੰਦਵਾਲ ਸਾਹਿਬ ਵਿਖੇ ਸੰਗਤਾਂ ਗੁਰੂ ਦਰਸ਼ਨ ਨਾ ਹੋਣ ਕਰਕੇ ਨਿਰਾਸ਼ ਮੁੜ ਜਾਂਦੀਆਂ। ਕੁਝ ਸਿੱਖ ਸੰਗਤਾਂ ਨੂੰ ਨਿਰਾਸ਼ ਦੇਖ ਗੁਰੂ ਜੀ ਨੂੰ ਭਾਲਣ ਲਈ ਬਾਬਾ ਬੁੱਢਾ ਜੀ ਦੇ ਨਾਲ ਚੱਲ ਪਏ। ਗੁਰੂ ਜੀ ਦਾ ਅਸਥਾਨ ਮਿਲ ਜਾਣ 'ਤੇ ਸਿੱਖਾਂ ਨੂੰ ਖੁਸ਼ੀ ਹੋਈ ਪਰ ਬੂਹੇ ਅੱਗੇ ਲਿਖਿਆ ਪੜ੍ਹ ਕੇ ਨਿਰਾਸ਼ਾ ਵੀ ਹੋਈ। ਬਾਬਾ ਬੁੱਢਾ ਜੀ ਉਸ ਕੋਠੇ ਦੇ ਪਿਛਲੇ ਪਾਸੇ ਪਾੜ (ਸੰਨ੍ਹ) ਲਾ ਕੇ ਅੰਦਰ ਲੰਘ ਗਏ ਤੇ ਗੁਰੂ ਜੀ ਦੇ ਚਰਨਾਂ 'ਚ ਢਹਿ ਪਏ। ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਵੇਖਿਆ ਤਾਂ ਬਾਬਾ ਬੁੱਢਾ ਜੀ ਨੇ ਗੋਇੰਦਵਾਲ ਸਾਹਿਬ ਪੁੱਜਦੀ ਸੰਗਤਾਂ ਦੀ ਨਿਰਾਸ਼ਾ ਬਾਰੇ ਦੱਸਿਆ। ਸੰਗਤਾਂ ਦੇ ਕਹਿਣ 'ਤੇ ਗੁਰੂ ਜੀ ਫਿਰ ਗੋਇੰਦਵਾਲ ਸਾਹਿਬ ਵਿਖੇ ਆ ਗਏ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਅਮਰਦਾਸ ਜੀ ਦੇ 907 ਸ਼ਬਦ/ ਸਲੋਕ/ ਪਉੜੀਆਂ ਦਰਜ ਹਨ। ਉਨ੍ਹਾਂ ਨੇ ਰਾਗ ਰਾਮਕਲੀ ਵਿਚ ਅਨੰਦੁ ਸਾਹਿਬ ਅਤੇ ਰਾਗ ਆਸਾ ਵਿਚ ਪੱਟੀ ਬਾਣੀ ਰਚੀ। ਸ੍ਰੀ ਗੁਰੂ ਅਮਰਦਾਸ ਜੀ ਨੇ ਮਰਿਆਦਾ ਅਨੁਸਾਰ ਪੂਰੀ ਪਰਖ ਪਿੱਛੋਂ ਗੋਇੰਦਵਾਲ ਸਾਹਿਬ



ਵਿਖੇ ਭਾਦਰੋਂ ਸੰਮਤ 1631 ਮੁਤਾਬਿਕ ਅਗਸਤ 1574 ਈ: ਨੂੰ ਸਾਰੀ ਸੰਗਤ ਤੇ ਪਰਿਵਾਰ ਦੇ ਸਾਹਮਣੇ ਰਾਮਦਾਸ ਜੀ ਨੂੰ ਗੁਰੂ ਥਾਪ ਦਿੱਤਾ। ਉਹ ਗੋਇੰਦਵਾਲ ਸਾਹਿਬ ਵਿਖੇ ਭਾਦਰੋਂ ਸੁਦੀ 15 ਸੰਮਤ 1631 ਮੁਤਾਬਕ 1 ਸਤੰਬਰ 1574 ਈ. ਨੂੰ ਜੋਤੀ ਜੋਤਿ ਸਮਾ ਗਏ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : ਮਹੱਤਵ ਤੇ ਸਤਿਕਾਰ



ਡਾ. ਪਰਮਵੀਰ ਸਿੰਘ

ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖ ਧਰਮ ਦਾ ਸਰਬੋਤਮ ਧਰਮ ਗ੍ਰੰਥ ਮੰਨਿਆ ਜਾਂਦਾ ਹੈ, ਜਿਸ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ। ਇਸ ਧਰਮ ਗ੍ਰੰਥ ਦੇ ਸਤਿਕਾਰ ਤੇ ਮਹੱਤਵ ਸੰਬੰਧੀ ਚਰਚਾ ਨਿਰੰਤਰ ਚੱਲਦੀ ਰਹਿੰਦੀ ਹੈ। ਵੱਖ-ਵੱਖ ਧਰਮਾਂ, ਭੂਗੋਲਿਕ ਖਿੱਤਿਆਂ ਤੇ ਭਾਸ਼ਾਵਾਂ ਨਾਲ ਸੰਬੰਧਿਤ ਮਹਾਂਪੁਰਖਾਂ ਦੀ ਬਾਣੀ ਦਰਜ ਹੋਣ ਕਰਕੇ ਇਸ ਦਾ ਸਮਾਜਿਕ ਮਹੱਤਵ ਤੇ ਘੇਰਾ ਵਿਸ਼ਾਲ ਹੈ। ਗੁਰੂ ਸਾਹਿਬਾਨ ਨੇ ਇਸ ਧਰਮ ਗ੍ਰੰਥ ਨੂੰ ਆਪ ਇਕੱਤਰ, ਸੰਪਾਦਨ ਤੇ ਗੁਰੂ ਦਾ ਦਰਜਾ ਪ੍ਰਦਾਨ ਕੀਤਾ, ਜਿਸ ਕਰਕੇ ਇਸ ਦੀ ਪ੍ਰਮਾਣਿਕਤਾ ਵੀ ਹਰ ਤਰ੍ਹਾਂ ਦੇ ਸ਼ੰਕੇ ਤੋਂ ਮੁਕਤ ਹੈ। ਮਨੁੱਖਤਾ ਨੂੰ ਪ੍ਰਭੂ ਮੁਖੀ ਜੀਵਨ-ਜਾਚ ਪ੍ਰਦਾਨ ਕਰਨ, ਆਪਸੀ ਸਾਂਝ, ਪ੍ਰੇਮ ਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਨ, ਪਰਉਪਕਾਰ ਦੇ ਮਾਰਗ 'ਤੇ ਚੱਲਣ, ਊਚ-ਨੀਚ ਤੇ ਭੇਦਭਾਵ ਦੀ ਭਾਵਨਾ ਤੋਂ ਮੁਕਤ ਕਰਨ, ਵਹਿਮਾਂ-ਭਰਮਾਂ ਤੋਂ ਦੂਰ ਰਹਿ ਕੇ ਸੱਚਾਈ ਤੇ ਸਦਾਚਾਰ ਦੇ ਮਾਰਗ ਨੂੰ ਧਾਰਨ ਕਰਨ ਦਾ ਜੋ ਸੰਦੇਸ਼ ਇਸ ਗ੍ਰੰਥ ਰਾਹੀਂ ਸਾਹਮਣੇ ਆਇਆ ਹੈ, ਉਸ ਨੇ ਸਮਾਜ ਨੂੰ ਸਵੈ-ਮਾਣ ਮੁਖੀ ਜੀਵਨ-ਜਾਚ ਧਾਰਨ ਕਰਨ ਵਾਲਾ ਮਾਰਗ ਦਿਖਾਇਆ ਹੈ। ਸਮਾਜਿਕ ਬਰਾਬਰੀ, ਨਿਆਂ ਤੇ ਸੁਤੰਤਰਤਾ ਦੀ ਭਾਵਨਾ ਵਿਚ ਵਿਸ਼ਵਾਸ ਰੱਖਣ ਵਾਲੇ ਇਸ ਦੇ ਸੰਦੇਸ਼ ਤੋਂ ਪ੍ਰਭਾਵਿਤ ਹੁੰਦੇ ਹਨ ਅਤੇ ਇਸ ਧਰਮ ਗ੍ਰੰਥ ਦੀ ਮੂਲ ਭਾਵਨਾ ਨੂੰ ਜੀਵਨ ਵਿਚ ਧਾਰਨ ਕਰਨ ਵਾਲੇ ਸੰਕੀਰਨ ਵਲਗਣਾਂ ਤੋਂ ਮੁਕਤ ਹੋ ਕੇ ਵਡੇਰੇ ਮਨੁੱਖੀ ਹਿਤਾਂ ਲਈ ਕਾਰਜਸ਼ੀਲ ਹੋ ਜਾਂਦੇ ਹਨ। ਦੁਨਿਆਵੀ ਤੋਂ ਦੈਵੀ ਜੀਵਨ ਦਾ ਮਾਰਗਦਰਸ਼ਨ ਕਰਨ ਵਾਲਾ ਇਹ ਧਰਮ ਗ੍ਰੰਥ ਹਰ ਮਨੁੱਖ ਨੂੰ ਸਰਲ ਤੇ ਸਹਿਜ ਵਾਲਾ ਜੀਵਨ ਬਸਰ ਕਰਨ ਲਈ ਪ੍ਰੇਰਿਤ ਕਰਦਾ ਹੈ। ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਸਿਧਾਂਤ ਮਨੁੱਖ ਨੂੰ ਦੂਜਿਆਂ ਦੀ ਹੋਂਦ ਪ੍ਰਵਾਨ ਕਰਨ ਅਤੇ ਉਨ੍ਹਾਂ ਦੇ ਦੁੱਖ ਸਮਝ ਕੇ ਉਸ ਦਾ ਨਿਵਾਰਨ ਕਰਨ ਦੀ ਭਾਵਨਾ ਪ੍ਰਗਟ ਕਰਦਾ ਹੈ। ਇਸ ਮਾਰਗ 'ਤੇ ਚੱਲ ਕੇ ਮਨੁੱਖ ਸਵਾਰਥ ਦੀ ਭਾਵਨਾ ਤੋਂ ਮੁਕਤ ਹੋ ਕੇ ਪਰਮਾਰਥ ਵਾਲੇ ਜੀਵਨ ਦਾ ਪਾਂਧੀ ਬਣ ਜਾਂਦਾ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥**

(ਸਾਰੰਗ, ਮ:1, ਅੰਗ : 1245)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਗੁਰੂ ਦੇ ਦਰਸ਼ਨ ਕਰਨ ਦੀ ਪ੍ਰੇਰਨਾ ਕਰਦੇ ਹੋਏ ਕਹਿੰਦੇ ਹਨ ਜੋ ਸਿੱਖ ਗੁਰ ਦਰਸਨ ਕੀ ਚਾਹਿ, ਦਰਸ਼ਨ ਕਰੇ ਗ੍ਰੰਥ ਜੀ ਆਹਿ। ਸਿੱਖ ਰਹਿਤ ਮਰਿਆਦਾ ਵਿਚ ਦੱਸਿਆ ਗਿਆ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਆਵਾਜ਼ਾ ਲੈਣਾ ਜਾਂ ਸੁਣਨਾ, ਸਤਿਗੁਰੂ ਦੇ ਦਰਸ਼ਨ ਹਨ।' ਗੁਰੂ ਜੀ ਦੇ ਰੋਜ਼ਾਨਾ ਦਰਸ਼ਨ ਕਰਨ ਦੀ ਭਾਵਨਾ ਅਧੀਨ ਬਹੁਤ ਸਾਰੇ ਗੁਰਸਿੱਖਾਂ ਦੇ ਘਰਾਂ ਵਿਚ ਵੀ ਇਸ ਧਰਮ ਗ੍ਰੰਥ ਦਾ ਪ੍ਰਕਾਸ਼ ਕਰਨ ਦੀ ਪਰੰਪਰਾ ਦੇਖਣ ਨੂੰ ਮਿਲਦੀ ਹੈ।

ਜਦੋਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰ ਕੇ ਇਸ ਨੂੰ ਇਕ ਬੀੜ ਦੇ ਰੂਪ 'ਚ ਤਿਆਰ ਕੀਤਾ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ। ਉਨ੍ਹਾਂ ਨੇ ਗੁਰੂ ਪਰਿਵਾਰ ਦੇ ਕਿਸੇ ਵੀ ਵਿਅਕਤੀ ਦੀ ਜਗ੍ਹਾ ਬਾਬਾ ਬੁੱਢਾ ਜੀ ਨੂੰ ਆਦਿ ਗ੍ਰੰਥ ਦੀ ਸੰਭਾਲ ਦੀ ਜ਼ਿੰਮੇਵਾਰੀ ਸੌਂਪੀ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਧਾਰਨ ਕੀਤੀ ਤੇ ਛੇ ਗੁਰੂ ਸਾਹਿਬਾਨ ਦੀ ਸੰਗਤ ਦਾ ਅਨੰਦ ਮਾਣਿਆ ਸੀ। ਗੁਰੂ ਸਾਹਿਬਾਨ ਦੇ ਸਤਿਕਾਰ ਦੀ ਭਾਵਨਾ ਤੇ ਮਰਿਆਦਾ ਉਨ੍ਹਾਂ ਤੋਂ ਵਧੇਰੇ ਹੋਰ ਕੋਈ ਨਹੀਂ ਜਾਣਦਾ ਸੀ। ਗੁਰੂ ਨਾਨਕ ਦੇਵ ਜੀ ਨੇ ਹੀ ਸ਼ਬਦ ਨੂੰ ਗੁਰੂ ਮੰਨਣ ਦਾ ਸਿਧਾਂਤ ਪ੍ਰਚੱਲਿਤ ਕੀਤਾ ਸੀ ਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਇਸ ਬਾਣੀ ਨੂੰ ਅੰਮ੍ਰਿਤ ਦੇ ਰੂਪ ਵਿਚ ਪ੍ਰਚਾਰਿਆ:-

**ਬਾਣੀ ਗੁਰੂ ਗੁਰੂ ਹੈ ਬਾਣੀ**
**ਵਿਚਿ ਬਾਣੀ ਅੰਮ੍ਰਿਤੁ ਸਾਰੇ॥**

(ਨਟ, ਮ:1, ਅੰਗ : 982)

ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੀ ਗਈ ਇਹ ਬਾਣੀ ਧੁਰ ਕੀ ਬਾਣੀ ਮੰਨੀ ਜਾਂਦੀ ਹੈ, ਜੋ ਗੁਰੂ ਸਾਹਿਬਾਨ ਦੇ ਹਿਰਦੇ ਰਾਹੀਂ ਮਨੁੱਖਤਾ ਤੱਕ ਪਹੁੰਚੀ ਹੈ। ਇਸ ਗ੍ਰੰਥ ਦੀ ਬਾਣੀ ਦੇ ਮਹੱਤਵ ਨੂੰ ਦੇਖਦੇ ਹੋਏ ਭਾਵੇਂ ਕਿ ਪਹਿਲਾਂ ਹੀ ਇਸ ਦੀਆਂ ਪੋਥੀਆਂ ਤਿਆਰ ਹੋਣ ਲੱਗ ਪਈਆਂ ਸਨ ਪਰ ਫਿਰ ਸੰਪੂਰਨ ਬੀੜ ਦੇ ਉਤਾਰੇ ਵੀ ਸਾਹਮਣੇ ਆਉਣ ਲੱਗੇ ਸਨ। ਕਿਹਾ ਜਾਂਦਾ ਹੈ ਕਿ ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਚਾਰ ਉਤਾਰੇ ਕਰ ਕੇ ਅਕਾਲ ਤਖ਼ਤ ਸਾਹਿਬ, ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਵਿਖੇ ਭੇਜੇ ਤੇ ਚੌਥੀ ਬੀੜ ਦਮਦਮਾ ਸਾਹਿਬ ਵਿਖੇ ਰੱਖੀ ਸੀ। ਉਸ ਸਮੇਂ ਤੋਂ ਹੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉਤਾਰੇ ਕਰਨ ਦੀ ਪਰੰਪਰਾ ਦੇਖਣ ਨੂੰ ਮਿਲਦੀ ਹੈ। ਸਿੱਖ ਘਰਾਂ ਵਿਚ ਵੀ ਇਸ ਗ੍ਰੰਥ ਦਾ ਪ੍ਰਕਾਸ਼ ਕਰਨ ਦੀ ਲੋਚਾ ਰੱਖਦੇ ਸਨ, ਜਿਸ ਕਰਕੇ ਕਈ ਅਜਿਹੇ ਵਿਦਿਆਲੇ ਕਾਇਮ ਹੋ ਗਏ ਜਿਹੜੇ ਕੇਵਲ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉਤਾਰੇ ਕਰਨ ਦਾ ਕਾਰਜ ਕਰਨ ਲੱਗੇ ਸਨ। ਆਪਣੀ ਭਾਵਨਾ ਅਨੁਸਾਰ ਤਿਆਰ ਕੀਤੀ ਗਈ ਰੰਗ-ਬਰੰਗੀ ਸਿਆਹੀ, ਫੁੱਲ-ਬੂਟਿਆਂ ਦੇ ਹਾਸ਼ੀਏ, ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਸਜੀਆਂ ਪੁਰਾਤਨ ਬੀੜਾਂ ਦੇ ਦਰਸ਼ਨ ਹੁਣ ਵੀ ਹੋ ਜਾਂਦੇ ਹਨ। ਛਾਪਾਖਾਨਾ ਆਉਣ ਤੋਂ ਬਾਅਦ ਬੀੜਾਂ ਦੀ ਛਪਾਈ ਦੇ ਕਾਰਜ ਵਿਚ ਬਹੁਤੇ ਤੇਜ਼ੀ ਆਈ, ਜਿਸ ਕਰਕੇ ਬਹੁਤ ਸਾਰੇ ਘਰਾਂ 'ਚ ਇਨ੍ਹਾਂ ਦਾ ਪ੍ਰਕਾਸ਼ ਕੀਤਾ ਜਾਣ ਲੱਗਾ।

ਸੰਗਤ ਰੋਜ਼ਾਨਾ ਗੁਰਦੁਆਰਿਆਂ ਵਿਚ ਹਾਜ਼ਰੀ ਭਰਦੀ ਹੈ ਤਾਂ ਕਿ ਗੁਰੂ ਦੇ ਸੰਦੇਸ਼ ਨੂੰ ਗ੍ਰਹਿਣ ਕੀਤਾ ਜਾ ਸਕੇ। ਪ੍ਰਚਾਰਕ ਵੀ ਸੰਗਤ ਨੂੰ ਸਰਲ ਢੰਗ ਨਾਲ ਗੁਰਮਤਿ ਸੰਦੇਸ਼ਾਂ ਨਾਲ ਜੋੜਨ ਦਾ ਕਾਰਜ ਕਰਦੇ ਹਨ ਤੇ ਸੰਗਤ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੀ ਹੈ। ਜੇ ਕੋਈ ਪ੍ਰਚਾਰਕ ਆਪਣੇ ਸਵਾਰਥ ਦੀ ਪੂਰਤੀ ਲਈ ਕੋਈ ਵਿਖਿਆਨ ਆਰੰਭ ਕਰ ਦੇਵੇ ਤਾਂ ਉਸ ਦੀ ਆਲੋਚਨਾ ਆਰੰਭ ਹੋ ਜਾਂਦੀ ਹੈ ਤੇ ਸੰਗਤ ਹੌਲੀ-ਹੌਲੀ ਉਸ ਤੋਂ ਕਿਨਾਰਾ ਕਰ ਲੈਂਦੀ ਹੈ। ਸਿੱਖਾਂ ਦੇ ਮਨਾਂ 'ਚ ਗੁਰੂ ਦਾ ਦਰਜਾ ਪ੍ਰਕਾਸ਼ ਸਰੂਪ ਹੈ, ਜਿਹੜਾ ਕਿ ਹਮੇਸ਼ਾ ਮਾਰਗਦਰਸ਼ਨ ਕਰਦਾ ਹੈ ਤੇ ਕਦੇ ਵੀ ਮੈਲਾ ਨਹੀਂ ਹੋ ਸਕਦਾ। ਪੰਜਾਬ ਦੀ ਪਰੰਪਰਾ ਤੇ ਸਿੱਖਾਂ ਨਾਲ ਜੁੜੇ ਹੋਏ ਸਮੂਹ ਸ਼ਖ਼ਸ ਇਹ ਜਾਣਦੇ ਹਨ ਕਿ ਸਿੱਖ ਇਸ ਧਰਮ ਗ੍ਰੰਥ ਨਾਲ ਕਿਹੋ ਜਿਹੀ ਭਾਵਨਾਤਮਿਕ ਸਾਂਝ ਰੱਖਦੇ ਹਨ ਤੇ ਇਸ ਦਾ ਸਤਿਕਾਰ ਕਾਇਮ ਰੱਖਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਇੱਥੋਂ ਤੱਕ ਕਿ ਜਦੋਂ ਇਸ ਧਰਮ ਗ੍ਰੰਥ ਨੂੰ ਇਕ ਸਥਾਨ ਤੋਂ ਦੂਜੇ ਸਥਾਨ 'ਤੇ ਲਿਜਾਣਾ ਹੋਵੇ ਤਾਂ ਉਸ ਲਈ ਇਕ ਵਿਸ਼ੇਸ਼ ਮਰਿਆਦਾ ਜਾਂ ਵਿਧੀ-ਵਿਧਾਨ ਦਾ ਪਾਲਣ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਦਾ ਪਾਲਣ ਕਰਨ ਨੂੰ ਸਤਿਕਾਰ ਦਾ ਪ੍ਰਗਟਾਵਾ ਸਮਝਿਆ ਜਾਂਦਾ ਹੈ। ਇੱਥੋਂ ਤੱਕ ਕਿ ਜਦੋਂ ਕੋਈ ਬੀੜ ਬਿਰਧ ਹੋ ਜਾਂਦੀ ਹੈ ਤਾਂ ਉਸ ਨੂੰ ਸਤਿਕਾਰ ਸਹਿਤ ਤੇ ਵਿਧੀਵਤ ਢੰਗ ਨਾਲ ਸਮੇਟ ਦਿੱਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਹਰੀ ਸਤਿਕਾਰ ਦੀਆਂ ਬਹੁਤ ਮਿਸਾਲਾਂ ਅਕਸਰ ਦੇਖਣ ਤੇ ਸੁਣਨ ਨੂੰ ਮਿਲ ਜਾਂਦੀਆਂ ਹਨ। ਪਰ ਕਈ ਵਾਰੀ ਸਿੱਖ ਹਿਰਦਿਆਂ ਨੂੰ ਉਸ ਸਮੇਂ ਠੇਸ ਪੁੱਜਦੀ ਹੈ ਜਦੋਂ ਕੋਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਦੂਜਿਆਂ ਨੂੰ ਮੰਦਾ ਜਾਂ ਝੂਠ ਬੋਲਦਾ ਹੈ ਜਾਂ ਆਪਣੀ ਸ਼ਕਤੀ ਜਾਂ ਹਉਮੈ ਦਾ ਪ੍ਰਗਟਾਵਾ ਕਰਦਾ ਹੋਇਆ ਦੂਜਿਆਂ ਨੂੰ ਨੀਵਾਂ ਦਿਖਾਉਣ ਦਾ ਯਤਨ ਕਰਦਾ ਹੈ। ਬਾਹਰੀ ਤੌਰ 'ਤੇ ਬੇਅਦਬੀ ਦੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ, ਜਿਨ੍ਹਾਂ ਕਰਕੇ ਸਿੱਖ ਹਿਰਦਿਆਂ ਨੂੰ ਠੇਸ ਪੁੱਜਦੀ ਹੈ। ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਹੁਣ ਕਾਨੂੰਨ ਵੀ ਬਣਾਇਆ ਗਿਆ ਹੈ ਪਰ ਇਹ ਦੇਖਣ ਤੇ ਸਮਝਣ ਦੀ ਲੋੜ ਹੈ ਕਿ ਕਿਤੇ ਕਾਨੂੰਨ ਰਾਹੀਂ ਸਿੱਖ ਸੰਗਤ ਗੁਰੂ ਗ੍ਰੰਥ ਸਾਹਿਬ ਤੋਂ ਦੂਰ ਤਾਂ ਨਹੀਂ ਹੋਵੇਗੀ।

ਪਿੰਡਾਂ ਤੇ ਸ਼ਹਿਰਾਂ ਵਿਚ ਗੁਰਦੁਆਰਿਆਂ ਦੀ ਗਿਣਤੀ ਨੂੰ ਘਟਾ ਕੇ ਹੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਵਧਾਇਆ ਜਾ ਸਕਦਾ ਹੈ। ਬਰਾਬਰੀ ਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦੇਣ ਵਾਲੇ ਗੁਰਦੁਆਰਿਆਂ ਨੂੰ ਜਾਤੀਵਾਦ 'ਚ ਵੰਡਣ ਦੀ ਬਜਾਏ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਮੰਨ ਲੈਣ ਨਾਲ ਗੁਰੂ ਸਾਹਿਬਾਨ ਦਾ ਵਧੇਰੇ ਸਤਿਕਾਰ ਸੰਭਵ ਹੋ ਸਕਦਾ ਹੈ ਤੇ ਬੇਅਦਬੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਜਿਹੜੇ ਪਿੰਡਾਂ 'ਚ ਦਿਨ ਵੇਲੇ ਸੰਗਤ ਨਜ਼ਰ ਨਹੀਂ ਆਉਂਦੀ, ਉੱਥੇ ਰੌਣਕ ਵਧਣ ਨਾਲ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ੍ਹ ਪੈ ਸਕਦੀ ਹੈ। ਅਖੀਰ ਸਿੱਖਾਂ ਨੂੰ ਖ਼ੁਦ ਹੀ ਸੁਚੇਤ ਤੇ ਪਹਿਰੇਦਾਰ ਬਣਨਾ ਪਵੇਗਾ ਤਾਂ ਹੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰਹਿ ਸਕਦਾ ਹੈ। ਇਸ ਧਰਮ ਗ੍ਰੰਥ ਦਾ ਅਸਲ ਸਤਿਕਾਰ ਉਸ ਸਮੇਂ ਦੇਖਣ ਨੂੰ ਮਿਲ ਸਕਦਾ ਹੈ, ਜਦੋਂ ਇਸ ਬਾਣੀ ਦੀ ਮੂਲ ਭਾਵਨਾ ਕਿਸੇ ਸਿੱਖ ਦੇ ਹਿਰਦੇ 'ਚ ਪ੍ਰਗਟ ਹੋਵੇ ਤੇ ਉਸ ਦੇ ਕਿਰਦਾਰ ਨੂੰ ਦੇਖ ਕੇ ਕਿਸੇ ਦੂਜੇ ਸ਼ਖ਼ਸ ਦੇ ਮਨ ਵਿਚ ਵੀ ਬਾਣੀ ਪੜ੍ਹਨ ਦਾ ਖਿਆਲ ਪੈਦਾ ਹੋ ਜਾਵੇ।

## ਸਿੱਖੀ ਦੇ ਮੂਲ ਸਿਧਾਂਤ ਸਮੁੱਚੀ ਮਾਨਵਤਾ ਦਾ ਅਨਿੱਖੜਵਾਂ ਅੰਗ ਹਨ

## ਸਿੱਖ ਧਰਮ 'ਕਿਰਤ ਕਰਨ, ਨਾਮ ਜਪਣ ਵੰਡ ਛਕਣ' ਦੇ ਨਾਲ-ਨਾਲ ਏਕਤਾ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ

# ਅਮਰੀਕੀ ਕਾਨੂੰਨ ਘਾੜਿਆਂ (ਡੈਮੋਕ੍ਰੇਟਿਕ ਅਤੇ ਰਿਪਬਲਿਕਨ ਕਾਂਗਰਸਮੈਨਾਂ) ਵਲੋਂ ਅਮਰੀਕੀ ਕਾਂਗਰਸ ਵਿਚ ਵਿਸਾਖੀ ਨੂੰ ਮਾਨਤਾ ਦੇਣ ਲਈ ਬਿੱਲ ਪੇਸ਼

**'ਅੱਜ ਅਸੀਂ ਇੱਕਜੁੱਟ ਹੋ ਕੇ ਅਪ੍ਰੈਲ ਮਹੀਨੇ ਨੂੰ 'ਸਿੱਖ ਇਤਿਹਾਸ ਮਹੀਨੇ' ਵਜੋਂ ਮਾਨਤਾ ਦੇਣ ਲਈ ਅਮਰੀਕਨ ਕਾਂਗਰਸ ਵਿੱਚ ਇਹ ਇਤਿਹਾਸਕ ਮਤਾ ਪੇਸ਼ ਕਰ ਰਹੇ ਹਾਂ। ਇਹ ਮਤਾ ਸਿੱਖ ਅਮਰੀਕੀਆਂ ਵੱਲੋਂ ਰਾਸ਼ਟਰ ਦੀ ਤਰੱਕੀ ਵਿੱਚ ਪਾਏ ਗਏ ਬੇਮਿਸਾਲ ਯੋਗਦਾਨ, ਉਨ੍ਹਾਂ ਦੀ ਬਹਾਦਰੀ ਭਰੀ ਫ਼ੌਜੀ ਸੇਵਾ ਅਤੇ ਸਿੱਖੀ ਦੇ ਬੁਨਿਆਦੀ ਸਿਧਾਂਤਾਂ—ਬਰਾਬਰੀ, ਸਮਾਜਿਕ ਨਿਆਂ ਅਤੇ ਨਿਰਸਵਾਰਥ ਸੇਵਾ—ਨੂੰ ਦਿੱਤਾ ਗਿਆ ਇੱਕ ਸਨਮਾਨ ਹੈ। ਅਪ੍ਰੈਲ ਦਾ ਮਹੀਨਾ, ਜੋ ਖਾਲਸਾ ਪੰਥ ਦੀ ਸਾਜਨਾ ਦਾ ਪ੍ਰਤੀਕ ਹੈ, ਸਾਨੂੰ ਯਾਦ ਦਿਵਾਉਂਦਾ ਹੈ ਕਿ ਸਿੱਖ ਇਤਿਹਾਸ ਅਸਲ ਵਿੱਚ ਅਮਰੀਕੀ ਕਹਾਣੀ ਦਾ ਹੀ ਇੱਕ ਅਨਿੱਖੜਵਾਂ ਅੰਗ ਹੈ। ਅਸੀਂ ਸਿੱਖਿਆ ਅਤੇ ਸਤਿਕਾਰ ਰਾਹੀਂ ਇੱਕ ਅਜਿਹਾ ਦੇਸ਼ ਬਣਾਉਣ ਲਈ ਵਚਨਬੱਧ ਹਾਂ ਜਿੱਥੇ ਹਰ ਭਾਈਚਾਰੇ ਦੀ ਵਿਰਾਸਤ ਨੂੰ ਮਾਣ ਮਿਲੇ ਅਤੇ ਧਾਰਮਿਕ ਸੁਤੰਤਰਤਾ ਦਾ ਚਾਨਣ ਹਮੇਸ਼ਾ ਬਰਕਰਾਰ ਰਹੇ।'**



ਕਾਂਗਰਸਮੈਨ ਡੇਵਿਡ ਵੈਲਡਾਓ, ਬ੍ਰਾਇਨ ਫਿਟਜ਼ਪੈਟਰਿਕ, ਜੂਡੀ ਚੂ ਅਤੇ ਜੋਸ਼ ਗੋਟਹੀਮਰ

ਵਾਸ਼ਿੰਗਟਨ, (ਸਾਡੇ ਲੋਕ ਬਿਊਰੋ) : ਅੱਜ, ਕਾਂਗਰਸਮੈਨ ਡੇਵਿਡ ਵੈਲਡਾਓ (CA-22) ਨੇ ਕਾਂਗਰਸਮੈਨ ਬ੍ਰਾਇਨ ਫਿਟਜ਼ਪੈਟਰਿਕ (PA-01), ਜੂਡੀ ਚੂ (CA-28), ਅਤੇ ਜੋਸ਼ ਗੋਟਹੀਮਰ (NJ-05) ਦੇ ਨਾਲ ਮਿਲ ਕੇ ਅਪ੍ਰੈਲ ਮਹੀਨੇ ਨੂੰ ਰਸਮੀ ਤੌਰ 'ਤੇ 'ਸਿੱਖ ਇਤਿਹਾਸ ਮਹੀਨੇ' ਵਜੋਂ ਮਾਨਤਾ ਦੇਣ ਲਈ ਇੱਕ ਮਤਾ ਪੇਸ਼ ਕੀਤਾ। ਇਹ ਦੁਵੱਲਾ ਮਤਾ ਸਿੱਖ ਅਮਰੀਕੀਆਂ ਦੀ ਆਸਥਾ, ਵਿਰਾਸਤ, ਸੇਵਾ ਅਤੇ ਰਾਸ਼ਟਰ ਪ੍ਰਤੀ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਦਾ ਹੈ। ਅਪ੍ਰੈਲ ਦਾ ਮਹੀਨਾ ਇਸ ਮਾਨਤਾ ਲਈ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ, ਕਿਉਂਕਿ ਇਹ ਅਕਸਰ ਵਿਸਾਖੀ ਦੇ ਨਾਲ ਮੇਲ ਖਾਂਦਾ ਹੈ, ਜੋ 1699 ਵਿੱਚ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

ਕਾਂਗਰਸਮੈਨ ਵੈਲਡਾਓ ਨੇ ਕਿਹਾ, 'ਅਮਰੀਕੀ ਸਿੱਖ ਕਾਂਗਰਸਨਲ ਕਾਕਸ ਦੇ ਸਹਿ-ਸੰਸਥਾਪਕ ਅਤੇ ਸਹਿ-ਚੇਅਰਮੈਨ ਵਜੋਂ ਮੈਂ ਅਪ੍ਰੈਲ ਨੂੰ ਸਿੱਖ ਇਤਿਹਾਸ ਮਹੀਨੇ ਵਜੋਂ ਨਾਮਜ਼ਦ ਕਰਨ ਲਈ ਆਪਣੇ ਸਾਥੀਆਂ ਨਾਲ ਇਸ ਮਤੇ ਨੂੰ ਪੇਸ਼ ਕਰਕੇ ਮਾਣ ਮਹਿਸੂਸ ਕਰ ਰਿਹਾ ਹਾਂ। ਇਹ ਉਪਰਾਲਾ ਸਿੱਖ ਧਰਮ ਦੇ ਮੂਲ ਸਿਧਾਂਤਾਂ—ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ—ਨੂੰ ਉਜਾਗਰ ਕਰਨ ਦਾ ਇੱਕ ਅਹਿਮ ਮੌਕਾ ਹੈ।'

ਇਸ ਮਤੇ ਦੇ ਮੁੱਖ ਉਦੇਸ਼:

1. ਮਾਨਤਾ ਦੇਣੀ: ਸਿੱਖ ਭਾਈਚਾਰੇ ਦੇ ਇਤਿਹਾਸ, ਸੱਭਿਆਚਾਰ, ਵਿਰਾਸਤ ਅਤੇ ਯੋਗਦਾਨ ਨੂੰ ਮਾਨਤਾ ਦੇਣੀ।
2. ਸਿਧਾਂਤਾਂ ਨੂੰ ਉਜਾਗਰ ਕਰਨਾ: ਸਿੱਖ ਧਰਮ ਦੇ ਬਰਾਬਰੀ, ਸਮਾਜਿਕ ਨਿਆਂ, ਭਾਈਚਾਰਕ ਸੇਵਾ ਅਤੇ ਮਨੁੱਖੀ ਸਨਮਾਨ ਦੇ ਮੂਲ ਸਿਧਾਂਤਾਂ ਨੂੰ ਦਰਸਾਉਣਾ।
3. ਸਿੱਖਿਆ ਦਾ ਪ੍ਰਚਾਰ: ਸਿੱਖ ਪਛਾਣ, ਇਤਿਹਾਸ ਅਤੇ ਵਿਸ਼ਵਾਸ ਦੇ ਚਿੰਨ੍ਹਾਂ (ਕਕਾਰਾਂ) ਬਾਰੇ ਸਿੱਖਿਆ ਨੂੰ ਉਤਸ਼ਾਹਿਤ ਕਰਨਾ।
4. ਜਨਤਕ ਜਾਗਰੂਕਤਾ: ਸਕੂਲਾਂ ਅਤੇ ਜਨਤਕ ਪ੍ਰੋਗਰਾਮਾਂ ਵਿੱਚ ਸਿੱਖ ਇਤਿਹਾਸ ਬਾਰੇ ਚਰਚਾ ਅਤੇ ਸੱਭਿਆਚਾਰਕ ਸਮਾਗਮਾਂ ਨੂੰ ਉਤਸ਼ਾਹਿਤ ਕਰਨਾ।
5. ਸਨਮਾਨਿਤ ਕਰਨਾ: ਫੌਜੀ ਸੇਵਾ, ਉੱਦਮਤਾ, ਮਾਨਵਤਾਵਾਦੀ ਸਹਾਇਤਾ ਅਤੇ ਨਾਗਰਿਕ ਅਗਵਾਈ ਵਿੱਚ ਸਿੱਖ ਅਮਰੀਕੀਆਂ ਦੇ ਯੋਗਦਾਨ ਦਾ ਸਨਮਾਨ ਕਰਨਾ।
6. ਧਾਰਮਿਕ ਆਜ਼ਾਦੀ: ਅਮਰੀਕਾ ਦੀ ਧਾਰਮਿਕ ਆਜ਼ਾਦੀ ਅਤੇ ਹਰ ਵਿਅਕਤੀ ਦੇ ਆਪਣੇ ਵਿਸ਼ਵਾਸ ਅਨੁਸਾਰ ਜਿਊਣ ਦੇ ਅਧਿਕਾਰ ਦੀ ਵਚਨਬੱਧਤਾ ਨੂੰ ਦੁਹਰਾਉਣਾ।

ਸਿੱਖ ਜਥੇਬੰਦੀਆਂ ਦੀ ਹਮਾਇਤ:

ਇਸ ਮਤੇ ਨੂੰ ਅਮਰੀਕਨ ਸਿੱਖ ਕਾਕਸ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC), ਯੂਨਾਈਟਿਡ ਸਿੱਖਸ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ, ਸਿੱਖ ਯੂਥ ਅਲਾਇੰਸ (ਨਿਊਜਰਸੀ), ਸਿੱਖਸ ਫਾਰ ਜਸਟਿਸ ਅਤੇ ਜਕਾਰਾ ਮੂਵਮੈਂਟ ਦਾ ਸਮਰਥਨ ਪ੍ਰਾਪਤ ਹੈ।

ਡਾ. ਪ੍ਰਿਤਪਾਲ ਸਿੰਘ (ਅਮਰੀਕਨ ਸਿੱਖ ਕਾਕਸ ਕਮੇਟੀ): 'ਖਾਲਸੇ ਦੀ ਸਿਰਜਣਾ ਸਾਨੂੰ ਆਜ਼ਾਦੀ ਲਈ ਖੜ੍ਹੇ ਹੋਣ ਅਤੇ ਦੂਜਿਆਂ ਦੀ ਸੇਵਾ ਕਰਨ ਦੀ ਯਾਦ ਦਿਵਾਉਂਦੀ ਹੈ। ਇਹ ਮਤਾ ਸਿੱਖਾਂ ਦੀਆਂ ਪੀੜ੍ਹੀਆਂ ਦੇ ਯੋਗਦਾਨ ਦਾ ਸਨਮਾਨ ਕਰਦਾ ਹੈ।'

ਸ. ਗੁਰਦੇਵ ਸਿੰਘ (AGPC): 'ਅਸੀਂ ਅਮਰੀਕਾ ਵਿੱਚ ਰਹਿ ਕੇ ਬਹੁਤ ਸ਼ੁਕਰਗੁਜ਼ਾਰ ਹਾਂ, ਜਿੱਥੇ ਅਸੀਂ ਆਪਣੇ ਸਿਧਾਂਤਾਂ ਦਾ ਖੁੱਲ੍ਹ ਕੇ ਪ੍ਰਚਾਰ ਕਰ ਸਕਦੇ ਹਾਂ। ਸਿੱਖ 1800 ਦੇ ਅਖੀਰ ਤੋਂ ਇੱਥੇ ਰਹਿ ਰਹੇ ਹਨ ਅਤੇ ਦੇਸ਼ ਦੀ ਸੇਵਾ ਕਰ ਰਹੇ ਹਨ।'

ਹਰਦਿਆਲ ਸਿੰਘ (ਯੂਨਾਈਟਿਡ ਸਿੱਖਸ): 'ਸਿੱਖ ਕਦਰਾਂ-ਕੀਮਤਾਂ ਸਾਨੂੰ ਮਨੁੱਖਤਾ ਦੀ ਸੇਵਾ ਲਈ ਪ੍ਰੇਰਿਤ ਕਰਦੀਆਂ ਹਨ। ਇਹ ਮਤਾ ਉਸ ਭਾਈਚਾਰੇ ਦੀ ਅਹਿਮ ਮਾਨਤਾ ਹੈ ਜੋ ਅਮਰੀਕੀ ਹੋਣ 'ਤੇ ਮਾਣ ਕਰਦਾ ਹੈ।'

ਹਿੰਮਤ ਸਿੰਘ (ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ): 'ਇਹ ਮਤਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਾਡਾ ਇਤਿਹਾਸ ਅਮਰੀਕੀ ਕਹਾਣੀ ਦਾ ਹਿੱਸਾ ਹੈ।'

ਭੁਪਿੰਦਰ ਸਿੰਘ (ਸਿੱਖ ਯੂਥ ਅਲਾਇੰਸ NJ): 'ਅਗਿਆਨਤਾ ਅਤੇ ਵਿਤਕਰੇ ਦਾ ਮੁਕਾਬਲਾ ਕਰਨ ਲਈ ਸਿੱਖਿਆ ਅਤੇ ਗੱਲਬਾਤ ਜ਼ਰੂਰੀ ਹੈ। ਅਪ੍ਰੈਲ ਨੂੰ ਸਿੱਖ ਇਤਿਹਾਸ ਮਹੀਨਾ ਐਲਾਨਣਾ ਇੱਕ ਇਤਿਹਾਸਕ ਕਦਮ ਹੈ।'

ਡਾ. ਬਖਸ਼ੀਸ਼ ਸਿੰਘ ਸੰਧੂ (ਸਿੱਖਸ ਫਾਰ ਜਸਟਿਸ): 'ਸਿੱਖ ਧਰਮ ਇੱਕ ਪ੍ਰਮਾਤਮਾ ਅਤੇ ਬਰਾਬਰੀ ਵਿੱਚ ਵਿਸ਼ਵਾਸ ਰੱਖਦਾ ਹੈ। ਸਿੱਖ ਆਪਣੀ ਰੋਜ਼ਾਨਾ ਅਰਦਾਸ ਵਿੱਚ 'ਸਰਬੱਤ ਦਾ ਭਲਾ' ਮੰਗਦੇ ਹਨ।'

ਗੁਰਜੀਤ ਸਿੰਘ (ਜਕਾਰਾ ਮੂਵਮੈਂਟ): 'ਸਿੱਖ ਇਤਿਹਾਸ ਮਹੀਨਾ ਨਾ ਸਿਰਫ਼ ਯੋਗਦਾਨ ਨੂੰ ਪਛਾਣਨ ਦਾ ਮੌਕਾ ਹੈ, ਸਗੋਂ ਵੱਖ-ਵੱਖ ਪਿਛੋਕੜ ਵਾਲੇ ਲੋਕਾਂ ਨੂੰ ਆਪਸੀ ਸਤਿਕਾਰ ਅਤੇ ਸੇਵਾ ਦੀ ਭਾਵਨਾ ਨਾਲ ਨੇੜੇ ਲਿਆਉਣ ਦਾ ਵੀ ਜ਼ਰੀਆ ਹੈ।'

ਇਹ ਇਤਿਹਾਸਕ ਮਤਾ ਨਾ ਸਿਰਫ਼ ਸਿੱਖਾਂ ਦੇ ਅਮਰੀਕੀ ਇਤਿਹਾਸ ਵਿੱਚ ਯੋਗਦਾਨ ਨੂੰ ਸਵੀਕਾਰ ਕਰਦਾ ਹੈ, ਸਗੋਂ ਭਵਿੱਖ ਦੀਆਂ ਪੀੜ੍ਹੀਆਂ ਲਈ ਸਿੱਖਿਆ ਅਤੇ ਸਤਿਕਾਰ ਦੇ ਨਵੇਂ ਰਾਹ ਵੀ ਖੋਲ੍ਹਦਾ ਹੈ।

G:\M\19\FITZBR\FITZBR_107.XML

(Original Signature of Member)

119TH CONGRESS
2D SESSION

**H. RES. ____**

Expressing support for the month of April as "Sikh History Month".

IN THE HOUSE OF REPRESENTATIVES

Mr. FITZPATRICK submitted the following resolution; which was referred to the Committee on ____

**RESOLUTION**

Expressing support for the month of April as "Sikh History Month".

Whereas Sikhism (Sikhi) is the fifth largest and the youngest of the world's major religions, founded in the 15th century by Guru Nanak;

Whereas Sikhism teaches belief in one universal God, honest and truthful living, and treating all people as equal, regardless of color, caste, gender, or religion;

Whereas Sikhism emphasizes three main principles: remembering God (Naam Japo), earning an honest living (Kirat Karni), and sharing (Vand Chakna) with others;

Whereas the Sikh community has contributed significantly to society through service, entrepreneurship, military service, and advocacy for human rights;

Whereas designating the month of April as "Sikh History Month" offers an important opportunity to recognize the history, culture, and contributions of Sikhs while promoting human equality, awareness, inclusion, and education;

Whereas April holds special significance in Sikh history because it often coincides with Vaisakhi, one of the most important festivals in Sikhism;

Whereas Guru Nanak prescribed the foundational Sikh principles of worshiping One God, earning an honest living through free enterprise, and sharing with those less fortunate;

Whereas the ninth Sikh Guru, Guru Tegh Bahadur Sahib, demonstrated commitment to freedom of religion for everyone by sacrificing His life;

Whereas the tenth Sikh Guru, Guru Gobind Singh, formally codified the Sikh mandate to bear arms;

Whereas Vaisakhi commemorates the founding of the Khalsa in 1699 by Guru Gobind Singh;

Whereas, Sikh history is deeply rooted in principles of equality, social justice, and community service, Sikhism rejected caste discrimination and promoted gender equality;

Whereas Sikh Gurus advocated for the dignity of all people regardless of religion, background, or status;

Whereas one visible example of this commitment is the practice of langar, the free community kitchen found in every Sikh place of worship known as a Gurdwara;

Whereas, in the United States, Canada, the United Kingdom, and other countries, "Sikh History Month" has become an opportunity for schools, universities, and public institutions to educate communities about Sikh identity and heritage;

Whereas "Sikh History Month" encourages dialogue, combats stereotypes, and promotes respect for religious diversity;

Whereas Sikh Americans have served in the armed forces, contributed to business and innovation, and played active roles in civic life;

Whereas recognizing the Sikh community's history helps ensure their stories and contributions are included in the broader narrative of American diversity;

Whereas education is a central benefit of establishing "Sikh History Month";

Whereas many people are unfamiliar with Sikh articles of faith, such as the turban and the Five Ks, which symbolize commitment to Sikh values; and

Whereas increased awareness through public programs, classroom discussions, and cultural events can reduce misunderstanding and foster mutual respect among communities: Now, therefore, be it

*Resolved,* That the House of Representatives expresses support for the month of April as "Sikh History Month" and as—

(1) a recognition of the history, culture, heritage, and contributions of the Sikh community;

(2) a time to reflect on the principles of equality, social justice, community service, and human dignity that are central to Sikh history and tradition;

(3) a time to promote awareness, inclusion, education, and respect for religious diversity, to combat stereotypes and misunderstandings, and to encourage appreciation of the contributions Sikhs have made through service, entrepreneurship, military service, humanitarian relief, and advocacy for human rights; and

(4) a time to recognize that the Sikh faith is grounded in honest labor, religious liberty, and the duty to bear arms.

**29 ਅਪ੍ਰੈਲ — ਇੱਕ ਕੌਮੀ ਸੰਕਲਪ**

**ਅੱਜ ਤੋਂ ਠੀਕ ਚਾਲੀ ਵਰ੍ਹੇ ਪਹਿਲਾਂ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰ ਫ਼ਸੀਲ ਤੋਂ ਖਾਲਿਸਤਾਨ ਦਾ ਰਸਮੀ ਐਲਾਨਨਾਮਾ ਪੜ੍ਹਿਆ ਗਿਆ ਸੀ, ਉਹ ਸਿਰਫ਼ ਇੱਕ ਰਾਜਨੀਤਕ ਦਸਤਾਵੇਜ਼ ਨਹੀਂ ਸੀ, ਬਲਕਿ ਜੂਨ 1984 ਦੇ ਅਸਿਹ ਜ਼ਖ਼ਮਾਂ 'ਤੇ ਲੱਗੀ ਇੱਕ ਕੌਮੀ ਮਲ੍ਹਮ ਸੀ। ਇਹ ਉਹ ਪਲ ਸੀ ਜਦੋਂ ਸਿੱਖ ਕੌਮ ਨੇ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜ ਕੇ ਆਪਣੀ 'ਹਸਤੀ' ਅਤੇ 'ਪ੍ਰਭੂਸੱਤਾ' ਦਾ ਐਲਾਨ ਵਿਸ਼ਵ ਪੱਧਰ 'ਤੇ ਕੀਤਾ। ਇਹ ਐਲਾਨਨਾਮਾ ਡਾਕਟਰ ਸੋਹਣ ਸਿੰਘ ਵਰਗੇ ਬੁੱਧੀਜੀਵੀਆਂ ਦੀ ਸੋਚ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੁਆਰਾ ਰੱਖੀ ਗਈ 'ਨੀਂਹ' ਦਾ ਨਤੀਜਾ ਸੀ। ਅੱਜ ਜਦੋਂ ਅਸੀਂ ਇਸ ਦੇ 40 ਸਾਲ ਪੂਰੇ ਕਰ ਰਹੇ ਹਾਂ, ਤਾਂ ਉਸ ਸਮੇਂ ਦੇ ਚਸ਼ਮਦੀਦ, ਇਤਿਹਾਸਕ ਪਲਾਂ ਦੇ ਸਾਥੀ ਅਤੇ ਇਸ ਸਮੇਂ ਅਮਰੀਕਾ ਤੋਂ ਸਿੱਖਾਂ ਦੀ ਅੰਤਰਰਾਸ਼ਟਰੀ ਆਵਾਜ਼ ਡਾਕਟਰ ਪ੍ਰਿਤਪਾਲ ਸਿੰਘ ਦਾ ਇਹ ਲੇਖ ਸਾਨੂੰ ਉਸ ਦੌਰ ਦੀਆਂ ਗੁਪਤ ਮੀਟਿੰਗਾਂ, ਪੰਥਕ ਕਮੇਟੀ ਦੀ ਦ੍ਰਿੜਤਾ ਅਤੇ ਉਨ੍ਹਾਂ ਇਤਿਹਾਸਕ ਚੁਣੌਤੀਆਂ ਦੇ ਰੂਬਰੂ ਕਰਵਾਉਂਦਾ ਹੈ, ਜਿਨ੍ਹਾਂ ਨੇ ਸਿੱਖ ਰਾਜਨੀਤੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਆਓ, ਇਸ ਇਤਿਹਾਸਕ ਦਸਤਾਵੇਜ਼ ਦੇ ਜ਼ਰੀਏ ਸਮਝੀਏ ਕਿ ਕਿਵੇਂ 1984 ਦੇ ਸਿੱਖ ਕਤਲੇਆਮ, ਗੁਰਧਾਮਾਂ ਦੀ ਬੇਅਦਬੀ ਅਤੇ ਦਹਾਕਿਆਂ ਤੱਕ ਸਿੱਖ ਨੌਜਵਾਨਾਂ ਦੇ ਹੋਏ ਘਾਣ ਵਿੱਚੋਂ ਇਹ 'ਕੌਮੀ ਨਿਸ਼ਾਨਾ' ਪੈਦਾ ਹੋਇਆ। ਅੱਜ ਵੀ ਅਨੇਕਾਂ ਸਿੱਖ ਬਿਨਾਂ ਮੁਕੱਦਮਾ ਚਲਾਏ 35-35 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਸਜ਼ਾਵਾਂ ਪੂਰੀਆਂ ਕਰ ਚੁੱਕਣ ਦੇ ਬਾਵਜੂਦ ਉਹ ਕਾਲ-ਕੋਠੜੀਆਂ ਵਿੱਚ ਜ਼ਿੰਦਗੀ ਬਿਤਾਉਣ ਲਈ ਮਜਬੂਰ ਹਨ। ਇਹ ਲੇਖ ਉਨ੍ਹਾਂ ਸਾਰੇ ਅਸਿਹ ਤੇ ਅਕਿਹ ਜ਼ੁਲਮਾਂ ਦੀ ਦਾਸਤਾਨ ਬਿਆਨ ਕਰਦਾ ਹੈ, ਜਿਨ੍ਹਾਂ ਨੇ ਇੱਕ ਅਜਿਹਾ 'ਕੌਮੀ ਨਿਸ਼ਾਨਾ' ਸਿਰਜਿਆ ਜਿਸ ਨੂੰ 40 ਸਾਲਾਂ ਬਾਅਦ ਵੀ ਕੋਈ ਮਿਟਾ ਨਹੀਂ ਸਕਿਆ। - ਸੰਪਾਦਕ**

# ਖਾਲਿਸਤਾਨ ਐਲਾਨਨਾਮਾ-1986 : ਇੱਕ ਇਤਿਹਾਸਕ ਵਿਸ਼ਲੇਸ਼ਣ




**ਅਮਰੀਕਾ ਤੋਂ ਸਿੱਖਾਂ ਦੀ ਅੰਤਰਰਾਸ਼ਟਰੀ ਆਵਾਜ਼ ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ ਅਮਰੀਕਨ ਸਿੱਖ ਕਾਕਸ ਕਮੇਟੀ**

ਅੱਜ 29 ਅਪ੍ਰੈਲ 2026 ਨੂੰ ਖਾਲਿਸਤਾਨ ਦੇ ਰਸਮੀ ਐਲਾਨਨਾਮੇ ਦੇ 40 ਸਾਲ ਪੂਰੇ ਹੋ ਰਹੇ ਹਨ। ਇਹ ਸਿਰਫ਼ ਇੱਕ ਮਿਤੀ ਨਹੀਂ, ਬਲਕਿ ਸਿੱਖ ਕੌਮ ਦੀ ਆਜ਼ਾਦੀ ਦੇ ਸੰਕਲਪ ਦਾ ਉਹ ਦਸਤਾਵੇਜ਼ੀ ਮੋੜ ਹੈ ਜਿਸ ਨੇ ਆਉਣ ਵਾਲੀਆਂ ਕਈ ਪੀੜ੍ਹੀਆਂ ਦੀ ਰਾਜਨੀਤਕ ਸੋਚ ਨੂੰ ਬਦਲ ਦਿੱਤਾ। ਡਾਕਟਰ ਪ੍ਰਿਤਪਾਲ ਸਿੰਘ ਵਰਗੇ ਚਸ਼ਮਦੀਦ ਗਵਾਹਾਂ ਅਤੇ ਡਾਕਟਰ ਸੋਹਣ ਸਿੰਘ ਵਰਗੇ ਬੁੱਧੀਜੀਵੀਆਂ ਦੇ ਹਵਾਲੇ ਨਾਲ ਇਸ ਲੇਖ ਵਿੱਚ ਅਸੀਂ 1984 ਤੋਂ 1986 ਤੱਕ ਦੇ ਉਸ ਤੂਫਾਨੀ ਦੌਰ ਦੀ ਪੜਚੋਲ ਕਰਾਂਗੇ।

1. ਇਤਿਹਾਸਕ ਪਿਛੋਕੜ: ਨੀਂਹ ਪੱਥਰ (ਜੂਨ 1984)

ਸਿੱਖਾਂ ਵਿੱਚ ਆਪਣੇ ਵੱਖਰੇ ਰਾਜ ਦੀ ਚੇਤਨਾ 1849 ਵਿੱਚ ਸਿੱਖ ਰਾਜ ਦੇ ਪਤਨ ਤੋਂ ਬਾਅਦ ਹਮੇਸ਼ਾ ਰਹੀ ਹੈ, ਪਰ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਹੋਏ ਭਾਰਤੀ ਫੌਜ ਦੇ ਹਮਲੇ ਨੇ ਇਸ ਨੂੰ ਇੱਕ ਅਟੱਲ ਨਿਸ਼ਾਨੇ ਵਿੱਚ ਬਦਲ ਦਿੱਤਾ।

**ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਭਵਿੱਖਬਾਣੀ:** ਸੰਤਾਂ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ 'ਜਿਸ ਦਿਨ ਭਾਰਤੀ ਫੌਜ ਦਰਬਾਰ ਸਾਹਿਬ 'ਤੇ ਹਮਲਾ ਕਰੇਗੀ, ਉਸੇ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।'

**ਪ੍ਰਤੀਕਿਰਿਆ ਵਜੋਂ ਸੰਘਰਸ਼:** ਵੀਡੀਓ ਵਿੱਚ ਡਾਕਟਰ ਪ੍ਰਿਤਪਾਲ ਸਿੰਘ ਦੱਸਦੇ ਹਨ ਕਿ ਸੰਤਾਂ ਨੇ ਕਦੇ ਵੀ ਖਾਲਿਸਤਾਨ ਦੀ ਮੰਗ ਪਹਿਲਾਂ ਨਹੀਂ ਸੀ ਕੀਤੀ, ਪਰ ਸਰਕਾਰ ਦੇ ਜ਼ਬਰ ਨੇ ਸਿੱਖਾਂ ਨੂੰ ਇਸ ਮਾਰਗ 'ਤੇ ਤੋਰ ਦਿੱਤਾ।

**2. ਵਿਚਾਰਧਾਰਕ ਮੋਢੀ: ਡਾਕਟਰ ਸੋਹਣ ਸਿੰਘ (Dr. Sohan Singh)**

ਖਾਲਿਸਤਾਨ ਦੇ ਸੰਕਲਪ ਨੂੰ ਬੌਧਿਕ ਅਤੇ ਦਸਤਾਵੇਜ਼ੀ ਰੂਪ ਦੇਣ ਵਿੱਚ ਸਿਹਤ ਵਿਭਾਗ ਦੇ ਸਾਬਕਾ ਡਾਇਰੈਕਟਰ ਡਾਕਟਰ ਸੋਹਣ ਸਿੰਘ ਦੀ ਭੂਮਿਕਾ ਸਭ ਤੋਂ ਅਹਿਮ ਰਹੀ ਹੈ।

**ਬੌਧਿਕ ਲਾਮਬੰਦੀ:** 1980 ਦੇ ਦਹਾਕੇ ਵਿੱਚ ਉਹਨਾਂ ਨੇ 'ਖਾਲਿਸਤਾਨ ਕਿਉਂ?' ਵਰਗੇ ਸੈਮੀਨਾਰ ਕੀਤੇ।

**ਐਲਾਨਨਾਮੇ ਦੇ ਲਿਖਾਰੀ:** 29 ਅਪ੍ਰੈਲ 1986 ਦੇ ਦਸਤਾਵੇਜ਼ ਦੇ ਮੁੱਖ ਸੂਤਰਧਾਰ ਉਹ ਖੁਦ ਸਨ। ਉਹਨਾਂ ਦਾ ਮੰਨਣਾ ਸੀ ਕਿ ਆਪਣਾ ਰਾਜ ਲਏ ਬਿਨਾਂ ਸਿੱਖ ਕੌਮ ਸੁਰੱਖਿਅਤ ਨਹੀਂ ਹੈ।

**3. ਪੰਥਕ ਕਮੇਟੀ ਦੀ ਸਥਾਪਨਾ (26 ਜਨਵਰੀ 1986)**

1984 ਦੇ ਘੱਲੂਘਾਰੇ ਤੋਂ ਬਾਅਦ ਸਿੰਘਾਂ ਨੇ ਮੁੜ ਜਥੇਬੰਦ ਹੋਣਾ ਸ਼ੁਰੂ ਕੀਤਾ। 26 ਜਨਵਰੀ 1986 ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਏ ਸਰਬੱਤ ਖਾਲਸਾ ਦੌਰਾਨ ਪੰਜ ਮੈਂਬਰੀ ਪੰਥਕ ਕਮੇਟੀ ਚੁਣੀ ਗਈ:

1. ਭਾਈ ਧੰਨਾ ਸਿੰਘ
2. ਭਾਈ ਰੂੜ ਸਿੰਘ
3. ਭਾਈ ਗੁਰਬਚਨ ਸਿੰਘ ਮਾਣੋਚਾਹਲ
4. ਭਾਈ ਗੁਰਦੇਵ ਸਿੰਘ
5. ਭਾਈ ਵਸਣ ਸਿੰਘ ਜ਼ਫਰਵਾਲ

ਇਸ ਕਮੇਟੀ ਨੂੰ ਕੌਮੀ ਸੰਘਰਸ਼ ਦੀ ਅਗਵਾਈ ਅਤੇ ਅਗਲੀ ਰੂਪ-ਰੇਖਾ ਉਲੀਕਣ ਦੀ ਜ਼ਿੰਮੇਵਾਰੀ ਸੌਂਪੀ ਗਈ।

**4. ਖਾਲਿਸਤਾਨ ਦਾ ਐਲਾਨ (29 ਅਪ੍ਰੈਲ 1986)**

ਪੰਥਕ ਕਮੇਟੀ ਨੇ ਬਹੁਤ ਹੀ ਗੁਪਤ ਤਰੀਕੇ ਨਾਲ ਡਾਕਟਰ ਸੋਹਣ ਸਿੰਘ ਦੀ ਦੇਖ-ਰੇਖ ਹੇਠ ਖਾਲਿਸਤਾਨ ਦਾ ਐਲਾਨਨਾਮਾ ਤਿਆਰ ਕੀਤਾ।

**ਗੁਪਤਤਾ (Secrecy):** ਇੰਨੀ ਸਖ਼ਤ ਗੁਪਤਤਾ ਰੱਖੀ ਗਈ ਸੀ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਤੋਂ ਵੀ ਇਸ ਨੂੰ ਉਹਲੇ ਰੱਖਿਆ ਗਿਆ। ਜਦੋਂ ਉਹ ਕਮਰੇ ਵਿੱਚ ਆਏ ਤਾਂ ਕਾਗਜ਼ ਉਲਟਾ ਦਿੱਤਾ ਗਿਆ। ਭਾਈ ਧੰਨਾ ਸਿੰਘ ਨੇ ਬਾਅਦ ਵਿੱਚ ਕਿਹਾ ਸੀ, 'ਸਾਨੂੰ ਤੇਰੇ 'ਤੇ ਯਕੀਨ ਨਹੀਂ ਸੀ।'

**ਐਲਾਨ:** 29 ਅਪ੍ਰੈਲ 1986 ਨੂੰ ਅਕਾਲ ਤਖ਼ਤ ਸਾਹਿਬ ਤੋਂ ਰਸਮੀ ਤੌਰ 'ਤੇ ਖਾਲਿਸਤਾਨ ਦਾ ਐਲਾਨ ਕਰ ਦਿੱਤਾ ਗਿਆ।

**ਪ੍ਰਸ਼ਟੀ:** ਇਸ ਐਲਾਨਨਾਮੇ ਦੀ ਬਾਅਦ ਵਿੱਚ 1986 ਦੀ ਦਿਵਾਲੀ ਮੌਕੇ ਹੋਏ ਸਰਬੱਤ ਖਾਲਸਾ ਵਿੱਚ ਮੁੜ ਪ੍ਰੋੜਤਾ ਕੀਤੀ ਗਈ।

**5. ਵਿਚਾਰਧਾਰਕ ਵਖਰੇਵੇਂ ਅਤੇ ਵਿਰੋਧ**

**ਸਿੱਖ ਲੀਡਰਸ਼ਿਪ ਵਿੱਚ ਇਸ ਮੁੱਦੇ 'ਤੇ ਵੱਖ-ਵੱਖ ਰਾਵਾਂ ਸਨ:**

**ਪੱਤਰਕਾਰ ਦਲਬੀਰ ਸਿੰਘ:** ਉਹ ਖਾਲਿਸਤਾਨ ਦੇ ਹੱਕ ਵਿੱਚ ਨਹੀਂ ਸਨ ਅਤੇ ਸੰਘਰਸ਼ ਨੂੰ ਪੰਜਾਬ ਦੇ ਆਰਥਿਕ ਮਸਲਿਆਂ (ਪਾਣੀ, ਬਿਜਲੀ) ਤੱਕ ਸੀਮਤ ਰੱਖਣਾ ਚਾਹੁੰਦੇ ਸਨ।

**ਹਰਿੰਦਰ ਸਿੰਘ ਕਾਹਲੋਂ:** ਉਹਨਾਂ ਨੇ ਇਸ ਐਲਾਨਨਾਮੇ ਦਾ ਸਮਰਥਨ ਨਹੀਂ ਕੀਤਾ ਅਤੇ ਅੱਜ ਉਹ ਭਾਜਪਾ ਵਿੱਚ ਸ਼ਾਮਲ ਹਨ

**ਡਾਕਟਰ ਭਗਵਾਨ ਸਿੰਘ ਅਤੇ ਹਰਮਿੰਦਰ ਸਿੰਘ ਸੰਧੂ:** ਸੰਧੂ ਦਾ ਗਰੁੱਪ 'ਖਾਲਸਾ ਪੰਚਾਇਤ' ਦੇ ਰੂਪ ਵਿੱਚ ਕੰਮ ਕਰਨਾ ਚਾਹੁੰਦਾ ਸੀ। ਪਰ ਡਾਕਟਰ ਪ੍ਰਿਤਪਾਲ ਸਿੰਘ ਨੇ ਸਪੱਸ਼ਟ ਕੀਤਾ ਕਿ ਇਹ 'ਬਰੀਚ ਆਫ ਟਰਸਟ' ਸੀ ਕਿਉਂਕਿ ਕੌਮੀ ਨਿਸ਼ਾਨਾ ਖਾਲਿਸਤਾਨ ਮਿਥਿਆ ਜਾ ਚੁੱਕਾ ਸੀ।

**6. 'ਖਾਲਿਸਤਾਨ' ਸ਼ਬਦ ਦੀ ਸਥਿਰਤਾ**

ਡਾਕਟਰ ਸੋਹਣ ਸਿੰਘ ਨੇ ਬਹੁਤ ਦ੍ਰਿੜਤਾ ਨਾਲ ਕਿਹਾ ਸੀ ਕਿ ਹੁਣ ਇਸ ਸ਼ਬਦ ਨੂੰ ਕੋਈ ਨਹੀਂ ਬਦਲ ਸਕਦਾ। ਕਈ ਹੋਰ ਨਾਮ ਜਿਵੇਂ 'ਖਾਲਸਾ ਰਾਜ' ਜਾਂ 'ਪੂਰਨ ਆਜ਼ਾਦੀ' ਸੁਝਾਏ ਗਏ, ਪਰ 'ਖਾਲਿਸਤਾਨ' ਸ਼ਬਦ ਸਿੱਖਾਂ ਦੇ ਹਿਰਦੇ ਵਿੱਚ ਵਸ ਗਿਆ।

7. ਖਾੜਕੂ ਜਥੇਬੰਦੀਆਂ ਦਾ ਸਟੈਂਡ

1994-95 ਦੇ ਦੌਰ ਵਿੱਚ ਇੱਕ ਗੁਆਂਢੀ ਮੁਲਕ (ਪਾਕਿਸਤਾਨ) ਵਿੱਚ ਹੋਈ ਮੀਟਿੰਗ ਦੌਰਾਨ ਪਰਮਜੀਤ ਸਿੰਘ ਪੰਜਵੜ (KCF ਮੁਖੀ) ਨੇ ਕਿਹਾ:

'ਮੈਂ ਇਸ ਐਲਾਨ ਵੇਲੇ ਸ਼ਾਮਿਲ ਨਹੀਂ ਸੀ, ਪਰ ਮੇਰੇ ਤੋਂ ਪਹਿਲੇ ਮੁਖੀਆਂ (ਜਨਰਲ ਲਾਭ ਸਿੰਘ) ਨੇ ਮੈਨੂੰ ਇਹ ਦਸਤਾਵੇਜ਼ ਫੜਾਇਆ ਸੀ, ਤੇ ਮੈਂ ਇਸੇ 'ਤੇ ਪਹਿਰਾ ਦੇ ਰਿਹਾ ਹਾਂ।'

ਬੱਬਰ ਖਾਲਸਾ ਦੇ ਭਾਈ ਵਧਾਵਾ ਸਿੰਘ ਨੇ ਵੀ ਇਸ ਦੀ ਪ੍ਰੋੜਤਾ ਕੀਤੀ।

**8. ਅੰਤਰਰਾਸ਼ਟਰੀ ਕਾਨੂੰਨ ਅਤੇ ਮੌਜੂਦਾ ਸਥਿਤੀ**

ਡਾਕਟਰ ਪ੍ਰਿਤਪਾਲ ਸਿੰਘ ਅਨੁਸਾਰ, ਖਾਲਿਸਤਾਨ ਦੀ ਮੰਗ ਸੰਯੁਕਤ ਰਾਸ਼ਟਰ (UN) ਦੇ ਚਾਰਟਰ ਅਨੁਸਾਰ 'ਸਵੈ-ਨਿਰਣੇ ਦੇ ਅਧਿਕਾਰ' (Right to Self-Determination) ਤਹਿਤ ਬਿਲਕੁਲ ਜਾਇਜ਼ ਹੈ।

**ਜੀਓ-ਪੋਲੀਟਿਕਸ:** ਭਾਵੇਂ ਭਾਰਤ ਇੱਕ ਵੱਡੀ ਮੰਡੀ ਹੈ, ਪਰ 'ਫਾਈਵ ਆਈਜ਼' (Five Eyes) ਮੁਲਕਾਂ ਨੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਅਤੇ 'ਟਰਾਂਸ-ਨੈਸ਼ਨਲ ਰਿਪ੍ਰੈਸ਼ਨ' (Trans-national Repression) ਵਿਰੁੱਧ ਸਟੈਂਡ ਲਿਆ ਹੈ।

**ਪੰਜਾਬ ਦੀ ਧਰਤੀ:** ਉਹਨਾਂ ਦਾ ਮੰਨਣਾ ਹੈ ਕਿ ਅਸਲ ਫੋਰਮੇਸ਼ਨ ਪੰਜਾਬ ਦੀ ਧਰਤੀ 'ਤੇ ਹੀ ਹੋਣੀ ਹੈ ਅਤੇ ਬਾਹਰਲੇ ਮੁਲਕਾਂ ਦੀਆਂ ਸਰਗਰਮੀਆਂ ਡਿਪਲੋਮੇਸੀ ਲਈ ਹਨ।

**ਨਿਸ਼ਕਰਸ਼**

ਅੱਜ 40 ਸਾਲਾਂ ਬਾਅਦ ਵੀ, 29 ਅਪ੍ਰੈਲ 1986 ਦਾ ਉਹ ਗੁਪਤ ਦਸਤਾਵੇਜ਼ ਸਿੱਖ ਰਾਜਨੀਤੀ ਦਾ ਕੇਂਦਰ ਬਿੰਦੂ ਬਣਿਆ ਹੋਇਆ ਹੈ। ਡਾਕਟਰ ਪ੍ਰਿਤਪਾਲ ਸਿੰਘ ਦੇ ਸ਼ਬਦਾਂ ਵਿੱਚ, ਸਿੱਖ ਕੌਮ ਹੁਣ ਭਾਰਤ ਨਾਲ ਆਪਣਾ ਨਾਤਾ ਜੋੜ ਕੇ ਨਹੀਂ ਦੇਖਦੀ ਅਤੇ ਆਪਣੇ ਘਰ (ਅਜ਼ਾਦੀ) ਲਈ ਜਦੋਜਹਿਦ ਜਾਰੀ ਰੱਖੇਗੀ। 1984 ਦੇ ਹਲੂਣੇ ਨੇ ਖਾਲਿਸਤਾਨ ਨੂੰ ਇੱਕ ਅਟੁੱਟ ਨਿਸ਼ਾਨੇ ਵਜੋਂ ਸਥਾਪਿਤ ਕਰ ਦਿੱਤਾ ਹੈ।

## 1 ਮਈ 2026: ਅੰਤਰਰਾਸ਼ਟਰੀ ਮਜ਼ਦੂਰ ਦਿਵਸ

# ਇਤਿਹਾਸ, ਸ਼ਹਾਦਤ ਅਤੇ ਸੰਘਰਸ਼ ਦਾ ਸਫ਼ਰ

**'ਅੱਜ ਦੇ ਦਿਨ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਨਮਨ ਕਰਦੇ ਹਾਂ, ਜਿਨ੍ਹਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਦੁਨੀਆ ਭਰ ਦੇ ਮਜ਼ਦੂਰਾਂ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਆਜ਼ਾਦ ਕਰਵਾਇਆ ਅਤੇ ਉਨ੍ਹਾਂ ਨੂੰ ਇੱਜ਼ਤ ਅਤੇ ਮਾਣ ਵਾਲੀ ਜ਼ਿੰਦਗੀ ਦਾ ਹੱਕ ਦਿਵਾਇਆ।' -ਸਤਨਾਮ ਸਿੰਘ ਖਾਲਸਾ**

1 ਮਈ 2026 (ਸ਼ੁੱਕਰਵਾਰ) ਨੂੰ ਦੁਨੀਆ ਭਰ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ (International Workers' Day) ਮਨਾਇਆ ਜਾ ਰਿਹਾ ਹੈ। ਇਹ ਦਿਨ ਸਿਰਫ਼ ਇੱਕ ਛੁੱਟੀ ਨਹੀਂ, ਸਗੋਂ ਉਸ ਲੰਬੇ ਅਤੇ ਖੂਨੀ ਸੰਘਰਸ਼ ਦੀ ਯਾਦ ਹੈ ਜਿਸ ਨੇ ਅੱਜ ਦੇ ਮਜ਼ਦੂਰਾਂ ਨੂੰ ਮਨੁੱਖੀ ਅਧਿਕਾਰ ਅਤੇ ਸਨਮਾਨਜਨਕ ਕੰਮ ਦੇ ਹਾਲਾਤ ਪ੍ਰਦਾਨ ਕੀਤੇ ਹਨ।

**1. ਇਤਿਹਾਸਕ ਪਿਛੋਕੜ: ਸ਼ਿਕਾਗੋ ਦਾ ਅੰਦੋਲਨ (1886)**

19ਵੀਂ ਸਦੀ ਦੇ ਅੰਤ ਵਿੱਚ, ਉਦਯੋਗਿਕ ਕ੍ਰਾਂਤੀ ਦੇ ਦੌਰਾਨ ਮਜ਼ਦੂਰਾਂ ਦੀ ਹਾਲਤ ਬਹੁਤ ਮਾੜੀ ਸੀ। ਉਨ੍ਹਾਂ ਨੂੰ ਦਿਨ ਵਿੱਚ 15 ਤੋਂ 16 ਘੰਟੇ ਕੰਮ ਕਰਨਾ ਪੈਂਦਾ ਸੀ।

8 ਘੰਟੇ ਕੰਮ ਦੀ ਮੰਗ: 1 ਮਈ 1886 ਨੂੰ ਅਮਰੀਕਾ ਦੇ ਸ਼ਿਕਾਗੋ ਵਿੱਚ ਹਜ਼ਾਰਾਂ ਮਜ਼ਦੂਰਾਂ ਨੇ ਇਕੱਠੇ ਹੋ ਕੇ ਇੱਕ ਇਤਿਹਾਸਕ ਨਾਅਰਾ ਦਿੱਤਾ: '8 ਘੰਟੇ ਕੰਮ, 8 ਘੰਟੇ ਮਨੋਰੰਜਨ ਅਤੇ 8 ਘੰਟੇ ਆਰਾਮ'। ਇਹ ਹੜਤਾਲ ਪੂਰੇ ਅਮਰੀਕਾ ਵਿੱਚ ਫੈਲ ਗਈ।

**ਹੇਅ ਮਾਰਕੀਟ ਘਟਨਾ (Haymarket Affair):** 4 ਮਈ 1886 ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਚੌਕ ਵਿੱਚ ਇੱਕ ਸ਼ਾਂਤਮਈ ਰੈਲੀ ਹੋ ਰਹੀ ਸੀ। ਅਚਾਨਕ ਕਿਸੇ ਅਣਪਛਾਤੇ ਵਿਅਕਤੀ ਨੇ ਪੁਲਿਸ 'ਤੇ ਬੰਬ ਸੁੱਟ ਦਿੱਤਾ। ਜਵਾਬੀ ਕਾਰਵਾਈ ਵਿੱਚ ਪੁਲਿਸ ਨੇ ਅੰਧਾਧੁੰਦ ਗੋਲੀਬਾਰੀ ਕੀਤੀ, ਜਿਸ ਵਿੱਚ ਕਈ ਮਜ਼ਦੂਰ ਸ਼ਹੀਦ ਹੋ ਗਏ ਅਤੇ ਕਈ ਪੁਲਿਸ ਕਰਮਚਾਰੀ ਵੀ ਮਾਰੇ ਗਏ।

**2. ਇੱਕ ਅਣਸੁਲਝੀ ਪਹੇਲੀ: ਬੰਬ ਕਿਸਨੇ ਸੁੱਟਿਆ?**

ਇਤਿਹਾਸ ਵਿੱਚ ਇਹ ਅੱਜ ਤੱਕ ਇੱਕ ਰਹੱਸ ਹੈ ਕਿ ਉਹ ਬੰਬ ਕਿਸਨੇ ਸੁੱਟਿਆ ਸੀ। ਹਾਲਾਂਕਿ 8 ਮਜ਼ਦੂਰ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ, ਪਰ ਅਸਲੀਅਤ ਕੁਝ ਹੋਰ ਸੀ:

ਨਿਆਂਇਕ ਕਤਲ (Judicial Murder): ਅਦਾਲਤ ਕੋਲ ਕੋਈ ਸਬੂਤ ਨਹੀਂ ਸੀ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਨੇ ਬੰਬ ਸੁੱਟਿਆ ਸੀ। ਉਨ੍ਹਾਂ ਨੂੰ ਸਿਰਫ ਉਨ੍ਹਾਂ ਦੇ ਕ੍ਰਾਂਤੀਕਾਰੀ ਵਿਚਾਰਾਂ ਕਾਰਨ ਸਜ਼ਾ ਦਿੱਤੀ ਗਈ।

**ਰੂਡੋਲਫ ਸ਼ਨਾਬਲਟ (Rudolph Schnaubelt):** ਪੁਲਿਸ ਨੂੰ ਇਸ ਵਿਅਕਤੀ 'ਤੇ ਸਭ ਤੋਂ ਵੱਧ ਸ਼ੱਕ ਸੀ, ਪਰ ਉਹ ਸ਼ਹਿਰ ਛੱਡ ਕੇ ਭੱਜਣ ਵਿੱਚ ਕਾਮਯਾਬ ਰਿਹਾ ਅਤੇ ਕਦੇ ਫੜਿਆ ਨਹੀਂ ਗਿਆ।

**ਏਜੰਟ ਪ੍ਰੋਵੋਕੇਟਰ (Agent Provocateur):** ਕਈ ਇਤਿਹਾਸਕਾਰ ਮੰਨਦੇ ਹਨ ਕਿ ਇਹ ਕਿਸੇ ਸਰਕਾਰੀ ਏਜੰਟ ਦਾ ਕੰਮ ਹੋ ਸਕਦਾ ਸੀ ਤਾਂ ਜੋ ਮਜ਼ਦੂਰ ਅੰਦੋਲਨ ਨੂੰ ਹਿੰਸਕ ਦਿਖਾ ਕੇ ਕੁਚਲਿਆ ਜਾ ਸਕੇ।




**3. ਮੀਡੀਆ ਦੀ ਭੂਮਿਕਾ ਅਤੇ 'ਰੈੱਡ ਸਕੇਅਰ' (Red Scare)**

ਉਸ ਸਮੇਂ ਦੇ ਮੁੱਖ ਧਾਰਾ ਮੀਡੀਆ (ਜਿਵੇਂ ਕਿ Chicago Tribune ਨੇ ਮਜ਼ਦੂਰਾਂ ਦੇ ਵਿਰੁੱਧ ਇੱਕ ਨਫ਼ਰਤ ਭਰਿਆ ਮਾਹੌਲ ਪੈਦਾ ਕੀਤਾ:

ਮਜ਼ਦੂਰਾਂ ਨੂੰ 'ਖ਼ਤਰਨਾਕ ਅਰਾਜਕਤਾਵਾਦੀ' ਅਤੇ 'ਵਿਦੇਸ਼ੀ ਸਾਜ਼ਿਸ਼ਕਾਰੀ' ਵਜੋਂ ਪੇਸ਼ ਕੀਤਾ ਗਿਆ।

ਪ੍ਰਵਾਸੀ ਮਜ਼ਦੂਰਾਂ (ਖਾਸ ਕਰਕੇ ਜਰਮਨਾਂ) ਦੇ ਖਿਲਾਫ ਜਨਤਕ ਗੁੱਸਾ ਭੜਕਾਇਆ ਗਿਆ।

ਹਾਲਾਂਕਿ, ਮਜ਼ਦੂਰਾਂ ਦੇ ਆਪਣੇ ਅਖ਼ਬਾਰਾਂ (ਜਿਵੇਂ Arbeiter-Zeitung) ਨੇ ਸੱਚਾਈ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਬਾਅਦ ਵਿੱਚ ਜਨਤਕ ਰਾਏ ਬਦਲ ਗਈ ਅਤੇ ਇਹ ਲੋਕ 'ਸ਼ਹੀਦ' ਵਜੋਂ ਜਾਣੇ ਜਾਣ ਲੱਗੇ।

**4. ਔਰਤਾਂ ਦੀ ਸ਼ਕਤੀਸ਼ਾਲੀ ਭੂਮਿਕਾ: ਲੂਸੀ ਪਾਰਸਨਜ਼**

ਮਈ ਦਿਵਸ ਦੇ ਸੰਘਰਸ਼ ਵਿੱਚ ਔਰਤਾਂ ਦੀ ਭੂਮਿਕਾ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਪਰ ਇਹ ਬਹੁਤ ਮਹੱਤਵਪੂਰਨ ਸੀ:

**ਲੂਸੀ ਪਾਰਸਨਜ਼ (Lucy Parsons):** ਉਹ ਸ਼ਹੀਦ ਐਲਬਰਟ ਪਾਰਸਨਜ਼ ਦੀ ਪਤਨੀ ਸੀ। ਉਸ ਨੇ ਆਪਣੇ ਪਤੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੂਰੇ ਅਮਰੀਕਾ ਵਿੱਚ ਮਜ਼ਦੂਰਾਂ ਨੂੰ ਜਗਾਇਆ। ਪੁਲਿਸ ਉਸ ਨੂੰ 'ਹਜ਼ਾਰਾਂ ਯੂਨੀਅਨਾਂ ਨਾਲੋਂ ਵੱਧ ਖ਼ਤਰਨਾਕ' ਮੰਨਦੀ ਸੀ।

ਸ਼ਿਕਾਗੋ ਵਿੱਚ ਸਥਿਤ 'ਮਾਰਟਰਸ ਮੋਨੂਮੈਂਟ' ਦੇ ਉੱਪਰ ਇੱਕ ਔਰਤ ਦੀ ਮੂਰਤੀ ਹੈ, ਜੋ ਨਿਆਂ ਅਤੇ ਸੁਰੱਖਿਆ ਦਾ ਪ੍ਰਤੀਕ ਹੈ।

**5. ਭਾਰਤ ਵਿੱਚ ਮਈ ਦਿਵਸ ਦੀ ਸ਼ੁਰੂਆਤ**

ਭਾਰਤ ਵਿੱਚ ਇਸ ਦਿਨ ਦਾ ਆਪਣਾ ਇੱਕ ਸੁਨਹਿਰੀ ਇਤਿਹਾਸ ਹੈ:

**ਪਹਿਲੀ ਵਾਰ (1923):** ਭਾਰਤ ਵਿੱਚ ਪਹਿਲੀ ਵਾਰ 1 ਮਈ 1923 ਨੂੰ ਮਦਰਾਸ (ਚੇਨਈ) ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ।

**ਸਿੰਗਾਰਾਵੇਲੂ ਚੇਟੀਆਰ:** 'ਲੇਬਰ ਕਿਸਾਨ ਪਾਰਟੀ ਆਫ ਹਿੰਦੁਸਤਾਨ' ਦੇ ਆਗੂ ਸਿੰਗਾਰਾਵੇਲੂ ਚੇਟੀਆਰ ਨੇ ਇਸ ਦੀ ਸ਼ੁਰੂਆਤ ਕੀਤੀ।

**ਲਾਲ ਝੰਡਾ:** ਭਾਰਤ ਵਿੱਚ ਪਹਿਲੀ ਵਾਰ ਇਸੇ ਦਿਨ ਮਜ਼ਦੂਰਾਂ ਦੀ ਏਕਤਾ ਦੇ ਪ੍ਰਤੀਕ ਵਜੋਂ ਲਾਲ ਝੰਡਾ ਲਹਿਰਾਇਆ ਗਿਆ ਸੀ।

**6. ਮੁੱਖ ਅੰਤਰ: ਮਈ ਦਿਵਸ ਬਨਾਮ ਲੇਬਰ ਡੇ**

ਬਹੁਤ ਸਾਰੇ ਲੋਕ ਮਈ ਦਿਵਸ ਅਤੇ ਉੱਤਰੀ ਅਮਰੀਕਾ ਦੇ ਲੇਬਰ ਡੇ ਵਿੱਚ ਉਲਝ ਜਾਂਦੇ ਹਨ। ਇੱਥੇ ਮੁੱਖ ਅੰਤਰ ਹਨ:

| ਵਿਸ਼ੇਸ਼ਤਾ | ਮਈ ਦਿਵਸ (International Workers' Day) | ਲੇਬਰ ਡੇ (Labor Day – ਉੱਤਰੀ ਅਮਰੀਕਾ) |
|---|---|---|
| ਤਾਰੀਖ | ਹਰ ਸਾਲ 1 ਮਈ | ਸਤੰਬਰ ਦਾ ਪਹਿਲਾ ਸੋਮਵਾਰ |
| ਪ੍ਰਮੁੱਖ ਖੇਤਰ | ਭਾਰਤ, ਯੂਰਪ, ਚੀਨ ਅਤੇ ਬਾਕੀ ਦੁਨੀਆ | ਅਮਰੀਕਾ (USA) ਅਤੇ ਕੈਨੇਡਾ |
| ਇਤਿਹਾਸਕ ਕਾਰਨ | ਹੇਅ ਮਾਰਕੀਟ ਘਟਨਾ ਅਤੇ 8 ਘੰਟੇ ਕੰਮ ਦੀ ਮੰਗ | ਮਜ਼ਦੂਰ ਯੂਨੀਅਨਾਂ ਦੇ ਆਰਥਿਕ ਯੋਗਦਾਨ ਦਾ ਸਨਮਾਨ |
| ਸਿਆਸੀ ਪੱਖ | ਸਮਾਜਵਾਦੀ ਅਤੇ ਕਮਿਊਨਿਸਟ ਲਹਿਰਾਂ ਨਾਲ ਜੁੜਿਆ | ਇੱਕ ਰਾਸ਼ਟਰੀ ਛੁੱਟੀ ਅਤੇ ਗਰਮੀਆਂ ਦੇ ਅੰਤ ਦਾ ਪ੍ਰਤੀਕ |

**7. ਸਾਲ 2026 ਵਿੱਚ ਮਹੱਤਵ ਅਤੇ ਅੱਜ ਦੇ ਮੁੱਦੇ**

ਅੱਜ ਦੇ ਡਿਜੀਟਲ ਅਤੇ ਏ ਆਈ ਦੇ ਯੁੱਗ ਵਿੱਚ, 1 ਮਈ 2026 ਦਾ ਦਿਨ ਹੋਰ ਵੀ ਅਹਿਮ ਹੋ ਗਿਆ ਹੈ। ਹੁਣ ਸੰਘਰਸ਼ ਸਿਰਫ਼ 8 ਘੰਟੇ ਕੰਮ ਲਈ ਨਹੀਂ, ਸਗੋਂ ਹੇਠ ਲਿਖੇ ਮੁੱਦਿਆਂ ਲਈ ਹੈ:

**ਬਰਾਬਰ ਤਨਖ਼ਾਹ:** ਲਿੰਗ ਜਾਂ ਪਿਛੋਕੜ ਦੇ ਅਧਾਰ 'ਤੇ ਵਿਤਕਰੇ ਨੂੰ ਖਤਮ ਕਰਨਾ।

**ਮਾਨਸਿਕ ਸਿਹਤ:** ਕੰਮ ਦੇ ਦਬਾਅ ਕਾਰਨ ਵੱਧ ਰਹੇ ਤਣਾਅ ਦੇ ਮੁੱਦੇ ਨੂੰ ਹੱਲ ਕਰਨਾ।

**ਸੁਰੱਖਿਅਤ ਕੰਮ ਵਾਲੀ ਥਾਂ:** ਡਿਜੀਟਲ ਅਤੇ ਸਰੀਰਕ ਦੋਵਾਂ ਪੱਧਰਾਂ 'ਤੇ ਸੁਰੱਖਿਆ।

ਗਿੱਗ ਇਕਾਨਮੀ (Gig Economy): ਡਿਲੀਵਰੀ ਪਾਰਟਨਰਜ਼ ਅਤੇ ਫਰੀਲਾਂਸਰਾਂ ਦੇ ਅਧਿਕਾਰਾਂ ਦੀ ਰਾਖੀ।

**ਖਾਸ ਨੋਟ:** 1 ਮਈ ਨੂੰ ਭਾਰਤ ਵਿੱਚ ਮਹਾਰਾਸ਼ਟਰ ਅਤੇ ਗੁਜਰਾਤ ਦਾ ਸਥਾਪਨਾ ਦਿਵਸ ਵੀ ਮਨਾਇਆ ਜਾਂਦਾ ਹੈ, ਜੋ 1960 ਵਿੱਚ ਇਸੇ ਦਿਨ ਹੋਂਦ ਵਿੱਚ ਆਏ ਸਨ।

**ਸਿੱਟਾ**

ਮਈ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਅੱਜ ਅਸੀਂ ਜੋ ਸਹੂਲਤਾਂ ਮਾਣ ਰਹੇ ਹਾਂ, ਉਹ ਕਿਸੇ ਦੀ ਕੁਰਬਾਨੀ ਦਾ ਨਤੀਜਾ ਹਨ। ਇਹ ਦਿਨ ਦੁਨੀਆ ਭਰ ਦੇ ਮਜ਼ਦੂਰਾਂ ਦੀ ਏਕਤਾ ਅਤੇ ਉਨ੍ਹਾਂ ਦੇ ਅਣਥੱਕ ਜਜ਼ਬੇ ਨੂੰ ਸਲਾਮ ਕਰਨ ਦਾ ਦਿਨ ਹੈ।

# ਆਸਟਰੇਲੀਆ ਤੋਂ ਕੱਢੇ ਗਏ 15 ਭਾਰਤੀ ਦਿੱਲੀ ਹਵਾਈ ਅੱਡੇ ’ਤੇ ਪਹੁੰਚੇ

## ਕੱਢੇ ਜਾਣ ਵਾਲਿਆਂ ’ਚ 11 ਪੰਜਾਬੀਆਂ ’ਚ 1 ਮਹਿਲਾ ਵੀ ਸ਼ਾਮਲ

ਨਵੀਂ ਦਿੱਲੀ : ਆਸਟ੍ਰੇਲੀਆ ਤੋਂ ਕੱਢੇ ਕੀਤੇ ਗਏ 15 ਭਾਰਤੀਆਂ ਦੀ ਫਲਾਈਟ ਦਿੱਲੀ ਹਵਾਈ ਅੱਡੇ ’ਤੇ ਅੱਜ ਪਹੁੰਚੀ। ਕੱਢੇ ਗਏ ਇਹਨਾਂ 15 ਵਿਅਕਤੀਆਂ ਵਿੱਚੋਂ 11 ਪੰਜਾਬੀ ਹਨ, ਜਿਨ੍ਹਾਂ ਵਿੱਚ ਇੱਕ ਮਹਿਲਾ ਵੀ ਸ਼ਾਮਲ ਹੈ। ਹਵਾਈ ਅੱਡੇ ’ਤੇ ਜ਼ਰੂਰੀ ਵੈਰੀਫਿਕੇਸ਼ਨ ਅਤੇ ਕਲੀਅਰੈਂਸ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਇਨ੍ਹਾਂ ਸਾਰਿਆਂ ਨੂੰ ਪਹਿਲਾਂ ਪਟਿਆਲਾ ਲਿਆਂਦਾ ਜਾਵੇਗਾ। ਡਿਪੋਰਟ ਕੀਤੇ ਗਏ 11 ਪੰਜਾਬੀਆਂ ਸੂਬੇ ਦੇ ਵੱਖ-ਵੱਖ ਹਿੱਸਿਆਂ ਜਿਵੇਂ ਕਿ ਜਲੰਧਰ, ਹੁਸ਼ਿਆਰਪੁਰ, ਖੰਨਾ, ਮੋਗਾ, ਨਵਾਂਸ਼ਹਿਰ, ਗੜ੍ਹਸ਼ੰਕਰ, ਤਰਨਤਾਰਨ, ਫਿਰੋਜ਼ਪੁਰ ਅਤੇ ਰੂਪਨਗਰ ਦੇ ਰਹਿਣ ਵਾਲੇ ਹਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਕੱਢੇ ਗਏ ਪੰਜਾਬੀਆਂ ਵਿੱਚ ਜਸਵੰਤ ਸਿੰਘ (34 ਸਾਲ), ਅੰਗਰੇਜ਼ ਸਿੰਘ (32 ਸਾਲ), ਸਤਿੰਦਰਜੀਤ ਸਿੰਘ ਸ਼ੇਰਗਿਲ (31 ਸਾਲ), ਗੁਰਪ੍ਰੀਤ ਸਿੰਘ ਸੰਧੂ (30 ਸਾਲ), ਜਗਜੀਤ ਸਿੰਘ (35 ਸਾਲ), ਜਸਪ੍ਰੀਤ ਸਿੰਘ (35 ਸਾਲ), ਨਿਰਮਲ ਸਿੰਘ (38 ਸਾਲ), ਸ਼ਰੂਤੀ ਸ਼ਰਮਾ (35 ਸਾਲ), ਰਣਜੀਤ ਸਿੰਘ (35 ਸਾਲ), ਹਰਪ੍ਰੀਤ ਸਿੰਘ (41 ਸਾਲ), ਗਗਨਦੀਪ ਸਿੰਘ (25 ਸਾਲ) ਸ਼ਾਮਲ ਹਨ। ਇਸ ਤੋਂ ਇਲਾਵਾ 4 ਹੋਰ ਵਿਅਕਤੀਆਂ ਨੂੰ ਆਸਟ੍ਰੇਲਿਆ ’ਚੋਂ ਕੱਢਿਆ ਗਿਆ ਹੈ ਜਿਨ੍ਹਾਂ ਵਿੱਚ ਹਰਿਆਣਾ ਤੋਂ ਰਾਹੁਲ, ਤੇਲੰਗਾਨਾ ਤੋਂ ਸਮੀਉਦੀਨ ਖ਼ਾਜਾ ਅਤੇ ਅਬਦੁੱਲਾ ਸਾਲੇਹ ਬਾਹਾਤਾਬ ਸਣੇ ਉੱਤਰਾਖੰਡ ਤੋਂ ਕੰਵਲਜੀਤ ਸਿੰਘ ਸ਼ਾਮਲ ਦੱਸਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਮਰੀਕਾ ’ਚੋਂ ਕੱਢੇ ਗਏ ਵਿਅਕਤੀਆਂ ਦੀ ਘਟਨਾ ਨੂੰ ਯਾਦ ਕਰਵਾਉਂਦੇ ਜਿੱਥੇ 104 ਭਾਰਤੀਆਂ ਨੂੰ, ਜਿਨ੍ਹਾਂ ਵਿੱਚ 30 ਪੰਜਾਬੀ ਸਨ, ਵਾਪਸ ਭੇਜਿਆ ਗਿਆ ਸੀ। ਹੁਣ ਅਸਟ੍ਰੇਲੀਆ ਤੋਂ ਪਰਤੇ ਇਹਨਾਂ ਨੌਜਵਾਨਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣ ਦੀ ਪ੍ਰਕਿਰਿਆ ਜਾਰੀ ਹੈ।

# ਰੀਅਲ ਅਸਟੇਟ ਦੇ ਖੇਤਰ ’ਚ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ 12ਵੀਂ ਵਾਰ ਐਵਾਰਡ ਜਿੱਤਿਆ






ਸਰੀ : ਰੀਅਲ ਅਸਟੇਟ ਅਤੇ ਮੀਡੀਆ ਦੀ ਜਾਣੀ-ਪਛਾਣੀ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਪਲੈਨਿਟ ਗਰੁੱਪ ਰਿਐਲਿਟੀ ਵੱਲੋਂ ਪਹਿਲੇ ਨੰਬਰ ਤੇ ‘ਟੌਪ ਸੇਲਸ ਪਰਸਨ’ ਐਲਾਨੇ ਗਏ ਹਨ। ਉਹਨਾਂ ਨੇ ਲਗਾਤਾਰ 12ਵੀਂ ਵਾਰ ਰੀਅਲ ਅਸਟੇਟ ਦੇ ਖੇਤਰ ਵਿੱਚ ਇਨਾਮ ਹਾਸਿਲ ਕੀਤਾ ਹੈ। ਪਲੈਨਿਟ ਗਰੁੱਪ ਰਐਲਟੀ ਵੱਲੋਂ ਧਾਲੀਵਾਲ ਬੈਂਕੁਇਟ ਹਾਲ ਸਰੀ ਵਿੱਚ ਕਰਵਾਏ ਗਏ ਸਲਾਨਾ ਅਵਾਰਡ ਸਮਾਗਮ ’ਚ ਗੁਰਵਿੰਦਰ ਸਿੰਘ ਧਾਲੀਵਾਲ ਨੂੰ ਪਲੈਨਿਟ ਗਰੁੱਪ ਐਬਸਫੋਰਡ ਦੇ ‘ਟੌਪ ਰਐਲਟਰ’ ਦਾ ਅਵਾਰਡ ਦਿੱਤਾ ਗਿਆ। ਇਸ ਮੌਕੇ ’ਤੇ ਉਹਨਾਂ ਸਮੂਹ ਭਾਈਚਾਰੇ ਵੱਲੋਂ, ਲਗਾਤਾਰ 18 ਵਰ੍ਹਿਆਂ ਤੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ। ਇਥੇ ਦੱਸਣਯੋਗ ਹੈ ਕਿ ਡਾ. ਧਾਲੀਵਾਲ ਪੰਜਾਬੀ ਅਖ਼ਬਾਰਾਂ ਦੇ ਪਾਠਕਾਂ ਨਾਲ ਆਪਣੀਆਂ ਲਿਖਤਾਂ ਰਾਹੀਂ ਅਕਸਰ ਸਾਂਝ ਪਾਉਂਦੇ ਰਹਿੰਦੇ ਹਨ ਅਤੇ ਚੈਨਲ ਪੰਜਾਬੀ ’ਤੇ ਪ੍ਰੋਗਰਾਮ ‘ਆਵਾਜ਼-ਏ-ਪੰਜਾਬ’ ਪੇਸ਼ ਕਰਦੇ ਹਨ। ਉਹਨਾਂ ਕੈਨੇਡਾ ਦੇ ਪੰਜਾਬੀ ਮੀਡੀਆ ਦੇ ਸੌ ਸਾਲ ਦੇ ਸਫਰ ’ਤੇ ਪੀਐਚ. ਡੀ. ਕੀਤੀ ਹੈ ਅਤੇ ਗੁਰੂ ਨਾਨਕ ਜਹਾਜ਼ ਅਤੇ ਗਦਰ ਲਹਿਰ ਦੇ ਸੰਘਰਸ਼ ਬਾਰੇ ਖੋਜ ਭਰਪੂਰ ਇਤਿਹਾਸਿਕ ਲੇਖ ਲਿਖੇ ਹਨ। ਡਾ. ਗੁਰਵਿੰਦਰ ਸਿੰਘ ਨਾਲ ਕਿਸੇ ਵੀ ਜਾਣਕਾਰੀ ਲਈ ਫੋਨ ਨੰਬਰ 604-825-1550 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

### 1984 ਸਿੱਖ ਕਤਲੇਆਮ

# ਸੁਪਰੀਮ ਕੋਰਟ ਨੇ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਕੀਤੀ ਖਾਰਜ; ਪੀੜਤਾਂ ਲਈ ਇਨਸਾਫ਼ ਦੀ ਲੜਾਈ ਜਾਰੀ



ਨਵੀਂ ਦਿੱਲੀ: 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਦੋਸ਼ੀ ਸੱਜਣ ਕੁਮਾਰ ਨੂੰ ਵੱਡਾ ਝਟਕਾ ਦਿੰਦਿਆਂ ਉਸਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਅਦਾਲਤ ਦੇ ਇਸ ਫੈਸਲੇ ਨੇ ਇਨਸਾਫ਼ ਦੀ ਉਡੀਕ ਕਰ ਰਹੇ ਪੀੜਤ ਪਰਿਵਾਰਾਂ ਨੂੰ ਕੁਝ ਰਾਹਤ ਦਿੱਤੀ ਹੈ।

ਐਚ.ਐਸ. ਫੂਲਕਾ ਦੀ ਪ੍ਰਤੀਕਿਰਿਆ: ਅਦਾਲਤ ਦੇ ਫੈਸਲੇ ਤੋਂ ਬਾਅਦ ਪੀੜਤਾਂ ਦੇ ਵਕੀਲ ਐਚ.ਐਸ. ਫੂਲਕਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਦਾ ਇਹ ਰੁਖ ਇਨਸਾਫ਼ ਦੀ ਲੜਾਈ ਵਿੱਚ ਇੱਕ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਦਹਾਕਿਆਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਨ ਅਤੇ ਅਦਾਲਤ ਵੱਲੋਂ ਜ਼ਮਾਨਤ ਨਾ ਦੇਣਾ ਇਹ ਦਰਸਾਉਂਦਾ ਹੈ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ।

ਪਿਛੋਕੜ: ਸੱਜਣ ਕੁਮਾਰ 2018 ਵਿੱਚ ਦਿੱਲੀ ਹਾਈ ਕੋਰਟ ਵੱਲੋਂ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਉਸ ਨੂੰ 1984 ਦੇ ਦੰਗਿਆਂ ਦੌਰਾਨ ਹੋਏ ਕਤਲਾਂ ਅਤੇ ਹਿੰਸਾ ਭੜਕਾਉਣ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਸਮੇਂ ਉਹ ਹੋਰ ਮਾਮਲਿਆਂ ਵਿੱਚ ਵੀ ਦੋਸ਼ੀ ਹੋਣ ਕਾਰਨ ਜੇਲ੍ਹ ਵਿੱਚ ਬੰਦ ਹੈ।

ਇਹ ਫੈਸਲਾ ਉਨ੍ਹਾਂ ਹਜ਼ਾਰਾਂ ਲੋਕਾਂ ਲਈ ਅਹਿਮ ਹੈ ਜੋ ਪਿਛਲੇ 4 ਦਹਾਕਿਆਂ ਤੋਂ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸੰਘਰਸ਼ ਕਰ ਰਹੇ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਜੁਲਾਈ ਮਹੀਨੇ ਵਿੱਚ ਤੈਅ ਕੀਤੀ ਹੈ।

# ਸੋਸ਼ਲ ਮੀਡੀਆ ’ਤੇ ‘ਵਿਖਾਵੇ ਦੀ ਲੜਾਈ’ ਕਿਤੇ ਤੁਹਾਡੀ ਜ਼ਿੰਦਗੀ ਬਰਬਾਦ ਨਾ ਕਰ ਦੇਵੇ: ਅਮਨਵੀਰ ਸਿੰਘ ਦੀ ਸਜ਼ਾ ਤੋਂ ਸਿੱਖੋ ਇਹ ਵੱਡਾ ਸਬਕ

## ਕੀ ਇੱਕ ‘ਕਮੈਂਟ’ ਤੁਹਾਡੀ ਸਾਰੀ ਉਮਰ ਦੀ ਆਜ਼ਾਦੀ ਤੋਂ ਜ਼ਿਆਦਾ ਕੀਮਤੀ ਹੈ ?



ਕੈਂਡੋ ਪੈਰਿਸ਼ ਦੀ ਅਦਾਲਤ ਵਿੱਚ ਅਮਨਵੀਰ ਸਿੰਘ ਨੂੰ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਸਿਰਫ਼ ਇੱਕ ਫੈਸਲਾ ਨਹੀਂ, ਸਗੋਂ ਸਾਡੇ ਸਾਰਿਆਂ ਲਈ ਇੱਕ ‘ਵੇਕ-ਅੱਪ ਕਾਲ’ (Wake-up Call) ਹੈ। ਫੇਸਬੁੱਕ ’ਤੇ ਸ਼ੁਰੂ ਹੋਈ ਇੱਕ ਮਾਮੂਲੀ ਤਕਰਾਰ ਨੇ ਦੋ ਪਰਿਵਾਰਾਂ ਦੀਆਂ ਖੁਸ਼ੀਆਂ ਹਮੇਸ਼ਾ ਲਈ ਖਤਮ ਕਰ ਦਿੱਤੀਆਂ। ਅੱਜ ਇੱਕ ਪੁੱਤ ਕਬਰ ਵਿੱਚ ਹੈ ਅਤੇ ਦੂਜਾ ਸਾਰੀ ਉਮਰ ਲਈ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿੱਚ।

ਸੋਸ਼ਲ ਮੀਡੀਆ ਦਾ ਖਤਰਨਾਕ ਜਾਲ: ਅਸੀਂ ਕਿਵੇਂ ਫਸਦੇ ਹਾਂ?

ਬਹੁਤ ਸਾਰੇ ਲੋਕ ਸੋਸ਼ਲ ਮੀਡੀਆ ’ਤੇ ਬਹਿਸ ਨੂੰ ‘ਈਗੋ’ (Ego) ਜਾਂ ‘ਆਪਣੀ ਪਛਾਣ’ ਦਾ ਮੁੱਦਾ ਬਣਾ ਲੈਂਦੇ ਹਨ। ਯਾਦ ਰੱਖੋ:

ਉਕਸਾਉਣ ਵਾਲੇ ਤੁਹਾਡੇ ਦੋਸਤ ਨਹੀਂ: ਸੋਸ਼ਲ ਮੀਡੀਆ ’ਤੇ ਲੜਾਈ ਭੜਕਾਉਣ ਵਾਲੇ ਲੋਕ ਅਕਸਰ ਆਪਣੇ ਘਰਾਂ ਵਿੱਚ ਸੁਰੱਖਿਅਤ ਬੈਠ ਕੇ ਤਮਾਸ਼ਾ ਦੇਖਦੇ ਹਨ। ਉਹ ਤੁਹਾਡੀ ਜ਼ਿੰਦਗੀ ਬਰਬਾਦ ਹੁੰਦੀ ਦੇਖ ਕੇ ਵੀ ਆਪਣਾ ਫੋਨ ਬੰਦ ਕਰਕੇ ਸੌਂ ਜਾਣਗੇ। ਉਹਨਾਂ ਦੇ ਉਕਸਾਵੇ ਵਿੱਚ ਆਉਣਾ ਆਪਣੀ ਜ਼ਿੰਦਗੀ ਨਾਲ ਖੇਡਣਾ ਹੈ।

ਡਿਜੀਟਲ ਗੁੱਸਾ, ਅਸਲੀ ਸਜ਼ਾ: ਇੰਟਰਨੈੱਟ ’ਤੇ ਦਿੱਤੀ ਗਈ ਇੱਕ ਗਾਲ੍ਹ ਜਾਂ ਭੜਕਾਊ ਟਿੱਪਣੀ ਕੁਝ ਸਕਿੰਟਾਂ ਦੀ ਹੁੰਦੀ ਹੈ, ਪਰ ਉਸ ਦਾ ਨਤੀਜਾ ਅਦਾਲਤਾਂ, ਵਕੀਲਾਂ ਦੇ ਚੱਕਰ ਅਤੇ ਉਮਰ ਭਰ ਦੀ ਕੈਦ ਹੋ ਸਕਦਾ ਹੈ। ਕਾਨੂੰਨ ਕਿਸੇ ਨੂੰ ਨਹੀਂ ਬਖ਼ਸ਼ਦਾ, ਭਾਵੇਂ ਉਹ ਲੜਾਈ ਕਿੰਨੀ ਵੀ ‘ਛੋਟੀ’ ਕਿਉਂ ਨਾ ਲੱਗੇ।

ਆਪਣੇ ਆਪ ਨੂੰ ਕਿਵੇਂ ਬਚਾਈਏ? (ਸਮਾਜ ਲਈ 5 ਨਿਯਮ)

1. ‘ਪਾਜ਼’ (Pause) ਬਟਨ ਦਬਾਓ: ਜੇਕਰ ਕਿਸੇ ਦੀ ਪੋਸਟ ਜਾਂ ਕਮੈਂਟ ਤੁਹਾਨੂੰ ਗੁੱਸਾ ਦਵਾਉਂਦਾ ਹੈ, ਤਾਂ 5 ਮਿੰਟ ਲਈ ਫੋਨ ਰੱਖ ਦਿਓ। ਗੁੱਸੇ ਵਿੱਚ ਲਿਆ ਗਿਆ ਫੈਸਲਾ ਹਮੇਸ਼ਾ ਪਛਤਾਵਾ ਦਿੰਦਾ ਹੈ।
2. ਬਲਾਕ (Block) ਕਰਨਾ ਕਮਜ਼ੋਰੀ ਨਹੀਂ, ਸਮਝਦਾਰੀ ਹੈ: ਕਿਸੇ ਫਾਲਤੂ ਵਿਅਕਤੀ ਨਾਲ ਬਹਿਸ ਕਰਨ ਨਾਲੋਂ ਉਸ ਨੂੰ ‘ਬਲਾਕ’ ਕਰ ਦੇਣਾ ਸਭ ਤੋਂ ਵੱਡੀ ਜਿੱਤ ਹੈ। ਇਹ ਤੁਹਾਡੀ ਮਾਨਸਿਕ ਸ਼ਾਂਤੀ ਲਈ ਜ਼ਰੂਰੀ ਹੈ।
3. ਜਵਾਬ ਦੇਣਾ ਜ਼ਰੂਰੀ ਨਹੀਂ: ਹਰ ਲੜਾਈ ਦਾ ਹਿੱਸਾ ਬਣਨਾ ਜ਼ਰੂਰੀ ਨਹੀਂ ਹੁੰਦਾ। ਚੁੱਪ ਰਹਿਣਾ ਅਕਸਰ ਗੁੱਸੇ ਵਾਲੇ ਨੂੰ ਹਰਾ ਦਿੰਦਾ ਹੈ।
4. ਅਸਲੀਅਤ ਨੂੰ ਪਛਾਣੋ: ਕੀ ਉਹ ਵਿਅਕਤੀ ਤੁਹਾਡੇ ਪਰਿਵਾਰ, ਤੁਹਾਡੇ ਭਵਿੱਖ ਜਾਂ ਤੁਹਾਡੀ ਆਜ਼ਾਦੀ ਨਾਲੋਂ ਵੱਡਾ ਹੈ? ਜੇ ਨਹੀਂ, ਤਾਂ ਉਸ ਲਈ ਆਪਣੀ ਜ਼ਿੰਦਗੀ ਕਿਉਂ ਦਾਅ ’ਤੇ ਲਗਾਉਣੀ?
5. ਪਰਿਵਾਰ ਬਾਰੇ ਸੋਚੋ: ਜਦੋਂ ਤੁਸੀਂ ਸੋਸ਼ਲ ਮੀਡੀਆ ’ਤੇ ਕੁਝ ਭੜਕਾਊ ਲਿਖਦੇ ਹੋ ਜਾਂ ਕਰਨ ਜਾਂਦੇ ਹੋ, ਤਾਂ ਸਿਰਫ਼ ਇਹ ਸੋਚੋ ਕਿ ਜੇ ਤੁਸੀਂ ਜੇਲ੍ਹ ਚਲੇ ਗਏ, ਤਾਂ ਤੁਹਾਡੇ ਮਾਂ-ਬਾਪ, ਪਤਨੀ ਅਤੇ ਬੱਚਿਆਂ ਦਾ ਕੀ ਹੋਵੇਗਾ?

ਸਿੱਟਾ: ਅਮਨਵੀਰ ਸਿੰਘ ਦੀ ਸਜ਼ਾ ਸਾਨੂੰ ਚੇਤਾਵਨੀ ਦਿੰਦੀ ਹੈ ਕਿ ਇੰਟਰਨੈੱਟ ਦੀ ਦੁਨੀਆ ਸਿਰਫ਼ ਇੱਕ ‘ਵਰਚੁਅਲ’ (Virtual) ਦੁਨੀਆ ਹੈ। ਅਸਲ ਜ਼ਿੰਦਗੀ ਤੁਹਾਡੇ ਪਰਿਵਾਰ, ਤੁਹਾਡੇ ਕੰਮ ਅਤੇ ਤੁਹਾਡੀ ਸ਼ਾਂਤੀ ਵਿੱਚ ਹੈ।

ਇੱਕ ਕਲਿੱਕ ਤੁਹਾਡੀ ਜ਼ਿੰਦਗੀ ਬਣਾ ਵੀ ਸਕਦਾ ਹੈ ਅਤੇ ਮਿੰਟਾਂ ਵਿੱਚ ਤਬਾਹ ਵੀ ਕਰ ਸਕਦਾ ਹੈ। ਹੋਸ਼ ਨਾਲ ਕੰਮ ਲਓ, ਕਿਉਂਕਿ ਕਾਨੂੰਨ ਅਤੇ ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦੇ। ਜੇਕਰ ਤੁਸੀਂ ਵੀ ਕਿਸੇ ਨੂੰ ਜਾਣਦੇ ਹੋ ਜੋ ਸੋਸ਼ਲ ਮੀਡੀਆ ’ਤੇ ਗੁੱਸੇ ਵਿੱਚ ਰਹਿੰਦਾ ਹੈ, ਤਾਂ ਇਹ ਸੰਦੇਸ਼ ਉਸ ਨਾਲ ਜ਼ਰੂਰ ਸਾਂਝਾ ਕਰੋ। ਸ਼ਾਇਦ ਤੁਹਾਡਾ ਇੱਕ ਸ਼ੇਅਰ ਕਿਸੇ ਦੀ ਜ਼ਿੰਦਗੀ ਬਚਾ ਲਵੇ।

# ‘ਵਿਸ਼ਵ ਡਾਂਸ ਦਿਵਸ’ ਮੌਕੇ ਜਵਾਹਰ ਕਲਾ ਕੇਂਦਰ ’ਚ ਗੂੰਜਿਆ ਕਥਕ ਦਾ ਸੰਗੀਤ; ‘ਨ੍ਰਿਤਯਮ’ ਪ੍ਰੋਗਰਾਮ ਨੇ ਬੰਨ੍ਹਿਆ ਸਮਾਂ



ਜੈਪੁਰ: ‘ਵਿਸ਼ਵ ਡਾਂਸ ਦਿਵਸ’ (World Dance Day) ਦੇ ਖਾਸ ਮੌਕੇ ’ਤੇ ਜੈਪੁਰ ਦਾ ਜਵਾਹਰ ਕਲਾ ਕੇਂਦਰ ਕਲਾ ਅਤੇ ਸੱਭਿਆਚਾਰ ਦੇ ਰੰਗਾਂ ਵਿੱਚ ਰੰਗਿਆ ਗਿਆ। ਇਸ ਮੌਕੇ ‘ਅਗਰਵਾਲ ਐਜੂਕੇਸ਼ਨਲ ਕਲਚਰਲ ਐਂਡ ਵੈਲਫੇਅਰ ਸੋਸਾਇਟੀ’ ਵੱਲੋਂ ‘ਨ੍ਰਿਤਯਮ’ (Nrityam) ਨਾਮਕ ਇੱਕ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਥਕ ਡਾਂਸਰਾਂ ਦੀਆਂ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਕਥਕ ਦੀ ਮਨਮੋਹਕ ਪੇਸ਼ਕਾਰੀ ਪ੍ਰੋਗਰਾਮ ਦੌਰਾਨ ਕਥਕ ਨ੍ਰਿਤਕਾਂ ਨੇ ਆਪਣੀ ਕਲਾ ਦੇ ਅਦਭੁੱਤ ਜੌਹਰ ਦਿਖਾਏ। ਉਨ੍ਹਾਂ ਦੇ ਪੈਰਾਂ ਦੀ ਤਾਲ, ਗਤੀ ਅਤੇ ਭਾਵਪੂਰਤ ਅਭਿਨੈ ਨੇ ਹਾਜ਼ਰੀਨ ਨੂੰ ਮੰਤਰਮੁਗਧ ਕਰ ਦਿੱਤਾ। ਕਥਕ ਦੀਆਂ ਬਾਰੀਕੀਆਂ ਅਤੇ ਭਾਰਤੀ ਸ਼ਾਸਤਰੀ ਸੰਗੀਤ ਦੇ ਤਾਲਮੇਲ ਨੇ ਜਵਾਹਰ ਕਲਾ ਕੇਂਦਰ ਦੇ ਮੰਚ ਨੂੰ ਇੱਕ ਵੱਖਰੇ ਹੀ ਰੰਗ ਵਿੱਚ ਰੰਗ ਦਿੱਤਾ, ਜਿਸ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ।

# ਅੰਮ੍ਰਿਤਪਾਲ ਸਿੰਘ ਨੂੰ ਮੁੜ ਵੀਡੀਓ ਕਾਨਫਰਸਿੰਗ ਦੇ ਜ਼ਰੀਏ ਅਜਨਾਲਾ ਦੀ ਅਦਾਲਤ ’ਚ ਕੀਤਾ ਗਿਆ ਪੇਸ਼



ਅੰਮ੍ਰਿਤਸਰ : ਸ੍ਰੀ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਨੂੰ ਅੱਜ ਮੁੜ ਵੀਡੀਓ ਕਾਨਫਰਸਿੰਗ ਦੇ ਜ਼ਰੀਏ ਅਜਨਾਲਾ ਦੀ ਅਦਾਲਤ ’ਚ ਪੇਸ਼ ਕੀਤਾ ਗਿਆ। ਪਿਛਲੇ ਦਿਨ ਅਜਨਾਲਾ ਦੀ ਅਦਾਲਤ ਨੇ ਅੰਮ੍ਰਿਤਪਾਲ ਸਿੰਘ ਨੂੰ 30 ਤਰੀਕ ਤੱਕ ਜੁਡੀਸ਼ੀਅਲ ਰਿਮਾਂਡ ’ਤੇ ਭੇਜਿਆ ਸੀ। ਅੱਜ ਜਾਂਚ ਪੂਰੀ ਕਰਕੇ ਚਲਾਨ ਪੇਸ਼ ਕੀਤਾ ਗਿਆ। ਅਦਾਲਤ ਨੇ 2 ਮਈ ਤੋਂ ਸੈਸ਼ਨ ਕੋਰਟ ਅੰਮ੍ਰਿਤਸਰ ’ਚ ਟਰਾਇਲ ਚਲਾਉਣ ਦੇ ਹੁਕਮ ਦਿੱਤੇ ਹਨ। ਅੱਜ ਮੁੜ ਅੰਮ੍ਰਿਤਪਾਲ ਸਿੰਘ ਦੀ ਵੀਡੀਓ ਕਾਨਫਰਸਿੰਗ ਰਾਹੀਂ ਪੇਸ਼ੀ ਹੋਈ ਹੈ। ਅੰਮ੍ਰਿਤਪਾਲ ਸਿੰਘ ਅਸਾਮ ਦੀ ਜੇਲ੍ਹ ’ਚ ਹੀ ਰਹਿਣਗੇ। ਪੁਲਿਸ ਨੂੰ ਇਸ ਕੇਸ ’ਚੋਂ ਅੰਮ੍ਰਿਤਪਾਲ ਸਿੰਘ ਕੋਲੋਂ ਕੋਈ ਵੀ ਰਿਕਵਰੀ ਨਹੀਂ ਹੋਈ।

# 1984 ਸਿੱਖ ਨਸਲਕੁਸ਼ੀ ਨੂੰ ਰਸਮੀ ਮਾਨਤਾ ਦੇਣ ਲਈ ਨਿਊ ਡੈਮੋਕ੍ਰੇਟਸ ਦੀ ਵਚਨਬੱਧਤਾ: ਸਿੱਖ ਵਿਰਾਸਤੀ ਮਹੀਨੇ ਦੌਰਾਨ ਅਹਿਮ ਐਲਾਨ







ਓਟਾਵਾ (ਕੈਨੇਡਾ): ਸਿੱਖ ਵਿਰਾਸਤੀ ਮਹੀਨੇ (Sikh Heritage Month) ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ, ਨਿਊ ਡੈਮੋਕ੍ਰੇਟਿਕ ਪਾਰਟੀ (NDP) ਦੇ ਆਗੂਆਂ ਨੇ 1984 ਦੀ ਸਿੱਖ ਨਸਲਕੁਸ਼ੀ ਨੂੰ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਦੇ ਹੱਕਾਂ ਦੀ ਰਾਖੀ ਕਰਨ ਦੀ ਆਪਣੀ ਵਚਨਬੱਧਤਾ ਨੂੰ ਮੁੜ ਦੁਹਰਾਇਆ ਹੈ।

ਇਨਸਾਫ਼ ਅਤੇ ਮਾਨਤਾ 'ਤੇ ਜ਼ੋਰ ਸਮਾਗਮ ਦੇ ਸਹਿ-ਸਪਾਂਸਰਾਂ ਵੱਲੋਂ ਜਾਰੀ ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਪਾਰਟੀ ਸਿੱਖ ਕੈਨੇਡੀਅਨਾਂ ਲਈ ਇਨਸਾਫ਼ ਯਕੀਨੀ ਬਣਾਉਣ ਅਤੇ 1984 ਦੇ ਦੁਖਾਂਤ ਨੂੰ ਅਧਿਕਾਰਤ ਤੌਰ 'ਤੇ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖ ਭਾਈਚਾਰੇ ਨੇ ਆਪਣੀ ਤਾਕਤ ਅਤੇ 'ਚੜ੍ਹਦੀ ਕਲਾ' ਦੇ ਜਜ਼ਬੇ ਨਾਲ ਕੈਨੇਡਾ ਦੇ ਵਿਕਾਸ ਵਿੱਚ ਜੋ ਅਥਾਹ ਯੋਗਦਾਨ ਪਾਇਆ ਹੈ, ਉਹ ਸਾਰਿਆਂ ਲਈ ਪ੍ਰੇਰਨਾਦਾਇਕ ਹੈ।

ਵਿਦੇਸ਼ੀ ਦਖਲਅੰਦਾਜ਼ੀ ਵਿਰੁੱਧ ਸਟੈਂਡ ਪਾਰਟੀ ਨੇ ਵਿਦੇਸ਼ੀ ਦਖਲਅੰਦਾਜ਼ੀ (Foreign Interference) ਦੇ ਮੁੱਦੇ 'ਤੇ ਆਪਣੀ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਉਹ ਇਸ ਵਿਰੁੱਧ ਮਜ਼ਬੂਤੀ ਨਾਲ ਖੜ੍ਹੇ ਹਨ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜਦੋਂ ਭਾਈਚਾਰੇ ਖ਼ਤਰੇ ਵਿੱਚ ਹੁੰਦੇ ਹਨ, ਤਾਂ ਚੁੱਪ ਰਹਿਣਾ ਜਾਂ ਕੋਈ ਕਾਰਵਾਈ ਨਾ ਕਰਨਾ ਅਸਲ ਵਿੱਚ ਅਪਰਾਧ ਵਿੱਚ ਭਾਈਵਾਲੀ ਕਰਨ ਦੇ ਬਰਾਬਰ ਹੈ।

ਕਮਿਊਨਿਟੀ ਦੇ ਯੋਗਦਾਨ ਦੀ ਸ਼ਲਾਘਾ ਸਮਾਗਮ ਦੌਰਾਨ ਕੈਨੇਡੀਅਨ ਸਿਆਸਤ ਅਤੇ ਸਮਾਜ ਵਿੱਚ ਸਿੱਖਾਂ ਦੀ ਅਗਵਾਈ ਦੀ ਭਰਪੂਰ ਸ਼ਲਾਘਾ ਕੀਤੀ ਗਈ। ਬਿਆਨ ਵਿੱਚ ਕਿਹਾ ਗਿਆ, 'ਅਸੀਂ ਸਿੱਖ ਭਾਈਚਾਰੇ ਦੇ ਉਨ੍ਹਾਂ ਦੀ ਅਗਵਾਈ ਅਤੇ ਦੇਸ਼ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਦਿਲੋਂ ਧੰਨਵਾਦੀ ਹਾਂ।' ਇਹ ਸਮਾਗਮ ਸਿੱਖ ਭਾਈਚਾਰੇ ਦੇ ਇਤਿਹਾਸ ਨੂੰ ਯਾਦ ਕਰਨ ਅਤੇ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੇ ਉਦੇਸ਼ ਨਾਲ ਕਰਵਾਇਆ ਗਿਆ ਸੀ, ਜਿਸ ਵਿੱਚ ਭਾਈਚਾਰੇ ਦੀ ਲਚਕੀਲੇਪਣ ਅਤੇ ਨਿਆਂ ਪ੍ਰਤੀ ਵਚਨਬੱਧਤਾ ਨੂੰ ਸਲਾਮ ਕੀਤਾ ਗਿਆ।

## ਧਾਰਮਿਕ ਕਾਰਜਾਂ ਦੇ ਨਾਮ 'ਤੇ ਸੜਕਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ : ਸੁਪਰੀਮ ਕੋਰਟ

### ਕਿਹਾ, ਧਾਰਮਕ ਸੰਪਰਦਾਏ ਨੂੰ ਖ਼ੁਦਮੁਖ਼ਤਿਆਰੀ, ਪਰ ਧਰਮ ਨਿਰਪੱਖ ਗਤੀਵਿਧੀਆਂ ਪ੍ਰਭਾਵਤ ਨਹੀਂ ਹੋਣੀਆਂ ਚਾਹੀਦੀਆਂ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਧਾਰਮਕ ਗਤੀਵਿਧੀਆਂ ਦੇ ਨਾਮ 'ਤੇ ਸੜਕਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ। ਅਦਾਲਤ ਨੇ ਕਿਹਾ ਕਿ ਕਿਸੇ ਧਾਰਮਕ ਸੰਪਰਦਾਏ ਨੂੰ ਅਪਣੇ ਧਾਰਮਕ ਮਾਮਲਿਆਂ ਵਿਚ ਖ਼ੁਦਮੁਖ਼ਤਿਆਰੀ ਤਾਂ ਹੈ, ਪਰ ਜਦੋਂ ਧਾਰਮਕ ਕਾਰਜਾਂ ਨਾਲ ਧਰਮ ਨਿਰਪੱਖ ਗਤੀਵਿਧੀਆਂ ਪ੍ਰਭਾਵਤ ਹੁੰਦੀਆਂ ਹਨ ਤਾਂ ਸਰਕਾਰ ਦਖ਼ਲ ਦੇ ਸਕਦੀ ਹੈ।

ਇਹ ਟਿਪਣੀ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੀ ਨੌਂ ਜੱਜਾਂ ਦੀ ਸੰਵਿਧਾਨਕ



ਬੈਂਚ ਨੇ ਸਬਰੀਮਾਲਾ ਮੰਦਰ ਸਮੇਤ ਔਰਤਾਂ ਨਾਲ ਵਿਤਕਰੇ ਦੇ ਮਾਮਲਿਆਂ 'ਤੇ ਸੁਣਵਾਈ ਦੌਰਾਨ ਕੀਤੀ। ਬੈਂਚ ਵਿਚ ਜਸਟਿਸ ਬੀ.ਵੀ. ਨਾਗਰਥਨਾ, ਐਮ.ਐਮ. ਸੁੰਦਰੇਸ਼, ਅਹਸਨੁੱਦੀਨ ਅਮਾਨੁੱਲਾਹ, ਅਰਵਿੰਦ ਕੁਮਾਰ, ਆਗਸਟਿਨ ਜਾਰਜ ਮਸੀਹ, ਪ੍ਰਸੰਨਾ ਬੀ. ਵਰਾਲੇ, ਆਰ. ਮਹਾਦੇਵਨ ਅਤੇ ਜੋਇਮਾਲਿਆ ਬਾਗਚੀ ਸ਼ਾਮਲ ਸਨ। ਸੁਣਵਾਈ ਦੌਰਾਨ ਜਸਟਿਸ ਨਾਗਰਥਨਾ ਨੇ ਕਿਹਾ, "ਤੁਸੀਂ ਧਾਰਮਕ ਸਮਾਰੋਹ ਕਰ ਸਕਦੇ ਹੋ, ਪਰ ਸੜਕਾਂ ਬੰਦ ਕਰਨਾ ਧਰਮ ਨਾਲ ਸੰਬੰਧਿਤ ਨਹੀਂ। ਸਰਕਾਰ ਇਸ 'ਤੇ ਨਿਯਮ ਬਣਾਉਣ ਲਈ ਅੱਗੇ ਆ ਸਕਦੀ ਹੈ।"

ਉਨ੍ਹਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਅਦਾਲਤ ਕਿਸੇ ਸੰਪਰਦਾਏ ਦੇ ਧਾਰਮਕ ਮਾਮਲਿਆਂ 'ਤੇ ਫ਼ੈਸਲਾ ਨਹੀਂ ਕਰ ਸਕਦੀ, ਪਰ ਜਦੋਂ ਧਰਮ ਨਿਰਪੱਖ ਗਤੀਵਿਧੀਆਂ ਪ੍ਰਭਾਵਤ ਹੁੰਦੀਆਂ ਹਨ ਤਾਂ ਸਰਕਾਰ ਦਖ਼ਲ ਦੇ ਸਕਦੀ ਹੈ। ਅਕਸ਼ੈ ਨਾਗਰਾਜਨ, ਜੋ ਹਿੰਦੂ ਧਰਮ ਆਚਾਰਿਆ ਸਭਾ ਦੀ ਪੱਖੋਂ ਪੇਸ਼ ਹੋਏ, ਨੇ ਦਲੀਲ ਦਿਤੀ ਕਿ ਧਾਰਾ 25 ਧਾਰਮਕ ਵਿਸ਼ਵਾਸਾਂ ਤੋਂ ਇਲਾਵਾ ਰਸਮਾਂ, ਤਿਉਹਾਰਾਂ ਅਤੇ ਪ੍ਰਥਾਵਾਂ ਨੂੰ ਵੀ ਸੁਰੱਖਿਆ ਦਿੰਦਾ ਹੈ। ਪਰ ਜਸਟਿਸ ਨਾਗਰਥਨਾ ਨੇ ਸਪਸ਼ਟ ਕੀਤਾ ਕਿ ਜੇਕਰ ਧਰਮ ਨਿਰਪੱਖ ਗਤੀਵਿਧੀਆਂ ਪ੍ਰਭਾਵਤ ਹੁੰਦੀਆਂ ਹਨ ਤਾਂ ਸਰਕਾਰ ਨੂੰ ਹੱਕ ਹੈ ਕਿ ਉਹ ਨਿਯਮ ਬਣਾਵੇ।

ਸੁਣਵਾਈ ਦੌਰਾਨ ਅਸ਼ਵਿਨੀ ਉਪਾਧਿਆਏ ਨੇ ਦਲੀਲ ਕੀਤੀ ਕਿ ਸੰਪਰਦਾਇਕ ਟਕਰਾਅ ਕਾਰਨ ਭਾਰਤ ਪਿਛਲੇ 2000 ਸਾਲਾਂ ਵਿਚ 25 ਟੁਕੜਿਆਂ ਵਿਚ ਵੰਡਿਆ ਗਿਆ। ਇਸ 'ਤੇ ਜਸਟਿਸ ਮਹਾਦੇਵਨ ਨੇ ਟੋਕਦਿਆਂ ਕਿਹਾ, "ਕਿਰਪਾ ਕਰ ਕੇ ਮੁੱਦੇ 'ਤੇ ਹੀ ਕੇਂਦਰਿਤ ਰਹੋ। ਸੰਵਿਧਾਨੀ ਚਰਚਾ ਨੂੰ ਭਾਸ਼ਾਈ ਅੱਖਰਾਂ ਨਾਲ ਨਾ ਜੋੜੋ।" ਇਸ ਤੋਂ ਇਲਾਵਾ, ਜਸਟਿਸ ਅਮਾਨੁੱਲਾਹ ਨੇ ਕਿਹਾ, "ਕਿਸੇ ਵੀ ਧਾਰਮਕ ਸੰਸਥਾ ਦਾ ਪ੍ਰਬੰਧਨ ਬਿਨਾਂ ਨਿਯਮਾਂ ਤੋਂ ਨਹੀਂ ਹੋ ਸਕਦਾ। ਅਰਾਜਕਤਾ ਨਹੀਂ ਹੋ ਸਕਦੀ। ਹਰ ਸੰਸਥਾ ਲਈ ਨਿਯਮ ਬਣਾਉਣਾ ਲਾਜ਼ਮੀ ਹਨ।"

ਉਨ੍ਹਾਂ ਨੇ ਜ਼ੋਰ ਦਿਤਾ ਕਿ ਪ੍ਰਬੰਧਨ ਦਾ ਹੱਕ ਸੰਵਿਧਾਨਕ ਹੱਦਾਂ ਤੋਂ ਪਰ੍ਹੇ ਨਹੀਂ ਜਾ ਸਕਦਾ। ਨਿਜ਼ਾਮ ਪਾਸ਼ਾ, ਜੋ ਚਿਸ਼ਤੀ ਨਿਜ਼ਾਮੀ ਵੰਸ਼ ਵਲੋਂ ਪੇਸ਼ ਹੋਏ, ਨੇ ਕਿਹਾ ਕਿ ਦਰਗਾਹ ਇਕ ਧਾਰਮਕ ਸੰਪਰਦਾਏ ਦੀ ਪਛਾਣ ਹੈ। ਉਨ੍ਹਾਂ ਨੇ ਦਲੀਲ ਦਿਤੀ ਕਿ "ਸੂਫ਼ੀ ਪ੍ਰਥਾ ਵਿਚ ਸੰਤਾਂ ਦੀ ਕਬਰਗਾਹ ਨੂੰ ਗਹਿਰੇ ਸਤਿਕਾਰ ਨਾਲ ਵੇਖਿਆ ਜਾਂਦਾ ਹੈ ਅਤੇ ਇਹ ਸੰਪਰਦਾਇਕ ਪਛਾਣ ਦਾ ਹਿੱਸਾ ਹੈ।" ਸੁਣਵਾਈ ਬੁਧਵਾਰ ਨੂੰ ਜਾਰੀ ਰਹੇਗੀ।

## ਅਮਰੀਕਾ ਨੇ ਭਾਰਤ ਨੂੰ 1.4 ਕਰੋੜ ਡਾਲਰ ਦੀ ਕੀਮਤ ਵਾਲੀਆਂ ਪੁਰਾਤਨ ਵਸਤੂਆਂ ਮੋੜੀਆਂ

ਨਿਊਯਾਰਕ, (ਸਾਡੇ ਲੋਕ ਬਿਊਰੋ) : ਅਮਰੀਕਾ ਨੇ ਭਾਰਤ ਨੂੰ ਲਗਪਗ 1.4 ਕਰੋੜ ਅਮਰੀਕੀ ਡਾਲਰ ਦੀਆਂ 657 ਪੁਰਾਤਨ ਵਸਤੂਆਂ ਵਾਪਸ ਕੀਤੀਆਂ ਹਨ ਅਤੇ ਕਿਹਾ ਹੈ ਕਿ ਦੇਸ਼ ਦੀਆਂ ਚੋਰੀ ਹੋਈਆਂ ਕਲਾਕ੍ਰਿਤੀਆਂ ਨੂੰ ਵਾਪਸ ਕਰਨ ਲਈ ਅਜੇ 'ਹੋਰ ਕੰਮ ਕਰਨਾ ਬਾਕੀ ਹੈ।' ਇਨ੍ਹਾਂ ਵਸਤੂਆਂ ਦੀ ਵਾਪਸੀ ਦਾ ਐਲਾਨ ਮੰਗਲਵਾਰ ਨੂੰ ਮੈਨਹਟਨ ਦੇ ਜ਼ਿਲ੍ਹਾ ਅਟਾਰਨੀ ਐਲਵਿਨ ਬ੍ਰੈਗ ਵੱਲੋਂ ਕੀਤਾ ਗਿਆ। ਇਹ ਟੁਕੜੇ ਤਸਕਰੀ ਨੈੱਟਵਰਕਾਂ ਦੀਆਂ ਕਈ ਜਾਂਚਾਂ ਤੋਂ ਬਾਅਦ ਬਰਾਮਦ ਕੀਤੇ ਗਏ ਸਨ, ਜਿਸ ਵਿੱਚ ਬਦਨਾਮ ਕਲਾ ਡੀਲਰ ਸੁਭਾਸ਼ ਕਪੂਰ ਅਤੇ ਦੋਸ਼ੀ ਤਸਕਰ ਨੈਂਸੀ ਵੀਨਰ ਨਾਲ ਸਬੰਧਤ ਮਾਮਲੇ ਸ਼ਾਮਲ ਹਨ। ਇਹ ਵਸਤੂਆਂ ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਦੀ ਕੌਂਸਲ ਰਾਜਲਕਸ਼ਮੀ ਕਦਮ ਦੀ ਮੌਜੂਦਗੀ ਵਿੱਚ ਇੱਕ ਸਮਾਗਮ ਦੌਰਾਨ ਵਾਪਸ ਕੀਤੀਆਂ ਗਈਆਂ। ਬ੍ਰੈਗ ਨੇ ਇੱਕ ਬਿਆਨ ਵਿੱਚ ਕਿਹਾ, 'ਭਾਰਤ ਵਿੱਚ ਸੱਭਿਆਚਾਰਕ ਵਿਰਾਸਤ ਨੂੰ




ਨਿਸ਼ਾਨਾ ਬਣਾਉਣ ਵਾਲੇ ਤਸਕਰੀ ਨੈੱਟਵਰਕਾਂ ਦਾ ਪੈਮਾਨਾ ਬਹੁਤ ਵੱਡਾ ਹੈ, ਜਿਵੇਂ ਕਿ ਅੱਜ 600 ਤੋਂ ਵੱਧ ਟੁਕੜਿਆਂ ਦੀ ਵਾਪਸੀ ਤੋਂ ਸਾਬਤ ਹੁੰਦਾ ਹੈ। ਬਦਕਿਸਮਤੀ ਨਾਲ ਚੋਰੀ ਹੋਈਆਂ ਕਲਾਕ੍ਰਿਤੀਆਂ ਨੂੰ ਭਾਰਤ ਵਾਪਸ ਭੇਜਣ ਲਈ ਅਜੇ ਹੋਰ ਕੰਮ ਕਰਨਾ ਬਾਕੀ ਹੈ, ਅਤੇ ਮੈਂ ਆਪਣੀ ਟੀਮ ਦੀਆਂ ਲਗਾਤਾਰ ਕੋਸ਼ਿਸ਼ਾਂ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।'

ਵਾਪਸ ਕੀਤੀਆਂ ਗਈਆਂ ਚੀਜ਼ਾਂ ਵਿੱਚ 'ਅਵਲੋਕਿਤੇਸ਼ਵਰ' ਦੀ 20 ਲੱਖ ਡਾਲਰ ਦੀ ਕਾਂਸੀ ਦੀ ਮੂਰਤੀ ਸ਼ਾਮਲ ਹੈ, ਜੋ ਕਿ ਇੱਕ ਉੱਕਰੇ ਹੋਏ ਦੋਹਰੇ-ਕਮਲ ਦੇ ਅਧਾਰ 'ਤੇ ਸ਼ੇਰਾਂ ਵਾਲੇ ਸਿੰਘਾਸਣ 'ਤੇ ਬਿਰਾਜਮਾਨ ਹੈ। ਸ਼ਿਲਾਲੇਖ ਕਾਰੀਗਰ ਦੀ ਪਛਾਣ ਛੱਤੀਸਗੜ੍ਹ ਵਿੱਚ ਅਜੋਕੇ ਰਾਏਪੁਰ ਦੇ ਨੇੜੇ ਸਥਿਤ ਸਿਰਪੁਰ ਦੇ ਦ੍ਰੋਣਾਦਿਤਿਆ ਵਜੋਂ ਕਰਦਾ ਹੈ। ਇਹ ਅਵਲੋਕਿਤੇਸ਼ਵਰ 1939 ਵਿੱਚ ਲਕਸ਼ਮਣ ਮੰਦਰ ਦੇ ਨੇੜੇ ਮਿਲੇ ਕਾਂਸੀ ਦੇ ਇੱਕ ਵੱਡੇ ਭੰਡਾਰ ਵਿੱਚੋਂ ਇੱਕ ਸੀ ਅਤੇ 1952 ਤੱਕ ਮਹੰਤ ਘਾਸੀਦਾਸ ਮੈਮੋਰੀਅਲ ਮਿਊਜ਼ੀਅਮ, ਰਾਏਪੁਰ ਦੇ ਸੰਗ੍ਰਹਿ ਵਿੱਚ ਸ਼ਾਮਲ ਹੋ ਗਿਆ ਸੀ। ਇਹ ਮੂਰਤੀ ਅਜਾਇਬ ਘਰ ਤੋਂ ਚੋਰੀ ਹੋ ਗਈ ਸੀ ਅਤੇ 1982 ਤੱਕ ਅਮਰੀਕਾ ਵਿੱਚ ਤਸਕਰੀ ਕਰ ਦਿੱਤੀ ਗਈ ਸੀ, ਜੋ ਆਖਿਰਕਾਰ 2014 ਤੱਕ ਨਿਊਯਾਰਕ ਵਿੱਚ ਇੱਕ ਨਿੱਜੀ ਸੰਗ੍ਰਹਿ ਵਿੱਚ ਪਹੁੰਚ ਗਈ। ਕਾਂਸੀ ਦੀ ਇਸ ਕਲਾਕ੍ਰਿਤੀ ਨੂੰ 2025 ਵਿੱਚ ਮੈਨਹਟਨ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਦੁਆਰਾ ਉਸ ਸੰਗ੍ਰਹਿ ਤੋਂ ਲੱਭਿਆ ਅਤੇ ਜ਼ਬਤ ਕੀਤਾ ਗਿਆ ਸੀ।

ਇਸ ਤੋਂ ਇਲਾਵਾ ਨੱਚਦੇ ਹੋਏ 'ਗਣੇਸ਼' ਜੀ ਦੀ ਇੱਕ ਰੇਤਲੇ ਪੱਥਰ ਦੀ ਮੂਰਤੀ ਵੀ ਹੈ, ਜਿਸ ਨੂੰ ਸਾਲ 2000 ਵਿੱਚ ਮੱਧ ਪ੍ਰਦੇਸ਼ ਦੇ ਇੱਕ ਮੰਦਰ ਤੋਂ ਕਪੂਰ ਦੇ ਇੱਕ ਸਾਥੀ ਰਣਜੀਤ ਕੰਵਰ ਨੇ ਲੁੱਟਿਆ ਸੀ।

ਇੱਕ ਹੋਰ ਕਲਾਕ੍ਰਿਤੀ ਬੁੱਧ ਦੀ ਲਾਲ ਰੇਤਲੇ ਪੱਥਰ ਦੀ ਮੂਰਤੀ ਹੈ ਜੋ ਸੁਰੱਖਿਆ ਦੀ ਮੁਦਰਾ 'ਅਭੈ ਮੁਦਰਾ' ਵਿੱਚ ਆਪਣਾ ਸੱਜਾ ਹੱਥ ਉਠਾ ਕੇ ਖੜ੍ਹੀ ਹੈ। ਬੁੱਧ ਦੇ ਪੈਰ ਗੋਡਿਆਂ ਤੋਂ ਹੇਠਾਂ ਟੁੱਟੇ ਹੋਏ ਹਨ ਅਤੇ ਸਿਰ ਦੇ ਪਿੱਛੇ ਪ੍ਰਭਾ-ਮੰਡਲ ਦੇ ਸਿਰਫ ਕੁਝ ਹਿੱਸੇ ਦਿਖਾਈ ਦੇ ਰਹੇ ਹਨ, ਇਹ ਨੁਕਸਾਨ ਸੰਭਵ ਤੌਰ 'ਤੇ ਉਦੋਂ ਹੋਇਆ ਸੀ ਜਦੋਂ ਉੱਤਰੀ ਭਾਰਤ ਤੋਂ ਮੂਰਤੀ ਲੁੱਟੀ ਗਈ ਸੀ। 75 ਲੱਖ ਡਾਲਰ ਦੀ ਇਸ ਮੂਰਤੀ ਨੂੰ ਕਪੂਰ ਵੱਲੋਂ ਨਿਊਯਾਰਕ ਵਿੱਚ ਤਸਕਰੀ ਕੀਤਾ ਗਿਆ ਸੀ ਅਤੇ ਐਂਟੀਕਿਊਟੀਜ਼ ਟ੍ਰੈਫਿਕਿੰਗ ਯੂਨਿਟ ਦੁਆਰਾ ਉਸਦੇ ਇੱਕ ਨਿਊਯਾਰਕ ਸਟੋਰੇਜ ਯੂਨਿਟ ਤੋਂ ਜ਼ਬਤ ਕੀਤਾ ਗਿਆ ਸੀ। ਡੀਏ ਦੇ ਦਫਤਰ ਨੇ 2012 ਵਿੱਚ ਕਪੂਰ ਲਈ ਗ੍ਰਿਫਤਾਰੀ ਵਾਰੰਟ ਹਾਸਲ ਕੀਤਾ ਸੀ। ਨਵੰਬਰ 2019 ਵਿੱਚ ਉਸ ਨੂੰ ਅਤੇ ਸੱਤ ਸਹਿ-ਦੋਸ਼ੀਆਂ ਨੂੰ ਚੋਰੀ ਦੀਆਂ ਪੁਰਾਤਨ ਵਸਤੂਆਂ ਦੀ ਤਸਕਰੀ ਕਰਨ ਦੀ ਸਾਜ਼ਿਸ਼ ਲਈ ਦੋਸ਼ੀ ਠਹਿਰਾਇਆ ਗਿਆ ਸੀ। ਕਪੂਰ ਦੀ ਭਾਰਤ ਤੋਂ ਹਵਾਲਗੀ ਪੈਂਡਿੰਗ ਹੈ, ਜਿੱਥੇ ਉਸ ਨੂੰ 2022 ਵਿੱਚ ਉਸਦੀ ਤਸਕਰੀ ਦੀਆਂ ਗਤੀਵਿਧੀਆਂ ਲਈ ਦੋਸ਼ੀ ਠਹਿਰਾਇਆ ਗਿਆ ਸੀ।

ਐਂਟੀਕਿਊਟੀਜ਼ ਟਰੈਫਿਕਿੰਗ ਯੂਨਿਟ ਨੇ ਹੁਣ 48.5 ਕਰੋੜ ਡਾਲਰ ਤੋਂ ਵੱਧ ਦੀ ਕੀਮਤ ਦੇ 6,200 ਤੋਂ ਵੱਧ ਸੱਭਿਆਚਾਰਕ ਖਜ਼ਾਨੇ ਬਰਾਮਦ ਕੀਤੇ ਹਨ, ਜਿਨ੍ਹਾਂ ਵਿੱਚ ਦੁਰਲੱਭ ਕਿਤਾਬਾਂ, ਕਲਾ ਦੀਆਂ ਰਚਨਾਵਾਂ ਅਤੇ ਪੁਰਾਤਨ ਵਸਤੂਆਂ ਸ਼ਾਮਲ ਹਨ, ਅਤੇ ਹੁਣ ਤੱਕ 36 ਦੇਸ਼ਾਂ ਨੂੰ ਇਨ੍ਹਾਂ ਵਿੱਚੋਂ 5,900 ਤੋਂ ਵੱਧ ਵਾਪਸ ਕਰ ਦਿੱਤੇ ਹਨ। ਏਟੀਯੂ ਨੇ ਸੱਭਿਆਚਾਰਕ ਸੰਪਤੀ ਨਾਲ ਸਬੰਧਤ ਅਪਰਾਧਾਂ ਦੇ 18 ਵਿਅਕਤੀਆਂ ਨੂੰ ਵੀ ਦੋਸ਼ੀ ਠਹਿਰਾਇਆ ਹੈ, ਜਦੋਂ ਕਿ ਹੋਰ 7 ਕਥਿਤ ਤਸਕਰਾਂ ਦੀ ਹਵਾਲਗੀ ਪੈਂਡਿੰਗ ਹੈ।

# ‘ਖਾਲਿਸਤਾਨ ਜ਼ਿੰਦਾਬਾਦ’ ਦੇ ਨਾਅਰਿਆਂ ਨਾਲ ਗੁਰਦੁਆਰਾ ਸਾਹਿਬ ਦੀ ਫਿਜ਼ਾ ਗੂੰਜ ਉੱਠੀ

## ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਖਾਲਿਸਤਾਨ ਐਲਾਨ ਦਿਵਸ ਦੀ 40ਵੀਂ ਵਰ੍ਹੇਗੰਢ ਬੜੀ ਸ਼ਰਧਾ ਨਾਲ ਮਨਾਈ ਗਈ







ਫਰੀਮਾਂਟ (ਕੈਲੀਫੋਰਨੀਆ), (ਸਾਡੇ ਲੋਕ) : ਅੱਜ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਖਾਲਿਸਤਾਨ ਐਲਾਨ ਦਿਵਸ ਦੀ 40ਵੀਂ ਵਰ੍ਹੇਗੰਢ ਬੜੀ ਸ਼ਰਧਾ, ਸਤਿਕਾਰ ਅਤੇ ਚੜ੍ਹਦੀ ਕਲਾ ਨਾਲ ਮਨਾਈ ਗਈ। ਇਸ ਪਾਵਨ ਅਵਸਰ ’ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਵਿੱਚ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਗੁਰਬਾਣੀ ਦਾ ਆਨੰਦ ਮਾਣਿਆ।

ਸ਼ਹੀਦੀ ਵਾਰਾਂ ਅਤੇ ਜੋਸ਼ੀਲਾ ਮਾਹੌਲ ਭੋਗ ਉਪਰੰਤ ਢਾਡੀ ਜਥਿਆਂ ਵੱਲੋਂ ਸ਼ਹੀਦੀ ਵਾਰਾਂ ਰਾਹੀਂ ਸਿੱਖ ਇਤਿਹਾਸ ਦੇ ਸੁਨਿਹਰੇ ਅਧਿਆਇਆਂ ਨੂੰ ਯਾਦ ਕੀਤਾ ਗਿਆ, ਜਿਨ੍ਹਾਂ ਨੇ ਸੰਗਤਾਂ ਦੇ ਦਿਲਾਂ ਵਿੱਚ ਜੋਸ਼, ਚੇਤਨਾ ਅਤੇ ਕੌਮੀ ਭਾਵਨਾਵਾਂ ਨੂੰ ਹੋਰ ਮਜ਼ਬੂਤ ਕੀਤਾ। ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਿਸ਼ਾਨ ਸਾਹਿਬ ਨੂੰ ਸਲਾਮੀ ਦਿੱਤੀ ਗਈ, ਜੋ ਸਿੱਖ ਕੌਮ ਦੀ ਸ਼ਾਨ, ਮਰਯਾਦਾ ਅਤੇ ਅਜ਼ਾਦੀ ਦੇ ਪ੍ਰਤੀਕ ਵਜੋਂ ਸਦਾ ਲਹਿਰਾਉਂਦਾ ਰਹੇਗਾ।

ਨਵੀਂ ਪੀੜ੍ਹੀ ਲਈ ਇਤਿਹਾਸਕ ਉਪਰਾਲਾ ਸਮਾਗਮ ਦੌਰਾਨ ਖਾਲਿਸਤਾਨ ਐਲਾਨ ਦਿਵਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਵਾਲਾ ਇੱਕ ਕਿਤਾਬਚਾ ਵੀ ਸੰਗਤਾਂ ਵਿੱਚ ਵੰਡਿਆ ਗਿਆ। ਇਸ ਉਪਰਾਲੇ ਦਾ ਮੁੱਖ ਮੰਤਵ ਨਵੀਂ ਪੀੜ੍ਹੀ ਨੂੰ ਸਿੱਖ ਇਤਿਹਾਸ ਅਤੇ ਕੌਮੀ ਨਿਸ਼ਾਨੇ ਨਾਲ ਜੋੜਨਾ ਸੀ, ਜਿਸ ਨੂੰ ਸੰਗਤਾਂ ਨੇ ਬੜੇ ਉਤਸਾਹ ਨਾਲ ਪ੍ਰਾਪਤ ਕੀਤਾ। ਅੰਤ ਵਿੱਚ, ਸਮੁੱਚੀਆਂ ਸੰਗਤਾਂ ਨੇ ਇਕਜੁੱਟ ਹੋ ਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਅਰਦਾਸ ਕੀਤੀ ਅਤੇ ‘ਖਾਲਿਸਤਾਨ ਜ਼ਿੰਦਾਬਾਦ’ ਦੇ ਜੈਕਾਰਿਆਂ ਨਾਲ ਸਮਾਗਮ ਦੀ ਸਮਾਪਤੀ ਹੋਈ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਖਾਲਿਸਤਾਨ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ’ਤੇ ਸਿੱਖ ਜਥੇਬੰਦੀਆਂ ਵਲੋਂ ਵਿਸ਼ਵ ਦੇ ਮੁਲਕਾਂ ਤੋਂ ਮਾਨਤਾ ਦੀ ਮੰਗ











ਅੰਮ੍ਰਿਤਸਰ (ਪੰਜਾਬ): ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਲ ਖਾਲਸਾ ਵੱਲੋਂ ਖਾਲਿਸਤਾਨ ਦੇ ਰਸਮੀ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ ਮੌਕੇ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਸ ਇਤਿਹਾਸਕ ਮੌਕੇ ’ਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਇਕੱਤਰ ਹੋ ਕੇ ਉਸ ਦੌਰ ਦੀਆਂ ਇਤਿਹਾਸਕ ਘਟਨਾਵਾਂ ਨੂੰ ਯਾਦ ਕੀਤਾ ਅਤੇ ਆਪਣੇ ਕੌਮੀ ਨਿਸ਼ਾਨੇ ਪ੍ਰਤੀ ਦ੍ਰਿੜਤਾ ਪ੍ਰਗਟਾਈ।

ਪ੍ਰਮੁੱਖ ਆਗੂਆਂ ਦੇ ਵਿਚਾਰ: ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਦਿਨ ਸਿੱਖ ਕੌਮ ਲਈ ਇਤਿਹਾਸਕ ਮਹੱਤਤਾ ਰੱਖਦਾ ਹੈ। ਉਨ੍ਹਾਂ ਨੇ ਖਾਲਿਸਤਾਨ ਦੇ ਸੰਕਲਪ ਅਤੇ ਅੱਜ ਦੇ ਸਿਆਸੀ ਹਾਲਾਤਾਂ ’ਤੇ ਚਾਨਣਾ ਪਾਉਂਦਿਆਂ ਆਪਣੇ ਵਿਚਾਰ ਸਾਂਝੇ ਕੀਤੇ।

ਦੂਜੇ ਪਾਸੇ, ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਬਿੱਟੂ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ 40 ਸਾਲ ਪਹਿਲਾਂ ਲਏ ਗਏ ਇਸ ਫੈਸਲੇ ਨੇ ਸਿੱਖ ਸਿਆਸਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖ ਕੌਮ ਆਪਣੇ ਸੰਘਰਸ਼ੀ ਇਤਿਹਾਸ ਨੂੰ ਕਦੇ ਨਹੀਂ ਭੁੱਲ ਸਕਦੀ ਅਤੇ ਅੱਜ ਦੇ ਦਿਨ ਅਸੀਂ ਉਸੇ ਸੰਕਲਪ ਨੂੰ ਮੁੜ ਦੁਹਰਾਉਣ ਲਈ ਇੱਥੇ ਇਕੱਤਰ ਹੋਏ ਹਾਂ।

ਸਮਾਗਮ ਦੇ ਦ੍ਰਿਸ਼: ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਰਿਸਰ ਵਿੱਚ ਸੰਗਤਾਂ ਦੀ ਵੱਡੀ ਗਿਣਤੀ ਦੇਖਣ ਨੂੰ ਮਿਲੀ। ਸਮੁੱਚੇ ਮਾਹੌਲ ਵਿੱਚ ਇੱਕ ਗੰਭੀਰਤਾ ਸੀ, ਜਿੱਥੇ ਆਗੂਆਂ ਨੇ ਉਸ ਇਤਿਹਾਸਕ ਐਲਾਨਨਾਮੇ ਦੀ ਪ੍ਰਸੰਗਿਕਤਾ ਨੂੰ ਅੱਜ ਦੇ ਸਮੇਂ ਨਾਲ ਜੋੜ ਕੇ ਪੇਸ਼ ਕੀਤਾ।

ਇਹ ਸਮਾਗਮ ਸ਼ਾਂਤਮਈ ਢੰਗ ਨਾਲ ਸੰਪੰਨ ਹੋਇਆ, ਜਿਸ ਵਿੱਚ ਪਾਰਟੀ ਆਗੂਆਂ ਨੇ ਆਪਣੀ ਵਿਚਾਰਧਾਰਾ ਨੂੰ ਲੋਕਤੰਤਰੀ ਢੰਗ ਨਾਲ ਪੇਸ਼ ਕਰਨ ’ਤੇ ਜ਼ੋਰ ਦਿੱਤਾ।

# ਸਿਨਸਿਨਾਟੀ ਅਤੇ ਮੇਸਨ ਸ਼ਹਿਰਾਂ ਦੀਆਂ ਨਗਰ ਕੌਂਸਲਾਂ ਨੇ ਅਪ੍ਰੈਲ ਦਾ ਮਹੀਨਾ 'ਸਿੱਖ ਜਾਗਰੂਕਤਾ ਮਹੀਨਾ' ਐਲਾਨਿਆ





ਸਿਨਸਿਨਾਟੀ (ਰਾਜ ਗੋਗਨਾ) : ਅਮਰੀਕਾ ਦੇ ਓਹਾਇਓ ਸੂਬੇ ਵਿੱਚ ਸਿੱਖ ਭਾਈਚਾਰੇ ਲਈ ਇੱਕ ਬੇਹੱਦ ਇਤਿਹਾਸਕ ਪਲ ਉਦੋਂ ਆਇਆ, ਜਦੋਂ ਸਿਨਸਿਨਾਟੀ ਅਤੇ ਨਾਲ ਲੱਗਦੇ ਸ਼ਹਿਰ ਮੇਸਨ ਦੀਆਂ ਨਗਰ ਕੌਂਸਲਾਂ ਨੇ ਅਧਿਕਾਰਤ ਤੌਰ 'ਤੇ ਅਪ੍ਰੈਲ ਮਹੀਨੇ ਨੂੰ ਹੁਣ 'ਸਿੱਖ ਜਾਗਰੂਕਤਾ ਅਤੇ ਧੰਨਵਾਦ ਮਹੀਨਾ' (ਸਿੱਖ ਅਵੇਅਰਨੇਸ ਅਤੇ ਐਪਰੀਸੀਏਸ਼ਨ ਮੰਥ) ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਐਲਾਨਨਾਮੇ ਪਿਛਲੀ ਇੱਕ ਸਦੀ ਤੋਂ ਅਮਰੀਕਾ ਵੱਸਦੇ ਸਿੱਖਾਂ ਵੱਲੋਂ ਖੇਤਰ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿੱਚ ਪਾਏ ਗਏ ਵੱਡਮੁੱਲੇ ਯੋਗਦਾਨ ਨੂੰ ਅਧਿਕਾਰਤ ਮਾਨਤਾ ਦਿੰਦੇ ਹਨ। ਇਸ ਮੌਕੇ 'ਤੇ ਸਥਾਨਕ ਆਗੂਆਂ ਅਤੇ ਪਰਿਵਾਰਾਂ ਸਮੇਤ ਭਾਈਚਾਰੇ ਦੇ ਮੈਂਬਰਾਂ ਨੇ ਦੋਵਾਂ ਸ਼ਹਿਰਾਂ ਦੇ ਸਿਟੀ ਹਾਲਾਂ ਵਿੱਚ ਇਕੱਠੇ ਹੋ ਕੇ ਸਿਨਸਿਨਾਟੀ ਦੇ ਮੇਅਰ ਆਫ਼ਤਾਬ ਪੁਰੇਵਾਲ ਅਤੇ ਮੇਸਨ ਦੇ ਮੇਅਰ ਜੋਸ਼ ਸਟਾਇਰਕੁਲਾ ਵੱਲੋਂ ਜਾਰੀ ਕੀਤੇ ਗਏ ਸਰਕਾਰੀ ਐਲਾਨਨਾਮੇ (ਪ੍ਰੋਕਲੇਮੇਸ਼ਨ) ਪ੍ਰਾਪਤ ਕੀਤੇ। ਮੇਅਰ ਪੁਰੇਵਾਲ, ਜੋ ਖੁਦ ਸਿੱਖ ਪਰਿਵਾਰ ਨਾਲ ਸਬੰਧ ਰੱਖਦੇ ਹਨ, ਵੱਲੋਂ ਦਿੱਤੀ ਗਈ ਇਸ ਮਾਨਤਾ ਦਾ ਸਿੱਖ ਭਾਈਚਾਰੇ ਵਿੱਚ ਵਿਸ਼ੇਸ਼ ਮਹੱਤਵ ਹੈ। ਭਾਈਚਾਰੇ ਦੇ ਨੁਮਾਇੰਦਿਆਂ ਨੇ ਮੇਅਰ ਅਤੇ ਸਿਟੀ ਕੌਂਸਲ ਦੇ ਮੈਂਬਰਾਂ ਦਾ ਇਸ ਸੁਹਿਰਦ ਕਦਮ ਲਈ ਧੰਨਵਾਦ ਕੀਤਾ। ਇਸ ਮੌਕੇ ਸਮਾਜਿਕ ਆਗੂ ਸਮੀਪ ਸਿੰਘ ਗੁਮਟਾਲਾ ਨੇ ਕਿਹਾ, 'ਸਾਡੇ ਖੇਤਰ ਲਈ ਇਹ ਇੱਕ ਬਹੁਤ ਵੱਡਾ ਪਲ ਹੈ। ਸਥਾਨਕ ਸਰਕਾਰਾਂ ਵੱਲੋਂ ਅਜਿਹਾ ਕਰਨਾ ਸਾਡੀ ਨੌਜਵਾਨ ਪੀੜ੍ਹੀ ਲਈ ਅਤੇ ਸਾਡੇ ਧਰਮ ਬਾਰੇ ਵਿਆਪਕ ਜਾਗਰੂਕਤਾ ਫੈਲਾਉਣ ਲਈ ਬਹੁਤ ਜ਼ਰੂਰੀ ਹੈ। ਇਹ ਐਲਾਨਨਾਮੇ ਜਿੱਥੇ ਅਮਰੀਕਾ ਵਿੱਚ ਸਿੱਖਾਂ ਦੇ 125 ਸਾਲਾਂ ਦੇ ਸ਼ਾਨਦਾਰ ਇਤਿਹਾਸ ਨੂੰ ਸਲਾਮ ਕਰਦੇ ਹਨ, ਉੱਥੇ ਹੀ ਭਵਿੱਖ ਦੀਆਂ ਪੀੜ੍ਹੀਆਂ ਲਈ ਇੱਕ ਵਧੇਰੇ ਸਾਂਝੀਵਾਲਤਾ ਅਤੇ ਮਜ਼ਬੂਤ ਸਮਾਜ ਦੀ ਨੀਂਹ ਵੀ ਰੱਖਦੇ ਹਨ।

ਸਿਨਸਿਨਾਟੀ ਦੇ ਐਲਾਨਨਾਮੇ ਵਿੱਚ ਸਿੱਖ ਭਾਈਚਾਰੇ ਦੇ ਸਬਰ ਅਤੇ ਦਲੇਰੀ ਦੇ ਇਤਿਹਾਸਕ ਪਲਾਂ ਦਾ ਵੀ ਜ਼ਿਕਰ ਕੀਤਾ ਗਿਆ। ਇਸ ਵਿੱਚ 11 ਸਤੰਬਰ ਦੇ ਹਮਲਿਆਂ ਦੀ ਆਉਣ ਵਾਲੀ 25ਵੀਂ ਵਰ੍ਹੇਗੰਢ ਅਤੇ ਖਾਸ ਤੌਰ 'ਤੇ ਨਫ਼ਰਤੀ ਅਪਰਾਧ ਦਾ ਪਹਿਲਾ ਸ਼ਿਕਾਰ ਹੋਏ ਸਵਰਗੀ ਭਾਈ ਬਲਬੀਰ ਸਿੰਘ ਸੋਢੀ ਨੂੰ ਯਾਦ ਕੀਤਾ ਗਿਆ। ਇਸ ਤੋਂ ਇਲਾਵਾ ਓਕ ਕਰੀਕ ਅਤੇ ਇੰਡੀਆਨਾਪੋਲਿਸ ਵਿਖੇ ਫੈਡਐਕਸ ਗੋਲੀਬਾਰੀ ਵਰਗੇ ਦੁਖਾਂਤਕ ਹਾਦਸਿਆਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ ਸਿੱਖ ਭਾਈਚਾਰੇ ਨੇ ਇਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਹਮੇਸ਼ਾ 'ਚੜ੍ਹਦੀ ਕਲਾ' ਅਤੇ ਨਿਰਸਵਾਰਥ ਸੇਵਾ ਨਾਲ ਕੀਤਾ ਹੈ। ਇਸ ਉਪਰਾਲੇ ਨੂੰ ਅਮਰੀਕਾ ਦੀ ਪ੍ਰਮੁੱਖ ਸਿੱਖ ਜਥੇਬੰਦੀ 'ਸਿੱਖ ਕੋਲੀਸ਼ਨ' ਦਾ ਭਰਪੂਰ ਸਹਿਯੋਗ ਮਿਲਿਆ। ਸਿੱਖ ਕੋਲੀਸ਼ਨ ਦੀ ਕਮਿਊਨਿਟੀ ਡਿਵੈਲਪਮੈਂਟ ਡਾਇਰੈਕਟਰ ਅਤੇ ਸਿਨਸਿਨਾਟੀ ਦੀ ਵਸਨੀਕ ਅਸੀਸ ਕੌਰ ਨੇ ਦੱਸਿਆ, 'ਇਹ ਐਲਾਨਨਾਮਾ ਸਿਰਫ਼ ਇੱਕ ਕਾਗਜ਼ ਦਾ ਟੁਕੜਾ ਨਹੀਂ ਹੈ, ਸਗੋਂ ਇਹ ਇੱਕ ਜਨਤਕ ਐਲਾਨ ਹੈ ਕਿ ਸਿੱਖ ਭਾਈਚਾਰੇ ਨੂੰ ਅਮਰੀਕੀ ਸਮਾਜ ਵਿੱਚ ਦੇਖਿਆ, ਸਤਿਕਾਰਿਆ ਅਤੇ ਅਪਣਾਇਆ ਜਾ ਰਿਹਾ ਹੈ। ਖਾਸ ਕਰਕੇ ਪਹਿਲੀ ਪੀੜ੍ਹੀ ਦੇ ਪ੍ਰਵਾਸੀ ਪਰਿਵਾਰਾਂ ਲਈ, ਇਹ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹਨਾਂ ਦੀ ਪਛਾਣ ਅਤੇ ਵਿਰਸਾ ਮਾਨਤਾ ਦੇ ਯੋਗ ਹੈ। ਇਹ ਮਾਨਤਾ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ 'ਸੇਵਾ' ਅਤੇ 'ਸਰਬੱਤ ਦਾ ਭਲਾ' ਨੂੰ ਦਰਸਾਉਂਦੀ ਹੈ। ਦੱਖਣ-ਪੱਛਮੀ ਓਹਾਇਓ ਖੇਤਰ, ਜਿਸ ਵਿੱਚ ਸਿਨਸਿਨਾਟੀ, ਮੇਸਨ, ਵੈਸਟ ਚੈਸਟਰ, ਹੈਮਿਲਟਨ, ਸਪਰਿੰਗਬੋਰੋ, ਮਿਆਮੀਸਬਰਗ ਅਤੇ ਡੇਟਨ ਵਰਗੇ ਸ਼ਹਿਰ ਸ਼ਾਮਲ ਹਨ, ਵਿੱਚ ਸਿੱਖ ਆਬਾਦੀ ਵਿੱਚ ਪਿਛਲੇ ਕੁਝ ਦਹਾਕਿਆਂ ਦੌਰਾਨ ਭਾਰੀ ਵਾਧਾ ਹੋਇਆ ਹੈ। ਖੇਤਰ ਵਿੱਚ ਸਥਿਤ ਤਿੰਨ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਭਾਈਚਾਰੇ ਦੇ ਮਜ਼ਬੂਤ ਕੇਂਦਰ ਵਜੋਂ ਕੰਮ ਕਰ ਰਹੇ ਹਨ, ਜਿੱਥੇ ਸਿੱਖ ਡਾਕਟਰੀ, ਇੰਜਨੀਅਰਿੰਗ, ਕਾਰੋਬਾਰ ਅਤੇ ਜਨਤਕ ਸੇਵਾਵਾਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।







# ਵਿਦੇਸ਼ਾਂ ਵਿੱਚ ਭੇਦਭਰੇ ਹਾਲਾਤ 'ਚ ਜਾਨ ਗੁਆਉਣ ਵਾਲੇ ਨੌਜਵਾਨਾਂ ਦੀਆਂ ਦੇਹਾਂ ਵਾਪਸ ਲਿਆਉਣ ਲਈ ਪਰਿਵਾਰ ਕਰ ਰਹੇ ਸੰਘਰਸ਼



ਚੰਡੀਗੜ੍ਹ : ਪਿਛਲੇ ਇੱਕ ਹਫ਼ਤੇ ਦੌਰਾਨ ਵਿਦੇਸ਼ਾਂ ਵਿੱਚ ਭੇਦਭਰੇ ਹਾਲਾਤ 'ਚ ਜਾਨ ਗੁਆਉਣ ਵਾਲੇ ਤਿੰਨ ਨੌਜਵਾਨਾਂ, ਜਿਨ੍ਹਾਂ ਵਿੱਚ ਦੋ ਲੜਕੀਆਂ ਅਤੇ ਇੱਕ ਲੜਕਾ ਸ਼ਾਮਲ ਹੈ, ਦੇ ਪਰਿਵਾਰ ਆਪਣੇ ਬੱਚਿਆਂ ਦੀਆਂ ਮ੍ਰਿਤਕ ਦੇਹਾਂ ਵਤਨ ਵਾਪਸ ਲਿਆਉਣ ਲਈ ਸੰਘਰਸ਼ ਕਰ ਰਹੇ ਹਨ।

ਤਾਜ਼ਾ ਮਾਮਲਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਘੰਗਸ ਦੇ ਮਹਿਕ ਸਿੰਘ ਦੀ ਅਚਾਨਕ ਮੌਤ ਦਾ ਹੈ। ਉਸ ਦੀ 22 ਅਪਰੈਲ ਨੂੰ ਅਮਰੀਕਾ ਦੇ ਇੰਡੀਆਨਾ ਸੂਬੇ ਦੇ ਇੰਗਲਸ (Ingalls) ਵਿੱਚ ਭੇਦਭਰੇ ਹਾਲਾਤ ਵਿੱਚ ਮੌਤ ਹੋ ਗਈ ਸੀ।

ਛੋਟੇ ਕਿਸਾਨ ਉਦੈ ਸਿੰਘ ਦਾ ਛੋਟਾ ਪੁੱਤਰ ਮਹਿਕ, 1 ਅਪਰੈਲ 2024 ਨੂੰ ਭਾਰਤ ਤੋਂ ਅਮਰੀਕਾ ਦੇ ਇੰਡੀਆਨਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਆਪਣੇ ਪਰਿਵਾਰ ਦੀ ਗਰੀਬੀ ਦੂਰ ਕਰਨ ਲਈ ਉੱਥੇ ਦਿਨ-ਰਾਤ (ਓਵਰਟਾਈਮ) ਕੰਮ ਕਰਦਾ ਸੀ। ਇੰਡੀਆਨਾ ਜਾਣ ਤੋਂ ਪਹਿਲਾਂ ਉਸ ਨੇ ਆਈ ਟੀ ਆਈ ਦਾ ਡਿਪਲੋਮਾ ਕੀਤਾ ਸੀ ਅਤੇ ਲੁਧਿਆਣਾ ਵਿੱਚ ਇੱਕ ਪ੍ਰਾਈਵੇਟ ਨੌਕਰੀ ਵੀ ਕੀਤੀ ਸੀ।

ਮ੍ਰਿਤਕ ਦੇ ਚਚੇਰੇ ਭਰਾ ਹਰਕਿਰਨ ਸਿੰਘ ਘੰਗਸ ਨੇ ਦੱਸਿਆ ਕਿ ਪਰਿਵਾਰ ਨੂੰ ਉਸ ਦੀ ਮੌਤ ਦਾ ਕਾਰਨ ਨਹੀਂ ਪਤਾ ਅਤੇ ਉਹ ਉਸ ਦੀ ਦੇਹ ਨੂੰ ਵਾਪਸ ਲਿਆਉਣ ਦਾ ਖਰਚਾ ਨਹੀਂ ਝੱਲ ਸਕਦੇ। ਜਿੱਥੇ ਮ੍ਰਿਤਕ ਦੇ ਦੋਸਤਾਂ, ਜਿਨ੍ਹਾਂ ਵਿੱਚ ਕੈਨੇਡਾ 'ਚ ਰਹਿੰਦੇ ਲਵੀ ਸ਼ਰਮਾ ਅਤੇ ਅਵੀ ਸ਼ਰਮਾ ਸ਼ਾਮਲ ਹਨ, ਨੇ ਫੰਡ ਇਕੱਠਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ, ਉੱਥੇ ਹੀ ਦੂਜੇ ਪਾਸੇ ਪਿੰਡ ਘੰਗਸ ਦੇ ਲੋਕਾਂ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ ਪੀੜਤ ਪਰਿਵਾਰ ਦੀ ਮਦਦ ਕਰਕੇ ਮ੍ਰਿਤਕ ਨੌਜਵਾਨ ਦੀ ਦੇਹ ਪੰਜਾਬ ਲਿਆਉਣ ਵਿੱਚ ਸਹਾਇਤਾ ਕਰਨ।

ਇੱਕ ਹੋਰ ਮਾਮਲੇ ਵਿੱਚ, ਅਹਿਮਦਗੜ੍ਹ ਦੇ ਰਹਿਣ ਵਾਲੇ ਸੰਜੀਵ ਕੁਮਾਰ ਜਿੰਦਲ ਦੇ ਪਰਿਵਾਰ ਦੀ 29 ਸਾਲਾ ਧੀ ਪ੍ਰਤਿਭਾ ਗੁਪਤਾ ਸ਼ਨਿੱਚਰਵਾਰ ਨੂੰ ਕੈਨੇਡਾ ਦੇ ਬਰੈਂਪਟਨ ਵਿੱਚ ਆਪਣੇ ਕਮਰੇ ਦੀਆਂ ਪੌੜੀਆਂ ਕੋਲ ਸ਼ੱਕੀ ਹਾਲਤ ਵਿੱਚ ਮ੍ਰਿਤਕ ਪਾਈ ਗਈ ਸੀ। ਭਾਵੇਂ ਕਿ ਘਰ ਵਿੱਚ ਮਕਾਨ ਮਾਲਕ ਦੇ ਪਰਿਵਾਰ ਦੇ ਕੁਝ ਮੈਂਬਰ ਮੌਜੂਦ ਸਨ, ਪਰ ਪੀੜਤਾ ਨੂੰ ਕਈ ਘੰਟਿਆਂ ਤੱਕ ਕੋਈ ਮਦਦ ਨਹੀਂ ਮਿਲੀ ਕਿਉਂਕਿ ਮਕਾਨ ਮਾਲਕ ਖੁਦ ਅਮਰੀਕਾ ਗਿਆ ਹੋਇਆ ਸੀ। ਪਰਿਵਾਰ ਨੂੰ ਅਜੇ ਤੱਕ ਪ੍ਰਤਿਭਾ ਦੀ ਪੋਸਟਮਾਰਟਮ ਰਿਪੋਰਟ ਨਹੀਂ ਮਿਲੀ ਹੈ।

ਤੀਜਾ ਪਰਿਵਾਰ, ਜੋ ਲੁਧਿਆਣਾ ਦੇ ਪਿੰਡ ਮਾਣੂਕੇ ਦਾ ਰਹਿਣ ਵਾਲਾ ਹੈ ਅਤੇ ਹੁਣ ਅਕਾਲਗੜ੍ਹ ਸੁਧਾਰ ਵਿੱਚ ਰਹਿ ਰਿਹਾ ਹੈ, ਵੀ ਆਪਣੀ ਧੀ ਅਨਮੋਲਦੀਪ ਕੌਰ ਦੀ ਮ੍ਰਿਤਕ ਦੇਹ ਦਾ ਇੰਤਜ਼ਾਰ ਕਰ ਰਿਹਾ ਹੈ। ਉਹ ਓਨਟਾਰੀਓ ਵਿੱਚ ਆਪਣੀ ਰਿਹਾਇਸ਼ ਦੇ ਕੋਲ ਇੱਕ ਪਾਰਕ ਵਿੱਚ ਮ੍ਰਿਤਕ ਪਾਈ ਗਈ ਸੀ। ਉਸ ਦੇ ਪਿਤਾ ਰਿਟਾਇਰਡ ਸੂਬੇਦਾਰ ਪਰਮਿੰਦਰ ਸਿੰਘ ਹਨ।

ਮ੍ਰਿਤਕਾ ਦਾ ਭਰਾ ਦਿਲਪ੍ਰੀਤ ਸਿੰਘ, ਇੱਕ ਐੱਨ ਜੀ ਓ (NGO) ਦੀ ਮਦਦ ਨਾਲ ਦੇਹ ਵਾਪਸ ਲਿਆਉਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਅਮਰੀਕਾ ਤੋਂ ਓਨਟਾਰੀਓ ਪਹੁੰਚ ਗਿਆ ਹੈ, ਪਰ ਉਸ ਦੀ ਅਚਾਨਕ ਮੌਤ ਦਾ ਕਾਰਨਾਂ ਦਾ ਅਜੇ ਵੀ ਪਤਾ ਨਹੀਂ ਲੱਗਿਆ ਹੈ।

ਪੀੜਤ ਪਰਿਵਾਰ ਕਈ ਤਰ੍ਹਾਂ ਦੀਆਂ ਮੁਸੀਬਤਾਂ ਨਾਲ ਜੂਝ ਰਹੇ ਹਨ, ਜਿਨ੍ਹਾਂ ਵਿੱਚ ਬੱਚਿਆਂ ਦੀ ਅਚਾਨਕ ਹੋਈ ਮੌਤ, ਮੌਤ ਦੇ ਅਸਲ ਕਾਰਨਾਂ ਅਤੇ ਹਾਲਾਤ ਬਾਰੇ ਜਾਣਕਾਰੀ ਨਾ ਮਿਲਣਾ, ਅਤੇ ਮ੍ਰਿਤਕ ਦੇਹਾਂ ਨੂੰ ਪੰਜਾਬ ਵਾਪਸ ਲਿਆਉਣ ਦੀ ਔਖੀ ਅਤੇ ਮਹਿੰਗੀ ਪ੍ਰਕਿਰਿਆ ਸ਼ਾਮਲ ਹੈ।

ਫਤਹਿਗੜ੍ਹ ਸਾਹਿਬ ਦੇ ਸੰਸਦ ਮੈਂਬਰ ਡਾ. ਅਮਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਮ੍ਰਿਤਕ ਦੇਹਾਂ ਨੂੰ ਪੰਜਾਬ ਲਿਆਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਵਿਦੇਸ਼ ਮੰਤਰਾਲੇ ਦੇ ਦਖਲ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਵੱਖ-ਵੱਖ ਦੇਸ਼ਾਂ ਦੀ ਪੁਲੀਸ ਅਤੇ ਏਜੰਸੀਆਂ ਆਪਣੇ ਉੱਥੋਂ ਦੇ ਕਾਨੂੰਨ ਮੁਤਾਬਕ ਕਾਰਵਾਈ ਕਰਦੀਆਂ ਹਨ, ਜਿਸ ਕਰਕੇ ਮੌਤ ਕਿਹੜੇ ਹਾਲਾਤ ਵਿੱਚ ਹੋਈ ਹੈ, ਉਸ ਨੂੰ ਦੇਖਦੇ ਹੋਏ ਕਾਗਜ਼ੀ ਕਾਰਵਾਈ ਵਿੱਚ ਸਮਾਂ ਲੱਗ ਜਾਂਦਾ ਹੈ।

ਡਾ. ਅਮਰ ਸਿੰਘ ਨੇ ਕਿਹਾ, 'ਅਸੀਂ ਤਿੰਨੋਂ ਪਰਿਵਾਰਾਂ ਅਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੇ ਸੰਪਰਕ ਵਿੱਚ ਹਾਂ ਅਤੇ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।'

## ਮਜ਼ਦੂਰ ਦਿਵਸ ਦੀ ਪੂਰਵ ਸੰਧਿਆ

# ਪਟਨਾ ਦੇ ਭੱਠਿਆਂ ’ਤੇ ਮੁੜ੍ਹਕਾ ਵਹਾਉਂਦੇ ਮਜ਼ਦੂਰਾਂ ਦੀ ਉਦਾਸ ਹਕੀਕਤ







ਪਟਨਾ (ਬਿਹਾਰ): ਦੁਨੀਆ ਭਰ ਵਿੱਚ 1 ਮਈ ਨੂੰ ‘ਅੰਤਰਰਾਸ਼ਟਰੀ ਮਜ਼ਦੂਰ ਦਿਵਸ’ ਮਨਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਕਿਰਤੀ ਲੋਕਾਂ ਦੇ ਹੱਕਾਂ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਸਲਾਮ ਕਰਨਾ ਹੈ। ਪਰ ਪਟਨਾ ਦੇ ਇੱਟਾਂ ਦੇ ਭੱਠਿਆਂ ’ਤੇ ਕੰਮ ਕਰ ਰਹੇ ਮਜ਼ਦੂਰਾਂ ਲਈ ਇਹ ਦਿਨ ਸਿਰਫ਼ ਸੰਘਰਸ਼ ਦਾ ਇੱਕ ਹੋਰ ਦਿਨ ਹੈ।

ਤਪਦੀ ਗਰਮੀ ਵਿੱਚ ਜਾਰੀ ਹੈ ਸੰਘਰਸ਼ ਮਜ਼ਦੂਰ ਦਿਵਸ ਤੋਂ ਇੱਕ ਦਿਨ ਪਹਿਲਾਂ, ਅੱਜ ਵੀ ਪਟਨਾ ਦੇ ਭੱਠਿਆਂ ’ਤੇ ਮਜ਼ਦੂਰਾਂ ਦਾ ਕੰਮ ਜਾਰੀ ਰਿਹਾ। ਤਪਦੀ ਗਰਮੀ ਅਤੇ ਮੁਸ਼ਕਲ ਹਾਲਾਤਾਂ ਵਿੱਚ, ਇਹ ਮਜ਼ਦੂਰ ਆਪਣੇ ਪਰਿਵਾਰਾਂ ਦਾ ਪੇਟ ਪਾਲਣ ਲਈ ਮਿੱਟੀ ਨਾਲ ਮਿੱਟੀ ਹੋ ਰਹੇ ਹਨ। ਇਨ੍ਹਾਂ ਮਿਹਨਤਕਸ਼ ਲੋਕਾਂ ਲਈ ਛੁੱਟੀ ਜਾਂ ਜਸ਼ਨ ਦਾ ਕੋਈ ਅਰਥ ਨਹੀਂ ਹੈ, ਕਿਉਂਕਿ ਉਨ੍ਹਾਂ ਦੀ ਰੋਜ਼ੀ-ਰੋਟੀ ਸਿੱਧੀ ਉਨ੍ਹਾਂ ਦੀ ਦਿਹਾੜੀ ਨਾਲ ਜੁੜੀ ਹੋਈ ਹੈ।

ਮਜ਼ਦੂਰ ਦਿਵਸ ਦਾ ਅਸਲ ਮਕਸਦ ਭੱਠਿਆਂ ’ਤੇ ਕੰਮ ਕਰ ਰਹੇ ਇਨ੍ਹਾਂ ਮਜ਼ਦੂਰਾਂ ਦੀ ਹਾਲਤ ਇਹ ਸਵਾਲ ਖੜ੍ਹਾ ਕਰਦੀ ਹੈ ਕਿ ਕੀ ਮਜ਼ਦੂਰ ਦਿਵਸ ਸਿਰਫ਼ ਕਾਗਜ਼ਾਂ ਜਾਂ ਦਫ਼ਤਰਾਂ ਤੱਕ ਹੀ ਸੀਮਤ ਹੈ? ਅਸਲ ਵਿੱਚ, ਮਜ਼ਦੂਰ ਦਿਵਸ ਦੀ ਸਾਰਥਕਤਾ ਤਾਂ ਹੀ ਹੈ ਜਦੋਂ ਇਨ੍ਹਾਂ ਵਰਗੇ ਲੱਖਾਂ ਮਿਹਨਤਕਸ਼ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਨਮਾਨਜਨਕ ਮਿਹਨਤਾਨਾ ਅਤੇ ਸੁਰੱਖਿਅਤ ਕੰਮਕਾਜੀ ਹਾਲਾਤ ਮਿਲ ਸਕਣ।

ਇਹ ਤਸਵੀਰਾਂ ਮਜ਼ਦੂਰਾਂ ਦੀ ਜ਼ਿੰਦਗੀ ਦੇ ਉਸ ਕਠੋਰ ਪਹਿਲੂ ਨੂੰ ਬਿਆਨ ਕਰਦੀਆਂ ਹਨ ਜਿੱਥੇ ਮਿਹਨਤ ਹੀ ਉਨ੍ਹਾਂ ਦੀ ਕਿਸਮਤ ਹੈ। ਇਹ ਸਮਾਂ ਹੈ ਕਿ ਸਮਾਜ ਅਤੇ ਸਰਕਾਰਾਂ ਇਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦੇਣ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਠੋਸ ਕਦਮ ਚੁੱਕਣ।

# ISC ਨਤੀਜੇ: ਕਾਨਪੁਰ ਦੇ ਸ਼ੇਲਿੰਗ ਹਾਊਸ ਸਕੂਲ ’ਚ ਖੁਸ਼ੀਆਂ ਦੀ ਲਹਿਰ, ਵਿਦਿਆਰਥੀਆਂ ਨੇ ਜਸ਼ਨ ਮਨਾ ਕੇ ਮਨਾਈ ਕਾਮਯਾਬੀ

ਕਾਨਪੁਰ : ਅੱਜ ਆਈ.ਐਸ.ਸੀ. (ISC) ਦੀਆਂ ਪ੍ਰੀਖਿਆਵਾਂ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਕਾਨਪੁਰ ਦੇ ਸ਼ੇਲਿੰਗ ਹਾਊਸ ਸਕੂਲ (Sheiling House School) ਦੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਅਤੇ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਜਿਵੇਂ ਹੀ ਸਕੂਲ ਦੇ ਨਤੀਜੇ ਸਾਹਮਣੇ ਆਏ, ਵਿਦਿਆਰਥੀਆਂ ਦੇ ਚਿਹਰੇ ਖੁਸ਼ੀ ਨਾਲ ਖਿੜ ਉੱਠੇ।

ਖੁਸ਼ੀਆਂ ਦਾ ਇਜ਼ਹਾਰ ਨਤੀਜੇ ਘੋਸ਼ਿਤ ਹੁੰਦਿਆਂ ਹੀ ਸਕੂਲ ਕੰਪਲੈਕਸ ਵਿੱਚ ਜਸ਼ਨ ਦਾ ਮਾਹੌਲ ਬਣ ਗਿਆ। ਵਿਦਿਆਰਥੀਆਂ ਨੇ ਇੱਕ-ਦੂਜੇ ਨੂੰ ਮਠਿਆਈਆਂ ਖੁਆ ਕੇ ਅਤੇ ਗਲੇ ਮਿਲ ਕੇ ਆਪਣੀ ਸਫਲਤਾ ਦਾ ਇਜ਼ਹਾਰ ਕੀਤਾ। ਕਈ ਵਿਦਿਆਰਥੀ ਆਪਣੀ ਕਾਮਯਾਬੀ ਦੀ ਖੁਸ਼ੀ ਵਿੱਚ ਸਕੂਲ ਦੇ ਵਿਹੜੇ ਵਿੱਚ ਭੰਗੜੇ ਪਾਉਂਦੇ ਅਤੇ ਨੱਚਦੇ ਹੋਏ ਨਜ਼ਰ ਆਏ।





ਸਖ਼ਤ ਮਿਹਨਤ ਦਾ ਮੁੱਲ ਇਸ ਮੌਕੇ ਵਿਦਿਆਰਥੀਆਂ ਦਾ ਕਹਿਣਾ ਸੀ ਕਿ ਇਹ ਸਫਲਤਾ ਉਨ੍ਹਾਂ ਦੀ ਸਾਲ ਭਰ ਦੀ ਸਖ਼ਤ ਮਿਹਨਤ ਅਤੇ ਅਧਿਆਪਕਾਂ ਦੇ ਸਹੀ ਮਾਰਗਦਰਸ਼ਨ ਦਾ ਨਤੀਜਾ ਹੈ। ਵਿਦਿਆਰਥੀਆਂ ਨੇ ਆਪਣੀ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਮਾਪਿਆਂ ਅਤੇ ਅਧਿਆਪਕਾਂ ਨੂੰ ਦਿੱਤਾ, ਜਿਨ੍ਹਾਂ ਨੇ ਹਰ ਕਦਮ ’ਤੇ ਉਨ੍ਹਾਂ ਦਾ ਸਾਥ ਦਿੱਤਾ।

ਅਧਿਆਪਕਾਂ ਅਤੇ ਮਾਪਿਆਂ ਵਿੱਚ ਵੀ ਖੁਸ਼ੀ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਵੀ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ ’ਤੇ ਮਾਣ ਮਹਿਸੂਸ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਮਿਹਨਤ ਦੇ ਨਾਲ-ਨਾਲ ਉਨ੍ਹਾਂ ਦਾ ਅਨੁਸ਼ਾਸਨ ਹੀ ਉਨ੍ਹਾਂ ਨੂੰ ਸਫਲਤਾ ਦੇ ਸਿਖਰ ’ਤੇ ਲੈ ਕੇ ਗਿਆ ਹੈ। ਮਾਪਿਆਂ ਨੇ ਵੀ ਸਕੂਲ ਪਹੁੰਚ ਕੇ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਬੱਚਿਆਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਸ਼ੇਲਿੰਗ ਹਾਊਸ ਸਕੂਲ ਵਿੱਚ ਅੱਜ ਦਾ ਦਿਨ ਵਿਦਿਆਰਥੀਆਂ ਲਈ ਇੱਕ ਯਾਦਗਾਰੀ ਦਿਨ ਬਣ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੀ ਮਿਹਨਤ ਦੇ ਮਿੱਠੇ ਫਲ ਦਾ ਆਨੰਦ ਮਾਣਿਆ।

# ਸ਼ਿਮਲਾ: ਆਈ.ਜ਼ੀ.ਐਮ.ਸੀ. ਬਾਹਰ ਮਹਿਲਾ ਸਮਿਤੀ ਦਾ ਪ੍ਰਦਰਸ਼ਨ; ਗਾਇਨੀ ਓ.ਪੀ.ਡੀ. ਤਬਦੀਲ ਕਰਨ ਦਾ ਵਿਰੋਧ

ਸ਼ਿਮਲਾ : ਸ਼ਿਮਲਾ ਦੇ ਇੰਦਰਾ ਗਾਂਧੀ ਮੈਡੀਕਲ ਕਾਲਜ (IGMC) ਹਸਪਤਾਲ ਦੇ ਬਾਹਰ ਅੱਜ ‘ਅਖਿਲ ਭਾਰਤੀ ਜਨਵਾਦੀ ਮਹਿਲਾ ਸਮਿਤੀ’ ਦੀਆਂ ਮੈਂਬਰਾਂ ਨੇ ਇੱਕ ਰੋਸ ਪ੍ਰਦਰਸ਼ਨ ਕੀਤਾ। ਇਹ ਵਿਰੋਧ ਪ੍ਰਦਰਸ਼ਨ ਗਾਇਨੀਕੋਲੋਜੀ (Gynae) ਓ.ਪੀ.ਡੀ. ਨੂੰ ਕਮਲਾ ਨਹਿਰੂ ਹਸਪਤਾਲ (KNH) ਤੋਂ ਆਈ.ਜੀ.ਐਮ.ਸੀ. ਵਿੱਚ ਤਬਦੀਲ ਕਰਨ ਦੇ ਸਰਕਾਰੀ ਫੈਸਲੇ ਦੇ ਖਿਲਾਫ ਕੀਤਾ ਗਿਆ।

ਪ੍ਰਦਰਸ਼ਨ ਦੇ ਮੁੱਖ ਨੁਕਤੇ:

ਵਿਰੋਧ ਦਾ ਕਾਰਨ: ਮਹਿਲਾ ਸਮਿਤੀ ਦਾ ਕਹਿਣਾ ਹੈ ਕਿ ਗਾਇਨੀ ਓ.ਪੀ.ਡੀ. ਨੂੰ ਤਬਦੀਲ ਕਰਨ ਨਾਲ ਆਮ ਲੋਕਾਂ, ਖਾਸ ਕਰਕੇ ਔਰਤਾਂ ਅਤੇ ਗਰਭਵਤੀ ਮਰੀਜ਼ਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਅਨੁਸਾਰ ਕੇ.ਐਨ.ਐਚ. ਵਿੱਚ ਸਹੂਲਤਾਂ ਹੋਣ ਦੇ ਬਾਵਜੂਦ ਇਸ ਨੂੰ ਹਟਾਉਣਾ ਗਲਤ ਫੈਸਲਾ ਹੈ।

ਨਾਅਰੇਬਾਜ਼ੀ: ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਪੋਸਟਰ ਫੜ ਕੇ ਸਰਕਾਰ ਦੇ ਇਸ ਫੈਸਲੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਉਨ੍ਹਾਂ ਮੰਗ ਕੀਤੀ ਕਿ ਓ.ਪੀ.ਡੀ. ਨੂੰ ਪਹਿਲਾਂ ਵਾਂਗ ਕਮਲਾ ਨਹਿਰੂ ਹਸਪਤਾਲ ਤੋਂ ਹੀ ਚੱਲਣ ਦਿੱਤਾ ਜਾਵੇ।







ਸੰਘਰਸ਼ ਦੀ ਚਿਤਾਵਨੀ: ਮਹਿਲਾ ਸਮਿਤੀ ਦੇ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਪ੍ਰਸ਼ਾਸਨ ਨੇ ਇਸ ਫੈਸਲੇ ਨੂੰ ਵਾਪਸ ਨਾ ਲਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਇਸ ਪ੍ਰਦਰਸ਼ਨ ਕਾਰਨ ਹਸਪਤਾਲ ਦੇ ਬਾਹਰ ਕਾਫੀ ਹਲਚਲ ਰਹੀ ਅਤੇ ਆਉਣ-ਜਾਣ ਵਾਲੇ ਲੋਕਾਂ ਦਾ ਧਿਆਨ ਇਸ ਮੁੱਦੇ ਵੱਲ ਖਿੱਚਿਆ ਗਿਆ। ਪ੍ਰਦਰਸ਼ਨਕਾਰੀਆਂ ਨੇ ਸਪੱਸ਼ਟ ਕੀਤਾ ਕਿ ਇਹ ਲੜਾਈ ਮਰੀਜ਼ਾਂ ਦੀ ਸਹੂਲਤ ਲਈ ਹੈ ਅਤੇ ਉਹ ਇਸ ਨੂੰ ਉਦੋਂ ਤੱਕ ਜਾਰੀ ਰੱਖਣਗੇ ਜਦੋਂ ਤੱਕ ਉਨ੍ਹਾਂ ਦੀ ਮੰਗ ਨਹੀਂ ਮੰਨੀ ਜਾਂਦੀ।

# ਆਰਮੀ ਚੀਫ਼ ਜਨਰਲ ਉਪੇਂਦਰ ਦਿਵੇਦੀ ਨੇ ਵਾਸ਼ਿੰਗਟਨ ਵਿੱਚ ਭਾਰਤੀ ਫੌਜ ਦੇ ਸਾਬਕਾ ਸੈਨਿਕਾਂ ਨਾਲ ਕੀਤੀ ਮੁਲਾਕਾਤ

ਵਾਸ਼ਿੰਗਟਨ/ਡੀ.ਸੀ.: ਭਾਰਤੀ ਫੌਜ ਦੇ ਮੁਖੀ (COAS) ਜਨਰਲ ਉਪੇਂਦਰ ਦਿਵੇਦੀ ਨੇ ਆਪਣੀ ਅਮਰੀਕਾ ਫੇਰੀ ਦੌਰਾਨ ਭਾਰਤੀ ਹਥਿਆਰਬੰਦ ਫੌਜਾਂ ਦੇ ਸਾਬਕਾ ਸੈਨਿਕਾਂ (veterans) ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਇਹ ਮੁਲਾਕਾਤ ਉਨ੍ਹਾਂ ਦੇ ਅਮਰੀਕਾ ਦੌਰੇ ਦਾ ਇੱਕ ਅਹਿਮ ਹਿੱਸਾ ਸੀ, ਜਿਸ ਵਿੱਚ ਉਨ੍ਹਾਂ ਨੇ ਸਾਬਕਾ ਫੌਜੀ ਅਧਿਕਾਰੀਆਂ ਅਤੇ ਜਵਾਨਾਂ ਨਾਲ ਗੱਲਬਾਤ ਕੀਤੀ।

ਮੁਲਾਕਾਤ ਦੇ ਮੁੱਖ ਨੁਕਤੇ:

ਸਨਮਾਨ ਅਤੇ ਗੱਲਬਾਤ: ਜਨਰਲ ਦਿਵੇਦੀ ਨੇ ਸਾਬਕਾ ਸੈਨਿਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੇ ਤਜ਼ਰਬਿਆਂ ਅਤੇ ਦੇਸ਼ ਪ੍ਰਤੀ ਦਿੱਤੀਆਂ ਅਣਥੱਕ ਸੇਵਾਵਾਂ ਨੂੰ ਸਲਾਮ ਕੀਤਾ। ਉਨ੍ਹਾਂ ਨੇ ਫੌਜ ਦੇ ਪਰਿਵਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ।

ਸਬੰਧਾਂ ਦੀ ਮਜ਼ਬੂਤੀ: ਇਹ ਮੁਲਾਕਾਤ ਭਾਰਤੀ ਫੌਜ ਦੇ ਸੇਵਾਮੁਕਤ ਅਤੇ ਸੇਵਾ ਕਰ ਰਹੇ ਅਧਿਕਾਰੀਆਂ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਅਹਿਮ ਮੰਨੀ ਜਾ ਰਹੀ ਹੈ। ਵਿਦੇਸ਼ ਦੌਰੇ ਦੌਰਾਨ ਅਜਿਹੀਆਂ ਮੁਲਾਕਾਤਾਂ ਭਾਰਤੀ ਡਾਇਸਪੋਰਾ ਅਤੇ ਸਾਬਕਾ ਸੈਨਿਕਾਂ ਨਾਲ ਜੁੜੇ ਰਹਿਣ ਦੀ ਰਵਾਇਤ ਨੂੰ ਦਰਸਾਉਂਦੀਆਂ ਹਨ।





ਮਨੋਬਲ ਵਿੱਚ ਵਾਧਾ: ਅਮਰੀਕਾ ਵਿੱਚ ਵਸਦੇ ਭਾਰਤੀ ਸਾਬਕਾ ਸੈਨਿਕਾਂ ਲਈ ਫੌਜ ਮੁਖੀ ਨਾਲ ਹੋਈ ਇਹ ਗੱਲਬਾਤ ਬਹੁਤ ਉਤਸ਼ਾਹਜਨਕ ਰਹੀ। ਉਨ੍ਹਾਂ ਨੇ ਭਾਰਤੀ ਫੌਜ ਦੀਆਂ ਨਵੀਨਤਮ ਪ੍ਰਾਪਤੀਆਂ ਅਤੇ ਮੌਜੂਦਾ ਚੁਣੌਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਆਪਣੀ ਇਸ ਫੇਰੀ ਦੌਰਾਨ, ਜਨਰਲ ਦਿਵੇਦੀ ਨੇ ਨਾ ਸਿਰਫ਼ ਅਮਰੀਕੀ ਰੱਖਿਆ ਅਧਿਕਾਰੀਆਂ ਨਾਲ ਰਣਨੀਤਕ ਗੱਲਬਾਤ ਕੀਤੀ, ਸਗੋਂ ਆਪਣੇ ਫੌਜੀ ਭਰਾਵਾਂ ਨਾਲ ਮਿਲ ਕੇ ਇਹ ਸੁਨੇਹਾ ਦਿੱਤਾ ਕਿ ਭਾਰਤੀ ਫੌਜ ਦਾ ਹਰ ਜਵਾਨ, ਚਾਹੇ ਉਹ ਕਿਤੇ ਵੀ ਹੋਵੇ, ਦੇਸ਼ ਦੀ ਸੁਰੱਖਿਆ ਅਤੇ ਸਨਮਾਨ ਲਈ ਹਮੇਸ਼ਾ ਇਕਜੁੱਟ ਹੈ।

## ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਭਾਰਤ-ਬੇਲਾਰੂਸ ਦੀ ਅਹਿਮ ਗੱਲਬਾਤ

# ਰਾਜਨਾਥ ਸਿੰਘ ਨੇ ਬਿਸ਼ਕੇਕ 'ਚ ਕੀਤੀ ਬੇਲਾਰੂਸ ਦੇ ਰੱਖਿਆ ਮੰਤਰੀ ਨਾਲ ਮੁਲਾਕਾਤ

ਬਿਸ਼ਕੇਕ (ਕਿਰਗਿਸਤਾਨ): ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਗਲਵਾਰ ਨੂੰ ਕਿਰਗਿਸਤਾਨ ਦੀ ਰਾਜਧਾਨੀ ਬਿਸ਼ਕੇਕ ਵਿਖੇ ਬੇਲਾਰੂਸ ਦੇ ਰੱਖਿਆ ਮੰਤਰੀ ਲੈਫਟੀਨੈਂਟ ਜਨਰਲ ਵਿਕਟਰ ਖਰੇਨਿਨ ਨਾਲ ਇੱਕ ਅਹਿਮ ਮੁਲਾਕਾਤ ਕੀਤੀ। ਇਹ ਮੁਲਾਕਾਤ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਅਤੇ ਰਣਨੀਤਕ ਸਬੰਧਾਂ ਨੂੰ ਨਵੀਂ ਦਿਸ਼ਾ ਦੇਣ ਦੇ ਉਦੇਸ਼ ਨਾਲ ਕੀਤੀ ਗਈ।

ਰੱਖਿਆ ਸਹਿਯੋਗ 'ਤੇ ਚਰਚਾ: ਇਸ ਉੱਚ-ਪੱਧਰੀ ਮੀਟਿੰਗ ਦੌਰਾਨ ਦੋਵਾਂ ਆਗੂਆਂ ਨੇ ਖੇਤਰੀ ਸੁਰੱਖਿਆ, ਰੱਖਿਆ ਉਦਯੋਗ ਵਿੱਚ ਸਹਿਯੋਗ ਅਤੇ ਆਪਸੀ ਹਿੱਤਾਂ ਦੇ ਕਈ ਅਹਿਮ ਮੁੱਦਿਆਂ 'ਤੇ ਡੂੰਘੀ ਚਰਚਾ ਕੀਤੀ।

ਰਣਨੀਤਕ ਭਾਈਵਾਲੀ: ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਇਸ ਮੁਲਾਕਾਤ ਨੂੰ ਭਾਰਤ ਅਤੇ ਬੇਲਾਰੂਸ ਵਿਚਾਲੇ ਰੱਖਿਆ ਸਬੰਧਾਂ ਨੂੰ ਹੋਰ ਡੂੰਘਾ ਕਰਨ ਦੀ ਇੱਕ ਅਹਿਮ ਕੜੀ ਮੰਨਿਆ ਜਾ ਰਿਹਾ ਹੈ। ਬੇਲਾਰੂਸ ਦੇ ਰੱਖਿਆ ਮੰਤਰੀ ਨਾਲ ਹੋਈ ਇਹ ਗੱਲਬਾਤ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਰੱਖਿਆ ਕੂਟਨੀਤੀ (Defence Diplomacy) ਨੂੰ ਹੋਰ ਮਜ਼ਬੂਤ ਕਰਦੀ ਹੈ।





ਖੇਤਰੀ ਸਥਿਰਤਾ: ਮੀਟਿੰਗ ਵਿੱਚ ਮੌਜੂਦਾ ਗਲੋਬਲ ਸਥਿਤੀ ਅਤੇ ਖੇਤਰੀ ਸ਼ਾਂਤੀ ਅਤੇ ਸਥਿਰਤਾ ਨੂੰ ਬਣਾਈ ਰੱਖਣ ਲਈ ਦੋਵਾਂ ਦੇਸ਼ਾਂ ਦੀ ਭੂਮਿਕਾ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਭਾਰਤ ਲਗਾਤਾਰ ਆਪਣੇ ਰੱਖਿਆ ਸਬੰਧਾਂ ਨੂੰ ਵਿਸ਼ਵ ਪੱਧਰ 'ਤੇ ਮਜ਼ਬੂਤ ਕਰ ਰਿਹਾ ਹੈ ਅਤੇ ਰਾਜਨਾਥ ਸਿੰਘ ਦੀ ਇਹ ਵਿਦੇਸ਼ ਯਾਤਰਾ ਇਸੇ ਲੜੀ ਦਾ ਇੱਕ ਹਿੱਸਾ ਹੈ। ਇਸ ਮੁਲਾਕਾਤ ਨਾਲ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਤਕਨਾਲੋਜੀ ਅਤੇ ਸਿਖਲਾਈ ਦੇ ਖੇਤਰ ਵਿੱਚ ਸਹਿਯੋਗ ਵਧਣ ਦੀਆਂ ਉਮੀਦਾਂ ਹਨ।

# ਆਪ' ਨੂੰ ਮਿਲੀ ਵੱਡੀ ਕਾਨੂੰਨੀ ਤਾਕਤ: ਨਾਮੀ ਵਕੀਲ 'ਘੁੰਮਣ ਬਰਦਰਜ਼' ਪਾਰਟੀ ਵਿੱਚ ਹੋਏ ਸ਼ਾਮਲ





ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ਦੇ ਪਰਿਵਾਰ ਵਿੱਚ ਅੱਜ ਉਸ ਸਮੇਂ ਵੱਡਾ ਵਾਧਾ ਹੋਇਆ, ਜਦੋਂ ਸੁਪਰੀਮ ਕੋਰਟ ਅਤੇ ਪੰਜਾਬ-ਹਰਿਆਣਾ ਹਾਈ ਕੋਰਟ ਦੇ ਨਾਮਵਰ ਵਕੀਲ, ਸ੍ਰੀ ਜੀ.ਐਸ. ਘੁੰਮਣ ਅਤੇ ਸ੍ਰੀ ਜੀ.ਪੀ.ਐਸ. ਘੁੰਮਣ (ਘੁੰਮਣ ਬਰਦਰਜ਼) ਨੇ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਕਾਨੂੰਨੀ ਮਜ਼ਬੂਤੀ ਅਤੇ ਨਵੀਂ ਸ਼ੁਰੂਆਤ ਪਾਰਟੀ ਆਗੂਆਂ ਨੇ ਕਿਹਾ ਕਿ ਘੁੰਮਣ ਬਰਦਰਜ਼ ਵਰਗੇ ਕਾਨੂੰਨੀ ਮਾਹਿਰਾਂ ਦੇ ਪਾਰਟੀ ਵਿੱਚ ਆਉਣ ਨਾਲ ਆਮ ਆਦਮੀ ਪਾਰਟੀ ਦੀ ਕਾਨੂੰਨੀ ਵਿੰਗ ਨੂੰ ਵੱਡੀ ਮਜ਼ਬੂਤੀ ਮਿਲੇਗੀ। ਦੋਵਾਂ ਭਰਾਵਾਂ ਨੇ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026' ਨੂੰ ਲਾਗੂ ਕਰਨ ਦੇ ਇਤਿਹਾਸਕ ਫੈਸਲੇ ਲਈ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਪੰਜਾਬ ਦੀ ਸੇਵਾ ਲਈ ਵਚਨਬੱਧ ਸ਼ਾਮਲ ਹੋਣ ਮੌਕੇ ਘੁੰਮਣ ਭਰਾਵਾਂ ਨੇ ਕਿਹਾ ਕਿ ਉਹ ਪੰਜਾਬ ਦੀ ਸੇਵਾ ਅਤੇ ਸੂਬੇ ਦੀ ਮਰਿਆਦਾ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਨਾਲ ਪੰਜਾਬ ਨੂੰ ਹੋਰ ਖੁਸ਼ਹਾਲ ਬਣਾਉਣ ਦੇ ਨਾਲ-ਨਾਲ ਕਾਨੂੰਨੀ ਪੱਧਰ 'ਤੇ ਵੀ ਮਜ਼ਬੂਤ ਕੀਤਾ ਜਾਵੇਗਾ। ਪਾਰਟੀ ਹਾਈਕਮਾਂਡ ਨੇ ਭਰੋਸਾ ਪ੍ਰਗਟਾਇਆ ਕਿ ਉਨ੍ਹਾਂ ਦੇ ਤਜ਼ਰਬੇ ਦਾ ਲਾਭ ਪੰਜਾਬ ਦੇ ਲੋਕਾਂ ਨੂੰ ਜ਼ਰੂਰ ਮਿਲੇਗਾ।

# ਦਿੱਲੀ ਨਗਰ ਨਿਗਮ ਚੋਣਾਂ: ਮੇਅਰ, ਡਿਪਟੀ ਮੇਅਰ ਅਤੇ ਸਟੈਂਡਿੰਗ ਕਮੇਟੀ ਲਈ ਸਿਵਿਕ ਸੈਂਟਰ ਵਿੱਚ ਵੋਟਿੰਗ ਜਾਰੀ





ਨਵੀਂ ਦਿੱਲੀ: ਦਿੱਲੀ ਨਗਰ ਨਿਗਮ (MCD) ਦੇ ਸਿਵਿਕ ਸੈਂਟਰ ਵਿੱਚ ਅੱਜ ਇੱਕ ਅਹਿਮ ਸਿਆਸੀ ਦਿਨ ਹੈ, ਜਿੱਥੇ ਮੇਅਰ, ਡਿਪਟੀ ਮੇਅਰ ਅਤੇ ਸਟੈਂਡਿੰਗ ਕਮੇਟੀ ਦੇ ਤਿੰਨ ਮੈਂਬਰਾਂ ਦੀ ਚੋਣ ਲਈ ਵੋਟਿੰਗ ਪ੍ਰਕਿਰਿਆ ਜਾਰੀ ਹੈ। ਇਸ ਚੋਣ ਨੂੰ ਦਿੱਲੀ ਦੀ ਸਥਾਨਕ ਸਰਕਾਰ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਵੋਟਿੰਗ ਪ੍ਰਕਿਰਿਆ: ਸਵੇਰ ਤੋਂ ਹੀ ਸਿਵਿਕ ਸੈਂਟਰ ਵਿੱਚ ਪਾਰਟੀ ਨੁਮਾਇੰਦਿਆਂ ਅਤੇ ਕੌਂਸਲਰਾਂ ਦਾ ਆਉਣਾ-ਜਾਣਾ ਲੱਗਿਆ ਹੋਇਆ ਹੈ। ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਵੋਟਿੰਗ ਕਰਵਾਈ ਜਾ ਰਹੀ ਹੈ।

ਰਾਜਾ ਇਕਬਾਲ ਸਿੰਘ ਨੇ ਪਾਈ ਵੋਟ: ਸਾਬਕਾ ਮੇਅਰ ਰਾਜਾ ਇਕਬਾਲ ਸਿੰਘ ਨੇ ਪਹੁੰਚ ਕੇ ਆਪਣੀ ਵੋਟ ਦਾ ਇਸਤੇਮਾਲ ਕੀਤਾ। ਉਨ੍ਹਾਂ ਦੀ ਮੌਜੂਦਗੀ ਨੇ ਚੋਣਾਂ ਦੀ ਗੰਭੀਰਤਾ ਨੂੰ ਹੋਰ ਵਧਾ ਦਿੱਤਾ ਹੈ, ਕਿਉਂਕਿ MCD ਦੀ ਕਮਾਨ ਸੰਭਾਲਣ ਲਈ ਸਾਰੀਆਂ ਪਾਰਟੀਆਂ ਆਪਣਾ ਪੂਰਾ ਜ਼ੋਰ ਲਗਾ ਰਹੀਆਂ ਹਨ।

ਸਟੈਂਡਿੰਗ ਕਮੇਟੀ ਦੀ ਅਹਿਮੀਅਤ: ਮੇਅਰ ਅਤੇ ਡਿਪਟੀ ਮੇਅਰ ਦੇ ਨਾਲ-ਨਾਲ ਸਟੈਂਡਿੰਗ ਕਮੇਟੀ ਦੇ ਤਿੰਨ ਮੈਂਬਰਾਂ ਦੀ ਚੋਣ ਨਿਗਮ ਦੇ ਵਿੱਤੀ ਅਤੇ ਪ੍ਰਸ਼ਾਸਨਿਕ ਫੈਸਲਿਆਂ ਲਈ ਬਹੁਤ ਅਹਿਮ ਮੰਨੀ ਜਾਂਦੀ ਹੈ।

ਰਾਜਨੀਤਿਕ ਮਾਹੌਲ: ਦਿੱਲੀ ਨਗਰ ਨਿਗਮ ਵਿੱਚ ਸੱਤਾ ਹਾਸਲ ਕਰਨ ਲਈ ਵੱਖ-ਵੱਖ ਪਾਰਟੀਆਂ ਵਿਚਾਲੇ ਸਖ਼ਤ ਮੁਕਾਬਲਾ ਹੈ। ਸਿਵਿਕ ਸੈਂਟਰ ਵਿੱਚ ਅੱਜ ਦਾ ਇਹ ਚੋਣ ਅਮਲ ਨਾ ਸਿਰਫ਼ ਨਿਗਮ ਦੇ ਅਹੁਦੇਦਾਰਾਂ ਨੂੰ ਚੁਣੇਗਾ, ਸਗੋਂ ਇਹ ਵੀ ਤੈਅ ਕਰੇਗਾ ਕਿ ਆਉਣ ਵਾਲੇ ਸਮੇਂ ਵਿੱਚ ਦਿੱਲੀ ਦੇ ਨਾਗਰਿਕਾਂ ਦੀਆਂ ਸਮੱਸਿਆਵਾਂ ਅਤੇ ਵਿਕਾਸ ਦੇ ਕਾਰਜਾਂ ਦੀ ਰੂਪਰੇਖਾ ਕੀ ਹੋਵੇਗੀ। ਪੂਰੇ ਦਿਨ ਚੱਲਣ ਵਾਲੀ ਇਸ ਪ੍ਰਕਿਰਿਆ ਤੋਂ ਬਾਅਦ ਜਲਦੀ ਹੀ ਨਤੀਜਿਆਂ ਦਾ ਐਲਾਨ ਕੀਤਾ ਜਾਵੇਗਾ, ਜਿਸ 'ਤੇ ਦਿੱਲੀ ਵਾਸੀਆਂ ਅਤੇ ਸਿਆਸੀ ਪੰਡਿਤਾਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

# ਦੁਨੀਆ ਦਾ ਸਭ ਤੋਂ ਵੱਡਾ ਸ਼ਿਵਲਿੰਗ 'ਵਿਰਾਟ ਰਾਮਾਇਣ ਮੰਦਰ' 'ਚ ਸਥਾਪਿਤ

## 33 ਫੁੱਟ ਉਚਾਈ ਅਤੇ 210 ਟਨ ਵਜ਼ਨ ਨਾਲ ਬਣਿਆ ਖਿੱਚ ਦਾ ਕੇਂਦਰ







ਚਿੱਤਰਕਾਰ ਦੀਆਂ ਨਜ਼ਰਾ ਵਿੱਚ ਜਦੋ ਇਹ ਧਾਰਮਿਕ ਪ੍ਰੋਜੈਕਟ ਪੂਰਾ ਹੋ ਜਾਵੇਗਾ ਤਾਂ ਦੇਖਣ ਨੂੰ ਭਗਤੀ ਸ਼ਕਤੀ ਚ ਲੀਨ ਦੇਖਣ ਨੂੰ ਇਸ ਤਰ੍ਹਾਂ ਲੱਗੇਗਾ

ਮੋਤੀਹਾਰੀ, ਪੂਰਬੀ ਚੰਪਾਰਨ (ਬਿਹਾਰ), (ਸਾਡੇ ਲੋਕ ਬਿਊਰੋ) : ਪੂਰਬੀ ਚੰਪਾਰਨ ਦੇ ਕਲਿਆਣਪੁਰ ਬਲਾਕ ਵਿੱਚ ਨਿਰਮਾਣ ਅਧੀਨ ਵਿਸ਼ਾਲ ਵਿਰਾਟ ਰਾਮਾਇਣ ਮੰਦਰ (Virat Ramayana Temple) ਵਿੱਚ ਸ਼ਨੀਵਾਰ ਨੂੰ ਦੁਨੀਆ ਦੇ ਸਭ ਤੋਂ ਵੱਡੇ ਸ਼ਿਵਲਿੰਗ ਦੇ ਦਰਸ਼ਨ ਹੋਏ। ਇਹ ਸ਼ਿਵਲਿੰਗ ਆਪਣੀ ਵਿਸ਼ਾਲਤਾ ਅਤੇ ਕਲਾਕਾਰੀ ਪੱਖੋਂ ਪੂਰੀ ਦੁਨੀਆ ਵਿੱਚ ਲਾਸਾਨੀ ਹੈ।

ਸ਼ਿਵਲਿੰਗ ਦੀਆਂ ਮੁੱਖ ਵਿਸ਼ੇਸ਼ਤਾਵਾਂ:

ਵਿਸ਼ਾਲ ਅਕਾਰ: ਇਸ ਸ਼ਿਵਲਿੰਗ ਦੀ ਉਚਾਈ 33 ਫੁੱਟ ਹੈ ਅਤੇ ਇਸ ਦਾ ਕੁੱਲ ਵਜ਼ਨ ਲਗਭਗ 210 ਮੀਟ੍ਰਿਕ ਟਨ ਹੈ।

ਕਾਲੇ ਗ੍ਰੇਨਾਈਟ ਦੀ ਵਰਤੋਂ: ਇਸ ਨੂੰ ਤਿਆਰ ਕਰਨ ਲਈ ਉੱਚ ਗੁਣਵੱਤਾ ਵਾਲੇ ਕਾਲੇ ਗ੍ਰੇਨਾਈਟ ਪੱਥਰ ਦੀ ਵਰਤੋਂ ਕੀਤੀ ਗਈ ਹੈ, ਜਿਸ ਨੂੰ ਤਰਾਸ਼ਣ ਵਿੱਚ ਕਲਾਕਾਰਾਂ ਨੂੰ ਕਈ ਸਾਲਾਂ ਦਾ ਸਮਾਂ ਲੱਗਿਆ।

ਸਥਾਪਨਾ ਦੀ ਚੁਣੌਤੀ: ਇੰਨੇ ਵੱਡੇ ਵਜ਼ਨ ਅਤੇ ਅਕਾਰ ਦੇ ਸ਼ਿਵਲਿੰਗ ਨੂੰ ਮੰਦਰ ਦੇ ਮੁੱਖ ਗਰਭ ਗ੍ਰਹਿ ਵਿੱਚ ਸਥਾਪਿਤ ਕਰਨਾ ਇੰਜੀਨੀਅਰਿੰਗ ਦਾ ਇੱਕ ਅਦਭੁਤ ਨਮੂਨਾ ਹੈ। ਇਸ ਲਈ ਵਿਸ਼ੇਸ਼ ਕ੍ਰੇਨਾਂ ਅਤੇ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਗਈ।

ਵਿਸ਼ਵ ਰਿਕਾਰਡ: ਇਸ ਦੀ ਸਥਾਪਨਾ ਨਾਲ ਇਹ ਦੁਨੀਆ ਦਾ ਸਭ ਤੋਂ ਵੱਡਾ ਸ਼ਿਵਲਿੰਗ ਬਣ ਗਿਆ ਹੈ, ਜੋ ਭਵਿੱਖ ਵਿੱਚ ਕਰੋੜਾਂ ਸ਼ਰਧਾਲੂਆਂ ਦੀ ਆਸਥਾ ਦਾ ਕੇਂਦਰ ਬਣੇਗਾ।

ਵਿਰਾਟ ਰਾਮਾਇਣ ਮੰਦਰ ਬਾਰੇ:

ਇਹ ਮੰਦਰ ਕੰਪਲੈਕਸ ਦੁਨੀਆ ਦੇ ਸਭ ਤੋਂ ਵੱਡੇ ਧਾਰਮਿਕ ਅਸਥਾਨਾਂ ਵਿੱਚੋਂ ਇੱਕ ਹੋਣ ਦਾ ਦਾਅਵਾ ਕਰਦਾ ਹੈ। ਰਾਮਾਇਣ ਦੇ ਪ੍ਰਸੰਗਾਂ ਨੂੰ ਦਰਸਾਉਂਦੇ ਇਸ ਮੰਦਰ ਵਿੱਚ ਭਗਵਾਨ ਰਾਮ ਦੇ ਨਾਲ-ਨਾਲ ਭਗਵਾਨ ਸ਼ਿਵ ਦੀ ਇਸ ਵਿਸ਼ਾਲ ਮੂਰਤੀ ਦੀ ਸਥਾਪਨਾ ਸਨਾਤਨ ਸੰਸਕ੍ਰਿਤੀ ਦੀ ਮਜ਼ਬੂਤੀ ਨੂੰ ਦਰਸਾਉਂਦੀ ਹੈ।

ਸਥਾਨਕ ਪ੍ਰਭਾਵ:

ਇਸ ਸ਼ਿਵਲਿੰਗ ਦੇ ਦਰਸ਼ਨਾਂ ਲਈ ਮੋਤੀਹਾਰੀ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਸ਼ਰਧਾਲੂਆਂ ਦਾ ਹੜ੍ਹ ਉਮੜ ਰਿਹਾ ਹੈ। ਸਥਾਨਕ ਲੋਕਾਂ ਅਨੁਸਾਰ, ਇਸ ਨਾਲ ਇਲਾਕੇ ਵਿੱਚ ਧਾਰਮਿਕ ਸੈਰ-ਸਪਾਟੇ (Religious Tourism) ਨੂੰ ਵੱਡਾ ਹੁਲਾਰਾ ਮਿਲੇਗਾ।

# ਸਰਹੱਦਾਂ ਤੋਂ ਟਾਪੂਆਂ ਤੱਕ, ਲੋਕਾਂ ਦੇ ਦਰਦ ਸੁਣਨ ਨਿਕਲੇ ਰਾਹੁਲ ਗਾਂਧੀ

## ਰਾਹੁਲ ਗਾਂਧੀ ਨੇ ਸਥਾਨਕ ਲੋਕਾਂ ਨਾਲ ਬਿਤਾਇਆ ਸਮਾਂ, ਸਥਾਨਕ ਲੋਕਾਂ ਨਾਲ ਸਾਂਝੀਆਂ ਕੀਤੀਆਂ ਖੁਸ਼ੀਆਂ ਅਤੇ ਯਾਦਾਂ

ਨਿਕੋਬਾਰ (ਅੰਡੇਮਾਨ ਅਤੇ ਨਿਕੋਬਾਰ ਟਾਪੂ), (ਸਾਡੇ ਲੋਕ ਬਿਊਰੋ) : ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨਿਕੋਬਾਰ ਦੇ ਦੌਰੇ 'ਤੇ ਸਨ। ਉਨ੍ਹਾਂ ਨੇ ਇੱਥੋਂ ਦੇ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।

ਸੱਭਿਆਚਾਰਕ ਸਾਂਝ: ਰਾਹੁਲ ਗਾਂਧੀ ਨੇ ਨਿਕੋਬਾਰ ਦੇ ਟਾਪੂਆਂ 'ਤੇ ਰਹਿਣ ਵਾਲੇ ਲੋਕਾਂ ਨਾਲ ਬਹੁਤ ਹੀ ਨਿੱਘੇ ਮਾਹੌਲ ਵਿੱਚ ਸਮਾਂ ਬਿਤਾਇਆ।

ਯਾਦਗਾਰੀ ਪਲ: ਦੌਰੇ ਦੇ ਅਖੀਰ ਵਿੱਚ ਉਨ੍ਹਾਂ ਨੇ ਸਥਾਨਕ ਨਿਵਾਸੀਆਂ ਅਤੇ ਵਰਕਰਾਂ ਦੇ ਇੱਕ ਸਮੂਹ ਨਾਲ ਯਾਦਗਾਰੀ ਗਰੁੱਪ ਫੋਟੋ ਵੀ ਖਿਚਵਾਈ।

ਦੌਰੇ ਦਾ ਮਕਸਦ: ਰਾਹੁਲ ਗਾਂਧੀ ਦੇ ਇਸ ਦੌਰੇ ਨੂੰ ਦੂਰ-ਦੁਰਾਡੇ ਦੇ ਖੇਤਰਾਂ ਨਾਲ ਜੁੜਨ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਲੋਕਤੰਤਰੀ ਅਵਾਜ਼ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।





## ਕੁਦਰਤ ਦੀ ਮਾਰ ਤੇ ਆਰਥਿਕ ਸੰਕਟ:

# ਪੰਜਾਬ ਦੀਆਂ ਮੰਡੀਆਂ ਵਿੱਚ ਕਣਕ ਦੀ ਆਮਦ ਤੇਜ਼: ਮਸ਼ੀਨਾਂ ਰਾਹੀਂ ਦਾਣੇ ਸਾਫ਼ ਕਰਨ ਵਿੱਚ ਜੁਟੇ ਮਜ਼ਦੂਰ







ਅੰਮ੍ਰਿਤਸਰ : ਕਣਕ ਦੀ ਵਾਢੀ ਤੋਂ ਬਾਅਦ ਹੁਣ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਰੌਣਕਾਂ ਸਿਖਰਾਂ 'ਤੇ ਹਨ। ਮੰਡੀਆਂ ਵਿੱਚ ਕਿਸਾਨਾਂ ਵੱਲੋਂ ਆਪਣੀ ਫਸਲ ਲਿਆਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜਿੱਥੇ ਮਜ਼ਦੂਰ ਨਵੀਂ ਆਈ ਕਣਕ ਨੂੰ ਸਾਫ਼-ਸੁਥਰਾ ਕਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ।

ਮਸ਼ੀਨਾਂ ਰਾਹੀਂ ਤੇਜ਼ੀ ਨਾਲ ਹੋ ਰਹੀ ਸਫਾਈ ਮੰਡੀ ਵਿੱਚ ਪਹੁੰਚੀ ਕਣਕ ਵਿੱਚੋਂ ਮਿੱਟੀ, ਕੂੜਾ-ਕਰਕਟ ਅਤੇ ਹੋਰ ਅਸ਼ੁੱਧੀਆਂ ਨੂੰ ਦੂਰ ਕਰਨ ਲਈ ਮਜ਼ਦੂਰਾਂ ਵੱਲੋਂ ਆਧੁਨਿਕ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਵਿੰਨੋਇੰਗ (Winnowing) ਮਸ਼ੀਨਾਂ ਦੀ ਮਦਦ ਨਾਲ ਕਣਕ ਨੂੰ ਸਾਫ਼ ਕਰਨ ਦਾ ਕੰਮ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ, ਤਾਂ ਜੋ ਫਸਲ ਜਲਦੀ ਤੋਂ ਜਲਦੀ ਖਰੀਦ ਕੇ ਗੁਦਾਮਾਂ ਤੱਕ ਪਹੁੰਚਾਈ ਜਾ ਸਕੇ।

ਕਿਸਾਨਾਂ ਦੀ ਮਿਹਨਤ: ਇਸ ਸੀਜ਼ਨ ਵਿੱਚ ਕਿਸਾਨ ਆਪਣੀ ਫਸਲ ਨੂੰ ਮੰਡੀਆਂ ਵਿੱਚ ਪੂਰੇ ਉਤਸ਼ਾਹ ਨਾਲ ਲੈ ਕੇ ਆ ਰਹੇ ਹਨ।

ਮਜ਼ਦੂਰਾਂ ਦਾ ਯੋਗਦਾਨ: ਮਜ਼ਦੂਰਾਂ ਦਾ ਅਹਿਮ ਰੋਲ ਹੈ ਕਿਉਂਕਿ ਉਹ ਨਾ ਸਿਰਫ਼ ਫਸਲ ਦੀ ਸਫਾਈ ਕਰ ਰਹੇ ਹਨ, ਸਗੋਂ ਉਸ ਨੂੰ ਤੋਲਣ ਅਤੇ ਭੰਡਾਰਨ ਦੀ ਪ੍ਰਕਿਰਿਆ ਵਿੱਚ ਵੀ ਮਦਦ ਕਰ ਰਹੇ ਹਨ।

ਸਰਕਾਰੀ ਖਰੀਦ: ਮੰਡੀਆਂ ਵਿੱਚ ਸਰਕਾਰੀ ਖਰੀਦ ਏਜੰਸੀਆਂ ਵੀ ਸਰਗਰਮ ਹਨ, ਜਿਸ ਨਾਲ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਵਿੱਚ ਸਹੂਲਤ ਮਿਲ ਰਹੀ ਹੈ।

ਅੰਮ੍ਰਿਤਸਰ ਦੀਆਂ ਮੰਡੀਆਂ ਵਿੱਚ ਇਸ ਵੇਲੇ ਹਰ ਪਾਸੇ ਕਣਕ ਦੇ ਸੁਨਹਿਰੀ ਦਾਣੇ ਵਿਛੇ ਨਜ਼ਰ ਆ ਰਹੇ ਹਨ, ਜੋ ਪੰਜਾਬ ਦੇ ਕਿਸਾਨਾਂ ਦੀ ਮਿਹਨਤ ਦਾ ਪ੍ਰਤੀਕ ਹਨ। ਮਜ਼ਦੂਰਾਂ ਦੀ ਇਸ ਅਣਥੱਕ ਮਿਹਨਤ ਨਾਲ ਮੰਡੀਆਂ ਦਾ ਕੰਮਕਾਜ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ।

**ਪੰਜਾਬ ਦੇ ਕਿਸਾਨ: ਖੇਤੀਬਾੜੀ ਦੇ ਬਦਲਦੇ ਦੌਰ ਵਿੱਚ ਸੰਘਰਸ਼ ਅਤੇ ਉਮੀਦ ਦੀ ਨਵੀਂ ਕਹਾਣੀ**

ਪੰਜਾਬ, ਜਿਸ ਨੂੰ ਭਾਰਤ ਦਾ 'ਅੰਨਦਾਤਾ' ਕਿਹਾ ਜਾਂਦਾ ਹੈ, ਅੱਜ ਖੇਤੀਬਾੜੀ ਦੇ ਇਤਿਹਾਸ ਵਿੱਚ ਇੱਕ ਅਹਿਮ ਮੋੜ 'ਤੇ ਖੜ੍ਹਾ ਹੈ। ਕਣਕ ਦੀ ਵਾਢੀ ਦੇ ਮੌਜੂਦਾ ਸੀਜ਼ਨ ਦੌਰਾਨ ਜਿੱਥੇ ਮੰਡੀਆਂ ਵਿੱਚ ਫਸਲ ਦੀ ਆਮਦ ਜ਼ੋਰਾਂ 'ਤੇ ਹੈ, ਉੱਥੇ ਹੀ ਪੰਜਾਬ ਦਾ ਕਿਸਾਨ ਕਈ ਅਜਿਹੀਆਂ ਚੁਣੌਤੀਆਂ ਨਾਲ ਜੂਝ ਰਿਹਾ ਹੈ ਜੋ ਉਸ ਦੇ ਭਵਿੱਖ ਨੂੰ ਪ੍ਰਭਾਵਿਤ ਕਰ ਰਹੀਆਂ ਹਨ।

1. **ਵਾਤਾਵਰਨ ਅਤੇ ਜਲਵਾਯੂ ਪਰਿਵਰਤਨ ਦੀ ਮਾਰ** : ਪੰਜਾਬ ਦਾ ਕਿਸਾਨ ਅੱਜ ਕੁਦਰਤ ਦੇ ਬਦਲਦੇ ਮਿਜ਼ਾਜ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੈ। ਬੇਮੌਸਮੀ ਬਾਰਸ਼, ਗੜੇਮਾਰੀ ਅਤੇ ਵਧਦਾ ਤਾਪਮਾਨ ਫਸਲਾਂ ਦੇ ਝਾੜ 'ਤੇ ਸਿੱਧਾ ਅਸਰ ਪਾ ਰਹੇ ਹਨ। ਪਾਣੀ ਦਾ ਡਿੱਗਦਾ ਪੱਧਰ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ, ਜਿਸ ਕਾਰਨ ਕਿਸਾਨਾਂ ਨੂੰ ਖੇਤੀਬਾੜੀ ਵਿੱਚ ਨਵੇਂ ਤਰੀਕੇ ਅਪਣਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

2. **ਲਾਗਤ ਅਤੇ ਮੁਨਾਫ਼ੇ ਦਾ ਸੰਤੁਲਨ** : ਇੱਕ ਵੱਡੀ ਚੁਣੌਤੀ ਖੇਤੀਬਾੜੀ ਦੀ ਵਧਦੀ ਲਾਗਤ ਹੈ। ਖਾਦਾਂ, ਕੀਟਨਾਸ਼ਕਾਂ, ਡੀਜ਼ਲ ਅਤੇ ਮਸ਼ੀਨਰੀ ਦੇ ਵਧਦੇ ਖਰਚਿਆਂ ਦੇ ਮੁਕਾਬਲੇ ਫਸਲ ਦਾ ਘੱਟੋ-ਘੱਟ ਸਮਰਥਨ ਮੁੱਲ (MSP) ਕਈ ਵਾਰ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚ ਪਾ ਦਿੰਦਾ ਹੈ। ਕਿਸਾਨਾਂ ਦੀ ਲੰਬੇ ਸਮੇਂ ਤੋਂ ਮੰਗ ਹੈ ਕਿ ਫਸਲਾਂ ਦੇ ਭਾਅ 'ਸਵਾਮੀਨਾਥਨ ਕਮਿਸ਼ਨ' ਦੀਆਂ ਸਿਫ਼ਾਰਸ਼ਾਂ ਅਨੁਸਾਰ ਤੈਅ ਕੀਤੇ ਜਾਣ, ਤਾਂ ਜੋ ਖੇਤੀ ਨੂੰ ਲਾਹੇਵੰਦ ਧੰਦਾ ਬਣਾਇਆ ਜਾ ਸਕੇ।

3. **ਫਸਲੀ ਵਿਭਿੰਨਤਾ (Crop Diversification) ਦੀ ਲੋੜ** : ਪੰਜਾਬ ਦੀਆਂ ਜ਼ਮੀਨਾਂ ਜੋ ਦਹਾਕਿਆਂ ਤੋਂ ਕਣਕ-ਝੋਨੇ ਦੇ ਚੱਕਰ ਵਿੱਚ ਫਸੀਆਂ ਹੋਈਆਂ ਹਨ, ਹੁਣ ਆਪਣੀ ਉਪਜਾਊ ਸ਼ਕਤੀ ਗੁਆ ਰਹੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪੰਜਾਬ ਦੀ ਖੇਤੀ ਨੂੰ ਬਚਾਉਣਾ ਹੈ, ਤਾਂ ਕਿਸਾਨਾਂ ਨੂੰ ਮੱਕੀ, ਦਾਲਾਂ, ਤੇਲ ਬੀਜਾਂ ਅਤੇ ਬਾਗਬਾਨੀ ਵੱਲ ਵਧਣਾ ਹੋਵੇਗਾ। ਹਾਲਾਂਕਿ, ਇਸ ਬਦਲਾਅ ਲਈ ਕਿਸਾਨਾਂ ਨੂੰ ਸੁਰੱਖਿਅਤ ਮਾਰਕਿਟ ਅਤੇ ਸਰਕਾਰੀ ਸਹਾਇਤਾ ਦੀ ਸਖ਼ਤ ਲੋੜ ਹੈ।



4. **ਕਿਸਾਨਾਂ ਦੀ ਲੜਾਕੂ ਭਾਵਨਾ** : ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ, ਪੰਜਾਬ ਦੇ ਕਿਸਾਨ ਦੀ ਹਿੰਮਤ ਅਜੇ ਵੀ ਅਟੱਲ ਹੈ। ਅੱਜ ਦਾ ਕਿਸਾਨ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜਾਗਰੂਕ ਹੈ। ਉਹ ਆਪਣੀ ਆਵਾਜ਼ ਬੁਲੰਦ ਕਰਨਾ ਜਾਣਦਾ ਹੈ ਅਤੇ ਤਕਨੀਕੀ ਤੌਰ 'ਤੇ ਵੀ ਆਪਣੇ ਆਪ ਨੂੰ ਅਪਡੇਟ ਕਰ ਰਿਹਾ ਹੈ। ਸੋਸ਼ਲ ਮੀਡੀਆ ਅਤੇ ਨਵੀਂ ਜਾਣਕਾਰੀ ਤਕਨੀਕ ਰਾਹੀਂ ਕਿਸਾਨ ਮੰਡੀ ਦੇ ਭਾਅ ਅਤੇ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ ਨਾਲ ਜੁੜ ਰਹੇ ਹਨ।

# ਤਾਰ-ਤਾਰ ਹੋ ਰਹੇ ਰਿਸ਼ਤੇ

ਮਾਸਟਰ ਨਰੰਜਣ ਸਿੰਘ

ਅੱਜ ਦੇ ਸਮੇਂ ਵਿੱਚ ਹਰ ਰਿਸ਼ਤੇ ਦੀ ਭਰੋਸੇਯੋਗਤਾ ਉੱਤੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ ਹਨ। ਸੂਝਵਾਨ ਵਿਅਕਤੀ ਇਹੀ ਸੋਚਣ ਲੱਗ ਪਿਆ ਹੈ ਕਿ ਅੱਜ ਹਰ ਰਿਸ਼ਤੇ ਵਿੱਚ ਪਹਿਲਾਂ ਵਰਗੀ ਭਰੋਸੇਯੋਗਤਾ ਦਿਨੋ-ਦਿਨ ਲੋਪ ਹੁੰਦੀ ਜਾ ਰਹੀ ਹੈ। ਅੱਜ ਹਰ ਰਿਸ਼ਤਾ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਦੀ ਥਾਂ ਆਪਣੇ ਸੁਆਰਥ ਦੁਆਲੇ ਘੁੰਮਦਾ ਨਜ਼ਰ ਆ ਰਿਹਾ ਹੈ। ਸਾਡੀ ਮਾਨਵ ਚੇਤਨਾ ਐਨੀ ਸੁਆਰਥੀ ਤੇ ਲੋਭ ਲਾਲਚ ਵਾਲੀ ਬਣਦੀ ਜਾ ਰਹੀ ਹੈ ਕਿ ਅੱਜ ਸਾਨੂੰ ਆਪਣੇ ਤੋਂ ਸਿਵਾਏ ਹੋਰ ਕੋਈ ਦਿਸਦਾ ਹੀ ਨਹੀਂ।

ਸਾਡੀ ਮਨੁੱਖੀ ਸਾਂਝ ਖੇਰੂੰ-ਖੇਰੂੰ ਹੁੰਦੀ ਜਾ ਰਹੀ ਹੈ। ਮੋਹ-ਪਿਆਰ ਤੇ ਆਪਸੀ ਸਾਂਝ ਦੀ ਥਾਂ ਨਿੱਜੀ ਲਾਭ ਪ੍ਰਧਾਨ ਹੋ ਗਿਆ ਹੈ, ਸਿੱਟੇ ਵਜੋਂ ਪਰਿਵਾਰ ਵਿੱਚ ਲੜਾਈ ਝਗੜੇ ਵਧ ਰਹੇ ਹਨ ਤੇ ਘਰ ਪਰਿਵਾਰ ਦੀ ਸ਼ਾਂਤੀ ਭੰਗ ਹੋ ਰਹੀ ਹੈ। ਸਾਡੇ ਸੁਆਰਥ ਨੇ ਹਰ ਘਰ ਨੂੰ ਬੇਚੈਨ ਕਰਕੇ ਰੱਖਿਆ ਹੈ। ਅੱਜ ਹਰ ਦੂਜਾ-ਤੀਜਾ ਘਰ ਇਸ ਮਾਹੌਲ ਦਾ ਸੰਤਾਪ ਹੰਢਾ ਰਿਹਾ ਹੈ। ਕੋਈ ਸਮਾਂ ਸੀ ਪਰਿਵਾਰ ਵਿੱਚ ਅੰਤਾਂ ਦਾ ਮੋਹ ਸਤਿਕਾਰ ਦੇਖਣ ਨੂੰ ਮਿਲਦਾ ਸੀ, ਹਰ ਰਿਸ਼ਤੇ ਵਿੱਚ ਆਪਣੀ ਸਾਂਝ ਐਨੀ ਪਰਿਪੱਕ ਹੁੰਦੀ ਸੀ ਜਿਸ ਨਾਲ ਹਰ ਰਿਸ਼ਤੇ ਦਾ ਆਪਣੀ-ਆਪਣੀ ਥਾਂ ਉੱਤੇ ਪੂਰਾ ਮਾਣ ਸਤਿਕਾਰ ਹੁੰਦਾ ਸੀ। ਹਰ ਕੋਈ ਇੱਕ ਦੂਜੇ ਨੂੰ ਦੇਖ ਕੇ ਗਦ-ਗਦ ਹੋ ਜਾਂਦਾ ਸੀ ਤੇ ਚਾਅ ਨਾਲ ਖੀਵਾ ਹੋ ਜਾਂਦਾ ਸੀ, ਪਰ ਅੱਜ ਸਾਡੇ ਸੁਆਰਥ ਨੇ ਇਨ੍ਹਾਂ ਪਵਿੱਤਰ ਰਿਸ਼ਤਿਆਂ ਉੱਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਬੜੇ ਦੁੱਖ ਦੀ ਗੱਲ ਹੈ ਕਿ ਹਰ ਰਿਸ਼ਤਾ ਆਪਣੀ ਭਰੋਸੇਯੋਗਤਾ ਗੁਆ ਰਿਹਾ ਹੈ। ਹਰ ਸੂਝਵਾਨ ਵਿਅਕਤੀ ਦੇ ਮਨ ਵਿੱਚ ਵਾਰ-ਵਾਰ ਇਹ ਸਵਾਲ ਉੱਠ ਰਹੇ ਹਨ ਕਿ ਸਾਡੇ ਪਵਿੱਤਰ ਰਿਸ਼ਤੇ ਕਿਹੜੇ ਰਾਹ ਤੁਰ ਪਏ ਹਨ। ਅੱਜ ਹਰ ਰਿਸ਼ਤਾ ਸ਼ੱਕੀ ਬਣਦਾ ਨਜ਼ਰ ਆ ਰਿਹਾ ਹੈ। ਅੱਜ ਕੁਝ ਅਜਿਹੇ ਰਿਸ਼ਤੇ ਦੇਖਣ ਨੂੰ ਮਿਲ ਰਹੇ ਹਨ ਜੋ ਇਨਸਾਨੀਅਤ ਨੂੰ ਸ਼ਰਮਸਾਰ ਕਰ ਰਹੇ ਹਨ। ਅਸੀਂ ਸਭ ਤੋਂ ਪਵਿੱਤਰ ਰਿਸ਼ਤਾ ਮਾਂ ਦਾ ਮੰਨਦੇ ਹਾਂ, ਜਿਸ ਨੂੰ ਰੱਬ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ, ਪਰ ਅੱਜ ਕੁਝ ਅਜਿਹੀਆਂ ਮਾਵਾਂ ਵੀ ਦੇਖਣ ਨੂੰ ਮਿਲ ਰਹੀਆਂ ਹਨ, ਜੋ ਆਪਣੇ ਰੱਬ ਵਰਗੇ ਰਿਸ਼ਤੇ ਨੂੰ ਕਲੰਕਿਤ ਕਰ ਰਹੀਆਂ ਹਨ, ਜੋ ਆਪਣੇ ਪ੍ਰੇਮ ਸਬੰਧਾਂ ਦੇ ਕਾਰਨ ਆਪਣੇ ਬੱਚਿਆਂ ਨੂੰ ਆਪ ਹੀ ਮਾਰ ਰਹੀਆਂ ਹਨ ਜਾਂ ਫਿਰ ਉਨ੍ਹਾਂ ਨੂੰ ਲਾਵਾਰਸ ਬਣਾ ਕੇ ਭੱਜ ਰਹੀਆਂ ਹਨ। ਜਦੋਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਪੜ੍ਹਦੇ ਤੇ ਸੁਣਦੇ ਹਾਂ ਤਾਂ ਮਨ ਸੋਚਾਂ ਵਿੱਚ ਡੁੱਬ ਜਾਂਦਾ ਹੈ ਕਿ ਸਾਡੀਆਂ ਰੱਬ ਵਰਗੀਆਂ ਮਾਵਾਂ ਕਿਹੜੇ ਰਾਹ ਪੈ ਗਈਆਂ।

ਮਾਂ ਪਿੱਛੋਂ ਪਿਓ-ਪੁੱਤ ਦਾ ਰਿਸ਼ਤਾ ਆਉਂਦਾ ਹੈ। ਇਹ ਰਿਸ਼ਤਾ ਵੀ ਦਾਗੀ ਬਣਦਾ ਜਾ ਰਿਹਾ ਹੈ। ਕਿਤੇ ਸੁਆਰਥ ਖਾਤਰ ਪੁੱਤ, ਪਿਓ ਨੂੰ ਮਾਰ ਰਿਹਾ ਹੈ, ਕਿਤੇ ਪਿਓ ਹੀ ਆਪਣੇ ਪੁੱਤਰ ਨੂੰ ਮਾਰ ਰਿਹਾ ਹੈ। ਅਸੀਂ ਗੱਲ ਕਰਦੇ ਹਾਂ ਭਰਾਵਾਂ ਦੀ ਜਿਨ੍ਹਾਂ ਨੂੰ ਅਸੀਂ ਇੱਕ-ਦੂਜੇ ਦੀਆਂ ਸੱਜੀਆਂ-ਖੱਬੀਆਂ ਬਾਹਾਂ ਆਖਦੇ ਹਾਂ, ਅੱਜ ਉਹੀ ਬਾਹਵਾਂ ਆਪਣੇ ਸੁਆਰਥ ਖਾਤਰ ਇੱਕ-ਦੂਜੇ ਦਾ ਗਲਾ ਘੁੱਟਣ ਲਈ ਤਿਆਰ ਬੈਠੀਆਂ ਹਨ। ਕੋਈ ਸਮਾਂ ਸੀ ਪੱਗ ਵੱਟ ਭਰਾਵਾਂ ਦੀ ਬੜੀ ਅਹਿਮੀਅਤ ਹੁੰਦੀ ਸੀ ਜੋ ਵੱਟੀਆਂ ਹੋਈਆਂ ਪੱਗਾਂ ਦੀ ਲਾਜ ਰੱਖਦੇ ਸਨ। ਇੱਕ-ਦੂਜੇ ਖਾਤਰ ਆਪਣੀ ਜਾਨ ਦੀ ਬਾਜ਼ੀ ਲਾ ਦਿੰਦੇ ਸਨ, ਪਰ ਅੱਜ ਪੱਗ ਵੱਟ ਭਰਾ ਵੀ ਨਹੀਂ ਦਿਸ ਰਹੇ। ਹੁਣ ਤਾਂ ਸੁਆਰਥ ਹੀ ਇੱਕ-ਦੂਜੇ 'ਤੇ ਭਾਰੂ ਹੋ ਗਿਆ ਹੈ। ਅਸੀਂ ਇਹ ਕਹਾਵਤ ਆਮ ਹੀ ਪੜ੍ਹਦੇ-ਸੁਣਦੇ ਹਾਂ ਕਿ ਜੇ ਆਪਣਾ ਮਾਰੂ ਤਾਂ ਛਾਵੇਂ ਹੀ ਸੁੱਟੂ, ਪਰ ਅੱਜ ਤਾਂ ਜਦੋਂ ਆਪਣੇ ਹੀ ਮਾਰਦੇ ਹਨ ਤਾਂ ਛਾਵੇਂ ਦੀ ਥਾਂ ਧੁੱਪੇ ਹੀ ਸੁੱਟਦੇ ਹਨ।

ਅਸੀਂ ਮੰਨਦੇ ਹਾਂ ਕਿ ਮਨੁੱਖ ਸਮਾਜਿਕ ਪ੍ਰਾਣੀ ਹੈ, ਉਸ ਦਾ ਜੀਵਨ ਦੋ ਪ੍ਰਕਾਰ ਦੇ ਰਿਸ਼ਤਿਆਂ ਨਾਲ ਜੁੜਿਆ ਹੁੰਦਾ ਹੈ। ਪਹਿਲੇ ਕਿਸਮ ਦੇ ਉਹ ਰਿਸ਼ਤੇ ਜੋ ਸਾਡੇ ਖ਼ੂਨ ਨਾਲ ਸਬੰਧ ਰੱਖਦੇ ਹਨ, ਪਰ ਇਹ ਦੋਵੇਂ ਹੀ ਕਿਸਮ ਦੇ ਰਿਸ਼ਤੇ ਆਪਣੀ ਭਰੋਸੇਯੋਗਤਾ 'ਤੇ ਪ੍ਰਸ਼ਨ ਚਿੰਨ੍ਹ ਲਾ ਰਹੇ ਹਨ। ਅੱਜ ਹਰ ਕਿਸਮ ਦਾ ਰਿਸ਼ਤਾ ਸ਼ੱਕ ਦੇ ਘੇਰੇ ਵਿੱਚ ਆਉਂਦਾ ਨਜ਼ਰ ਆ ਰਿਹਾ ਹੈ। ਅੱਜ ਦੇ ਰਿਸ਼ਤਿਆਂ ਨੂੰ ਹੇਠ ਲਿਖੀਆਂ ਸਤਰਾਂ ਇਸ ਤਰ੍ਹਾਂ ਬਿਆਨ ਕਰਦੀਆਂ ਹਨ;

**ਕਿਹੜਾ ਰਿਸ਼ਤਾ-ਕਿਸ ਦੀ ਗੱਲ ਸੁਣਾਵਾਂ**
**ਹਰ ਕੋਈ ਲੁੱਟਣ ਨੂੰ ਫਿਰਦਾ**
**ਕਿਵੇਂ ਆਪਣਾ ਆਪ ਬਚਾਵਾਂ**

ਅੱਜ ਵਕਤ ਬਦਲ ਗਿਆ ਹੈ। ਸਾਡਾ ਖ਼ੂਨ ਸਫ਼ੈਦ ਹੋ ਗਿਆ ਹੈ। ਅੱਜ ਅਜਿਹਾ ਸਮਾਂ ਆ ਗਿਆ ਹੈ ਕਿ ਆਪਣੇ ਵੀ ਪਰਾਏ ਹੋ ਗਏ ਹਨ, ਸਾਡੀ ਸੁਆਰਥ ਤੇ ਪੈਸਾ ਇਕੱਠਾ ਕਰਨ ਦੀ ਅੰਨ੍ਹੀ ਦੌੜ ਨੇ ਸਾਡੇ ਰਿਸ਼ਤਿਆਂ ਨੂੰ ਖਦੇੜ ਕੇ ਰੱਖ ਦਿੱਤਾ ਹੈ। ਅੱਜ ਅਸੀਂ ਹਿੱਕ ਥਾਪੜ ਕੇ ਕਿਸੇ ਰਿਸ਼ਤੇ ਉੱਤੇ ਵਿਸ਼ਵਾਸ ਨਹੀਂ ਕਰ ਸਕਦੇ। ਸਾਡੇ ਰਿਸ਼ਤਿਆਂ ਵਿੱਚ ਆਏ ਨਿਘਾਰ ਨੂੰ ਸ਼ਿਵ ਕੁਮਾਰ ਬਟਾਲਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

**ਏਥੇ ਕੋਈ ਕਿਸੇ ਨੂੰ**
**ਪਿਆਰ ਨਹੀਂ ਕਰਦਾ**
**ਪਿੰਡਾ ਹੀ ਪਿੰਡੇ ਨੂੰ ਸੜਦਾ**
**ਰੂਹਾਂ ਦਾ ਸਤਿਕਾਰ ਨ੍ਹੀਂ ਕਰਦਾ**
**ਇੱਕ ਦੂਜੇ ਦੀ ਅੱਗ ਵਿੱਚ ਸੜਦਾ**
**ਇੱਕ ਦੂਜੇ ਦੀ ਛਾਂ ਲਈ ਮਰਦਾ**

ਬੜੇ ਦੁੱਖ ਦੀ ਗੱਲ ਹੈ ਕਿ ਅੱਜ ਅਸੀਂ ਅਜਿਹਾ ਮਾਹੌਲ ਸਿਰਜ ਲਿਆ ਹੈ ਕਿ ਅਸੀਂ ਆਪਣੇ ਵਿਰਸੇ ਤੇ ਆਪਣੇ ਸੱਭਿਆਚਾਰ ਦੀ ਥਾਂ ਪੱਛਮੀ ਸੱਭਿਆਚਾਰ ਵੱਲ ਉੱਲਰਦੇ ਜਾ ਰਹੇ ਹਾਂ ਤੇ ਆਪਣੀਆਂ ਇਖ਼ਲਾਕੀ ਕਦਰਾਂ-ਕੀਮਤਾਂ ਨੂੰ ਨਜ਼ਰ-ਅੰਦਾਜ਼ ਕਰ ਰਹੇ ਹਾਂ, ਜਿਸ ਦੇ ਕਾਰਨ ਸਾਡੇ ਰਿਸ਼ਤਿਆਂ ਵਿੱਚ ਟੁੱਟ-ਭੱਜ ਹੋ ਰਹੀ ਹੈ। ਦੂਜਾ ਮੋਬਾਈਲ ਦੀ ਦੁਰਵਰਤੋਂ ਨੇ ਸਾਡੇ ਰਿਸ਼ਤਿਆਂ ਨੂੰ ਢਾਹ ਲਾਈ ਹੈ। ਰਹਿੰਦੀ-ਖੂੰਹਦੀ ਕਸਰ ਕੰਪਿਊਟਰ ਤੇ ਇੰਟਰਨੈੱਟ ਨੇ ਕੱਢ ਦਿੱਤੀ ਹੈ, ਦੂਜਾ ਮਹਿੰਗਾਈ 'ਤੇ ਬੇਰੁਜ਼ਗਾਰੀ ਵੀ ਸਾਡੇ ਰਿਸ਼ਤਿਆਂ ਦੀ ਟੁੱਟ-ਭੱਜ ਦਾ ਕਾਰਨ ਬਣੀ ਹੈ, ਪਰ ਇਨ੍ਹਾਂ ਸਾਰੀਆਂ ਚੁਣੌਤੀਆਂ ਨੂੰ ਸਵਿਕਾਰਦੇ ਹੋਏ ਵੀ ਸਾਡੇ ਰਿਸ਼ਤਿਆਂ ਨੂੰ ਕਾਇਮ ਰੱਖਣ ਦੀ ਲੋੜ ਹੈ। ਇਨ੍ਹਾਂ ਰਿਸ਼ਤਿਆਂ ਨਾਲ ਹੀ ਘਰ-ਬਾਰ ਬਣਦੇ ਹਨ, ਪਰਿਵਾਰ ਬਣਦੇ ਹਨ ਤੇ ਨਰੋਏ ਸਮਾਜ ਦੀ ਸਿਰਜਣਾ ਹੁੰਦੀ ਹੈ। ਸੋ ਆਓ ਇਨ੍ਹਾਂ ਰਿਸ਼ਤਿਆਂ ਦਾ ਆਪੋ-ਆਪਣੀ ਥਾਂ ਉੱਤੇ ਮਾਣ ਸਤਿਕਾਰ ਕਰੀਏ- ਆਪ ਖ਼ੁਸ਼ ਰਹੀਏ ਤੇ ਦੂਜਿਆਂ ਨੂੰ ਖ਼ੁਸ਼ ਰਹਿਣ ਦੇ ਮੌਕੇ ਪ੍ਰਦਾਨ ਕਰੀਏ।

**ਹੁੰਦੇ ਨੇ ਉਹ ਰਿਸ਼ਤੇ ਸਵਰਗ ਵਰਗੇ**
**ਜਿੱਥੇ ਵੱਡਿਆਂ ਦਾ ਆਦਰ ਤੇ ਭਰਾਵਾਂ ਦਾ ਪਿਆਰ ਰਹੇ**
**ਕਰੀਏ ਕਦਰ ਹਰ ਰਿਸ਼ਤੇ ਦੀ ਆਪਣੀ ਥਾਂ ਉੱਤੇ**
**ਤਾਂ ਕਿ ਹਰ ਰਿਸ਼ਤਾ ਬਣਿਆ ਸ਼ਿੰਗਾਰ ਰਹੇ**



# ਬੰਗਾਲ ਚੋਣਾਂ: ਬਜ਼ੁਰਗ ਵੋਟਰ ਦਾ ਜਜ਼ਬਾ, ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ

## ਦੂਜੇ ਪੜਾਅ ਵਿੱਚ ਰਿਕਾਰਡ ਤੋੜ ਮਤਦਾਨ, ਪਰ ਸਿਆਸੀ ਤਣਾਅ ਨੇ ਫਿਕਰਾਂ ਵਧਾਈਆਂ






ਕੋਲਕਾਤਾ : ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 2026 ਦੇ ਦੂਜੇ ਪੜਾਅ ਵਿੱਚ ਵੋਟਰਾਂ ਨੇ ਭਾਰੀ ਉਤਸ਼ਾਹ ਦਿਖਾਇਆ ਹੈ। ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ, ਇਸ ਪੜਾਅ ਵਿੱਚ ਲਗਭਗ 79–80% ਵੋਟਿੰਗ ਦਰਜ ਕੀਤੀ ਗਈ ਹੈ, ਜੋ ਕਿ ਸੂਬੇ ਦੇ ਲੋਕਾਂ ਦੀ ਲੋਕਤੰਤਰ ਪ੍ਰਤੀ ਡੂੰਘੀ ਆਸਥਾ ਨੂੰ ਦਰਸਾਉਂਦੀ ਹੈ। ਹਾਲਾਂਕਿ, ਇਹ ਚੋਣਾਂ ਜਿੰਨੀਆਂ ਸ਼ਾਂਤਮਈ ਸ਼ੁਰੂ ਹੋਈਆਂ ਸਨ, ਉੱਨਾ ਹੀ ਤਣਾਅ ਦਿਨ ਚੜ੍ਹਨ ਨਾਲ ਵਧਦਾ ਗਿਆ।

ਵੋਟਿੰਗ ਦੀ ਉੱਚ ਦਰ: ਲੋਕਾਂ ਵਿੱਚ ਉਤਸ਼ਾਹ

ਸਵੇਰ ਤੋਂ ਹੀ ਵੋਟਰਾਂ ਵਿੱਚ ਉਤਸ਼ਾਹ ਦੇਖਣ ਨੂੰ ਮਿਲਿਆ। ਬਜ਼ੁਰਗਾਂ, ਮਹਿਲਾਵਾਂ ਅਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੇ ਪੋਲਿੰਗ ਬੂਥਾਂ ’ਤੇ ਲੰਬੀਆਂ ਕਤਾਰਾਂ ਲਗਾਈਆਂ। ਵ੍ਹੀਲਚੇਅਰਾਂ ’ਤੇ ਪਹੁੰਚੇ ਬਜ਼ੁਰਗ ਵੋਟਰਾਂ ਨੇ ਇਹ ਸਾਬਿਤ ਕਰ ਦਿੱਤਾ ਕਿ ਸਰੀਰਕ ਚੁਣੌਤੀਆਂ ਵੀ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਨਹੀਂ ਰੋਕ ਸਕਦੀਆਂ।

ਸਿਆਸੀ ਤਣਾਅ ਅਤੇ ਭਾਜਪਾ ’ਤੇ ਲੱਗੇ ਦੋਸ਼

ਇਸ ਚੋਣ ਪ੍ਰਕਿਰਿਆ ਦੌਰਾਨ ਸੂਬੇ ਦਾ ਮਾਹੌਲ ਕਾਫੀ ਗਰਮ ਰਿਹਾ। ਸੱਤਾਧਾਰੀ ਤ੍ਰਿਣਮੂਲ ਕਾਂਗਰਸ (TMC) ਨੇ ਭਾਜਪਾ ’ਤੇ ਚੋਣਾਂ ਦੌਰਾਨ ‘ਬੇਚੈਨੀ’ ਪੈਦਾ ਕਰਨ ਅਤੇ ਮਾਹੌਲ ਖਰਾਬ ਕਰਨ ਦੇ ਗੰਭੀਰ ਇਲਜ਼ਾਮ ਲਗਾਏ ਹਨ।

ਚੋਣਾਂ ਵਿੱਚ ਦਖਲਅੰਦਾਜ਼ੀ: ਸੱਤਾਧਾਰੀ ਪਾਰਟੀ ਦੇ ਆਗੂਆਂ ਦਾ ਦਾਅਵਾ ਹੈ ਕਿ ਭਾਜਪਾ ਦੇ ਵਰਕਰਾਂ ਵੱਲੋਂ ਕਈ ਹਲਕਿਆਂ ਵਿੱਚ ਵੋਟਰਾਂ ਨੂੰ ਡਰਾਉਣ-ਧਮਕਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਬੂਥਾਂ ਦੇ ਬਾਹਰ ਬੇਲੋੜਾ ਇਕੱਠ ਕਰਕੇ ਚੋਣ ਅਮਲ ਨੂੰ ਪ੍ਰਭਾਵਿਤ ਕੀਤਾ ਗਿਆ।

ਹਿੰਸਾ ਦੀਆਂ ਰਿਪੋਰਟਾਂ: ਸੂਬੇ ਦੇ ਕੁਝ ਹਿੱਸਿਆਂ ਤੋਂ ਦੋਵਾਂ ਪਾਰਟੀਆਂ ਦੇ ਵਰਕਰਾਂ ਵਿਚਾਲੇ ਝੜਪਾਂ ਦੀਆਂ ਖਬਰਾਂ ਵੀ ਸਾਹਮਣੇ ਆਈਆਂ ਹਨ। ਇਸ ਕਾਰਨ ਕਈ ਥਾਵਾਂ ’ਤੇ ਪੁਲਿਸ ਨੂੰ ਸਥਿਤੀ ਨੂੰ ਕਾਬੂ ਵਿੱਚ ਕਰਨ ਲਈ ਸਖ਼ਤ ਕਦਮ ਚੁੱਕਣੇ ਪਏ।

ਵਿਰੋਧੀ ਧਿਰ ਦਾ ਪੱਖ: ਦੂਜੇ ਪਾਸੇ, ਭਾਜਪਾ ਨੇ ਇਨ੍ਹਾਂ ਸਾਰੇ ਇਲਜ਼ਾਮਾਂ ਨੂੰ ਨਕਾਰਦਿਆਂ ਕਿਹਾ ਕਿ ਇਹ ਤ੍ਰਿਣਮੂਲ ਕਾਂਗਰਸ ਦੀ ਹਾਰ ਤੋਂ ਪੈਦਾ ਹੋਈ ਨਿਰਾਸ਼ਾ ਹੈ। ਭਾਜਪਾ ਨੇ ਦੋਸ਼ ਲਗਾਇਆ ਹੈ ਕਿ ਸੂਬੇ ਵਿੱਚ ‘ਜਮਹੂਰੀਅਤ ਦਾ ਕਤਲ’ ਹੋ ਰਿਹਾ ਹੈ ਅਤੇ TMC ਪ੍ਰਸ਼ਾਸਨਿਕ ਮਸ਼ੀਨਰੀ ਦੀ ਦੁਰਵਰਤੋਂ ਕਰ ਰਹੀ ਹੈ।





ਸੁਰੱਖਿਆ ਦੇ ਸਖ਼ਤ ਪ੍ਰਬੰਧ

ਚੋਣ ਕਮਿਸ਼ਨ ਵੱਲੋਂ ਸਥਿਤੀ ਨੂੰ ਸੰਭਾਲਣ ਲਈ ਸੁਰੱਖਿਆ ਬਲਾਂ ਦੀਆਂ ਵਾਧੂ ਟੁਕੜੀਆਂ ਤਾਇਨਾਤ ਕੀਤੀਆਂ ਗਈਆਂ ਸਨ। ਸੰਵੇਦਨਸ਼ੀਲ ਇਲਾਕਿਆਂ ਵਿੱਚ ਡਰੋਨ ਕੈਮਰਿਆਂ ਅਤੇ ਸੀਸੀਟੀਵੀ ਨਿਗਰਾਨੀ ਰਾਹੀਂ ਹਰ ਹਰਕਤ ’ਤੇ ਨਜ਼ਰ ਰੱਖੀ ਗਈ।

ਸਿੱਟਾ: ਇਹ ਚੋਣਾਂ ਸੂਬੇ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹਨ। ਭਾਵੇਂ ਵੋਟਿੰਗ ਦੀ ਉੱਚ ਦਰ ਇੱਕ ਸਕਾਰਾਤਮਕ ਸੰਕੇਤ ਹੈ, ਪਰ ਚੋਣਾਂ ਦੌਰਾਨ ਹੁੰਦੀ ਸਿਆਸੀ ਹਿੰਸਾ ਲੋਕਤੰਤਰ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਹੁਣ ਸਾਰੀਆਂ ਨਜ਼ਰਾਂ 2 ਮਈ ਨੂੰ ਆਉਣ ਵਾਲੇ ਨਤੀਜਿਆਂ ’ਤੇ ਟਿਕੀਆਂ ਹਨ, ਜੋ ਤੈਅ ਕਰਨਗੇ ਕਿ ਪੱਛਮੀ ਬੰਗਾਲ ਦੀ ਜਨਤਾ ਨੇ ਕਿਸ ਪਾਰਟੀ ਦੇ ਹੱਥਾਂ ਵਿੱਚ ਸੂਬੇ ਦੀ ਵਾਂਗਡੋਰ ਸੌਂਪੀ ਹੈ।

ਇਸੇ ਦੌਰਾਨ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 2026 ਦੇ ਦੂਜੇ ਪੜਾਅ ਦੌਰਾਨ ਵੋਟਰਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਜਿੱਥੇ ਸਵੇਰ ਤੋਂ ਹੀ ਪੋਲਿੰਗ ਸਟੇਸ਼ਨਾਂ ’ਤੇ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ, ਉੱਥੇ ਹੀ ਇੱਕ ਅਜਿਹਾ ਦ੍ਰਿਸ਼ ਵੀ ਦੇਖਣ ਨੂੰ ਮਿਲਿਆ ਜੋ ਲੋਕਤੰਤਰ ਦੇ ਅਸਲ ਮੁੱਲ ਨੂੰ ਦਰਸਾਉਂਦਾ ਹੈ।

ਹਰ ਵੋਟ ਦੀ ਅਹਿਮੀਅਤ ਇੱਕ ਪੋਲਿੰਗ ਸਟੇਸ਼ਨ ’ਤੇ ਵ੍ਹੀਲਚੇਅਰ ’ਤੇ ਪਹੁੰਚੇ ਇੱਕ ਬਜ਼ੁਰਗ ਵੋਟਰ ਦੀ ਮਦਦ ਕਰਦੇ ਹੋਏ ਚੋਣ ਅਧਿਕਾਰੀ ਦੀ ਤਸਵੀਰ ਸੋਸ਼ਲ ਮੀਡੀਆ ਅਤੇ ਲੋਕਾਂ ਦੇ ਦਿਲਾਂ ਵਿੱਚ ਛਾ ਗਈ ਹੈ। ਇਹ ਦ੍ਰਿਸ਼ ਦਰਸਾਉਂਦਾ ਹੈ ਕਿ ਉਮਰ ਅਤੇ ਸਰੀਰਕ ਚੁਣੌਤੀਆਂ ਵੀ ਇੱਕ ਜਾਗਰੂਕ ਨਾਗਰਿਕ ਨੂੰ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਤੋਂ ਨਹੀਂ ਰੋਕ ਸਕਦੀਆਂ।

ਚੋਣ ਅਧਿਕਾਰੀਆਂ ਦੀ ਸੰਵੇਦਨਸ਼ੀਲਤਾ ਚੋਣ ਅਧਿਕਾਰੀ ਵੱਲੋਂ ਬਜ਼ੁਰਗ ਵੋਟਰ ਨਾਲ ਕੀਤੀ ਗਈ ਗੱਲਬਾਤ ਅਤੇ ਉਨ੍ਹਾਂ ਨੂੰ ਸਨਮਾਨ ਸਹਿਤ ਵੋਟ ਪਾਉਣ ਵਿੱਚ ਮਦਦ ਕਰਨਾ, ਚੋਣ ਕਮਿਸ਼ਨ ਦੀ ‘ਸਮਾਵੇਸ਼ੀ ਚੋਣਾਂ’ (Inclusive Elections) ਦੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਪ੍ਰਸ਼ਾਸਨ ਵੱਲੋਂ ਬਜ਼ੁਰਗਾਂ ਅਤੇ ਦਿਵਯਾਂਗ ਵੋਟਰਾਂ ਲਈ ਕੀਤੇ ਗਏ ਵਿਸ਼ੇਸ਼ ਪ੍ਰਬੰਧਾਂ ਦਾ ਲਾਭ ਉਠਾਉਂਦੇ ਹੋਏ, ਇਹ ਵੋਟਰ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਪੋਲਿੰਗ ਬੂਥ ਤੱਕ ਪਹੁੰਚੇ।

ਪ੍ਰੇਰਣਾਦਾਇਕ ਉਦਾਹਰਣ ਇਸ ਬਜ਼ੁਰਗ ਵੋਟਰ ਦਾ ਜਜ਼ਬਾ ਉਨ੍ਹਾਂ ਸਾਰੇ ਨੌਜਵਾਨਾਂ ਲਈ ਇੱਕ ਵੱਡੀ ਪ੍ਰੇਰਣਾ ਹੈ ਜੋ ਅਕਸਰ ਵੋਟ ਪਾਉਣ ਵਰਗੇ ਮਹੱਤਵਪੂਰਨ ਕਾਰਜਾਂ ਵਿੱਚ ਸੁਸਤੀ ਦਿਖਾਉਂਦੇ ਹਨ। ਉਨ੍ਹਾਂ ਦੀ ਇਹ ਭਾਗੀਦਾਰੀ ਸਾਬਿਤ ਕਰਦੀ ਹੈ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਇੱਕ ਵੋਟ ਕਿੰਨੀ ਕੀਮਤੀ ਹੈ।

ਪੱਛਮੀ ਬੰਗਾਲ ਚੋਣਾਂ ਦੇ ਇਸ ਪੜਾਅ ਵਿੱਚ ਜਿੱਥੇ ਸਿਆਸੀ ਗਰਮਾ-ਗਰਮੀ ਸਿਖਰ ’ਤੇ ਹੈ, ਉੱਥੇ ਹੀ ਅਜਿਹੇ ਪਲ ਚੋਣ ਪ੍ਰਕਿਰਿਆ ਨੂੰ ਵਧੇਰੇ ਮਨੁੱਖੀ ਅਤੇ ਉਤਸ਼ਾਹਜਨਕ ਬਣਾਉਂਦੇ ਹਨ।



## ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 2026: ਐਗਜ਼ਿਟ ਪੋਲ ਵਿੱਚ ਸਖ਼ਤ ਮੁਕਾਬਲਾ, ਨਤੀਜਿਆਂ ਦਾ ਇੰਤਜ਼ਾਰ

ਰਵਿੰਦਰ ਸਿੰਘ ਟਾਂਡਾ (ਸਾਡੇ ਲੋਕ)

ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ 2026 ਦਾ ਦੂਜਾ ਅਤੇ ਆਖਰੀ ਪੜਾਅ 29 ਅਪ੍ਰੈਲ ਨੂੰ ਸਮਾਪਤ ਹੋ ਚੁੱਕਾ ਹੈ। ਇਸ ਚੋਣ ਨੂੰ ਭਾਰਤ ਦੀਆਂ ਸਭ ਤੋਂ ਵੱਧ ਚਰਚਿਤ ਚੋਣਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ। ਵੋਟਾਂ ਦੀ ਗਿਣਤੀ 4 ਮਈ 2026 ਨੂੰ ਹੋਵੇਗੀ, ਜਿਸ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ ਕਿ ਸੂਬੇ ਦੀ ਕਮਾਨ ਕਿਸ ਦੇ ਹੱਥ ਵਿੱਚ ਹੋਵੇਗੀ।

ਐਗਜ਼ਿਟ ਪੋਲ ਕੀ ਕਹਿੰਦੇ ਹਨ ? ਚੋਣਾਂ ਸਮਾਪਤ ਹੋਣ ਤੋਂ ਬਾਅਦ ਸਾਹਮਣੇ ਆਏ ਵੱਖ-ਵੱਖ ‘ਐਗਜ਼ਿਟ ਪੋਲ’ (Exit Polls) ਨੇ ਸੂਬੇ ਵਿੱਚ ਬਹੁਤ ਹੀ ਦਿਲਚਸਪ ਅਤੇ ਸਖ਼ਤ ਮੁਕਾਬਲੇ ਵੱਲ ਇਸ਼ਾਰਾ ਕੀਤਾ ਹੈ। ਹਾਲਾਂਕਿ, ਇਹ ਸਿਰਫ਼ ਅੰਦਾਜ਼ੇ ਹਨ ਅਤੇ ਅਸਲ ਨਤੀਜੇ ਇਨ੍ਹਾਂ ਤੋਂ ਵੱਖ ਹੋ ਸਕਦੇ ਹਨ:

ਮਿਲਿਆ-ਜੁਲਿਆ ਨਜ਼ਰੀਆ: ਜ਼ਿਆਦਾਤਰ ਪੋਲਸਟਰਾਂ (pollsters) ਨੇ ਭਾਜਪਾ (BJP) ਅਤੇ ਤ੍ਰਿਣਮੂਲ ਕਾਂਗਰਸ (TMC) ਵਿਚਾਲੇ ਬਹੁਤ ਹੀ ਕੰਢੇ ਦਾ ਮੁਕਾਬਲਾ ਦਿਖਾਇਆ ਹੈ। ਕੁਝ ਸਰਵੇਖਣਾਂ ਵਿੱਚ ਭਾਜਪਾ ਨੂੰ ਮਾਮੂਲੀ ਬੜ੍ਹਤ ਮਿਲਦੀ ਦਿਖਾਈ ਗਈ ਹੈ, ਜਦੋਂ ਕਿ ਕੁਝ ਹੋਰ ਸਰਵੇਖਣਾਂ ਨੇ ਤ੍ਰਿਣਮੂਲ ਕਾਂਗਰਸ ਨੂੰ ਮੁੜ ਸੱਤਾ ਵਿੱਚ ਵਾਪਸੀ ਕਰਦੇ ਹੋਏ ਦਿਖਾਇਆ ਹੈ।

ਹੰਗ ਅਸੈਂਬਲੀ (Hung Assembly) ਦੀ ਸੰਭਾਵਨਾ: ਕਈ ਮਾਹਿਰਾਂ ਦਾ ਮੰਨਣਾ ਹੈ ਕਿ ਨਤੀਜੇ ਕਿਸੇ ਵੀ ਇੱਕ ਪਾਰਟੀ ਲਈ ਬਹੁਤ ਸਪੱਸ਼ਟ ਬਹੁਮਤ ਨਾ ਹੋਣ ਕਾਰਨ ‘ਹੰਗ ਅਸੈਂਬਲੀ’ ਦੀ ਸਥਿਤੀ ਵੀ ਪੈਦਾ ਹੋ ਸਕਦੀ ਹੈ, ਜਿੱਥੇ ਛੋਟੀਆਂ ਪਾਰਟੀਆਂ ਦੀ ਭੂਮਿਕਾ ਅਹਿਮ ਹੋਵੇਗੀ।

ਵੋਟਿੰਗ ਪ੍ਰਤੀਸ਼ਤ: ਇਸ ਵਾਰ ਵੋਟਿੰਗ ਪ੍ਰਤੀਸ਼ਤਤਾ ਵੀ ਕਾਫ਼ੀ ਜ਼ਿਆਦਾ (ਲਗਭਗ 92–93%) ਰਹੀ ਹੈ, ਜੋ ਵੋਟਰਾਂ ਵਿੱਚ ਭਾਰੀ ਜਾਗਰੂਕਤਾ ਨੂੰ ਦਰਸਾਉਂਦੀ ਹੈ। ਇਤਿਹਾਸ ਗਵਾਹ ਹੈ ਕਿ ਉੱਚ ਵੋਟਿੰਗ ਪ੍ਰਤੀਸ਼ਤਤਾ ਦਾ ਅਰਥ ਵੱਖ-ਵੱਖ ਪਾਰਟੀਆਂ ਲਈ ਵੱਖ-ਵੱਖ ਹੁੰਦਾ ਹੈ, ਜਿਸ ਕਾਰਨ ਨਤੀਜਿਆਂ ਦੀ ਭਵਿੱਖਬਾਣੀ ਕਰਨਾ ਹੋਰ ਵੀ ਔਖਾ ਹੋ ਗਿਆ ਹੈ।

ਸਿੱਟਾ: ਇਸ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਆਪਣੇ-ਆਪਣੇ ਦਾਅਵੇ ਕਰ ਰਹੀਆਂ ਹਨ। ਜਿੱਥੇ ਭਾਜਪਾ ਸੂਬੇ ਵਿੱਚ ‘ਬਦਲਾਅ’ (Change) ਦੀ ਲਹਿਰ ਹੋਣ ਦਾ ਦਾਅਵਾ ਕਰ ਰਹੀ ਹੈ, ਉੱਥੇ ਤ੍ਰਿਣਮੂਲ ਕਾਂਗਰਸ ਨੂੰ ਆਪਣੀ ਪੁਰਾਣੀ ਵੋਟ ਬੈਂਕ ਅਤੇ ਵਿਕਾਸ ਦੇ ਮੁੱਦਿਆਂ ’ਤੇ ਭਰੋਸਾ ਹੈ।

ਅਸਲ ਜੇਤੂ ਕੌਣ ਹੋਵੇਗਾ, ਇਹ 4 ਮਈ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਹੀ ਤੈਅ ਹੋਵੇਗਾ। ਫਿਲਹਾਲ, ਸਿਆਸੀ ਮਾਹਿਰਾਂ ਦੀ ਨਜ਼ਰ ਇਸ ’ਤੇ ਹੈ ਕਿ ਇਹ ਮੁਕਾਬਲਾ ਕਿੰਨਾ ਨਜ਼ਦੀਕੀ ਰਹਿੰਦਾ ਹੈ।



# ਲੱਖਾਂ ਵਿੱਚੋਂ ਪਹਿਚਾਣਿਆਂ ਜਾਏ ਕੱਲਾ ਲੋਕੀਂ ਆਖਦੇ ਉਹ ਸਰਦਾਰ ਜਾਂਦਾ







ਪੰਜਾਬ ਕਿੰਗਜ਼ ਦੇ ਤੇਜ਼ ਤੁਫਾਨ ਗੇਂਦਬਾਜ਼ ਸ. ਅਰਸ਼ਦੀਪ ਸਿੰਘ ਅਤੇ ਸਪਿਨਰ ਸ. ਹਰਪ੍ਰੀਤ ਸਿੰਘ ਬਰਾੜ ਰਾਜਸਥਾਨ ਰਾਇਲਜ਼ ਦੇ ਬੱਲੇਬਾਜ਼ਾਂ ਨਾਲ ਖੇਡ ਦੇ ਮੈਦਾਨ ਵਿੱਚ

ਨਿਊ ਚੰਡੀਗੜ੍ਹ (ਮੁੱਲਾਂਪੁਰ), (ਸਾਡੇ ਲੋਕ) ਆਪਣੇ ਘਰੇਲੂ ਮੈਦਾਨ 'ਤੇ ਖੇਡਦੇ ਹੋਏ ਪੰਜਾਬ ਕਿੰਗਜ਼ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਅਤੇ ਸਪਿਨਰ ਹਰਪ੍ਰੀਤ ਬਰਾੜ ਨੇ ਰਾਜਸਥਾਨ ਰਾਇਲਜ਼ ਦੇ ਬੱਲੇਬਾਜ਼ਾਂ ਨੂੰ ਖੂਬ ਪਰੇਸ਼ਾਨ ਕੀਤਾ।

ਮੈਚ ਦੇ ਮੁੱਖ ਅੰਸ਼:

ਵਿਕਟਾਂ ਦਾ ਜਸ਼ਨ: ਅਰਸ਼ਦੀਪ ਸਿੰਘ ਨੇ ਰਾਜਸਥਾਨ ਦੇ ਉਭਰਦੇ ਬੱਲੇਬਾਜ਼ ਵੈਭਵ ਸੂਰਿਆਵੰਸ਼ੀ ਨੂੰ ਆਊਟ ਕਰਕੇ ਪੰਜਾਬ ਨੂੰ ਵੱਡੀ ਸਫਲਤਾ ਦਿਵਾਈ। ਇਸ ਮੌਕੇ ਅਰਸ਼ਦੀਪ ਅਤੇ ਹਰਪ੍ਰੀਤ ਬਰਾੜ ਨੇ ਮੈਦਾਨ 'ਤੇ ਜੰਮ ਕੇ ਜਸ਼ਨ ਮਨਾਇਆ।

ਘਰੇਲੂ ਮੈਦਾਨ ਦਾ ਫਾਇਦਾ: ਮੁੱਲਾਂਪੁਰ ਸਟੇਡੀਅਮ ਵਿੱਚ ਮੌਜੂਦ ਪੰਜਾਬੀ ਦਰਸ਼ਕਾਂ ਦੇ ਭਾਰੀ ਉਤਸ਼ਾਹ ਨੇ ਪੰਜਾਬ ਕਿੰਗਜ਼ ਦੇ ਖਿਡਾਰੀਆਂ ਦਾ ਮਨੋਬਲ ਵਧਾਇਆ।

ਸੰਤੁਲਿਤ ਗੇਂਦਬਾਜ਼ੀ: ਪੰਜਾਬ ਦੀ ਗੇਂਦਬਾਜ਼ੀ ਅੱਜ ਕਾਫ਼ੀ ਸਹੀ ਦਿਸ਼ਾ ਵਿੱਚ ਰਹੀ, ਜਿਸ ਕਾਰਨ ਰਾਜਸਥਾਨ ਦੇ ਮਜ਼ਬੂਤ ਬੈਟਿੰਗ ਲਾਈਨਅੱਪ 'ਤੇ ਲਗਾਤਾਰ ਦਬਾਅ ਬਣਿਆ ਰਿਹਾ।









# ਭੁਲੱਥ 'ਚ ਤੀਸਰੀ ਗੋਗਨਾ ਕਲਾਸਿਕ ਆਲ ਇੰਡੀਆ ਹੋਈ ਬੈਂਚ ਪ੍ਰੈਸ ਚੈਂਪੀਅਨਸ਼ਿਪ

## ਸੈਂਕੜਿਆਂ ਖਿਡਾਰੀਆਂ ਨੇ ਆਪਣਾ ਬੱਲ ਅਜ਼ਮਾਇਆ ਜੇਤੂ ਪਾਵਰ ਲਿਫਟਰਾ ਨੂੰ 5 ਫੁੱਟ ਦੀ ਟਰਾਫੀ ਮੈਡਲ ਅਤੇ ਨਗਦ ਰਾਸ਼ੀ ਦੇ ਕੀਤਾ ਗਿਆ ਸਨਮਾਨਿਤ

## ਮੁੱਖ ਮਹਿਮਾਨ ਦੇ ਤੋਰ ਤੇ ਸੰਦੀਪ ਸਿੰਘ ਮੰਡ ਐਸ.ਪੀ ਮੋਗਾ, ਜੁਝਾਰ ਸਿੰਘ ਚੈਂਪੀਅਨ ਸਲੈਪ ਕਿੰਗ, ਲੋਕ ਗਾਇਕ ਗਗਨ ਕੋਕਰੀ ਵਿਸ਼ੇਸ਼ ਤੋਰ ਸ਼ਾਮਿਲ ਹੋਏ





ਭੁਲੱਥ, (ਬਿਊਰੋ) :ਤੀਸਰੀ ਗੋਗਨਾ ਆਲ ਇੰਡੀਆ ਕਲਾਸਿਕ ਬੈਂਚ ਪ੍ਰੈਸ ਚੈਂਪੀਅਨਸ਼ਿਪ ਭੁਲੱਥ ਵਿਖੇਂ ਬੜੀ ਧੂਮ ਨਾਲ ਸੰਪੰਨ ਹੋਈ। ਇਸ ਬੈਂਚ ਪ੍ਰੈਸ 'ਚ ਪੰਜਾਬ ਤੋ ਇਲਾਵਾ ਹਰਿਆਣਾ, ਜੰਮੂ, ਦਿੱਲੀ, ਰਾਜਿਸਥਾਨ, ਯੂ. ਪੀ, ਹਿਮਾਚਲ ਪ੍ਰਦੇਸ਼ ਤੋਂ ਤਕਰੀਬਨ 600 ਤੋਂ ਵੱਧ ਲੜਕਿਆਂ ਅਤੇ ਪਾਵਰ ਲਿਫਟਰ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਇਹ ਚੈਂਪੀਅਨਸ਼ਿਪ ਦੇ ਮੁਕਾਬਲੇ ਕਾਮਨਵੈਲਥ ਚੈਂਪੀਅਨ ਅਜੈ ਗੋਗਨਾ ਸਪੁੱਤਰ ਸੀਨੀਅਰ ਪੱਤਰਕਾਰ ਰਾਜ ਗੋਗਨਾ ਭੁਲੱਥ ਦੀ ਅਤੇ ਧਰਮਿੰਦਰ ਸਿੰਘ ਚੀਮਾ (ਗੋਲਡਨ ਸਟਾਰ ਦੀ) ਅਗਵਾਈ ਹੇਠ ਹੋਈ। ਇਸ ਮੌਕੇ ਜਿੱਤ ਦਰਜ ਕਰਨ ਵਾਲੇ ਪਾਵਰਲਿਫਟਰਾ ਨੂੰ ਨਗਦ ਰਾਸ਼ੀ ਦੇ ਨਾਲ ਮੈਡਲ ਅਤੇ ਪੰਜ ਫੁੱਟ ਦੀ ਟਰਾਫੀ ਦੇ ਨਾਲ ਸਨਮਾਨ ਕੀਤਾ ਗਿਆ। ਜਿੰਨਾ ਪਾਵਰਲਿਫਟਰ ਸੀਨੀਅਰ ਲੜਕੇ ਅਤੇ ਲੜਕਿਆਂ ਦੇ ਮੁਕਾਬਲੇ ਕਰਵਾਏ ਗਏ ਉਹਨਾਂ ਦੀ ਕੈਟਾਗਰੀ ਦਾ ਨਤੀਜਾ ਇਸ ਪ੍ਰਕਾਰ ਹੈ। 66 ਕਿਲੋ ਓਪਨ 'ਚ ਫ਼ਸਟ ਗਗਨਦੀਪ ਸਿੰਘ ਜੰਮੂ 150 ਕਿਲੋ, ਸੈਕਿੰਡ ਮਨਪ੍ਰੀਤ (ਪੰਜਾਬ) ਤੀਸਰੇ ਸਥਾਨ ਤੇ 142 ਕਿਲੋ ਹਿਮਾਂਸ਼ੂ ਹਰਿਆਣਾ ਰਹੇ। 74 ਕਿੱਲੋ ਓਪਨ ਵਿਕਰਾਂਤ ਜੰਮੂ 165 ਕਿੱਲੋ, ਸੈਕਿੰਡ ਰਾਧੇ ਨਾਗਰਾ ਪੰਜਾਬ 162 ਕਿੱਲੋ ਤੀਸਰੇ ਸਥਾਨ ਤੇ ਸਾਹਿਲ ਸ਼ਰਮਾ ਪੰਜਾਬ 152 ਕਿੱਲੋ, 83 ਕਿਲੋ ਓਪਨ 'ਚ ਯੋਗੀਤ ਪਟਿਆਲਾ 185 ਕਿੱਲੋ ਭਾਰ 'ਚ ਸੈਕਿੰਡ 'ਚ ਮੋਮੀਨ ਦਾਰ ਜੰਮੂ 180 ਕਿੱਲੋ, ਤੀਸਰੇ ਦਰਜੇ ਤੇ ਰਾਕੇਸ਼ ਸਿੰਘ ਯੂਪੀ 172.5 ਕਿੱਲੋ , 93 ਕਿੱਲੋ ਓਪਨ 'ਚ ਲਵਪ੍ਰੀਤ ਸਿੰਘ (ਪੰਜਾਬ) 182.5 ਕਿੱਲੋ, ਸੈਕਿੰਡ 'ਚ ਆਰੀਅਨ ਪਾਸੀ ਪੰਜਾਬ ਤੀਸਰੇ ਤੇ ਵੈਵਿਬ ਹਰਿਆਣਾ ਨੇ 165 ਕਿੱਲੋ ਦੀ ਬੈਂਚ ਲਾਈ, 170 ਕਿੱਲੋ, 105 ਕਿਲੋ ਓਪਨ 'ਚ ਮਨਦੀਪ ਸਿੰਘ ਪੰਜਾਬ 205 ਕਿੱਲੋ, ਸੈਕਿੰਡ ਗੁਰਵਿੰਦਰ ਸਿੰਘ ਪੰਜਾਬ 197.5 ਕਿੱਲੋ, ਤੀਸਰੇ ਸਥਾਨ ਤੇ ਕੁਲਦੀਪ ਸਿੰਘ ਪੰਜਾਬ 190 ਕਿੱਲੋ , 105 ਕਿਲੋ ਓਪਨ 'ਚ ਹਰਦੀਪ ਸਿੰਘ ਪੰਜਾਬ 205 ਕਿੱਲੋ, ਸੈਕਿੰਡ ਗੁਰਵਿੰਦਰ ਸਿੰਘ ਪੰਜਾਬ 197.5 ਕਿੱਲੋ, ਤੀਸਰੇ ਸਥਾਨ ਤੇ ਕੁਲਦੀਪ ਸਿੰਘ ਪੰਜਾਬ ਨੇ 190 ਕਿਲੋ ਚੁੱਕਿਆ, 105 ਪਲਸ ਓਪਨ ਦੇ ਮੁਕਾਬਲੇ 'ਚ ਆਦੇਸ਼ ਸਿੰਘ ਜੰਮੂ 225.5 ਕਿੱਲੋ, ਸੈਕਿੰਡ 'ਚ ਸੁਭਾਸ਼ ਕੁਮਾਰ ਹਿਮਾਚਲ 212.5 ਕਿੱਲੋ, ਤੀਸਰੇ ਸਥਾਨ ਤੇ ਅਰਵਿੰਦਰ ਸਿੰਘ ਪੰਜਾਬ 212.5 ਕਿੱਲੋ ਚੁੱਕਿਆ ਸਭ ਤੋਂ ਜ਼ਿਆਦਾ ਬੈਂਚ ਪ੍ਰੈਸ 'ਚ ਆਦੇਸ਼ ਜੰਮੂ 222.5 ਕਿੱਲੋ 'ਚ ਜਿਸ ਨੂੰ 37000 ਹਜ਼ਾਰ ਰੁਪਏ ਦਾ ਨਗਦ ਇਨਾਮ ਦੇ ਨਾਲ ਬਜਰੰਗ ਬਲੀ ਦਾ ਗੁਰਜ ਦੇ ਸਨਮਾਨਿਤ ਕੀਤਾ ਗਿਆ। ਪੈਰਾ ਓਲਪਿਕ 'ਚ ਫ਼ਸਟ ਵਰਿੰਦਰ ਸਿੰਘ, ਸੈਕਿੰਡ ਕੁਲਦੀਪ ਸਿੰਘ, ਤੀਸਰੇ ਨੰਬਰ ਤੇ ਬਾਵਾ ਸਿੰਘ ਆਇਆ ਅਤੇ ਚੌਥਾ ਸਥਾਨ ਗੁਰਸੇਵਕ ਸਿੰਘ ਨੇ 165 ਕਿੱਲੋ ਚੁੱਕਿਆ ਪੰਜਵੇਂ ਸਥਾਨ ਤੇ ਰਣਦੀਪ ਸਿੰਘ ਹੰਸ ਰਿਹਾ, ਫ਼ਸਟ ਨੂੰ 11000 ਹਜ਼ਾਰ, ਸੈਕਿੰਡ ਨੂੰ 8100, 5100, 3100 ਅਤੇ ਪੰਜਵੇਂ ਸਥਾਨ 'ਤੇ ਆਉਣ ਵਾਲੇ 2100 ਸੋ ਰੁਪਏ ਦੀ ਨਗਦੀ ਅਤੇ ਟਰਾਫੀ ਦੇ ਨਾਲ ਸਨਮਾਨਿਤ ਕੀਤਾ ਗਿਆ। 63 ਕਿੱਲੋ ਭਾਰ 'ਚ ਨੇਹਾ ਜੰਮੂ ਕਸ਼ਮੀਰ ਦੀ ਲੜਕੀ ਨੇ 82.5 ਕਿਲੋ ਭਾਰ ਚੁੱਕਿਆ ਅਤੇ ਜਿਸ ਨੂੰ 5100 ਰੁਪਏ ਦੀ ਨਗਦੀ ਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਦਿੱਲੀ ਦੀ ਸਭੀਪਾਲ ਨੇ 77.5 ਕਿੱਲੋ ਚੁੱਕਿਆ ਜਿਸ ਨੂੰ 4100 ਸੋ ਰੁਪਏ ਦੀ ਨਗਦੀ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ ਤੀਸਰੇ ਨੰ ਤੇ ਪੰਜਾਬ ਦੀ ਯਗਜੋਤ ਕੌਰ ਖ਼ਾਲਸਾ ਰਹੀ ਜਿਸ ਨੇ 77.5 ਕਿੱਲੋ ਦਾ ਭਾਰ ਚੁੱਕਿਆ ਉਸ ਨੂੰ 3100 ਰੁਪਏ ਦਾ ਨਗਦੀ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਲੜਕੀਆਂ ਦੇ 69 ਕਿੱਲੋ ਭਾਰ 'ਚ ਫ਼ਸਟ ਸੋਲੋਨੀ ਤਿਆਗੀ ਯੂ. ਪੀ ਜਿਸ ਨੂੰ 10 ਹਜ਼ਾਰ ਇੱਕ ਸੌ ਰੁਪਏ ਦੀ ਨਗਦੀ ਅਤੇ ਪੰਜ ਫੁੱਟ ਦੀ ਟਰਾਫੀ ਦੇ ਨਾਲ ਸਨਮਾਨਿਤ ਕੀਤਾ ਗਿਆ। ਦੂਸਰੇ ਨੰਬਰ 'ਤੇ ਅਨਮੋਲ ਪ੍ਰੀਤ ਕੌਰ ਪੰਜਾਬ ਦੀ ਰਹੀ ਜਿਸ ਨੂੰ 4100 ਦੀ ਨਗਦੀ ਤੇ ਟਰਾਫੀ ਦਿੱਤੀ ਗਈ ਤੀਸਰੇ ਨੰਬਰ 'ਤੇ ਮਮਤਾ ਰਾਣੀ ਪੰਜਾਬ ਦੀ ਲੜਕੀ ਰਹੀ ਜਿਸ ਨੇ 60 ਕਿੱਲੋ ਚੁੱਕਿਆ ਜਿਸ ਨੂੰ 3100 ਰੁਪਏ ਦੀ ਨਗਦੀ ਦਿੱਤੀ ਗਈ। 76 ਕਿੱਲੋ ਪਲਸ ਦੇ ਭਾਰ 'ਚ ਲੜਕੀਆਂ 'ਚ ਜੰਮੂ ਕਸ਼ਮੀਰ ਦੀ ਸ਼ਿਵਾਨੀ, ਜਗਰੀਤ ਕੌਰ, ਜਸਪਾਲ ਕੌਰ ਪੰਜਾਬ ਨੇ 105 ਕਿੱਲੋ ਭਾਰ ਉਠਾਇਆ ਅਤੇ ਇਨ੍ਹਾਂ ਤਿੰਨਾਂ ਨੂੰ 10,000 ਰੁਪਏ ਦੀ ਨਗਦ ਰਾਸ਼ੀ ਦਿੱਤੀ ਗਈ। 76 ਕਿਲੋ ਭਾਰ ਦੇ ਵਰਗ 'ਚ ਬੀਨਾ ਦਿੱਲੀ ਫ਼ਸਟ 10,000 ਰੁਪਏ ਦੀ ਨਗਦੀ ਅਤੇ ਪੰਜ ਫੁੱਟ ਦੀ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਅਜੈ ਗੋਗਨਾ ਭੁਲੱਥ ਵੱਲੋਂ ਕਰਵਾਈ ਗਈ ਚੈਂਪੀਅਨਸ਼ਿਪ ਨੇ ਨੈਸ਼ਨਲ ਪੱਧਰ ਦੇ ਰਿਕਾਰਡ ਤੋੜੇ। ਇਸ ਚੈਂਪੀਅਨਸ਼ਿਪ 'ਚ ਹੋਰਨਾਂ ਤੋਂ ਇਲਾਵਾ ਅੰਤਰਰਾਸ਼ਟਰੀ ਪਾਵਰਲਿਫਟਰ ਤੇਜਬੀਰ ਸਿੰਘ ਰਾਣਾ, ਜੇ.ਡੀ. ਜੰਮੂ, ਅਮਨ ਹੋਠੀ, ਸਰਬਜੀਤ ਕੰਡਾ, ਧਰਮਿੰਦਰ ਸਿੰਘ ਕੋਚ ਦਿੱਲੀ, ਧਰਮਿੰਦਰ ਸਿੰਘ ਚੀਮਾ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਪੁੱਜੇ ਸੰਦੀਪ ਸਿੰਘ ਮੰਡ ਐਸ.ਪੀ, ਗਗਨ ਕੋਕਰੀ ਲੋਕ ਗਾਇਕ, ਪਰਮਜੀਤ ਗੋਗਨਾ, ਬਿੰਨੀ ਗੋਗਨਾ, ਕ੍ਰਿਸ਼ਨ ਲਾਲ ਬੱਬਰ ਸਾਬਕਾ ਕੌਂਸਲਰ, ਰਮਨ ਬੱਬਰ ਕੌਂਸਲਰ, ਵੇਦ ਪ੍ਰਕਾਸ਼ ਖੁਰਾਣਾ ਕੌਂਸਲਰ, ਹੁਸਨ ਲਾਲ ਗੋਗਨਾ, ਅਰਸ਼ ਕਪੂਰ ਤੋਂ ਇਲਾਵਾ ਭਾਰੀ ਗਿਣਤੀ 'ਚ ਭੁਲੱਥ ਦੇ ਲੋਕ ਪੁੱਜੇ ਹੋਏ ਸਨ।

# .ਗ਼ਦਰ ਲਹਿਰ ਦੇ ਯੋਧੇ, ਧਨਵਾਨ ਅਤੇ ਦਾਨੀ ਸਿੱਖ ਸ਼ਹੀਦ ਭਾਈ ਰਾਮ ਸਿੰਘ ਧੁਲੇਤਾ

**ਉਧਰ ਪਹਿਲਾਂ ਨਿਰਪੱਖ ਰਿਹਾ ਅਮਰੀਕਾ ਹੁਣ ਪਹਿਲੇ ਵਿਸ਼ਵ ਜੰਗ ਦੌਰਾਨ ਬਰਤਾਨੀਆਂ ਦੀ ਧਿਰ ਬਣ ਗਿਆ ਅਤੇ 6 ਅਪ੍ਰੈਲ 1917 ਨੂੰ ਬ੍ਰਿਟਿਸ਼ ਦੀ ਹੱਕ ਵਿੱਚ ਆ ਖੜਾ ਹੋਇਆ। ਅਮਰੀਕਾ 'ਚ ਬੈਠੇ ਬ੍ਰਿਟਿਸ਼ ਵਿਰੋਧੀ .ਗ਼ਦਰੀਆਂ ਅਤੇ ਜਰਮਨਾਂ ਖਿਲਾਫ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਆਧਾਰ 'ਤੇ ਅਮਰੀਕਾ ਤੋਂ 17 .ਗ਼ਦਰੀ ਯੋਧਿਆਂ ਅਤੇ 18 ਜਰਮਨਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ .ਗ਼ਦਰੀਆਂ ਵਿੱਚ ਭਾਈ ਰਾਮ ਸਿੰਘ ਧੁਲੇਤਾ, ਭਾਈ ਸੰਤੋਖ ਸਿੰਘ ਧਰਦਿਉ ਅਤੇ ਭਾਈ ਭਗਵਾਨ ਸਿੰਘ ਪ੍ਰੀਤਮ ਅਤੇ ਕਈ ਹੋਰਨਾਂ ਨੂੰ ਗ੍ਰਿਫਤਾਰ ਕੀਤਾ ਗਿਆ, ਦੂਜੇ ਪਾਸੇ ਵਿਰੋਧੀ ਧਿਰ ਦੇ ਪੰਡਤ ਰਾਮ ਚੰਦਰ ਪਿਸ਼ਾਵਰੀ ਨੂੰ ਵੀ ਉਸ ਦੇ ਸਾਥੀਆਂ ਨਾਲ ਫੜ ਲਿਆ ਗਿਆ। ਇਹਨਾਂ ਸਾਰਿਆਂ ਖਿਲਾਫ 'ਹਿੰਦੂ ਜਰਮਨ ਸਾਜਿਸ਼ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ। ਇਹ ਮੁਕੱਦਮਾ 20 ਨਵੰਬਰ 1917 ਤੋਂ 24 ਅਪ੍ਰੈਲ 1918 ਤੱਕ ਚੱਲਦਾ ਰਿਹਾ। ਇਤਿਹਾਸਕ ਹਵਾਲਿਆਂ ਅਨੁਸਾਰ ਇਸ ਵਿੱਚ ਅਮਰੀਕਾ ਸਰਕਾਰ ਨੇ ਪੰਜ ਲੱਖ ਡਾਲਰ ਅਤੇ ਬ੍ਰਿਟਿਸ਼ ਸਰਕਾਰ ਨੇ 25 ਲੱਖ ਡਾਲਰ ਖਰਚੇ, ਤਾਂ ਕਿ ਉਨ੍ਹਾਂ ਦੇ ਖਿਲਾਫ ਤਾਕਤਾਂ ਦਾ ਸਫਾਇਆ ਕੀਤਾ ਜਾ ਸਕੇ। ਅਜਿਹੀ ਹਾਲਤ ਵਿੱਚ .ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਆਪਸੀ ਖਾਨਾ-ਜੰਗੀ ਬੰਦ ਕੀਤੀ ਜਾਵੇ ਅਤੇ ਸਾਂਝੇ ਵਕੀਲ ਰਾਹੀਂ ਇਸ ਲੜਾਈ ਲੜੀ ਜਾਏ। ਦੂਜੇ ਪਾਸੇ .ਗ਼ਦਰ ਵਿਰੋਧੀ ਚਾਲ ਖੇਡਦਿਆਂ ਰਾਮ ਚੰਦਰ ਪਿਸ਼ਾਵਰੀ ਨੇ ਅਜਿਹਾ ਕਰਨੋ ਇਨਕਾਰ ਕਰ ਦਿੱਤਾ। 23 ਅਪ੍ਰੈਲ 1918 ਨੂੰ ਸਾਨ-ਫਰਾਂਸਿਸਕੋ ਅਦਾਲਤ ਵਿੱਚ ਅਜਿਹੀ ਘਟਨਾ ਵਾਪਰੀ, ਜਿਸ ਨੇ .ਗ਼ਦਰ ਪਾਰਟੀ ਦੇ ਅਧਿਆਇ ਵਿੱਚ ਖੂਨੀ ਪੰਨਾ ਜੋੜ ਦਿੱਤਾ। ਇਸ ਦਿਨ ਰਾਮ ਚੰਦਰ ਪੇਸ਼ਾਵਰੀ ਅਦਾਲਤ ਵਿੱਚ, ਬਾਕੀ ਗਦਰੀਆਂ ਤੋਂ ਵੱਖ ਹੋ ਕੇ, ਆਪਣੇ ਵਕੀਲ ਰਾਹੀਂ ਕਾਰਵਾਈ ਕਰਵਾ ਰਿਹਾ ਸੀ, ਤਾਂ ਉਸ ਵੇਲੇ ਭਾਈ ਰਾਮ ਸਿੰਘ ਧੁਲੇਤਾ ਨੇ ਆਪਣੇ ਪਿਸਤੌਲ ਨਾਲ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਪੰਡਤ ਰਾਮ ਚੰਦਰ ਪਿਸ਼ਾਵਰੀ ਦੇ ਤਿੰਨ ਗੋਲੀਆਂ ਲੱਗੀਆਂ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਉਧਰ ਅਦਾਲਤ ਵਿੱਚ ਮੌਜੂਦ ਮਾਰਸ਼ਲ ਹੌਲੋਹੈਨ ਨੇ ਪਿਸਤੌਲ ਕੱਢਿਆ ਅਤੇ ਭਾਈ ਰਾਮ ਸਿੰਘ ਧੁਲੇਤਾ ਤੇ ਗੋਲੀ ਚਲਾ ਦਿੱਤੀ। ਇਹ ਗੋਲੀ ਭਾਈ ਸਾਹਿਬ ਦੇ ਦਿਲ 'ਤੇ ਜਾ ਲੱਗੀ ਅਤੇ ਉਹ ਉਥੇ ਹੀ ਸ਼ਹੀਦ ਹੋ ਗਏ।**

.ਗ਼ਦਰ ਲਹਿਰ ਵਿੱਚ ਸ਼ਹੀਦੀ ਪਾਉਣ ਵਾਲੇ ਕੈਨੇਡਾ ਦੇ ਸਭ ਤੋਂ ਧਨਵਾਨ ਅਤੇ ਦਾਨੀ ਭਾਈ ਰਾਮ ਸਿੰਘ ਧੁਲੇਤਾ ਕੈਨੇਡਾ ਦੇ ਮੋਢੀ ਸਿੱਖਾਂ ਵਿਚੋਂ ਪ੍ਰਮੁੱਖ ਸਨ। ਇਤਿਹਾਸ ਵਿੱਚ ਉਹਨਾਂ ਅਮੀਰਾਂ ਅਤੇ ਸਰਮਾਏਦਾਰਾਂ ਦੀਆਂ ਗੱਲਾਂ ਨਹੀਂ ਹੁੰਦੀਆਂ, ਜਿਹਨਾਂ ਨੇ ਆਪਣੀ ਖਾਤਰ ਲੱਖਾਂ ਡਾਲਰ ਜੋੜੇ ਹੋਣ ਅਤੇ ਐਸ਼ਪ੍ਰਸਤੀ ਕੀਤੀ ਹੋਵੇ। ਇਤਿਹਾਸ ਵਿੱਚ ਕੇਵਲ ਉਹਨਾਂ ਧਨਵਾਨਾਂ ਅਤੇ ਦਾਨੀਆਂ ਦਾ ਜ਼ਿਕਰ ਹੁੰਦਾ ਹੈ ਜਿਹੜੇ ਘਰ ਵਾਰ ਕੁਰਬਾਨ ਕਰਕੇ ਕੌਮੀ ਘਰ ਬਣਾਉਂਦੇ ਹਨ ਅਤੇ ਆਪਣਾ ਆਪ ਵਾਰ ਦਿੰਦੇ ਹਨ। ਅਜਿਹੇ ਯੋਧਿਆਂ ਵਿੱਚ ਭਾਈ ਰਾਮ ਸਿੰਘ ਧੁਲੇਤਾ ਦਾ ਨਾਂ ਮੁੱਖ ਤੌਰ 'ਤੇ ਜ਼ਿਕਰਯੋਗ ਹੈ। ਭਾਈ ਰਾਮ ਸਿੰਘ ਧੁਲੇਤਾ ਦਾ ਜਨਮ ਸੰਨ 1886 ਵਿੱਚ ਗੁਰਾਇਆ ਨੇੜੇ, ਤਹਿਸੀਲ ਫਿਲੌਰ ਜ਼ਿਲਾ ਜਲੰਧਰ 'ਚ ਪੈਂਦੇ ਪਿੰਡ ਧੁਲੇਤਾ ਵਿਖੇ ਕਿਸਾਨ ਭਾਈ ਜੀਵਨ ਸਿੰਘ ਸਹੋਤਾ ਦੇ ਗ੍ਰਹਿ ਵਿਖੇ ਹੋਇਆ। ਧੁਲੇਤਾ ਪਿੰਡ ਵਿੱਚ ਖੇਤੀਬਾੜੀ ਕਰਦਿਆਂ, ਕਰੀਬ 21 ਸਾਲ ਦੀ ਉਮਰ ਵਿੱਚ ਆਪ ਨੇ ਕੈਨੇਡਾ ਆਉਣ ਦਾ ਫੈਸਲਾ ਲਿਆ। ਮਿਹਨਤ-ਮੁਸ਼ੱਕਤ ਕਰਕੇ ਆਰਥਿਕ ਜੀਵਨ ਦੀ ਖੁਸ਼ਹਾਲੀ ਲਈ ਭਾਈ ਰਾਮ ਸਿੰਘ ਸੰਨ 1907 ਵਿੱਚ ਵੈਨਕੂਵਰ ਆਏ। ਇੱਥੇ ਆ ਕੇ ਆਪ ਨੇ ਲੱਕੜ ਦੀ ਮਿੱਲ 'ਚ ਕੰਮ ਸ਼ੁਰੂ ਕੀਤਾ ਤੇ ਜਲਦੀ ਹੀ 'ਫੋਰਮੈਨ' ਬਣ ਗਏ। ਕੁਝ ਸਮਾਂ ਮਗਰੋਂ ਆਪ ਨੇ ਨੌਕਰੀ ਛੱਡ ਕੇ ਲੱਕੜ ਲੱਦਣ ਦੇ ਠੇਕੇ ਲੈਣ ਦਾ ਕਾਰੋਬਾਰ ਸ਼ੁਰੂ ਕਰ ਲਿਆ ਅਤੇ ਵੱਡੀ ਕਾਮਯਾਬੀ ਹਾਸਿਲ ਕੀਤੀ।

ਸਖਤ ਮਿਹਨਤ ਅਤੇ ਤੀਖਣ ਬੁੱਧੀ ਸਦਕਾ ਭਾਈ ਰਾਮ ਸਿੰਘ ਧੁਲੇਤਾ ਨੇ ਕੈਨੇਡਾ ਵਿੱਚ ਰੀਅਲ ਅਸਟੇਟ ਦੇ ਖੇਤਰ ਵਿੱਚ ਚੋਖੀ ਜਾਇਦਾਦ ਬਣਾਈ। ਇਹ ਅਜਿਹਾ ਸਮਾਂ ਸੀ ਜਦੋਂ ਵੈਨਕੂਵਰ ਵਿੱਚ ਰੀਅਲ ਸਟੇਟ ਦੀਆਂ ਕੀਮਤਾਂ ਸਿਖਰ ਨੂੰ ਛੂ ਰਹੀਆਂ ਸਨ। ਅਜਿਹੇ ਸਮੇਂ ਭਾਈ ਰਾਮ ਸਿੰਘ ਧੁਲੇਤਾ ਨੇ ਆਪਣਾ ਪੈਸਾ ਜ਼ਮੀਨ ਖਰੀਦਣ ਵਿੱਚ ਲਾ ਦਿੱਤਾ। ਕੈਨੇਡਾ ਅਤੇ ਅਮਰੀਕਾ ਦੇ ਮੋਢੀ ਸਿੱਖਾਂ ਅਤੇ ਗ਼ਦਰੀ ਯੋਧਿਆਂ ਬਾਰੇ, ਅੰਮ੍ਰਿਤਸਰ ਤੋਂ ਛਪਦੇ 'ਕਿਰਤੀ' ਅਖਬਾਰ ਦੇ ਫਰਵਰੀ 1927 ਦੇ ਅੰਕ ਵਿੱਚ ਭਾਈ ਰਾਮ ਸਿੰਘ ਧੁਲੇਤਾ ਦੇ ਲਿਖੇ ਜੀਵਨ 'ਚੋਂ ਵੇਰਵਾ ਮਿਲਦਾ ਹੈ ਕਿ ਆਪ ਕੈਨੇਡਾ ਦੇ ਸਭ ਤੋਂ ਧਨੀ ਸਿੱਖ ਸਨ, ਜਿਨ੍ਹਾਂ ਕੈਨੇਡਾ ਵਿੱਚ ਇਕ ਲੱਖ ਪੱਚੀ ਹਜ਼ਾਰ ਡਾਲਰ ਦੀ ਜ਼ਮੀਨ ਖਰੀਦੀ ਸੀ ਅਤੇ ਇਸ ਤੋਂ ਇਲਾਵਾ ਵੱਡੀ ਪੱਧਰ ਤੇ ਹੋਰ ਵੀ ਧਨ ਵੱਖ-ਵੱਖ ਧੰਦਿਆਂ ਵਿੱਚ ਨਿਵੇਸ਼ ਕੀਤਾ ਸੀ।

ਵੱਡੀ ਗੱਲ ਇਹ ਸੀ ਕਿ ਭਾਈ ਰਾਮ ਸਿੰਘ ਧੁਲੇਤਾ ਆਰਥਿਕ ਪੱਖੋਂ ਏਨੇ ਖੁਸ਼ਹਾਲ ਹੁੰਦਿਆਂ ਵੀ, ਬੇਹੱਦ ਹਲੀਮੀ ਵਾਲੇ ਸੁਭਾਅ ਦੇ ਮਾਲਕ ਸਨ ਅਤੇ ਕਿਸੇ ਤਰ੍ਹਾਂ ਦਾ ਮਾਣ ਨਹੀਂ ਸਨ ਕਰਦੇ। ਉਹ ਆਪਣੇ ਸਮੇਂ ਦੇ ਵੱਡੇ ਦਾਨੀ ਸਿੱਖ ਸਨ, ਜਿਹਨਾਂ ਕੈਨੇਡਾ ਵਿੱਚ ਗੁਰਦੁਆਰਿਆਂ ਦੀ ਸਥਾਪਨਾ, ਲੋੜਵੰਦ ਭਾਰਤੀਆਂ ਦੀ ਮਦਦ, ਗੁਰੂ ਨਾਨਕ ਜਹਾਜ਼ ਦੀ ਕਿਸ਼ਤ 'ਚ ਵੱਡੇ ਪੱਧਰ ਤੇ ਦਾਨ ਦੇਣ ਦੇ ਨਾਲ-ਨਾਲ, .ਗ਼ਦਰ ਪਾਰਟੀ ਦੀ ਸਥਾਪਨਾ 'ਚ ਤਨੋਂ, ਮਨੋਂ ਅਤੇ ਧਨੋਂ ਭਰਪੂਰ ਯੋਗਦਾਨ ਪਾਇਆ ਸੀ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਅਤੇ ਖਾਲਸਾ ਦੀਵਾਨ ਸੁਸਾਇਟੀ ਐਬਸਫੋਰਡ ਦੇ ਗੁਰਦੁਆਰਿਆਂ ਦੀ ਸਥਾਪਨਾ ਵਿੱਚ ਆਪ ਨੇ ਪ੍ਰਮੁੱਖ ਦਾਨੀ ਵਜੋਂ ਸੇਵਾ ਨਿਭਾਈ। ਗੁਰਦੁਆਰਾ ਸਥਾਨਾਂ 'ਚ ਗੁਰਪੁਰਬ ਮਨਾਉਣ ਜਾਂ ਸਮਾਜਿਕ ਅਤੇ ਰਾਜਨੀਤਿਕ ਇਕੱਠਾਂ ਮੌਕੇ ਵੱਡੇ ਖਰਚੇ ਭਾਈ ਰਾਮ ਸਿੰਘ ਧੁਲੇਤਾ ਹੀ ਕਰਿਆ ਕਰਦੇ ਸਨ।

ਭਾਈ ਰਾਮ ਸਿੰਘ ਧੁਲੇਤਾ ਅੰਦਰ ਮਨੁੱਖੀ ਹੱਕਾਂ, ਆਜ਼ਾਦੀ ਲਈ ਸੰਘਰਸ਼, ਨਸਲਵਾਦ ਖਿਲਾਫ ਸੋਚ ਅਤੇ ਬਸਤੀਵਾਦ ਵਿਰੋਧੀ ਦ੍ਰਿੜ ਇਰਾਦਾ ਮਜ਼ਬੂਤ ਸੀ। .ਗ਼ਦਰ ਪਾਰਟੀ ਦੀ ਸਥਾਪਨਾ ਵੇਲੇ ਸੰਨ 1913 ਵਿੱਚ ਆਪ ਅਮਰੀਕਾ ਗਏ ਅਤੇ ਪਾਰਟੀ ਲਈ ਫੰਡ ਇਕੱਠੇ ਕਰਨ ਅਤੇ ਆਪਣੇ ਵੱਲੋਂ ਦਾਨ ਦੇਣ ਵਿੱਚ ਚੋਖਾ ਸਹਿਯੋਗ ਪਾਇਆ। ਆਪ ਨੇ ਆਪਣੀ ਅਮਰੀਕਾ ਵਿਖੇ ਜਾਇਦਾਦ ਵੀ .ਗ਼ਦਰ ਪਾਰਟੀ ਨੂੰ ਦਾਨ ਕੀਤੀ। ਪਹਿਲੀ ਸੰਸਾਰ ਜੰਗ ਸ਼ੁਰੂ ਹੋਣ ਵੇਲੇ ਅਗਸਤ 1914 ਨੂੰ ਅਮਰੀਕਾ ਅਤੇ ਕੈਨੇਡਾ ਤੋਂ ਬਹੁਤ ਸਾਰੇ .ਗ਼ਦਰੀ ਯੋਧੇ ਭਾਰਤ ਵੱਲ ਰਵਾਨਾ ਹੋ




ਗਏ ਸਨ। ਅਮਰੀਕਾ ਤੋਂ .ਗ਼ਦਰ ਪਾਰਟੀ ਦੇ ਪ੍ਰਧਾਨ ਭਾਈ ਭਗਵਾਨ ਸਿੰਘ ਪ੍ਰੀਤਮ ਅਤੇ ਸਕੱਤਰ ਭਾਈ ਸੰਤੋਖ ਸਿੰਘ ਧਰਦਿਓ ਸਿਆਮ-ਬਰਮਾ ਚਲੇ ਗਏ। ਉਸ ਸਮੇਂ ਸਾਨ-ਫਰਾਂਸਿਸਕੋ ਵਿਖੇ .ਗ਼ਦਰ ਆਸ਼ਰਮ ਵਿੱਚ ਪਾਰਟੀ ਦਾ ਪ੍ਰਬੰਧਕ ਤੇ .ਗ਼ਦਰ ਅਖਬਾਰ ਦਾ ਐਡੀਟਰ ਪੰਡਤ ਰਾਮ ਚੰਦਰ ਪਿਸ਼ਾਵਰੀ ਹੀ ਰਹਿ ਗਿਆ ਸੀ। ਉਹ ਲਾਲਾ ਹਰਦਿਆਲ ਦੀ 'ਮਿਹਰਬਾਨੀ' ਨਾਲ ਆਪਣੀ ਪਤਨੀ ਸਣੇ ਅਮਰੀਕਾ ਆਇਆ ਸੀ, ਜਿਸ ਨੇ ਜਲਦੀ .ਗ਼ਦਰ ਪਾਰਟੀ ਵਿੱਚ ਆਪਣਾ ਅਸਰ-ਰਸੂਖ ਕਾਇਮ ਕਰ ਲਿਆ ਤੇ .ਗ਼ਦਰ ਪਾਰਟੀ ਦੇ ਆਸ਼ਰਮ ਅਤੇ ਪ੍ਰੈਸ ਤੇ ਵੀ ਗਲਬਾ ਪਾ ਲਿਆ ਸੀ।

ਪੰਡਤ ਰਾਮ ਚੰਦਰ ਪਿਸ਼ਾਵਰੀ ਅੰਦਰੋਂ ਬੇਈਮਾਨ ਅਤੇ ਮੌਕਾਪ੍ਰਸਤ ਵਿਅਕਤੀ ਸੀ। ਬਾਕੀ .ਗ਼ਦਰੀਆਂ ਦੇ ਭਾਰਤ ਜਾਣ ਮਗਰੋਂ ਰਾਮ ਚੰਦਰ ਦੇ ਮਨ ਵਿੱਚ .ਗ਼ਦਰ ਪਾਰਟੀ, ਪ੍ਰੈਸ ਅਤੇ ਆਸ਼ਰਮ ਤੇ ਕਬਜ਼ਾ ਕਰਨ ਦੀ ਖੋਟ ਸੀ। ਉਸ ਨੂੰ ਸਭ ਤੋਂ ਵੱਡਾ ਖਤਰਾ ਭਾਈ ਰਾਮ ਸਿੰਘ ਧੁਲੇਤਾ ਤੋਂ ਹੀ ਸੀ, ਕਿਉਂਕਿ ਕਈ ਆਮ ਵਿਅਕਤੀਆਂ ਨੂੰ ਉਸ ਨੇ ਪ੍ਰਭਾਵਿਤ ਕਰ ਲਿਆ ਸੀ। ਅਜਿਹੇ ਮੌਕੇ ਗਹਿਰੀ ਚਾਲ ਖੇਡਦਿਆਂ ਪੰਡਤ ਰਾਮ ਚੰਦਰ ਪਿਸ਼ਾਵਰੀ ਨੇ ਭਾਈ ਰਾਮ ਸਿੰਘ ਧੁਲੇਤਾ ਨੂੰ ਕਿਹਾ ਕਿ ਉਹ .ਗ਼ਦਰੀ ਯੋਧਿਆਂ ਲਈ ਸੁਨੇਹਾ ਲੈ ਕੇ ਭਾਰਤ ਰਵਾਨਾ ਹੋ ਜਾਣ। ਉਸ ਨੇ 'ਗੁਪਤ ਸਨੇਹਾ' ਭਾਈ ਸਾਹਿਬ ਦੇ ਬੂਟ ਦੇ ਤਲਿਆਂ ਵਿੱਚ ਲਕੋ ਕੇ ਭੇਜਿਆ ਅਤੇ ਕਿਹਾ ਕਿ ਇਸ ਵਿੱਚ 'ਗੁਪਤ ਸੰਦੇਸ਼ ਅਤੇ ਪੈਸੇ' ਹਨ, ਤਾਂ ਕਿ ਭਾਰਤ ਵਿੱਚ .ਗ਼ਦਰੀ ਯੋਧੇ ਇਹ ਧਨ ਹਥਿਆਰਾਂ ਲਈ ਖਰਚ ਕਰ ਲੈਣ।

ਭਾਈ ਰਾਮ ਸਿੰਘ ਧੁਲੇਤਾ ਅਮਰੀਕਾ ਤੋਂ ਮਨੀਲੇ ਪੁੱਜ ਗਏ ਜਦ ਕਿ ਉਧਰੋਂ ਭਾਈ ਭਗਵਾਨ ਸਿੰਘ ਪ੍ਰੀਤਮ ਉੱਥੇ ਰੁਕੇ ਹੋਏ ਸਨ। ਜਦੋਂ ਉਹਨਾਂ ਪੰਡਤ ਰਾਮ ਚੰਦਰ ਪਿਸ਼ਾਵਰੀ ਦੇ 'ਗੁਪਤ ਸਨੇਹੇ' ਦੀ ਗੱਲ ਭਾਈ ਰਾਮ ਸਿੰਘ ਧੁਲੇਤਾ ਤੋਂ ਸੁਣੀ, ਤਾਂ ਭਾਈ ਪ੍ਰੀਤਮ ਨੂੰ ਸ਼ੱਕ ਹੋਇਆ। ਉਹਨਾਂ ਬੂਟ ਦੇ ਤਲੇ ਪੁੱਟ ਕੇ ਜੋ ਗੁਪਤ ਸੁਨੇਹਾ ਕੱਢਿਆ, ਉਹ .ਗ਼ਦਰ ਅਖਬਾਰ ਦਾ ਇੱਕ ਪੁਰਾਣਾ ਇਸ਼ਤਿਹਾਰ ਸੀ ਅਤੇ ਕੋਈ ਪੈਸਾ-ਧੇਲਾ ਨਹੀਂ ਸੀ। ਰਾਮ ਚੰਦਰ ਪੇਸ਼ਾਵਰੀ ਦੀ ਅਜਿਹੀ ਬੇਈਮਾਨੀ ਅਤੇ ਸਾਜਿਸ਼ ਤੋਂ ਭਾਈ ਰਾਮ ਸਿੰਘ ਧੁਲੇਤਾ ਅਤਿਅੰਤ ਨਿਰਾਸ਼ ਹੋਏ। .ਗ਼ਦਰ ਪਾਰਟੀ ਦੇ ਸਕੱਤਰ ਭਾਈ ਸੰਤੋਖ ਸਿੰਘ ਧਰਦਿਓ ਅਤੇ ਭਾਈ ਰਾਮ ਸਿੰਘ ਧੁਲੇਤਾ ਕੁਝ ਸਮਾਂ ਚੀਨ ਵਿੱਚ ਰੁਕੇ ਅਤੇ ਮਗਰੋਂ ਜਪਾਨ ਦੇ ਟਾਪੂ 'ਹੁਨੂਲੂਲੂ' ਵਿਖੇ ਪੁੱਜ ਗਏ। ਇਹ ਉਹੀ ਟਾਪੂ ਹੈ, ਜੋ ਅੱਜ ਕੱਲ 'ਹਵਾਈ' ਦੀ ਸੈਰਗਾਹ ਬਣਿਆ ਹੋਇਆ ਹੈ। ਇਥੇ .ਗ਼ਦਰੀ ਯੋਧੇ ਕੁਝ ਸਮਾਂ ਰੋਕੇ ਤੇ ਮਗਰੋਂ ਪੂਰਬੀ ਫਰੰਟ ਵੱਲੋਂ ਭਾਈ ਭਗਵਾਨ ਸਿੰਘ ਪ੍ਰੀਤਮ 1916 'ਚ ਅਕਤੂਬਰ ਮਹੀਨੇ ਅਮਰੀਕਾ ਪਹੁੰਚ ਗਏ, ਜਦ ਕਿ ਉਸ ਤੋਂ ਛੇਤੀ ਮਗਰੋਂ ਭਾਈ ਸੰਤੋਖ ਸਿੰਘ ਧਰਦਿਉ ਅਤੇ ਭਾਈ ਰਾਮ ਸਿੰਘ ਧੁਲੇਤਾ ਵੀ ਅਮਰੀਕਾ ਆ ਗਏ।

.ਗ਼ਦਰੀਆਂ ਦੇ ਅਮਰੀਕਾ ਤੋਂ ਪੰਜਾਬ ਵਿਚ ਚਲੇ ਜਾਣ ਮਗਰੋਂ, ਪੰਡਤ ਰਾਮ ਚੰਦਰ ਪਿਸ਼ਾਵਰੀ ਨੇ .ਗ਼ਦਰ ਪਾਰਟੀ ਦੇ ਫੰਡਾਂ ਦੀ ਰੱਜ ਕੇ ਦੁਰਵਰਤੋਂ ਕੀਤੀ। ਪਾਰਟੀ ਦੇ ਕਿਰਤੀ ਮੈਂਬਰਾਂ ਦੇ ਧਨ ਅਤੇ ਜਰਮਨ ਵੱਲੋਂ .ਗ਼ਦਰੀ ਪਾਰਟੀ ਨੂੰ ਆਈ ਮਦਦ ਨਾਲ, ਉਸ ਨੇ ਨਿੱਜੀ ਜਾਇਦਾਦ ਬਣਾਈ। ਇਸ ਤੋਂ ਇਲਾਵਾ ਪਾਰਟੀ ਹੈਡਕੁਆਰਟਰ ਅਤੇ ਪ੍ਰੈਸ ਨੂੰ ਨਿੱਜੀ ਮੁਫਾਦ ਲਈ ਵਰਤਿਆ। ਪਾਰਟੀ ਦੀ ਗੁਪਤ ਜਾਣਕਾਰੀ ਕੇ ਭੇਤ ਬਾਹਰ ਕੱਢ ਕੇ, ਉਹ ਹਕੂਮਤ ਨਾਲ ਮਿਲ ਕੇ, ਬਾਗੀਆਂ ਖਿਲਾਫ ਚਾਲ ਖੇਡ ਰਿਹਾ ਸੀ ਅਤੇ .ਗ਼ਦਰੀ




ਯੋਧਿਆਂ ਦੀ ਸਾਂਝੀ ਵਿਰਾਸਤ ਨੂੰ 'ਫਿਰਕੂ ਰੰਗਤ' ਦੇ ਰਿਹਾ ਸੀ। ਅਖ਼ਬਾਰ ਤੇ ਕਬਜ਼ਾ ਕਰਕੇ ਭ੍ਰਿਸ਼ਟਾਚਾਰ ਫੈਲਾ ਰਿਹਾ ਸੀ। ਅਮਰੀਕਾ ਵਾਪਸ ਆ ਕੇ ਜਦੋਂ ਭਾਈ ਭਗਵਾਨ ਸਿੰਘ ਪ੍ਰੀਤਮ, ਭਾਈ ਸੰਤੋਖ ਸਿੰਘ ਧਰਦਿਉ ਅਤੇ ਭਾਈ ਰਾਮ ਸਿੰਘ ਧੁਲੇਤਾ ਨੇ ਪੰਡਤ ਰਾਮ ਚੰਦਰ ਪਿਸ਼ਾਵਰੀ ਤੋਂ ਪਾਰਟੀ ਦੇ ਫੰਡਾਂ ਦਾ ਹਿਸਾਬ-ਕਿਤਾਬ ਮੰਗਿਆ, ਤਾਂ ਪੰਡਤ ਨੇ ਉਨਾਂ ਦਾ ਤਿੱਖਾ ਵਿਰੋਧ

ਡਾ. ਗੁਰਵਿੰਦਰ ਸਿੰਘ
604 825 1550



ਕੀਤਾ।

ਆਖਰਕਾਰ ਜਨਵਰੀ 1917 ਨੂੰ .ਗ਼ਦਰੀ ਆਗੂਆਂ ਨੇ ਸੈਕਰਾਮੈਂਟੋ ਵਿਖੇ ਕਾਨਫਰੰਸ ਕਰਕੇ, ਕਮੇਟੀ ਬਣਾ ਲਈ ਅਤੇ ਭਾਈ ਰਾਮ ਸਿੰਘ ਧੁਲੇਤਾ ਨੂੰ ਇਸ ਦਾ ਪ੍ਰਧਾਨ ਥਾਪਿਆ। ਇਸ ਦੇ ਵਿਰੋਧ 'ਚ ਪੰਡਤ ਰਾਮ ਚੰਦਰ ਪਿਸ਼ਾਵਰੀ ਨੇ 7 ਫਰਵਰੀ 1917 ਨੂੰ ਫਰਿਜਨੋ 'ਚ ਅਲੱਗ ਕਾਨਫਰੰਸ ਕਰਕੇ, ਵੱਖਰੀ .ਗ਼ਦਰ ਪਾਰਟੀ ਅਤੇ .ਗ਼ਦਰ ਅਖਬਾਰ ਕੱਢਣ ਦਾ ਫੈਸਲਾ ਕੀਤਾ ਅਤੇ ਵਿਰੋਧੀ ਧਿਰ ਦੇ ਆਗੂਆਂ ਨੂੰ ਪਾਰਟੀ ਵਿੱਚੋਂ ਬਾਹਰ ਕੱਢ ਦਿੱਤਾ। ਇਸ ਨਾਲ ਵਿਰੋਧ ਹੋਰ ਤਿੱਖਾ ਹੋ ਗਿਆ ਅਤੇ ਭਾਈ ਰਾਮ ਸਿੰਘ ਧੁਲੇਤਾ ਅਤੇ ਸਾਥੀਆਂ ਨੇ .ਗ਼ਦਰ ਪਾਰਟੀ ਹੈਡ ਕੁਆਰਟਰ ਪਹੁੰਚ ਕੇ ਪ੍ਰੈਸ ਅਤੇ ਆਸ਼ਰਮ ਦੇ ਮੁਕੰਮਲ ਕਬਜ਼ਾ ਕਰ ਲਿਆ। ਪੰਡਿਤ ਰਾਮ ਚੰਦਰ ਨੇ 'ਹਿੰਦੁਸਤਾਨ ਗਦਰ' ਅਖਬਾਰ ਅਤੇ ਪਾਰਟੀ ਰਜਿਸਟਰਡ ਕਰਵਾ ਲਏ। ਇਸ ਤਰ੍ਹਾਂ ਪਾਰਟੀ ਵਿੱਚ ਅੰਦਰੂਨੀ ਜੰਗ ਤਿੱਖੀ ਹੋ ਗਈ।

ਉਧਰ ਪਹਿਲਾਂ ਨਿਰਪੱਖ ਰਿਹਾ ਅਮਰੀਕਾ ਹੁਣ ਪਹਿਲੇ ਵਿਸ਼ਵ ਜੰਗ ਦੌਰਾਨ ਬਰਤਾਨੀਆਂ ਦੀ ਧਿਰ ਬਣ ਗਿਆ ਅਤੇ 6 ਅਪ੍ਰੈਲ 1917 ਨੂੰ ਬ੍ਰਿਟਿਸ਼ ਦੀ ਹੱਕ ਵਿੱਚ ਆ ਖੜਾ ਹੋਇਆ। ਅਮਰੀਕਾ ਚ ਬੈਠੇ ਬ੍ਰਿਟਿਸ਼ ਵਿਰੋਧੀ .ਗ਼ਦਰੀਆਂ ਅਤੇ ਜਰਮਨਾਂ ਖਿਲਾਫ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਆਧਾਰ 'ਤੇ ਅਮਰੀਕਾ ਤੋਂ 17 .ਗ਼ਦਰੀ ਯੋਧਿਆਂ ਅਤੇ 18 ਜਰਮਨਾਂ ਨੂੰ ਗ੍ਰਿਫਤਾਰ ਕਰ ਲਿਆ। ਇਹਨਾਂ .ਗ਼ਦਰੀਆਂ ਵਿੱਚ ਭਾਈ ਰਾਮ ਸਿੰਘ ਧੁਲੇਤਾ, ਭਾਈ ਸੰਤੋਖ ਸਿੰਘ ਧਰਦਿਉ ਅਤੇ ਭਾਈ ਭਗਵਾਨ ਸਿੰਘ ਪ੍ਰੀਤਮ ਅਤੇ ਕਈ ਹੋਰਨਾਂ ਨੂੰ ਗ੍ਰਿਫਤਾਰ ਕੀਤਾ ਗਿਆ, ਦੂਜੇ ਪਾਸੇ ਵਿਰੋਧੀ ਧਿਰ ਦੇ ਪੰਡਤ ਰਾਮ ਚੰਦਰ ਪਿਸ਼ਾਵਰੀ ਨੂੰ ਵੀ ਉਸ ਦੇ ਸਾਥੀਆਂ ਨਾਲ ਫੜ ਲਿਆ ਗਿਆ। ਇਹਨਾਂ ਸਾਰਿਆਂ ਖਿਲਾਫ 'ਹਿੰਦੂ ਜਰਮਨ ਸਾਜਿਸ਼ ਕੇਸ' ਨਾਂ ਦਾ ਮੁਕਦਮਾ ਚਲਾਇਆ ਗਿਆ। ਇਹ ਮੁਕਦਮਾ 20 ਨਵੰਬਰ 1917 ਤੋਂ 24 ਅਪ੍ਰੈਲ 1918 ਤੱਕ ਚੱਲਦਾ ਰਿਹਾ।

ਇਤਿਹਾਸਿਕ ਹਵਾਲਿਆਂ ਅਨੁਸਾਰ ਇਸ ਵਿੱਚ ਅਮਰੀਕਾ ਸਰਕਾਰ ਨੇ ਪੰਜ ਲੱਖ ਡਾਲਰ ਅਤੇ ਬ੍ਰਿਟਿਸ਼ ਸਰਕਾਰ ਨੇ 25 ਲੱਖ ਡਾਲਰ ਖਰਚੇ, ਤਾਂ ਕਿ ਉਹਨਾਂ ਦੇ ਖਿਲਾਫ ਤਾਕਤਾਂ ਦਾ ਸਫਾਇਆ ਕੀਤਾ ਜਾ ਸਕੇ। ਅਜਿਹੀ ਹਾਲਤ ਵਿੱਚ .ਗ਼ਦਰ ਪਾਰਟੀ ਨੇ ਫੈਸਲਾ ਕੀਤਾ ਕਿ ਆਪਸੀ ਖਾਨਾ-ਜੰਗੀ ਬੰਦ ਕੀਤੀ ਜਾਵੇ ਅਤੇ ਸਾਂਝੇ ਵਕੀਲ ਰਾਹੀਂ ਇਸ ਲੜਾਈ ਲੜੀ ਜਾਏ। ਦੂਜੇ ਪਾਸੇ .ਗ਼ਦਰ ਵਿਰੋਧੀ ਚਾਲ ਖੇਡਦਿਆਂ ਰਾਮ ਚੰਦਰ ਪਿਸ਼ਾਵਰੀ ਨੇ ਅਜਿਹਾ ਕਰਨੋ ਇਨਕਾਰ ਕਰ ਦਿੱਤਾ। 23 ਅਪ੍ਰੈਲ 1918 ਨੂੰ ਸਾਨ-ਫਰਾਂਸਿਸਕੋ ਅਦਾਲਤ ਵਿੱਚ ਅਜਿਹੀ ਘਟਨਾ ਵਾਪਰੀ, ਜਿਸ ਨੇ .ਗ਼ਦਰ ਪਾਰਟੀ ਦੇ ਅਧਿਆਇ ਵਿੱਚ ਖੂਨੀ ਪੰਨਾ ਜੋੜ ਦਿੱਤਾ। ਇਸ ਦਿਨ ਰਾਮ ਚੰਦਰ ਪੇਸ਼ਾਵਰੀ ਅਦਾਲਤ ਵਿੱਚ, ਬਾਕੀ ਗਦਰੀਆਂ ਤੋਂ ਵੱਖ ਹੋ ਕੇ, ਆਪਣੇ ਵਕੀਲ ਰਾਹੀਂ ਕਾਰਵਾਈ ਕਰਵਾ ਰਿਹਾ ਸੀ, ਤਾਂ ਉਸ ਵੇਲੇ ਭਾਈ ਰਾਮ ਸਿੰਘ ਧੁਲੇਤਾ ਨੇ ਆਪਣੇ ਪਿਸਤੌਲ ਨਾਲ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਪੰਡਤ ਰਾਮ ਚੰਦਰ ਪਿਸ਼ਾਵਰੀ ਦੇ ਤਿੰਨ ਗੋਲੀਆਂ ਲੱਗੀਆਂ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਉਧਰ ਅਦਾਲਤ ਵਿੱਚ ਮੌਜੂਦ ਮਾਰਸ਼ਲ ਹੌਲੋਹੈਨ ਨੇ ਪਿਸਤੌਲ ਕੱਢਿਆ ਅਤੇ ਭਾਈ ਰਾਮ ਸਿੰਘ ਧੁਲੇਤਾ ਤੇ ਗੋਲੀ ਚਲਾ ਦਿੱਤੀ। ਇਹ ਗੋਲੀ ਭਾਈ ਸਾਹਿਬ ਦੇ ਦਿਲ 'ਤੇ ਜਾ ਲੱਗੀ ਅਤੇ ਉਹ ਉਥੇ ਹੀ ਸ਼ਹੀਦ ਹੋ ਗਏ।

ਪੰਡਿਤ ਰਾਮ ਚੰਦਰ ਪਿਸ਼ਾਵਰੀ ਨੂੰ ਗਦਰੀ ਯੋਧੇ ਭਾਈ ਰਾਮ ਸਿੰਘ ਧੁਲੇਤਾ ਵੱਲੋਂ 'ਸੋਧਾ ਲਾਉਣਾ' ਗਦਰ ਪਾਰਟੀ ਦੀ ਨਿਯਮਾਂ ਮੁਤਾਬਕ ਸੀ, ਕਿਉਂਕਿ .ਗ਼ਦਰ ਪਾਰਟੀ ਦੇ ਅਸੂਲਾਂ ਅਨੁਸਾਰ ਪਾਰਟੀ ਦੇ ਫੰਡਾਂ ਦੀ ਦੁਰਵਰਤੋਂ ਕਰਨ, .ਗ਼ਦਰ ਪਾਰਟੀ ਵਿਰੋਧੀ ਗਤੀਵਿਧੀਆਂ ਕਰਨ ਅਤੇ ਪਾਰਟੀ ਦੇ ਭੇਤ ਦੁਸ਼ਮਣ ਨੂੰ ਦੇਣ ਦੀ ਸਜ਼ਾ ਮੌਤ ਸੀ। ਰਾਮ ਚੰਦਰ ਨੇ ਅਜਿਹੇ ਸਾਰੇ ਕੰਮ ਕੀਤੇ ਸਨ, ਜਿਸ ਦੇ ਕਾਰਨ ਉਸ ਨੂੰ 'ਸੋਧਣ' ਦਾ ਫੈਸਲਾ ਲਿਆ ਗਿਆ। 'ਹਿੰਦੂ- ਜਰਮਨ ਕਾਨਸਪਰੇਸੀ ਕੇਸ' ਦੇ ਰਿਕਾਰਡ ਤੇ ਵੇਰਵਿਆਂ 'ਚ ਇਹ ਵੀ ਦਰਜ ਹੈ ਕਿ ਇਹ ਫੈਸਲਾ .ਗ਼ਦਰ ਪਾਰਟੀ ਵੱਲੋਂ ਸਾਂਝੇ ਤੌਰ 'ਤੇ ਲਿਆ ਗਿਆ ਸੀ।

ਪੰਡਿਤ ਰਾਮ ਚੰਦਰ ਪਿਸ਼ਾਵਰੀ ਨੂੰ ਸੋਧਾ ਲਾਉਣ ਦੀਆਂ ਲਈ .ਗ਼ਦਰੀਆਂ ਦੇ ਨਾਵਾਂ ਦੀਆਂ ਪਰਚੀਆਂ ਪਾਈਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਭਾਈ ਰਾਮ ਸਿੰਘ ਧੁਲੇਤਾ ਦੇ ਨਾਂ ਦੀ ਪਰਚੀ ਨਿਕਲੀ, ਜਿਸ ਕਾਰਨ ਉਹਨਾਂ ਨੇ ਰਾਮ ਚੰਦਰ ਪਿਸ਼ਾਵਰੀ ਨੂੰ ਸੋਧਣ ਲਈ ਇਹ ਕਦਮ ਚੁੱਕਿਆ। ਸਾਨ-ਫਰਾਂਸਿਸਕੋ ਵਿਚ ਚੱਲੇ 'ਹਿੰਦੂ ਜਰਮਨ ਸਾਜਿਸ਼ ਕੇਸ' ਵਿੱਚ ਦਰਜਨ ਤੋਂ ਉਪਰ ਜਰਮਨਾਂ ਤੇ .ਗ਼ਦਰੀਆਂ ਨੂੰ ਸਜ਼ਾਵਾਂ ਸੁਣਾਈਆਂ ਸਨ। ਜਿਨ੍ਹਾਂ .ਗ਼ਦਰੀ ਬਾਬਿਆਂ ਨੂੰ ਸਜਾ ਸੁਣਾਈ ਗਈ, ਤਾਰਕਨਾਥ ਦਾਸ ਨੂੰ 22-ਮਹੀਨੇ, ਭਗਵਾਨ ਸਿੰਘ ਨੂੰ 18-ਮਹੀਨੇ, ਗੋਪਾਲ ਸਿੰਘ ਸੋਹੀ ਨੂੰ 18-ਮਹੀਨੇ, ਗੋਧਾ ਰਾਮ ਨੂੰ 11-ਮਹੀਨੇ, ਗੋਬਿੰਦ ਬਿਹਾਰੀ ਲਾਲ ਨੂੰ 10-ਮਹੀਨੇ, ਸੰਤੋਖ ਸਿੰਘ ਨੂੰ 21-ਮਹੀਨੇ, ਨਿਰੰਜਨ ਦਾਸ ਨੂੰ 6-ਮਹੀਨੇ, ਸੁੰਦਰ ਸਿੰਘ ਨੂੰ 3-ਮਹੀਨੇ, ਬਿਸ਼ਨ ਬਿਹਾਰੀ ਹਿੰਦੀ ਨੂੰ 9-ਮਹੀਨੇ, ਮਹਾਂਦਿਓ ਅਬਾਜੀ ਨੂੰ 3-ਮਹੀਨੇ, ਮੁਨਸ਼ੀ ਰਾਮ ਨੂੰ 2-ਮਹੀਨੇ, ਨਿਧਾਨ ਸਿੰਘ ਨੂੰ 4-ਮਹੀਨੇ, ਇਮਾਮਦੀਨ ਨੂੰ 4-ਮਹੀਨੇ, ਧਰਿੰਦਰ ਸਰਕਾਰ ਨੂੰ 4-ਮਹੀਨੇ ਤੇ ਚੰਦਰ ਕਾਂਤਾ ਚਕਰ ਨੂੰ 1-ਮਹੀਨੇ ਦੀ ਸਜ਼ਾਅ ਦਿੱਤੀ ਗਈ। ਬਾਅਦ ਵਿੱਚ ਗਦਰ ਪਾਰਟੀ ਦੇ ਬਾਹਰਲੇ ਆਗੂਆਂ ਨੇ ਪੈਸੇ ਇਕੱਠੇ ਕਰਕੇ, ਸਾਰਿਆਂ ਨੂੰ ਜਮਾਨਤ 'ਤੇ ਰਿਹਾਅ ਕਰਾ ਲਿਆ ਸੀ।

ਸ਼ਹੀਦ ਭਾਈ ਰਾਮ ਸਿੰਘ ਧੁਲੇਤਾ .ਗ਼ਦਰ ਸੰਘਰਸ਼ ਲਈ ਵਿੱਚ ਜਾਨ ਵਾਰ ਗਏ। ਉਨ੍ਹਾਂ ਆਪਣਾ ਤਨ, ਮਨ, ਧਨ, ਸਭ ਆਜ਼ਾਦੀ ਦੀ ਲਹਿਰ ਨੂੰ ਸਮਰਪਿਤ ਕਰ ਦਿੱਤਾ। ਉਹਨਾਂ ਦਾ ਨਾਂ 'ਕੌਮੀ ਪਰਵਾਨੇ' ਵਜੋਂ ਸੁਨਹਿਰੀ ਅੱਖਰਾਂ ਵਿੱਚ ਸਦਾ ਕਾਇਮ ਰਹੇਗਾ। ਪਿੰਡ ਧੁਲੇਤਾ ਵਿਖੇ ਬਣਿਆ ਯਾਦਗਾਰੀ ਗੇਟ ਭਾਈ ਰਾਮ ਸਿੰਘ ਧੁਲੇਤਾ ਦੀ ਮਹਾਨ ਕੁਰਬਾਨੀ ਨੂੰ ਬਿਆਨ ਕਰਦਾ ਹੈ।

ਸ਼ਹੀਦ ਭਾਈ ਰਾਮ ਸਿੰਘ ਧੁਲੇਤਾ ਦੀ ਤਸਵੀਰ ਬਾਰੇ ਗਲਤ-ਫਹਿਮੀ :

ਸ਼ਹੀਦ ਭਾਈ ਰਾਮ ਸਿੰਘ ਧੁਲੇਤਾ ਦੀ ਅਸਲ ਤਸਵੀਰ 1927 ਦੇ 'ਕਿਰਤੀ' ਅਖਬਾਰ ਦੇ ਫਰਵਰੀ ਅੰਕ ਵਿੱਚ ਛਪੀ ਹੋਈ ਹੈ, ਜਿਸ ਨੂੰ ਹੋਰਨਾਂ ਤੋਂ ਇਲਾਵਾ, ਇਤਿਹਾਸਕਾਰ ਰਾਜਵਿੰਦਰ ਸਿੰਘ ਰਾਹੀ ਨੇ ਆਪਣੀ ਕਿਤਾਬ ਵਿੱਚ ਛਾਪਿਆ ਹੈ, ਪਰ ਗਲਤ- ਫਹਿਮੀ ਨਾਲ ਸ਼ਹੀਦ ਭਾਈ ਹਰਨਾਮ ਸਿੰਘ ਸਿਆਲਕੋਟ ਦੀ ਤਸਵੀਰ ਭਾਈ ਰਾਮ ਸਿੰਘ ਧੁਲੇਤਾ ਦੇ ਨਾਂ 'ਤੇ, ਕਈ ਕਿਤਾਬਾਂ ਵਿੱਚ ਛਪ ਗਈ ਹੈ। ਇਥੋਂ ਤੱਕ ਕਿ ਇਤਿਹਾਸਕਾਰ ਸੋਹਣ ਸਿੰਘ ਪੂੰਨੀ ਦੀ ਲਿਖੀ ਕਿਤਾਬ 'ਕਨੇਡਾ ਦੀ ਗਦਰੀ ਯੋਧੇ' ਵਿੱਚ ਭਾਈ ਰਾਮ ਸਿੰਘ ਧੁਲੇਤਾ ਦੇ ਜੀਵਨ ਬਾਰੇ ਲਿਖੇ ਪ੍ਰਭਾਵਸ਼ਾਲੀ ਲੇਖ ਵਿੱਚ ਗਲਤ ਤਸਵੀਰ ਛਪ ਗਈ। ਇਸ ਤੋਂ ਮਗਰੋਂ ਬਹੁਤ ਸਾਰੀਆਂ ਕਿਤਾਬਾਂ ਅਤੇ ਅਖਬਾਰਾਂ ਵਿੱਚ ਭਾਈ ਹਰਨਾਮ ਸਿੰਘ ਦੀ ਤਸਵੀਰ ਨੂੰ, ਭਾਈ ਧੁਲੇਤਾ ਦੀ ਤਸਵੀਰ ਕਹਿ ਕੇ ਛਾਪਿਆ ਜਾ ਰਿਹਾ ਹੈ, ਜੋ ਕਿ ਗਲਤ ਹੈ। ਦਰਅਸਲ ਸ਼ਹੀਦ ਕਰਤਾਰ ਸਿੰਘ ਸਰਾਭਾ ਨਾਲ, ਭਾਈ ਹਰਨਾਮ ਸਿੰਘ ਸਿਆਲਕੋਟ ਦੋ ਸਾਲ ਪਹਿਲਾਂ ਹੀ ਸ਼ਹੀਦ ਹੋ ਗਏ ਸਨ ।16 ਨਵੰਬਰ 1915 ਨੂੰ ਭਾਈ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਹੋਰ ਸਾਥੀਆਂ; ਬਖਸ਼ੀਸ਼ ਸਿੰਘ, ਜ਼ਿਲ੍ਹਾ ਅੰਮ੍ਰਿਤਸਰ; ਹਰਨਾਮ ਸਿੰਘ, ਜ਼ਿਲ੍ਹਾ ਸਿਆਲਕੋਟ; ਜਗਤ ਸਿੰਘ, ਜ਼ਿਲ੍ਹਾ ਲਾਹੌਰ; ਸੁਰੈਣ ਸਿੰਘ -1 ਅਤੇ ਸੁਰੈਣ -2, ਦੋਨੋਂ ਜ਼ਿਲ੍ਹਾ ਅੰਮ੍ਰਿਤਸਰ ਅਤੇ ਵਿਸ਼ਨੂੰ ਗਣੇਸ਼ ਪਿੰਗਲੇ, ਜ਼ਿਲ੍ਹਾ ਪੂਨਾ (ਮਹਾਰਾਸ਼ਟਰ) ਦੇ ਨਾਲ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫ਼ਾਂਸੀ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਧੁਲੇਤਾ ਅਤੇ ਭਾਈ ਸਿਆਲਕੋਟੀ ਦੋਹਾਂ ਦੀ ਸ਼ਹਾਦਤ ਮਹਾਨ ਹੈ, ਪਰ ਗਲਤ-ਫਹਿਮੀ ਦੂਰ ਕਰਨੀ ਇਤਿਹਾਸਕਾਰਾਂ, ਖੋਜੀਆਂ ਅਤੇ ਲਿਖਾਰੀਆਂ ਦਾ ਫਰਜ਼ ਬਣਦਾ ਹੈ।

# ਕੇਂਦਰੀ ਮੰਤਰੀ ਚਿਰਾਗ ਪਾਸਵਾਨ ਪਰਿਵਾਰ ਸਮੇਤ ਤਖ਼ਤ ਸ੍ਰੀ ਪਟਨਾ ਸਾਹਿਬ ਨਤਮਸਤਕ; ਸਰਬੱਤ ਦੇ ਭਲੇ ਲਈ ਕੀਤੀ ਅਰਦਾਸ





ਪਟਨਾ (ਬਿਹਾਰ), (ਸਾਡੇ ਲੋਕ) : ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੇ ਅੱਜ ਐਤਵਾਰ ਨੂੰ ਆਪਣੇ ਪਰਿਵਾਰਕ ਮੈਂਬਰਾਂ ਨਾਲ ਮਿਲ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਹਾਜ਼ਰੀ ਭਰੀ।

ਸ਼ਰਧਾ ਅਤੇ ਅਰਦਾਸ: ਚਿਰਾਗ ਪਾਸਵਾਨ ਨੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਅਰਦਾਸ ਕਰਕੇ ਸਰਬੱਤ ਦੇ ਭਲੇ ਅਤੇ ਦੇਸ਼ ਦੀ ਤਰੱਕੀ ਲਈ ਅਸ਼ੀਰਵਾਦ ਮੰਗਿਆ।

ਪਰਿਵਾਰਕ ਹਾਜ਼ਰੀ: ਮੰਤਰੀ ਦੇ ਨਾਲ ਉਨ੍ਹਾਂ ਦੀ ਮਾਤਾ ਅਤੇ ਪਰਿਵਾਰ ਦੇ ਹੋਰ ਮੈਂਬਰ ਵੀ ਮੌਜੂਦ ਸਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿੱਚ ਕੁਝ ਸਮਾਂ ਬਿਤਾਇਆ ਅਤੇ ਕੀਰਤਨ ਦਾ ਅਨੰਦ ਲਿਆ।

ਲੰਗਰ ਸੇਵਾ: ਦਰਸ਼ਨਾਂ ਤੋਂ ਬਾਅਦ ਚਿਰਾਗ ਪਾਸਵਾਨ ਨੇ ਪਰਿਵਾਰ ਸਮੇਤ ਪੰਗਤ ਵਿੱਚ ਬੈਠ ਕੇ ਗੁਰੂ ਕਾ ਲੰਗਰ ਵੀ ਛਕਿਆ।

ਚਿਰਾਗ ਪਾਸਵਾਨ ਦਾ ਸੰਦੇਸ਼: ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਆ ਕੇ ਉਨ੍ਹਾਂ ਨੂੰ ਹਮੇਸ਼ਾ ਮਾਨਸਿਕ ਸ਼ਾਂਤੀ ਅਤੇ ਨਵੀਂ ਊਰਜਾ ਮਿਲਦੀ ਹੈ। ਉਨ੍ਹਾਂ ਨੇ ਸਿੱਖ ਕੌਮ ਵੱਲੋਂ ਮਨੁੱਖਤਾ ਦੀ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਵੀ ਸ਼ਲਾਘਾ ਕੀਤੀ।

# ਮੈਂ ਕਿਸੇ ਮਜਬੂਰੀ ਵਿੱਚ ਭਾਜਪਾ ਵਿੱਚ ਸ਼ਾਮਲ ਨਹੀਂ ਹੋਈ, ਸਗੋਂ ਮੋਦੀ ਜੀ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਇਹ ਫੈਸਲਾ ਲਿਆ ਹੈ : ਸਵਾਤੀ ਮਾਲੀਵਾਲ







ਨਵੀਂ ਦਿੱਲੀ (ਸਾਡੇ ਲੋਕ ਬਿਊਰੋ) : ਭਾਰਤੀ ਦੀ ਸਿਆਸਤ 'ਚ ਇੱਕ ਵੱਡਾ ਸਿਆਸੀ ਉਲਟਫੇਰ ਹੋਇਆ ਹੈ। ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਰਸਮੀ ਤੌਰ 'ਤੇ ਭਾਰਤੀ ਜਨਤਾ ਪਾਰਟੀ (BJP) ਵਿੱਚ ਸ਼ਾਮਲ ਹੋ ਗਏ ਹਨ। ਦਿੱਲੀ ਭਾਜਪਾ ਦੇ ਸੂਬਾ ਦਫ਼ਤਰ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਦਿੱਲੀ ਭਾਜਪਾ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ।

ਇਸ ਘਟਨਾ ਨਾਲ ਜੁੜੇ ਮੁੱਖ ਨੁਕਤੇ ਹੇਠਾਂ ਦਿੱਤੇ ਗਏ ਹਨ:

ਰਸਮੀ ਸ਼ਮੂਲੀਅਤ: ਸਵਾਤੀ ਮਾਲੀਵਾਲ ਨੇ ਅੱਜ ਦਿੱਲੀ ਭਾਜਪਾ ਪ੍ਰਧਾਨ ਵੀਰੇਂਦਰ ਸਚਦੇਵਾ ਦੀ ਮੌਜੂਦਗੀ ਵਿੱਚ ਭਾਜਪਾ ਦਾ ਪੱਲਾ ਫੜਿਆ। ਇਸ ਮੌਕੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

7 ਸੰਸਦ ਮੈਂਬਰਾਂ ਦਾ ਸਮੂਹ: ਮਾਲੀਵਾਲ ਉਨ੍ਹਾਂ ਸੱਤ 'ਆਪ' ਰਾਜ ਸਭਾ ਮੈਂਬਰਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੇ ਬੀਤੇ ਸ਼ੁੱਕਰਵਾਰ (24 ਅਪ੍ਰੈਲ) ਨੂੰ ਰਾਘਵ ਚੱਢਾ ਦੀ ਅਗਵਾਈ ਵਿੱਚ ਭਾਜਪਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਸੀ। ਇਸ ਸਮੂਹ ਵਿੱਚ ਸੰਦੀਪ ਪਾਠਕ, ਅਸ਼ੋਕ ਮਿੱਤਲ, ਵਿਕਰਮਜੀਤ ਸਿੰਘ ਸਾਹਨੀ, ਹਰਭਜਨ ਸਿੰਘ ਅਤੇ ਰਾਜਿੰਦਰ ਗੁਪਤਾ ਵੀ ਸ਼ਾਮਲ ਹਨ।

ਦੋ-ਤਿਹਾਈ ਬਹੁਮਤ: ਇਨ੍ਹਾਂ 7 ਮੈਂਬਰਾਂ ਦੇ ਇਕੱਠੇ ਪਾਰਟੀ ਛੱਡਣ ਕਾਰਨ 'ਆਪ' ਦੇ ਰਾਜ ਸਭਾ ਬਲਾਕ ਦਾ ਦੋ-ਤਿਹਾਈ ਹਿੱਸਾ ਹੁਣ ਭਾਜਪਾ ਨਾਲ ਜੁੜ ਗਿਆ ਹੈ, ਜਿਸ ਕਾਰਨ ਦਲ-ਬਦਲੀ ਵਿਰੋਧੀ ਕਾਨੂੰਨ ਤਹਿਤ ਉਨ੍ਹਾਂ ਦੀ ਮੈਂਬਰੀ 'ਤੇ ਕੋਈ ਅਸਰ ਨਹੀਂ ਪਵੇਗਾ।

ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕਰਦਿਆਂ ਦੋਸ਼ ਲਾਇਆ ਕਿ ਪਾਰਟੀ ਹੁਣ ਆਪਣੇ ਮੂਲ ਸਿਧਾਂਤਾਂ ਤੋਂ ਭਟਕ ਚੁੱਕੀ ਹੈ ਅਤੇ ਭ੍ਰਿਸ਼ਟਾਚਾਰ ਦਾ ਅੱਡਾ ਬਣ ਗਈ ਹੈ। ਉਨ੍ਹਾਂ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ (ਜਿਨ੍ਹਾਂ ਨੇ 2025 ਵਿੱਚ ਭਾਜਪਾ ਸਰਕਾਰ ਬਣਨ 'ਤੇ ਸਹੁੰ ਚੁੱਕੀ ਸੀ) ਦੀ ਅਗਵਾਈ ਹੇਠ ਹੋ ਰਹੇ ਵਿਕਾਸ ਕਾਰਜਾਂ ਦੀ ਵੀ ਸ਼ਲਾਘਾ ਕੀਤੀ।

ਸਿਆਸੀ ਪਿਛੋਕੜ:
ਸਵਾਤੀ ਮਾਲੀਵਾਲ ਦਾ 'ਆਪ' ਨਾਲ ਵਿਵਾਦ 2024 ਵਿੱਚ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਉਨ੍ਹਾਂ ਨੇ ਮੁੱਖ ਮੰਤਰੀ ਰਿਹਾਇਸ਼ 'ਤੇ ਕਥਿਤ ਤੌਰ 'ਤੇ ਹਮਲੇ ਦੇ ਦੋਸ਼ ਲਗਾਏ ਸਨ। ਪਿਛਲੇ ਦੋ ਸਾਲਾਂ ਤੋਂ ਉਹ ਪਾਰਟੀ ਦੀਆਂ ਨੀਤੀਆਂ ਦੀ ਸਖ਼ਤ ਆਲੋਚਨਾ ਕਰ ਰਹੇ ਸਨ।

# ਪ੍ਰਧਾਨ ਮੰਤਰੀ ਮੋਦੀ ਦਾ ਖੇਡ ਪ੍ਰੇਮ; ਨੌਜਵਾਨਾਂ ਨਾਲ ਖੇਡੀ ਫੁੱਟਬਾਲ ਅਤੇ ਸਾਂਝੀ ਕੀਤੀ ਗਰੁੱਪ ਫੋਟੋ







ਗੰਗਟੋਕ (ਸਿੱਕਮ), (ਸਾਡੇ ਲੋਕ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਸਿੱਕਮ ਦੌਰੇ ਦੌਰਾਨ ਗੰਗਟੋਕ ਵਿੱਚ ਸਥਾਨਕ ਨੌਜਵਾਨਾਂ ਅਤੇ ਉਭਰਦੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਨਾ ਸਿਰਫ਼ ਨੌਜਵਾਨਾਂ ਨਾਲ ਗੱਲਬਾਤ ਕੀਤੀ, ਸਗੋਂ ਮੈਦਾਨ ਵਿੱਚ ਉਤਰ ਕੇ ਉਨ੍ਹਾਂ ਨਾਲ ਫੁੱਟਬਾਲ ਦਾ ਆਨੰਦ ਵੀ ਲਿਆ।

ਨੌਜਵਾਨਾਂ ਦਾ ਉਤਸ਼ਾਹ: ਜਦੋਂ ਪ੍ਰਧਾਨ ਮੰਤਰੀ ਫੁੱਟਬਾਲ ਮੈਦਾਨ ਵਿੱਚ ਪਹੁੰਚੇ, ਤਾਂ ਨੌਜਵਾਨਾਂ ਵਿੱਚ ਭਾਰੀ ਜੋਸ਼ ਦੇਖਣ ਨੂੰ ਮਿਲਿਆ। ਪੀਐਮ ਮੋਦੀ ਨੇ ਖਿਡਾਰੀਆਂ ਦੇ ਨਾਲ ਗੇਂਦ ਨੂੰ ਕਿੱਕ (Kick) ਮਾਰ ਕੇ ਖੇਡ ਦੀ ਸ਼ੁਰੂਆਤ ਕੀਤੀ।

ਗਰੁੱਪ ਫੋਟੋ: ਖੇਡ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਨੌਜਵਾਨ ਖਿਡਾਰੀਆਂ ਨਾਲ ਇੱਕ ਯਾਦਗਾਰ ਗਰੁੱਪ ਫੋਟੋ ਵੀ ਖਿਚਵਾਈ। ਉਨ੍ਹਾਂ ਨੇ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਖੇਡਾਂ ਨੂੰ ਉਤਸ਼ਾਹ: ਇਸ ਫੇਰੀ ਰਾਹੀਂ ਪ੍ਰਧਾਨ ਮੰਤਰੀ ਨੇ ਇੱਕ ਵਾਰ ਫਿਰ 'ਖੇਲੋ ਇੰਡੀਆ' ਅਤੇ 'ਫਿੱਟ ਇੰਡੀਆ' ਮੁਹਿੰਮ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਪਹਾੜੀ ਖੇਤਰਾਂ ਦੇ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਬਹੁਤ ਸਮਰੱਥਾ ਹੈ।

ਪ੍ਰਧਾਨ ਮੰਤਰੀ ਦਾ ਇਹ ਅੰਦਾਜ਼ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਿਹਾ ਹੈ। ਲੋਕਾਂ ਅਨੁਸਾਰ, ਅਜਿਹੀਆਂ ਗਤੀਵਿਧੀਆਂ ਨਾਲ ਨੌਜਵਾਨਾਂ ਵਿੱਚ ਖੇਡਾਂ ਪ੍ਰਤੀ ਰੁਚੀ ਵਧਦੀ ਹੈ ਅਤੇ ਉਹ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਚੁਣਦੇ ਹਨ।

## ਅਯੁੱਧਿਆ ਰਾਮਾਇਣ ਵੈਕਸ ਮਿਊਜ਼ੀਅਮ ਤਿਆਰ

# ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਕਰਨਗੇ ਉਦਘਾਟਨ, ਮੋਮ ਦੇ ਪੁਤਲਿਆਂ ਰਾਹੀਂ ਦਿਖਾਈ ਦੇਵੇਗੀ ਪ੍ਰਭੂ ਰਾਮ ਦੀ ਜੀਵਨ ਗਾਥਾ












ਅਯੁੱਧਿਆ (ਉੱਤਰ ਪ੍ਰਦੇਸ਼), (ਸਾਡੇ ਲੋਕ ਬਿਊਰੋ) : ਰਾਮ ਨਗਰੀ ਅਯੁੱਧਿਆ ਵਿੱਚ ਸੈਲਾਨੀਆਂ ਅਤੇ ਸ਼ਰਧਾਲੂਆਂ ਲਈ ਇੱਕ ਨਵਾਂ ਅਧਿਆਤਮਿਕ ਅਤੇ ਕਲਾਤਮਕ ਕੇਂਦਰ ਖੁੱਲ੍ਹਣ ਜਾ ਰਿਹਾ ਹੈ। ਪ੍ਰਸਿੱਧ ਵੈਕਸ ਮੂਰਤੀਕਾਰ ਸੁਨੀਲ ਕਾਂਡਾਲੂਰ (Sunil Kandaloor) ਦੁਆਰਾ ਤਿਆਰ ਕੀਤਾ ਗਿਆ ਇਹ ਮਿਊਜ਼ੀਅਮ ਰਾਮਾਇਣ ਦੇ ਪ੍ਰਸੰਗਾਂ ਨੂੰ ਮੋਮ ਦੀਆਂ ਜੀਵੰਤ ਮੂਰਤੀਆਂ ਰਾਹੀਂ ਪੇਸ਼ ਕਰਦਾ ਹੈ।

**ਮਿਊਜ਼ੀਅਮ ਦੀਆਂ ਮੁੱਖ ਵਿਸ਼ੇਸ਼ਤਾਵਾਂ:**

**ਤਿੰਨ ਸਾਲਾਂ ਦੀ ਮਿਹਨਤ:** ਸੁਨੀਲ ਕਾਂਡਾਲੂਰ ਨੇ ਦੱਸਿਆ ਕਿ ਇਸ ਮਿਊਜ਼ੀਅਮ ਨੂੰ ਤਿਆਰ ਕਰਨ ਵਿੱਚ ਲਗਭਗ ਤਿੰਨ ਸਾਲ ਦਾ ਸਮਾਂ ਲੱਗਿਆ ਹੈ। ਉਨ੍ਹਾਂ ਲਈ ਇਹ ਇੱਕ ਸੁਪਨਾ ਸੱਚ ਹੋਣ ਵਰਗਾ ਹੈ ਕਿ ਇਸ ਦਾ ਉਦਘਾਟਨ ਯੋਗੀ ਆਦਿੱਤਿਆਨਾਥ ਦੇ ਹੱਥੋਂ ਹੋ ਰਿਹਾ ਹੈ।

**ਜੀਵੰਤ ਦ੍ਰਿਸ਼:** ਮਿਊਜ਼ੀਅਮ ਵਿੱਚ ਲਗਭਗ 40 ਮਹੱਤਵਪੂਰਨ ਦ੍ਰਿਸ਼ (Scenes) ਦਿਖਾਏ ਗਏ ਹਨ। ਇਨ੍ਹਾਂ ਵਿੱਚ ਭਗਵਾਨ ਰਾਮ ਦਾ ਬਨਵਾਸ, ਸੀਤਾ ਮਾਤਾ, ਲਛਮਣ, ਹਨੂੰਮਾਨ ਜੀ ਅਤੇ ਰਾਵਣ ਦੇ ਬਹੁਤ ਹੀ ਬਾਰੀਕੀ ਨਾਲ ਤਿਆਰ ਕੀਤੇ ਗਏ ਪੁਤਲੇ ਸ਼ਾਮਲ ਹਨ।

**ਮੁੱਖ ਆਕਰਸ਼ਣ:** ਰਾਮਾਇਣ ਦੀ ਪੂਰੀ ਕਹਾਣੀ, ਰਾਮ ਦੇ ਜਨਮ ਤੋਂ ਲੈ ਕੇ ਰਾਵਣ ਦੇ ਨਾਲ ਹੋਏ ਅੰਤਿਮ ਯੁੱਧ ਤੱਕ, ਬਹੁਤ ਹੀ ਪ੍ਰਭਾਵਸ਼ਾਲੀ ਅਤੇ ਯਥਾਰਥਵਾਦੀ (Realistic) ਢੰਗ ਨਾਲ ਪੇਸ਼ ਕੀਤੀ ਗਈ ਹੈ।

**ਲੋਕਾਂ ਲਈ ਖੁੱਲ੍ਹਣ ਦਾ ਸਮਾਂ:** ਮੁੱਖ ਮੰਤਰੀ ਵੱਲੋਂ ਉਦਘਾਟਨ ਕੀਤੇ ਜਾਣ ਦੇ ਅਗਲੇ ਹੀ ਦਿਨ ਇਹ ਮਿਊਜ਼ੀਅਮ ਆਮ ਜਨਤਾ ਲਈ ਖੋਲ੍ਹ ਦਿੱਤਾ ਜਾਵੇਗਾ।

**ਕਲਾਕਾਰ ਦਾ ਸੰਦੇਸ਼:**

ਸੁਨੀਲ ਕਾਂਡਾਲੂਰ ਅਨੁਸਾਰ, ਇਹ ਮਿਊਜ਼ੀਅਮ ਨਵੀਂ ਪੀੜ੍ਹੀ ਨੂੰ ਰਾਮਾਇਣ ਦੇ ਆਦਰਸ਼ਾਂ ਅਤੇ ਭਾਰਤੀ ਸੰਸਕ੍ਰਿਤੀ ਨਾਲ ਜੋੜਨ ਦਾ ਇੱਕ ਆਧੁਨਿਕ ਜ਼ਰੀਆ ਬਣੇਗਾ। ਹਰ ਮੂਰਤੀ ਦੇ ਹਾਵ-ਭਾਵ ਇੰਨੇ ਅਸਲੀ ਹਨ ਕਿ ਸ਼ਰਧਾਲੂਆਂ ਨੂੰ ਲੱਗੇਗਾ ਜਿਵੇਂ ਉਹ ਰਾਮਾਇਣ ਦੇ ਯੁੱਗ ਵਿੱਚ ਪਹੁੰਚ ਗਏ ਹੋਣ।

# ਪੁੰਛ 'ਚ ਵਿਧਾਇਕ ਏਜਾਜ਼ ਅਹਿਮਦ ਜਾਨ ਨੇ ਖਿਡਾਰੀਆਂ ਨੂੰ ਵੰਡੀਆਂ ਸਪੋਰਟਸ ਕਿੱਟਾਂ

## ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ 'ਚ ਨਾਮ ਕਮਾਉਣ ਦਾ ਦਿੱਤਾ ਸੱਦਾ













ਪੁੰਛ (ਜੰਮੂ-ਕਸ਼ਮੀਰ), (ਸਾਡੇ ਲੋਕ ਬਿਊਰੋ) : ਹਵੇਲੀ ਹਲਕੇ ਤੋਂ ਵਿਧਾਇਕ ਏਜਾਜ਼ ਅਹਿਮਦ ਜਾਨ ਨੇ ਪੁੰਛ ਵਿੱਚ ਸਥਾਨਕ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਖੇਡਾਂ ਦਾ ਸਾਮਾਨ ਅਤੇ ਸਪੋਰਟਸ ਕਿੱਟਾਂ ਵੰਡੀਆਂ। ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਸਰਹੱਦੀ ਖੇਤਰ ਦੇ ਨੌਜਵਾਨਾਂ ਨੂੰ ਖੇਡਾਂ ਦੇ ਬਿਹਤਰ ਮੌਕੇ ਪ੍ਰਦਾਨ ਕਰਨਾ ਹੈ।

ਨੌਜਵਾਨਾਂ ਦੀ ਹੌਸਲਾ ਅਫ਼ਜ਼ਾਈ: ਵਿਧਾਇਕ ਏਜਾਜ਼ ਜਾਨ ਨੇ ਵੱਖ-ਵੱਖ ਖੇਡਾਂ (ਕ੍ਰਿਕਟ, ਫੁੱਟਬਾਲ ਅਤੇ ਵਾਲੀਬਾਲ) ਦੇ ਉਭਰਦੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਪੁੰਛ ਦੇ ਨੌਜਵਾਨਾਂ ਵਿੱਚ ਬਹੁਤ ਪ੍ਰਤਿਭਾ ਹੈ, ਬੱਸ ਉਨ੍ਹਾਂ ਨੂੰ ਸਹੀ ਸਾਧਨਾਂ ਅਤੇ ਸੇਧ ਦੀ ਲੋੜ ਹੈ।

ਨਸ਼ਾ ਮੁਕਤ ਸਮਾਜ ਦਾ ਸੁਨੇਹਾ: ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਜ਼ੋਰ ਦਿੱਤਾ ਕਿ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਮੁਤਾਬਕ ਖੇਡਾਂ ਹੀ ਅਜਿਹਾ ਮਾਰਗ ਹਨ ਜੋ ਨੌਜਵਾਨਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾ ਸਕਦੀਆਂ ਹਨ।

ਬੁਨਿਆਦੀ ਢਾਂਚੇ ਦਾ ਵਾਅਦਾ: ਵਿਧਾਇਕ ਨੇ ਭਰੋਸਾ ਦਿੱਤਾ ਕਿ ਉਹ ਹਲਕੇ ਵਿੱਚ ਖੇਡ ਮੈਦਾਨਾਂ ਦੇ ਸੁਧਾਰ ਅਤੇ ਨਵੇਂ ਸਪੋਰਟਸ ਸੈਂਟਰ ਖੋਲ੍ਹਣ ਲਈ ਸਰਕਾਰ ਪੱਧਰ 'ਤੇ ਲਗਾਤਾਰ ਯਤਨਸ਼ੀਲ ਰਹਿਣਗੇ।

ਖਿਡਾਰੀਆਂ ਦਾ ਪ੍ਰਤੀਕਰਮ (Reax): ਖੇਡ ਕਿੱਟਾਂ ਹਾਸਲ ਕਰਨ ਤੋਂ ਬਾਅਦ ਨੌਜਵਾਨਾਂ ਦੇ ਚਿਹਰਿਆਂ 'ਤੇ ਖੁਸ਼ੀ ਦੇਖਣ ਨੂੰ ਮਿਲੀ। ਖਿਡਾਰੀਆਂ ਨੇ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਕੋਸ਼ਿਸ਼ਾਂ ਨਾਲ ਉਨ੍ਹਾਂ ਦਾ ਮਨੋਬਲ ਵਧਦਾ ਹੈ ਅਤੇ ਉਹ ਭਵਿੱਖ ਵਿੱਚ ਰਾਸ਼ਟਰੀ ਪੱਧਰ 'ਤੇ ਖੇਡਣ ਦਾ ਸੁਪਨਾ ਪੂਰਾ ਕਰ ਸਕਣਗੇ।

# 29 ਅਪ੍ਰੈਲ 1986 : ਖਾਲਿਸਤਾਨ ਐਲਾਨਨਾਮਾ ਦਿਹਾੜੇ ਦਾ 41ਵਾਂ ਵਰ੍ਹਾ

## ਪੰਥਕ ਕਮੇਟੀ ਦੇ ਪੰਜ ਮੈਂਬਰਾਂ ਨੇ ਅਕਾਲ ਤਖਤ ਸਾਹਿਬ ਤੇ ਕੀਤਾ ਸੀ ਖਾਲਿਸਤਾਨ ਦਾ ਐਲਾਨਨਾਮਾ



• ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ • ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ • ਸ਼ਹੀਦ ਭਾਈ ਅਰੂੜ ਸਿੰਘ • ਭਾਈ ਵੱਸਣ ਸਿੰਘ ਜੱਫਰਵਾਲ • ਭਾਈ ਧੰਨਾ ਸਿੰਘ

## 350,000 ਤੋਂ ਵੱਧ ਸਿੰਘ ਸਿੰਘਣੀਆਂ ਨੇ ਸ਼ਹਾਦਤਾਂ ਦਿੱਤੀਆਂ

**ੴ ਵਾਹਿਗੁਰੂ ਜੀ ਕੀ ਫਤਹਿ**
**ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ**
**ਪੰਥਕ ਪੰਜ ਮੈਂਬਰੀ ਕਮੇਟੀ**

1699 ਈ. ਦੀ ਵਿਸਾਖੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਹੋਇਆ ਪੰਥ ਖਾਲਸਾ ਇਕ ਵਾਰ ਮੁੜ ਫੇਰ 'ਧਰਿ ਤੇਜ ਕਰਾਰਾ' ਗੁਰੂ ਜੀ ਦੇ ਬਖਸ਼ ਹੋਏ 'ਰਾਜ ਕਰੇਗਾ ਖਾਲਸਾ' ਦਾ 26 ਜਨਵਰੀ 1986 ਦੇ 'ਸਰਬੱਤ ਖਾਲਸਾ' ਦੁਆਰਾ ਸਾਜੀ ਹੋਈ ਪੰਜ ਮੈਂਬਰੀ ਪੰਥਕ ਕਮੇਟੀ ਰਾਹੀਂ, 'ਖਾਲਿਸਤਾਨ' ਦਾ ਸਿੱਖ ਸੰਗਤਾਂ ਦਾ ਸੁਪਨਾ ਸਕਾਰ ਕਰਦਾ ਹੈ।

ਅੱਜ ਦੇ ਸੁਭਾਗੇ ਦਿਹਾੜੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਸਾਰੀ ਦੁਨੀਆਂ ਅਤੇ ਸਾਰੇ ਮੁਲਕਾਂ ਦੀਆਂ ਸਰਕਾਰਾਂ/ਹਕੂਮਤਾਂ ਦੇ ਸਾਹਮਣੇ ਐਲਾਨ ਕਰਦਾ ਹੈ ਅਤੇ ਉਨ੍ਹਾਂ ਨੂੰ ਸੂਚਿਤ ਕਰਦਾ ਹੈ ਕਿ ਅੱਜ ਤੋਂ ਖਾਲਸਾ ਪੰਥ ਦਾ ਆਪਣਾ ਘਰ 'ਖਾਲਿਤਸਾਨ' ਹੇਵੇਗਾ, ਇਥੇ ਸਿੱਖਾਂ ਦੇ ਬੋਲਬਾਲੇ, ਝੰਡੇ, ਬੁੰਗੇ ਅਤੇ ਚੌਕੀਆਂ ਸਦਾ ਲਈ ਅਟੱਲ ਰਹਿਣਗੀਆਂ। ਇਥੇ ਸਰਬੱਤ ਦਾ ਭਲਾ ਮੰਗਣ ਵਾਲਿਆਂ ਅਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲਿਆਂ ਦਾ ਰਾਜ ਭਾਗ ਉਤੇ ਪੂਰਾ ਕੰਟਰੋਲ ਹੋਵੇਗਾ।

'ਖਾਲਿਸਤਾਨ' ਦਾ ਨਾਅਰਾ ਜੋ ਕਈ ਸਾਲਾਂ ਤੋਂ ਸਿੱਖ ਸੰਗਤਾਂ ਅਤੇ ਸਿੱਖ ਨੌਜਵਾਨਾਂ ਦੇ ਹਿਰਦਿਆਂ ਨੂੰ ਟੁੰਬਦਾ ਚਲਿਆ ਆ ਰਿਹਾ ਹੈ ਅਤੇ ਜਿਸ ਦੀ ਨੀਂਹ ਰੱਖਣ ਦਾ ਜ਼ਿਕਰ ਸ੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ 3 ਜੂਨ 1984 ਨੂੰ ਸਾਹਿਬ ਸ੍ਰੀ ਦਰਬਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਉਪਰ ਭਾਰਤ ਦੀ ਹਿੰਦੂ ਸਰਕਾਰ ਵਲੋਂ ਫੌਜੀ ਹਮਲੇ ਆਰੰਭ ਸਮੇਂ ਕੀਤਾ ਸੀ। ਸਿੱਖ ਸੰਗਤਾਂ ਨੇ ਇਸ ਵਿਚਾਰ ਦੀ ਬੜੇ ਹਰਸ ਅਤੇ ਉਲਾਸ ਨਾਲ 13 ਅਪ੍ਰੈਲ 1984 ਨੂੰ ਸੱਦੇ ਗਏ ਸਰਬੱਤ ਖਾਲਸਾ ਦੇ ਸਮੇਂ ਪ੍ਰੌੜਤਾ ਕੀਤੀ ਸੀ। ਸਿੱਖ ਸੰਗਤਾਂ ਆਪਣੀ ਰੋਜ਼ ਦੀ ਅਰਦਾਸ ਸਮੇਂ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਦੁਹਰਾਉਂਦੀਆਂ ਹਨ, ਪਰ ਅੱਜ ਗੁਰੂ ਦੀ ਅਪਾਰ ਕਿਰਪਾ ਦੁਆਰਾ ਉਹ 'ਖਾਲਿਤਸਾਨ' ਦਾ ਸੰਕਲਪ ਮੂਰਤੀਮਾਨ ਕੀਤਾ ਜਾ ਰਿਹਾ ਹੈ। ਦਮਦਮੀ ਟਕਸਾਲ ਵਲੋਂ ਸੱਦੇ ਗਏ ਸਰਬੱਤ ਖਾਲਸਾ ਸਮੇਂ ਸਥਾਪਤ ਕੀਤੀ ਗਈ



ਸ਼ਹੀਦ ਭਾਈ ਗੁਰਦੇਵ ਸਿੰਘ ਕਾਊਂਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ



ਸ਼ਹੀਦ ਭਾਈ ਗੁਰਬਚਨ ਸਿੰਘ ਮਾਨੋਚਾਹਲ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ



ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ



ਸ਼ਹੀਦ ਜਥੇਦਾਰ ਅਰੂੜ ਸਿੰਘ



ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ

ਪੰਜ ਮੈਂਬਰੀ ਪੰਥਕ ਕਮੇਟੀ ਅੱਜ 'ਖਾਲਿਸਤਾਨ' ਦਾ ਐਲਾਨ ਕਰਦੀ ਹੈ। ਖਾਲਸਾ ਪੰਥ ਅਤੇ ਸਭ ਸਿੱਖ ਸੰਗਤਾਂ ਸਿੰਘਾਂ ਸਿੰਘਣੀਆਂ ਅਤੇ ਮਾਈ-ਭਾਈ ਨੂੰ ਖਾਲਸਾ ਜੀ ਦਾ ਇਹ ਆਦੇਸ਼ ਸੁਣਾਇਆ ਜਾਂਦਾ ਹੈ ਤਾਂ ਜੋ ਅਸੀਂ ਸਾਰੇ ਆਪਣੀ-ਆਪਣੀ ਥਾਂ ਅਤੇ ਆਪਣੀ-ਆਪਣੀ ਸਥਿਤੀ ਮੁਤਾਬਕ ਇਸ ਸ਼ੁਭ ਕਾਰਜ ਦੀ ਪੂਰਤੀ ਲਈ ਆਪਣਾ ਤਨ, ਮਨ, ਧਨ ਅਰਪੀ ਬਣ ਕੇ ਗੁਰ ਸਾਖੀ ਪਰਵਾਨ ਚੜ੍ਹ ਸਕੀਏ।

'ਮਰਣੁ ਮੁਣਸਾ ਸੂਰਿਆ ਹਕ ਹੈ, ਜੋ ਹੋਇ ਮਰਣੁ ਪਰਵਾਣੋ' ਦੇ ਕਥਨ ਅਨੁਸਾਰ ਹਰ ਕੁਰਬਾਨੀ ਤੇ ਘਾਲਣਾ ਲਈ ਤਿਆਰ-ਬਰ-ਤਿਆਰ ਰਹਿਣ ਦਾ ਇਕ ਬਿਗਲ ਅੱਜ ਪੰਜ ਮੈਂਬਰੀ ਪੰਥਕ ਕਮੇਟੀ ਸੰਗਤਾਂ ਨੂੰ ਦਿੰਦੀ ਹੈ।

ਖਾਲਸਾ ਪੰਥ ਦਾ ਮਨਸਾ ਪ੍ਰੇਮ ਅਤੇ ਪਿਆਰ ਨਾਲ ਗੁਰੂ ਜੀ ਦੀ ਮਿਹਰ ਨਾਲ ਕਾਰਜ ਸਿੱਧੀ ਕਰਨਾ ਹੈ। ਸਾਡਾ 'ਨਾ ਕੋ ਵੈਰੀ ਨਹੀ ਬਿਗਾਨੇ ਸਗਲ ਸੰਗਿ ਹਮ ਕੋ ਬਣ ਆਈ' ਦਾ ਪ੍ਰੋਗਰਾਮ ਹੈ। ਅਸੀਂ ਕੋਈ ਉਥਲ ਪੁੱਥਲ ਕਰਨ ਅਤੇ ਅਜਾਈਂ ਲਹੂ ਡੋਲ੍ਹਣ ਦੇ ਹੱਕ ਵਿਚ ਨਹੀਂ ਅਤੇ ਦੂਸਰਿਆਂ ਪਾਸੋਂ ਭੀ ਇਹੋ ਆਸ ਕਰਦੇ ਹਾਂ। ਭਾਰਤ ਦੀ ਹਿੰਦੂ ਬਹੁ-ਗਿਣਤੀ ਅਤੇ ਸਰਕਾਰ ਦੇ ਸਾਹਮਣੇ ਸਾਰੇ ਮਸਲੇ ਗੱਲਬਾਤ ਰਾਹੀਂ ਨਜਿੱਠਣ ਲਈ ਆਪਣਾ ਸੰਕਲਪ ਜਾਹਿਰ ਕਰਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਭਾਰਤ ਸਰਕਾਰ ਬ੍ਰਹਮਣਵਾਦ ਦੀ ਕੁਟਲ ਸਿੱਖ ਵਿਰੋਧੀ ਨੀਤੀ ਤੋਂ ਪ੍ਰਭਾਵਿਤ ਨਾ ਹੁੰਦਿਆਂ ਹੋਇਆਂ ਅਸਲੀਅਤ ਨੂੰ ਅਮਲੀ ਰੂਪ ਵਿਚ ਗ੍ਰਹਿਣ ਕਰੇਗੀ ਅਤੇ 'ਖਾਲਿਸਤਾਨ' ਦੀ ਹੋਂਦ ਨੂੰ ਮਾਨਤਾ ਦੇਵੇਗੀ, ਇਹੋ ਹੀ ਭਾਰਤ ਦਾ ਅਸਲੀ ਸਤਿਆਗ੍ਰਹਿ ਹੋਵੇਗਾ।

**ਰਾਜਸੀ ਮਾਨਤਾ :** ਖਾਲਸਾ ਪੰਥ ਦੁਨੀਆਂ ਦੀਆਂ ਸਭ ਸਰਕਾਰਾਂ/ਹਕੂਮਤਾਂ ਪਾਸੋਂ ਖਾਸ ਕਰਕੇ ਅਮਰੀਕਾ (ਯੂ.ਐਸ.ਏ.) ਇੰਗਲੈਂਡ, ਪਾਕਿਸਤਾਨ, ਚੀਨ, ਕੈਨੇਡਾ, ਵੈਸਟ ਜਰਮਨੀ ਅਤੇ ਵਾਰਸਾ ਸੰਧੀ ਦੇਸ਼ਾਂ ਇਟਲੀ, ਫਰਾਂਸ, ਜਾਪਾਨ, ਸ੍ਰੀਲੰਕਾ, ਨੇਪਾਲ, ਬਰਮਾ, ਭੂਟਾਨ, ਬੰਗਲਾ ਦੇਸ਼, ਇਰਾਨ, ਇਰਾਕ, ਸਾਉਦੀ ਅਰਬ, ਇਜਰਾਈਲ, ਇਕਵਾਡੋਰ ਆਦਿ ਸਭ ਸਰਕਾਰਾਂ ਪਾਸੋਂ ਰਾਜਸੀ ਮਾਨਤਾ ਦੀ ਮੰਗ ਕਰਦੀ ਹੈ। ਯੂ.ਐਨ.ਓ. ਅਤੇ ਉਸ ਦੇ ਸਾਰੇ ਮੈਂਬਰ ਦੇਸਾਂ ਤੋਂ ਵੀ ਅਸੀਂ ਰਾਜਸੀ ਮਾਨਤਾ ਦੀ ਮੰਗ ਕਰਦੇ ਹਾਂ। ਯੂ.ਐਨ.ਓ. ਪਾਸ ਅਸੀਂ 'ਖਾਲਿਤਸਾਨ' ਸਬੰਧੀ ਸਿਆਸੀ, ਫੌਜੀ ਅਤੇ ਮਨੁੱਖੀ ਅਧਿਕਾਰਾਂ ਦੇ ਪੈਦਾ ਹੋਏ ਅਤੇ ਪੈਦਾ ਹੋਣ ਵਾਲੇ ਮਸਲਿਆਂ ਵਿਚ ਵੀ ਸਹਾਇਤਾ ਦੀ ਮੰਗ ਕਰਦੇ ਹਾਂ।

ਅਸੀਂ ਆਸ ਰੱਖਦੇ ਹਾਂ 'ਖਾਕਿਸਤਾਨ' ਦੀ ਨਵੀਂ ਬਣਨ ਵਾਲੀ ਸਰਕਾਰ ਛੇਤੀ ਤੋਂ ਛੇਤੀ ਹੋਂਦ ਵਿਚ ਆ ਜਾਵੇਗੀ ਪਰ ਇਹ ਰਾਜਸੀ ਮਾਨਤਾ ਦੀ ਮੰਗ ਪੰਥ ਆਪਣੀ ਇਸ ਸਰਕਾਰ ਵਲੋਂ ਹੀ ਮੰਗ ਰਿਹਾ ਹੈ ਤਾਂ ਜੋ ਮਾਨਤਾ ਦੀ ਦੇਰੀ ਕਾਰਨ ਪੈਦਾ ਹੋਣ ਵਾਲੇ ਮਸਲੇ ਖੜ੍ਹੇ ਹੋਣ ਤੋਂ ਪਹਿਲਾਂ ਹੀ ਰੋਕੇ ਜਾ ਸਕਣ। ਭਾਰਤ ਸਰਕਾਰ ਤੋਂ ਮਾਨਤਾ ਦੀ ਮੰਗ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ ਤਾਂ ਜੋ ਚੰਗੇ ਗੁਆਂਢੀਆਂ ਵਾਲਾ ਵਾਤਾਵਾਰਣ ਮੌਜੂਦ ਪੰਜਾਬ ਅਤੇ ਸਰਕਾਰ ਭਾਰਤ ਵਿਚ ਅਮਨ ਚੈਨ, ਭਾਈ ਭਰੇਪਣ ਅਤੇ ਸਹਿਨਸ਼ੀਲਤਾ ਨੂੰ ਉਭਾਰੇ ਅਤੇ ਅਜੋਕੇ ਸਮੇਂ ਦੀ ਕੁੜੱਤਣ ਸਮਾਪਤ ਕੀਤੀ ਜਾ ਸਕੇ।

ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ 'ਖਾਲਿਸਤਾਨ' ਦੇ ਹੋਂਦ ਵਿਚ ਆ ਜਾਣ ਨਾਲ ਸਾਰੀਅ ਲੋੜੀਂਦੀਆਂ ਰਾਜਸੀ, ਫੌਜੀ ਅਤੇ ਸਿਆਸੀ ਕਾਰਵਾਈਆਂ ਕਰੇ, ਜਿਸ ਤਰ੍ਹਾਂ ਕਿ ਫੌਜੀ ਕਬਜ਼ਾ ਖਤਮ ਕਰਨਾ ਅਤੇ ਸਾਰੇ ਜਾਹਰਾਨਾ ਫੌਜੀ ਅਤੇ ਨੀਮ ਫੌਜੀ ਦਸਤਿਆਂ ਨੂੰ ਕੱਢਣਾ। ਸਰਕਾਰੀ ਪ੍ਰਬੰਧਕ ਢਾਂਚੇ ਨੂੰ 'ਖਾਲਿਤਸਾਨ' ਆਦੇਸ਼ ਮੰਨਣ ਦੀ ਹਦਾਇਤ ਕੀਤੀ ਜਾਣੀ ਚਾਹੀਦੀ ਹੈ।

'ਖਾਲਿਸਤਾਨ' ਮੌਜੂਦਾ ਤਰਜ-ਏ-ਹਕੂਮਤ/ਪ੍ਰਬੰਧਕੀ ਬੰਨ੍ਹਣ ਵਿਚ ਫਿਲਹਾਲ ਕੋਈ ਵੱਡੀ ਤਬਦੀਲੀ ਨਹੀਂ ਕਰਨੀ ਚਾਹੁੰਦਾ ਤਾਂ ਜੋ ਰੋਜ਼ ਦੇ ਕੰਮਾਂ ਕਾਰਾਂ ਵਿਚ ਵਿਘਨ ਨਾ ਪਵੇ। ਸਿਰਫ਼ ਪੰਜਾਬ ਸਰਕਾਰ/ਭਾਰਤ ਸਰਕਾਰ ਦੀਆਂ ਮੋਹਰਾਂ 'ਖਾਲਿਤਸਾਨ' ਵਿਚ ਬਦਲ ਜਾਣਗੀਆਂ।

ਸਿੱਖ ਸੰਗਤਾਂ ਨੂੰ ਖਾਸ ਕਰਕੇ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਸਬਰ ਅਤੇ ਸਹਿਨਸ਼ੀਲਤਾ ਤੋਂ ਕੰਮ ਲੈਣ। ਸਰਕਾਰੀ ਕਰਮਚਾਰੀਆਂ ਅਤੇ ਸਿੱਖ ਫੌਜੀਆਂ ਅਤੇ ਹਰ ਤਰ੍ਹਾਂ ਦੇ ਸਰਕਾਰੀ/ਨੀਮ ਸਰਕਾਰੀ ਮੁਲਾਜ਼ਮਾਂ ਨੂੰ ਪੰਥ ਦੇ ਸਪਸ਼ਟ ਹੁਕਮਾਂ ਦੀ ਇੰਤਜ਼ਾਰ ਕਰਨੀ ਚਾਹੀਦੀ ਹੈ ਅਤੇ ਕਿਸੇ ਕਿਸਮ ਦੀ ਭੜਕਾਹਟ ਵਿਚ ਆਏ ਬਗੈਰ ਆਪਣੀ ਡਿਊਟੀ ਇਮਾਨਦਾਰੀ ਅਤੇ ਨਿਯਮ ਅਨੁਸਾਰ ਨਿਭਾਉਂਦੇ ਰਹਿਣ। ਇਹ ਅਦੇਸ਼ ਅਤਿ ਜ਼ਰੂਰੀ ਹੈ ਤਾਂ ਜੋ ਖਾਲਸੇ ਦੀ ਮਨਸ਼ਾ ਅਨੁਸਾਰ ਹਰ ਕਿਸਮ ਦੀ ਉਥਲ ਪੁਥਲ ਤੋਂ ਬਚਿਆ ਜਾ ਸਕੇ ਅਤੇ ਸਰਕਾਰੀ ਪ੍ਰਾਪਰਟੀ/ਸਾਧਨਾਂ ਦਾ ਕੋਈ ਨੁਕਸਾਨ ਨਾ ਹੋਵੇ।

# 29 ਅਪ੍ਰੈਲ 1986 : ਖਾਲਿਸਤਾਨ ਐਲਾਨਨਾਮਾ ਦਿਹਾੜੇ ਦਾ 41ਵਾਂ ਵਰ੍ਹਾ

## ਪੰਥਕ ਕਮੇਟੀ ਦੇ ਪੰਜ ਮੈਂਬਰਾਂ ਨੇ ਅਕਾਲ ਤਖਤ ਸਾਹਿਬ ਤੇ ਕੀਤਾ ਸੀ ਖਾਲਿਸਤਾਨ ਦਾ ਐਲਾਨਨਾਮਾ

**ਇਸ ਬਾਰੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਉਘੇ ਸਿੱਖ ਆਗੂ ਸ੍ਰ. ਹਰਮਿੰਦਰ ਸਿੰਘ ਸਮਾਣਾ ਨੇ ਕਿਹਾ ਕਿ ਅਜ਼ਾਦੀ ਲਈ ਦੇਰ ਹੋ ਸਕਦੀ ਹੈ ਪਰ ਸਿੱਖਾਂ ਨੂੰ ਆਪਣੇ ਕਾਤਲਾਂ, ਬਲਾਤਕਾਰੀਆਂ ਤੋਂ ਅਲੱਗ ਹੋਣ ਲਈ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਕਿਹਾ ਕਿ 1986 'ਚ ਸਰਕਾਰ ਦੇ ਦੁਮਝਲੇ ਮੁੱਖ ਮੰਤਰੀ ਬਰਨਾਲੇ ਨੇ ਖਾਲਿਸਤਾਨ ਐਲਾਨਨਾਮੇ ਤੋਂ ਬਾਅਦ ਸਿੱਖਾਂ ਤੇ ਜੁਲਮ ਕੀਤਾ ਅਤੇ ਉਸ ਸਮੇਂ ਦਰਬਾਰ ਸਾਹਿਬ ਨੂੰ ਸੀ.ਆਰ.ਪੀ. ਅਤੇ ਪੁਲਿਸ ਨੇ ਘੇਰਾ ਪਾ ਲਿਆ ਅਤੇ 29 ਅਪ੍ਰੈਲ ਦੀ ਸਾਰੀ ਰਾਤ ਗੋਲੀ ਚਲਾਉਂਦੇ ਰਹੇ ਕਿਉਂਕਿ ਅੰਦਰ ਸਾਰੀਆਂ ਸੰਗਤਾਂ ਨਿਕਾਰੀਆਂ ਸਤ ਕਿਸੇ ਕੋਲ ਹਥਿਆਰ ਨਹੀਂ ਸੀ। ਇਸ ਕਰਕੇ ਸੰਗਤਾਂ ਨੇ ਅਰਦਾਸ ਕੀਤੀ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਪੰਜ ਸਿੰਘਾਂ ਨੇ ਹੁਕਮ ਕੀਤਾ। ਕੀ ਸ਼ਹਾਦਤ ਪਾਉਣ ਦਾ ਕੋਈ ਫਾਇਦਾ ਨਹੀਂ। ਬਿਨਾਂ ਹਥਿਆਰ ਲੜਨਾ ਠੀਕ ਨਹੀਂ। ਇਸ ਲਈ ਫੈਸਲਾ ਕੀਤਾ ਗਿਆ ਕਿ ਗ੍ਰਿਫ਼ਤਾਰੀ ਦਿੱਤੀ ਜਾਵੇ ਅਤੇ ਅੰਦਰੋਂ ਅਲਾਊਂਸਮੈਂਟ ਤੋਂ ਬਾਅਦ ਮੰਗ ਕੀਤੀ ਗਈ ਕਿ ਗੱਲਬਾਤ ਕਰਨ ਨਾਲ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਨੂੰ ਭੇਜਿਆ ਜਾਵੇ। ਉਸ ਸਮੇਂ ਦੇ ਐਸ.ਐਸ.ਪੀ. ਸਰਬਜੋਤ ਸਿੰਘ ਵਿਰਕ ਅਤੇ DGP Julio ਰਿਬੋਰੋ ਜੋ ਸਰਕਾਰੀ ਅਪ੍ਰੇਸ਼ਨ ਦੀ ਅਗਵਾਈ ਕਰ ਰਹੇ ਸਨ, ਸਾਹਮਣੇ ਸਿੰਘਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਉਸ ਰਾਤ ਨੂੰ ਮਾਲਮੰਡੀ ਦੇ ਇੰਟਰੋਗੇਸ਼ਨ ਸੈਂਟਰ ਅੰਮ੍ਰਿਤਸਰ ਜਿਸ ਨੂੰ ਸਿੱਖਾਂ ਲਈ ਬੁਚੜਖਾਨਾ ਕਿਹਾ ਜਾਂਦਾ ਸੀ ਰੋਇਆ ਗਿਆ ਅਤੇ ਦੂਸਰੇ ਦਿਨ ਜ਼ਿਲ੍ਹਾ ਵਾਈਜ਼ ਜੇਲ੍ਹਾਂ 'ਚ ਭੇਜ ਦਿੱਤਾ ਗਿਆ। ਫੜੇ ਗਏ ਸਿੰਘਾਂ ਵਿਚ ਭਾਈ ਜਗਦੀਸ਼ ਸਿੰਘ ਭੋਲਾ ਅਤੇ ਭਾਈ ਵੱਸਣ ਸਿੰਘ ਸਖੀਰਾ ਨੂੰ ਸੰਗਰੂਰ ਜੇਲ੍ਹ 'ਚ ਸ਼ਹੀਦ ਕਰ ਦਿੱਤਾ ਗਿਆ ਅਤੇ ਨਾਭੇ ਜੇਲ੍ਹ 'ਚ 1 ਜਨਵਰੀ 1987 ਨੂੰ ਭਾਈ ਬਲਵਿੰਦਰ ਸਿੰਘ ਲੁਹਾਰਾ ਨੂੰ ਸ਼ਹੀਦ ਕਰ ਦਿੱਤਾ ਗਿਆ। ਫਿਰ ਭਾਈ ਰਾਮ ਸਿੰਘ ਦਾਉਂ ਕਲਾਂ ਨੂੰ ਸ਼ਹੀਦ ਕਰਨ ਤੋਂ ਬਾਅਦ ਅੰਦਰ ਸਿੰਘਾਂ ਨੇ ਭੁੱਖ ਹੜਤਾਲ ਰੱਖ ਦਿੱਤੀ। ਇਸੇ ਹੀ ਜੇਲ੍ਹ 'ਚ ਪੰਥ ਦੇ ਮਹਾਨ ਜਰਨੈਲ ਭਾਈ ਮਨਵੀਰ ਸਿੰਘ ਚਹੇੜੂ ਅਤੇ ਭਾਈ ਤਰਸੇਮ ਸਿੰਘ ਕੁਹਾੜ ਬੰਦ ਸਨ, ਜਿਨ੍ਹਾਂ ਨੂੰ ਜਾਲਮ ਹੁਕਮਰਾਨ ਨੇ ਵੀ ਸ਼ਹੀਦ ਕਰ ਦਿੱਤਾ। ਅੱਜ ਅਸੀਂ 1986 ਨੂੰ ਹੋਏ ਸਰਬੱਤ ਖਾਲਸਾ ਅਤੇ ਖਾਲਿਸਤਾਨ ਡੈਕਲਾਰੇਸ਼ਨ ਦੀ ਯਾਦ ਨੂੰ ਸਮਰਪਿਤ ਸਿਰਜਦ ਕਰ ਰਹੇ ਹਾਂ।**



ਸ. ਹਰਮਿੰਦਰ ਸਿੰਘ ਸਮਾਣਾ
ਅਮਰੀਕਾ ਦੇ ਉਘੇ ਸਿੱਖ ਆਗੂ

'ਖਲਿਸਤਾਨ' ਦੀ ਸਰਕਾਰ ਗਠਨ ਕਰਨ ਦਾ ਕੰਮ ਖਾਲਿਸਤਾਨ ਦੇ ਨਿਸ਼ਚਿਤ ਕੀਤੇ ਗਏ ਪ੍ਰਧਾਨ ਮੰਤਰੀ/ਮੁਖੀ ਨੂੰ ਸੌਂਪ ਦਿੱਤਾ ਗਿਆ ਹੈ ਜਿਹੜਾ ਕਿ ਇਸ ਨੂੰ ਥੋੜ੍ਹੇ ਤੋਂ ਥੋੜ੍ਹੇ ਸਮੇਂ ਵਿਚ ਪੂਰਾ ਕਰਕੇ ਐਲਾਨ ਕਰ ਦੇਵੇਗਾ।

ਸਭ ਸਿੱਖ ਸਿਆਸੀ ਜਥੇਬੰਦੀਆਂ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ 'ਖਾਲਿਸਤਾਨ' ਪ੍ਰਤੀ ਆਪਣੀ ਸਹਿਮਤੀ ਅਤੇ ਵਫਾਦਾਰੀ ਦਾ ਐਲਾਨ ਕਰਕੇ 'ਖਾਲਿਸਤਾਨ' ਨੂੰ ਕਾਮਯਾਬ ਬਣਾਉਣ ਵਿਚ ਆਪਣਾ ਪੂਰਾ ਪੂਰਾ ਸਹਿਯੋਗ ਦੇਣ। ਇਸ ਸਮੇਂ ਮਤਭੇਦ ਪਿਛੇ ਪਾ ਕੇ ਪੰਥਕ ਏਕੇ ਦਾ ਸਬੂਤ ਦੇਣਾ ਹਰ ਸਿੱਖ ਦਾ ਫਰਜ਼ ਹੈ

**ਸਮਾਜਿਕ ਢਾਚਾ :** 'ਖਾਲਿਤਸਾਨ' ਗੁਰੂ ਆਸੇ ਅਨੁਸਾਰ ਆਪਣਾ ਸਮਾਜਿਕ ਢਾਂਚਾ "ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਉ ਮੈ ਸਾਰਾ॥" ਦੇ ਆਧਾਰ 'ਤੇ ਚਲਾਏ। ਮਨੁੱਖਤਾ ਅਤੇ ਪਛੜੇ ਹੋਏ ਪੇਂਡੂ ਸਮਾਜ ਨੂੰ ਵੇਚ ਖਾਣ, ਲੁੱਟ ਖਸੁੱਟ ਦੀ ਆਗਿਆ ਨਹੀਂ ਦੇਵੇਗਾ। ਖਾਲਸਾ ਮੁਨਫ਼ਾਖੋਰੀ, ਬਲੈਕ ਮਾਰਕੀਟ, ਮਿਲਾਵਟ ਅਤੇ ਅਜਿਹੇ ਹੋਰ ਸਮਜਿਕ ਤਰੁੱਟੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਨਾ ਹੀ ਲੋਕਾਂ ਨੂੰ ਮਨੋਵਿਗਿਆਨਕ ਢੰਗ ਨਾਲ ਬੌਣੇ ਬਣਾਉਣ ਦੀ ਆਗਿਆ ਦੇਵੇਗਾ।

ਮਨਮਰਜ਼ੀ ਨਾਲ ਲੋਕ ਰਾਇ ਘੜਣ ਦੀ ਅਖ਼ਬਾਰਾਂ, ਲਿਖਤਾਂ, ਵਿਦਿਆ ਅਤੇ ਪਰਚਾਰ ਦੇ ਦੂਸਰੇ ਸਾਧਨਾਂ ਰਾਹੀਂ ਕਿਸੇ ਇਕ ਫਿਰਕੇ ਜਾਂ ਟੋਲੇ ਨੂੰ ਆਪਣੀ ਕਾਰਜ ਸਿਧੀ ਲਈ ਆਗਿਆ ਨਹੀਂ ਦਿੱਤੀ ਜਾਵੇਗੀ।

ਰਾਜ ਦੇ ਉਤੇ ਧਰਮ ਦਾ ਪਹਿਰਾ ਸੰਵਿਧਾਨਕ ਢੰਗ ਨਾਲ ਪਰਪੱਕ ਕਰ ਦਿੱਤਾ ਜਾਵੇਗਾ ਅਤੇ ਸਿੱਖ ਧਰਮ 'ਖਾਲਿਸਤਾਨ' ਦਾ ਸਰਕਾਰੀ ਧਰਮ ਮੰਨਿਆ ਜਾਵੇਗਾ ਅਤੇ ਸਰਕਾਰ ਦਾ ਇਹ ਪਹਿਲਾ ਫਰਜ਼ ਹੋਵੇਗਾ ਕਿ 'ਖਾਲਿਸਤਾਨ' ਵਿਚ ਸਿੱਖੀ ਨੂੰ ਪ੍ਰਫੁੱਲਤ ਕੀਤਾ ਜਾਵੇ।

'ਖਾਲਿਸਤਾਨ' ਦੇ ਰਾਜਸੀ ਅਤੇ ਪ੍ਰਬੰਧਕ ਢਾਂਚੇ ਵਿਚ ਮੁੱਖ ਮਨੋਰਥ ਮਨੁੱਖਤਾ ਦਾ ਭਲਾ ਤੇ ਸਮਾਜ ਦੀ ਸੇਵਾ 'ਬਿਨ ਸੇਵਾ ਧ੍ਰਿਗ ਹਥ ਪੈਰੁ ਹੋਰੁ ਨਿਹਫਲ ਕਰਣੀ' ਮੁਤਾਬਿਕ ਢਾਲਿਆ ਜਾਵੇਗਾ। ਹਰ ਸਿੰਘ ਅਤੇ ਸਿੰਘਣੀਆਂ ਨੂੰ ਆਪਣੀ ਸਮਰੱਥਾ ਮੁਤਾਬਕ ਵੱਧਣ ਫੁੱਲਣ ਅਤੇ ਉਭਰਣ ਦਾ ਸਮਾਨ ਅਵਸਰ ਗਰੰਟੀ ਕੀਤਾ ਜਾਵੇਗਾ। ਵਿਦਿਆ ਦੀ ਘਾਟ ਅਤੇ ਸਮਾਜਿਕ ਪਛੜਾਪਨ ਉਨ੍ਹਾਂ ਦੇ ਰਸਤੇ ਵਿਚ ਰੁਕਾਵਟ ਨਹੀਂ ਬਣਨ ਦਿੱਤਾ ਜਾਵੇਗਾ। ਨਾ ਹੀ ਵਿਦਿਆ ਦੀ ਅਜਾਰੇਦਾਰੀ ਅਤੇ ਮਨਾਪਲੀ ਰਾਹੀਂ ਅਨਪੜ੍ਹਤਾ ਦੇ ਹੱਕ ਖੋਹਣ ਲਈ ਹਥਿਆਰ ਵਜੋਂ ਵਰਤਣ ਦੀ ਆਗਿਆ ਦਿੱਤੀ ਜਾਵੇਗੀ। ਜਿਸ ਤਰ੍ਹਾਂ ਕਿ ਅਮੀਰਾਂ ਅਤੇ ਸ਼ਹਿਰਾਂ ਵਿਚ ਰਹਿਣ ਵਾਲਿਆਂ ਦੇ ਬੱਚੇ ਚੰਗੀ ਵਿਦਿਆ ਪ੍ਰਾਪਤ ਕਰਕੇ ਪੇਂਡੂ ਅਤੇ ਗਰੀਬ ਬੱਚਿਆਂ ਨੂੰ ਪਿਛਾਂਹ ਸੁੱਟ ਦਿੰਦੇ ਹਨ ਅਤੇ ਆਪਣੇ ਹੱਕ ਤੋਂ ਵੱਧ ਕੁਦਰਤ ਦੀਆਂ ਨਿਹਮਤਾ ਮਾਣਦੇ ਹਨ। ਜਦੋਂਕਿ ਪੇਂਡੂ ਅਤੇ ਗਰੀਬਾਂ ਦੇ ਬੱਚੇ ਅਨਪੜ੍ਹਤਾ ਗਰੀਬੀ, ਬੀਮਾਰੀ ਅਤੇ ਪਛੜੇਪੁਣੇ ਦੇ ਪੁਸਤ-ਦਰ-ਪੁਸਤ ਸ਼ਿਕਾਰ ਬਣੇ ਰਹਿੰਦੇ ਹਨ। 'ਖਾਲਿਤਸਾਨ' ਕੁਦਰਤੀ ਨਿਹਮਤਾ ਅਤੇ ਜ਼ਰੂਰੀ ਜਰੂਰਤਾਂ (Minimum Needs) ਦੀ ਵੰਡ ਮਨੁੱਖੀ ਆਧਾਰਾਂ 'ਤੇ ਕਰਨਾ ਚਾਹੇਗਾ। ਅਜਾਰੇਦਾਰੀ ਅਤੇ ਸਰਮਾਏਦਾਰੀ ਨੂੰ ਸਰਕਾਰੀ ਮਸ਼ੀਨਰੀ ਅਤੇ ਜਨਤਾ ਦੀ ਸੋਚਣੀ ਉਤੇ ਪ੍ਰਭਾਵਿਤ ਨਹੀਂ ਹੋਣ ਦਿੱਤਾ ਜਾਵੇਗਾ। ਇਸ ਦੇ ਉਲਟ ਹਰ ਵਿਅਕਤੀ ਨੂੰ ਆਪਣੀ ਲਿਆਕਤ ਮਿਹਨਤ ਅਤੇ ਸਮਰੱਥਾ ਮੁਤਾਬਕ ਵਧਣ ਫੁੱਲਣ 'ਤੇ ਕੋਈ ਰੋਕ ਨਹੀਂ ਲਗਾਈ ਜਾਵੇਗੀ।

ਪ੍ਰਬੰਧਕੀ ਕੰਮਕਾਜ ਵਿਚ ਸਮਾਜ ਅਤੇ ਜਨਤਾ ਦੀ ਮਿਲਵਰਤਣ ਅਤੇ ਪੂਰੀ ਸਾਂਝੇਦਾਰੀ ਹੋਵੇਗੀ ਤਾਂ ਜੋ 'ਖਾਲਿਸਤਾਨ' ਵਿਚ ਵੀ ਕਲਰਕ ਬਾਦਸ਼ਾਹ ਪੈਦਾ ਨਾ ਹੋ ਸਕਣ। ਪਿੰਡਾਂ ਦੀ ਪੱਧਰ 'ਤੇ ਉਥੇ ਦੀ ਵੱਸੋਂ ਨੂੰ ਪੂਰੀ ਤਰ੍ਹਾਂ ਦੀਵਾਨੀ, ਫੌਜਦਾਰੀ, ਨਵ-ਉਸਾਰੀ ਅਤੇ ਨਿਆਂ ਅਨੁਸਾਰ ਕਰਨ ਵਿਚ ਭਾਈਚਾਲ ਬਣਾਇਆ ਜਾਵੇਗਾ ਤਾਂ ਜੋ ਝੂਠੇ ਗਵਾਹ ਅਤੇ ਪੁਲਿਸ ਮੁਖਬਰ (ਟਾਊਟ) ਸਚਾਈ ਨੂੰ ਛਪਾ ਕੇ ਅਨ੍ਹਿਆਂ ਨਾ ਕਰ ਸਕਣ। ਪਿੰਡਾਂ ਦੀ ਸ਼ਮੂਲੀਅਤ ਅਤੇ ਸਾਂਝੇਦਾਰੀ ਇਕ ਤੋਂ ਵੱਧ ਦੋ ਜਾਂ ਤਿੰਨ ਪੱਧਰ 'ਤੇ ਜਥੇਬੰਦ ਕੀਤੀ ਜਾਵੇਗੀ ਤਾਂ ਜੋ ਅਪੀਲ ਅਤੇ ਦਲੀਲ ਦਾ ਮੌਕਾ ਸਸਤਾ ਅਤੇ ਛੇਤੀ ਪ੍ਰਲਬਦ ਹੋ ਸਕੇ।

'ਖਾਲਿਸਤਾਨ' ਦੀ ਪਾਲਿਸੀ ਗੁਰੂ ਆਸੇ ਮੁਤਾਬਕ 'ਸਰਬੱਤ ਦਾ ਭਲਾ' ਮੰਗਣਾ ਸਭਿਆਚਾਰਕ ਜੀਵਨ ਨੂੰ ਉਤਸ਼ਾਹਿਤ ਕਰਨਾ ਅਤੇ ਮਨੁੱਖੀ ਏਕਤਾ ਅਤੇ ਸਹਿਯੋਗ ਦੀ ਭਾਵਨਾ ਨੂੰ ਬੜਾਵਾ ਦੇਣਾ ਹੋਵੇਗਾ। ਮਨੁੱਖਤਾ ਦੀਆਂ ਵੰਡਾਂ ਜਿਵੇਂ ਕਿ ਜਾਤ-ਪਾਤ, ਛੂਤ-ਛਾਤ, ਨੀਚ-ਊਚ, ਸ਼ਹਿਰੀ ਅਤੇ ਪੇਂਡੂ, ਕਾਲੇ ਅਤੇ ਗੋਰੇ ਆਦਿ ਬਨਾਉਟੀ ਵੰਡੀਆਂ ਨਹੀਂ ਪੈਣ ਦਿੱਤੀਆਂ ਜਾਣਗੀਆਂ। ਇਨ੍ਹਾਂ ਦਾ ਖਾਤਮਾ ਰਾਜਸੀ ਸ਼ਕਤੀ ਵਰਤ ਕੇ ਕੀਤਾ ਜਾਵੇਗਾ। ਇਸੇ ਤਰ੍ਹਾਂ ਬਾਕੀ ਹਾਨੀਕਾਰਕ ਅਤੇ ਦੁਖਦਾਈ ਸਮਾਜਿਕ ਅਨ-ਬਰਾਬਰੀ ਵਾਲੀਆਂ ਕੁਰੀਤੀਆਂ ਸਿੰਘ ਅਤੇ ਸਿੰਘਣੀਆਂ ਦੇ ਹੱਕਾਂ ਵਿਚ ਫਰਕ ਅਤੇ ਅਨਬਰਾਬਰੀ ਵੀ ਰਾਜਸੀ ਸਕਤੀ ਦੀ ਵਰਤੋਂ ਦੁਆਰਾ ਖਤਮ ਕੀਤੀ ਜਾਵੇਗੀ।

**'ਖਾਲਿਸਤਾਨ' ਆਪਣੇ ਗੁਆਂਢੀਆਂ ਨਾਲ ਖੁਸ਼ਗਵਾਰ ਸੰਬਧ ਬਣਾਉਣ ਨੂੰ ਪਹਿਲ ਦੇਵੇਗਾ।**

**'ਖਾਲਿਸਤਨ ਕਮਾਂਡੋ ਫੋਰਸ' ਜਿਸ ਦੇ ਕਮਾਂਡਰ-ਇਨ-ਚੀਫ਼ ਜਨਰਲ ਹਰੀ ਸਿੰਘ ਹਨ। ਇਹ ਫੋਰਸ 'ਖਾਲਿਤਸਾਨ' ਦੀ ਆਉਣ ਵਾਲੀ ਡਿਫੈਂਸ ਆਰਗੇਨਾਈਜੇਸ਼ਨ ਦਾ ਬਿੰਦੂ (ਨਿਊਕਲਿਸ) ਦਾ ਕੰਮ ਕਰੇਗੀ।**

ਹਿੰਦੁਸਤਾਨ (ਭਾਰਤ) ਵਿਚ ਪੰਜਾਬ ਤੇ ਬਾਹਰ ਰਹਿਣ ਵਾਲੇ ਸਿੱਖਾਂ ਨੂੰ 'ਖਾਲਿਸਤਾਨ' ਵਿਚ ਆ ਕੇ ਵੱਸਣ ਦਾ ਸੱਦਾ ਦਿੱਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਨਵੰਬਰ 1984 ਵਾਲੇ ਘੱਲੂਘਾਰੇ ਵਾਂਗ ਕਿਸੇ ਹੋਰ ਮੁਸੀਬਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਨਾਲ ਹੀ ਪੈਸੇ ਦੇ ਪੁੱਤਰ ਅਤੇ ਵਿਕੇ ਹੋਏ ਕੇਸਾਧਾਰੀ ਹਿੰਦੂਆਂ ਨੂੰ ਖਾਲਸਾ ਪੰਥ ਦੇ ਰਾਹ ਵਿਚ ਰੁਕਾਵਟ ਨਾ ਆਉਣ ਦਾ ਆਦੇਸ਼ ਦਿੱਤਾ ਜਾਂਦਾ ਹੈ।

ਪਹਿਲੀ ਫਰਵਰੀ 1981 ਚੰਡੀਗੜ੍ਹ ਵਿਖੇ ਦਿੱਲੀ ਦੇ ਸ਼ਾਹੀ ਇਮਾਮ ਸਈਅਦ ਮੁਹੰਮਦ ਅਬਦੁੱਲ ਬੁਖਾਰੀ ਨੇ 'ਖਾਲਿਸਤਾਨ ਕਿਉਂ ਨਹੀਂ' ਦੇ ਛੇਵੇਂ ਸੈਮੀਨਾਰ ਦੇ ਸਦਾਕਤੀ ਭਾਸ਼ਣ ਵਿਚ 13 ਅਪ੍ਰੈਲ 1978 ਦੇ ਅੰਮ੍ਰਿਤਸਰ ਵਿਖੇ ਹੋਏ ਖੂਨੀ ਨਿਰੰਕਾਰੀ ਸਾਕੇ ਦਾ ਜ਼ਿਕਰ ਕਰਦਿਆਂ ਹੋਇਆਂ ਆਖਿਆ ਸੀ ਕਿ ਅਜ਼ਾਦ ਭਾਰਤ ਵਿਚ ਮੁਸਲਮਾਨਾਂ ਦਾ ਕਤਲੇਆਮ ਤਾਂ ਹੁੰਦਾ ਹੀ ਸੀ ਪਰ ਹੁਣ ਸਿੱਖਾਂ ਦਾ ਕਤਲੇਆਮ ਜਾਰੀ ਹੋ ਗਿਆ ਹੈ। ਸ਼ਾਹੀ ਇਮਾਮ ਦਾ ਇਹ ਕਥਨ ਇਕ ਪੇਸ਼ੀਨਗਈ ਬਣ ਗਿਆ। ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਦੇ ਕਤਲ ਭਾਰਤ/ਪੰਜਾਬ ਸਰਕਾਰ ਨੇ ਆਰੰਭ ਦਿੱਤੇ ਹਨ। ਨੌਜਵਾਨਾਂ ਨੂੰ ਬੇਕਸੂਰਿਆਂ ਅਤੇ ਬਗੈਰ ਗ੍ਰਿਫ਼ਤਾਰ ਕਰਕੇ ਕਚਹਿਰੀ ਵਿਚ ਪੇਸ਼ ਕੀਤਿਆਂ ਕਤਲ ਕਰ ਕੇ ਝੂਠੇ ਪੁਲਿਸ ਮੁਕਾਬਲਿਆਂ ਦੀ ਲੜੀ ਸ਼ੁਰੂ ਕਰ ਦਿੱਤੀ ਗਈ ਹੈ।




ਰਾਜਸਥਾਨ ਦੀ ਪੁਲਿਸ ਦੇ ਮੁਖੀ ਨੇ ਇਹੋ ਜਿਹੀਆਂ 400 ਲਾਸ਼ਾਂ ਰਾਜਸਥਾਨ ਨਹਿਰ ਵਿਚੋਂ ਕੱਢਣ ਦੀ ਸ਼ਿਕਾਇਤ ਕੀਤੀ। ਇਸ ਤੋਂ ਬਾਅਦ ਜੂਨ 1984 ਵਿਚ ਹਿੰਦ ਸਰਕਾਰ ਨੇ ਫੌਜੀ ਕਾਰਵਾਈ ਕਰਕੇ ਦਰਬਾਰ ਸਾਹਿਬ ਸਮੂਹ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਪਵਿੱਤਰ ਪੁਰਬ ਦਿਹਾੜੇ 'ਤੇ ਇਕੱਠੀਆਂ ਹੋਈਆਂ ਸੰਗਤਾਂ ਨੂੰ ਕਰਫਿਊ ਨਾਲ ਡੱਕ ਕੇ ਉਨ੍ਹਾਂ ਦਾ ਕਤਲੇਆਮ ਕੀਤਾ। ਇਸ ਤੋਂ ਉਪਰੰਤ ਪੰਜਾਬ ਦੇ ਸਾਰੇ ਵੱਡੇ ਵੱਡੇ ਗੁਰਦੁਆਰਿਆਂ ਵਿਚ ਫੌਜੀ ਘੇਰੇ ਪਾ ਕੇ ਅਤੇ ਫੌਜੀ ਤਾਕਤ ਦੀ ਵਰਤੋਂ ਕਰਕੇ ਸਿੱਖਾਂ ਦਾ ਕਤਲੇਆਮ ਕੀਤਾ। ਪੰਜਾਬ ਦੇ ਬਾਰਾਂ ਹਜ਼ਾਰ ਤੋਂ ਵੱਧ ਪਿੰਡਾਂ ਵਿਚ ਇਸੇ ਤਰ੍ਹਾਂ ਕਰਫਿਊ ਲਗਾ ਕੇ ਅੰਮ੍ਰਿਤਧਾਰੀ ਸਿੰਘਾਂ ਨੂੰ ਭਾਲ ਭਾਲ ਕੇ ਸ਼ਹੀਦ ਕੀਤਾ। ਅੰਮ੍ਰਿਤਧਾਰੀ ਸਿੰਘਾਂ ਦਾ ਕਤਲੇਆਮ ਤੋਂ ਪਹਿਲਾਂ ਹਿੰਦੂ ਫੌਜੀ ਅਫ਼ਸਰਾਂ ਅਤੇ ਸਿਪਾਹੀਆਂ ਨੂੰ ਮਾਨਸਿਕ ਅਤੇ ਜਜ਼ਬਾਤੀ ਪੱਖੋਂ ਸਿੱਖਾਂ ਦੇ ਬੀਜ ਨਾਸ ਲਈ ਤਿਆਰ ਕਰਨ ਦਾ ਕੰਮ ਫੌਜ ਦੀ ਸਰਕਾਰੀ ਪੱਤ੍ਰਿਕਾ 'ਬਾਤਚੀਤ' ਰਾਹੀਂ ਤਿਆਰ ਕੀਤਾ ਗਿਆ। 'ਬਾਤਚੀਤ' ਵਿਚ ਇਹ ਸਾਫ਼ ਲਿਖਿਆ ਹੋਇਆ ਸੀ ਕਿ ਅੰਮ੍ਰਿਤਧਾਰੀ ਸਿੱਖਾਂ ਦੀ ਕੀ ਨਿਸ਼ਾਨੀ ਹੈ। ਭਾਵੇਂ ਉਹ ਵੇਖਣ ਨੂੰ ਸ਼ਰੀਫ਼ ਅਤੇ ਭਲੇ ਲਗਦੇ ਹੋਣ ਪਰ ਦਰਅਸਲ ਉਹ ਕਾਤਲ, ਦੇਸ ਵਿਰੋਧੀ ਅਤੇ ਅੱਤਵਾਦੀ ਹੁੰਦੇ ਹਨ। ਇਸ ਲਈ ਹਰ ਇਕ ਫੌਜੀ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਜੇ ਕਿਤੇ ਵੀ ਉਨ੍ਹਾਂ ਨੂੰ ਅੰਮ੍ਰਿਤਧਾਰੀ ਸਿੱਖ ਦਿਸ ਜਾਵੇ ਤਾਂ ਉਸ ਦਾ ਖੁਰਾ ਖੋਜ ਆਪਣੇ ਉਚ ਅਧਿਕਾਰੀਆਂ ਕੋਲ ਰਹਿਣ। ਇਹੋ ਜਿਹੀ ਕਾਰਵਾਈ ਦੁਨੀਆਂ ਦੇ ਇਤਿਹਾਸ ਵਿਚ ਕਦੇ ਵੀ ਕਿਸੇ ਫੌਜ ਨੇ ਆਪਣੇ ਹੀ ਮੁਲਕ ਦੇ ਬਾਸ਼ਿੰਦਿਆਂ ਨਾਲ ਨਹੀਂ ਕੀਤੀ।



ਇਸ ਤੋਂ ਉਪਰੰਤ ਜਦੋਂ ਇੰਦਰਾ ਨੂੰ ਮਾਰੀਆਂ 'ਬੇਅੰਤ ਗੋਲੀਆਂ' ਤਾਂ ਭਾਰਤ ਦੀ ਹਿੰਦੂ ਸਰਕਾਰ ਨਵੇਂ ਆਉਣ ਵਾਲੇ ਪ੍ਰਧਾਨ ਮੰਤਰੀ ਅਤੇ ਉਸ ਦੇ ਸਿਆਸੀ ਅਤੇ ਸਰਕਾਰੀ ਸਹਿਯੋਗੀਆਂ ਦੀ ਮਿਲੀਭੁਗਤ ਨਾਲ ਦਿੱਲੀ ਅਤੇ ਹਿੰਦੁਸਤਾਨ ਦੇ ਬਾਕੀ ਸ਼ਹਿਰਾਂ ਵਿਚ ਸਿੱਖਾਂ ਦਾ ਯੋਜਨਾਬੱਧ ਕਤਲੇਆਮ ਹੋਇਆ ਜਿਹੜਾ ਕਿ ਕਈ ਦਿਨ ਚਲਦਾ ਰਿਹਾ। ਇਸ ਕਤਲੇਆਮ ਨੇ ਨਾਦਰਸ਼ਾਹ ਦੇ ਦਿੱਲੀ ਵਿਚ ਕੀਤੇ ਹੋਏ ਕਤਲੇਆਮ ਨੂੰ ਕੋਹਾਂ ਪਿਛੇ ਛੱਡ ਦਿੱਤਾ।

ਪੰਜਾਬ ਦੀ ਬਰਨਾਲਾ ਸਰਕਾਰ ਦੀ ਗਠਨ ਕੀਤੀ ਹੋਈ ਕਮੇਟੀ ਦੇ ਪ੍ਰਧਾਨ ਭਾਈ ਅਜੀਤ ਸਿੰਘ ਬੈਂਸ, ਸਾਬਕਾ ਜੱਜ ਪੰਜਾਬ ਅਤੇ ਹਰਿਆਣਾ ਹਈਕੋਰਟ, ਚੰਡੀਗੜ੍ਹ, ਆਪਣੀ ਰਿਪੋਰਟ ਵਿਚ 200 ਝੂਠੇ ਕਥਿਤ ਪੁਲਿਸ ਮੁਕਾਬਲਿਆਂ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਦਿਆਂ ਹੈਰਾਨੀ ਪ੍ਰਗਟ ਕੀਤੀ ਹੈ ਕਿ ਇਨ੍ਹਾਂ ਸਾਰੇ ਪੁਲਿਸ ਮੁਕਾਬਲਿਆਂ ਵਿਚ ਕੋਈ ਪੁਲਿਸ ਦਾ ਜਵਾਨ ਜਾਂ ਅਫ਼ਸਰ ਜ਼ਖ਼ਮੀ ਨਹੀਂ ਹੋਇਆ ਦੱਸਿਆ ਗਿਆ ਅਤੇ ਨਾ ਹੀ ਕੋਈ ਕਤਲ ਦਾ ਕੇਸ ਪੁਲਿਸ ਵਿਰੁੱਧ ਦਰਜ ਕੀਤਾ ਗਿਆ ਹੈ। ਕਿਉਂ ਜੋ ਹਿੰਦੁਸਤਾਨ ਵਿਚ ਸਰਕਾਰ ਦੇ ਕੰਮਾਂ ਵਿਚ 'ਕੂੜ ਫਿਰਹਿ ਪ੍ਰਧਾਨ ਵੇ ਲਾਲੋ' ਦਾ ਇਹ ਰਾਜ ਹੈ। ਇਹੋ ਹੀ ਸਹੀ ਅਰਥ ਹੈ ਬ੍ਰਾਹਮਣੀ ਅਸੂਲਾਂ ਦਾ ਕਿ ਪਰਚਾਰ ਕਰਨਾ "ਸਤਿਆ ਮੇਵ ਜਯਤੇ" ਅਤੇ ਬੋਲਣਾ ਕੋਰਾ ਸਫੈਦ ਝੂਠ।

ਸਿੱਖ ਧਰਮ ਦਾ ਖੁਰਾ ਖੋਜ ਮਿਟਾਉਣਾ ਬ੍ਰਾਹਮਣਵਾਦ ਦਾ ਅਟੱਲ ਨਿਸ਼ਾਨਾ ਹੈ ਕਿਉਂ ਜੋ ਸਿੱਖ ਧਰਮ ਬ੍ਰਾਹਮਣਵਾਦ ਦੀ ਜਾਤ ਪਾਤ ਅਤੇ ਬਿਪਰਨ ਕੀ ਰੀਤ ਦੀ ਪ੍ਰਣਾਲੀ ਦਾ ਵਿਰੋਧੀ ਹੈ ਜਿਸ ਤਰ੍ਹਾਂ ਸ਼ੰਕਰਾ ਅਚਾਰੀਆ ਨੇ ਫੌਜੀ ਸ਼ਕਤੀ ਦੀ ਵਰਤੋਂ ਕਰਕੇ ਅਤੇ ਲੱਖਾਂ ਬੋਧੀ ਭਿਖਸ਼ੂਆਂ ਨੂੰ ਮੌਤ ਦੇ ਘਾਟ ਉਤਾਰ ਕੇ ਬੋਧੀਆਂ ਦੇ ਮੰਦਰ ਅਤੇ ਦੂਸਰੇ ਧਾਰਮਿਕ ਚਿੰਨ੍ਹ ਢਹਿ-ਢੇਰੀ ਕਰ ਦਿੱਤੇ। ਬੁੱਧ ਧਰਮ ਜਿਹੜਾ ਕਿ ਹਿੰਦੁਸਤਾਨ ਵਿਚ ਪੈਦਾ ਹੋ ਕੇ ਦੂਰ ਦੁਰਾਡੇ ਚੀਨ ਜਾਪਾਨ, ਮਲਾਇਆ, ਬਰਮਾ ਆਦਿ ਦੇਸਾਂ ਵਿਚ ਫੈਲਿਆ ਉਹਦਾ ਆਪਣੀ ਜਨਮ ਭੂਮੀ ਵਿਚੋਂ ਨਾਮ ਨਿਸ਼ਾਨ ਹੀ ਮਿਟਾ ਦਿੱਤਾ ਗਿਆ। ਇਹ ਹੈ ਅਸਲੀ ਅਰਥ ਬ੍ਰਾਹਮਣਵਾਦ ਦੇ ਅਪਣਾਏ ਹੋਏ 'ਅਹਿੰਸਾ ਪਰਮੋ-ਧਰਮ' ਦੇ ਅਸੂਲ ਦਾ।

ਅੱਜ ਕੱਲ੍ਹ ਦੀ ਭਾਰਤ ਸਰਕਾਰ ਸ਼ੰਕਰਾ ਅਚਾਰੀਆ ਦੀ ਪਾਲਿਸੀ 'ਤੇ ਦ੍ਰਿੜ੍ਹਤਾ ਨਾਲ ਚੱਲਦਿਆਂ ਹੋਇਆਂ ਸਭ ਸਿਆਸੀ, ਸਭਿਆਚਾਰਕ, ਆਰਥਿਕ, ਪ੍ਰਬੰਧਕੀ ਆਦਿ ਫੌਜੀ ਸਾਧਨ ਵਰਤ ਕੇ ਸਿੱਖੀ ਅਤੇ ਸਿੱਖਾਂ ਦਾ ਭਾਰਤ ਵਿਚੋਂ ਖੁਰਾ ਖੋਜ ਮਿਟਾਉਣ 'ਤੇ ਤੁਲੀ ਹੋਈ ਹੈ। ਇਹੋ ਹੀ ਸਹੀ ਅਰਥ ਹਨ ਬ੍ਰਾਹਮਣਵਾਦ ਦੇ ਸਹਿਣਸ਼ੀਲ ਹੋਣ ਦੇ ਝੂਠੇ ਦਾਅਵਿਆਂ ਦੇ। ਆਜ਼ਾਦ ਭਾਰਤ ਵਿਚ ਘੱਟ ਗਿਣਤੀ ਮਜ੍ਹਬਾ/ਧਰਮਾਂ ਉਤੇ ਪਾਬੰਦੀਆਂ ਲਾਉਣ ਦਾ ਕਾਰਜ ਦੀ ਲੋਕ ਸਭਾ ਵਿਚ ਹਿੰਦੂਆਂ ਦੇ ਧਰਮ ਤਬਦੀਲ ਕਰਨ ਉਤੇ ਪਾਬੰਦੀ ਲਾਉਣ ਦੀ ਮੰਗ ਉਠਦੀ ਰਹੀ ਹੈ। ਹਾਈਕੋਰਟ ਵਿਚ ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਕੁਰਾਨ ਸ਼ਰੀਫ਼ 'ਤੇ ਪਾਬੰਦੀ ਦੀ ਮੰਗ ਖੜ੍ਹੀ ਹੋਈ।

ਸਿੱਖਾਂ ਦੇ ਸਰਬਨਾਸ, ਸਿੱਖਾਂ ਦੇ ਧਾਰਮਿਕ ਨਿਸ਼ਾਨਾਂ ਨੂੰ ਫੌਜੀ ਵਰਤੋਂ ਨਾਲ ਢਹਿ ਢੇਰੀ ਕਰਨਾ, ਸਿੱਖਾਂ ਦਾ ਪ੍ਰਚਾਰ ਕਰਨ ਵਾਲੇ ਕੀਰਤਨੀ ਜਥਿਆਂ ਨੂੰ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਜੇਲ੍ਹਾਂ ਵਿਚ ਛੱਕਣਾ ਅਤੇ ਪਿੰਡ ਪਿੰਡ ਵਿਚ ਸਿੱਖ ਗ੍ਰੰਥੀਆਂ ਨੂੰ ਡਰਾਉਣਾ, ਝੂਠੇ ਕੇਸਾਂ ਅਤੇ ਬਗੈਰ ਕੇਸ ਦਰਜ ਕੀਤਿਆਂ ਥਾਣੇ ਅਤੇ ਜੇਲ੍ਹਾਂ ਵਿਚ ਡੱਕੀ ਰੱਖਣਾ ਸਪੱਸ਼ਟ ਸਬੂਤ ਹੈ। ਭਾਰਤ ਸਰਕਾਰ ਦੀ ਸਿੱਖਾਂ ਪ੍ਰਤੀ ਅਤਿਅੰਤ ਦੁਸ਼ਮਣੀ ਦੀ ਭਾਵਨਾ ਦਾ ਅਸੀਂ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ ਕਿ ਸਿੱਖ ਪ੍ਰਚਾਰ ਦੀ ਮਿਹਨਤ ਸਦਕਾ ਪੈਦਾ ਕੀਤੇ ਹੋਏ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਕਿਵੇਂ ਸਰਕਾਰੀ ਫੌਜੀ ਬਾਤਚੀਤ ਐਲਾਨਾਂ ਰਾਹੀਂ ਸਰਬਨਾਸ ਦਾ ਨਿਸ਼ਾਨਾ ਬਣਾਏ ਗਏ ਹਨ ਅਤੇ ਬਣਾਏ ਜਾ ਰਹੇ ਹਨ।

ਸਰਕਾਰ ਆਪਣੇ ਸਿੱਖ ਵਿਰੋਧੀ ਇਰਾਦਿਆਂ ਅਤੇ ਕੁਕਰਮਾਂ ਉਤੇ ਝੂਠ ਦੇ ਪ੍ਰਚਾਰ ਰਾਹੀਂ ਸਿੱਖਾਂ ਨੂੰ ਅੱਤਿਵਾਦੀ, ਕਾਤਲ ਅਤੇ ਦੇਸ਼-ਧਰੋਹੀਆਂ ਦਾ ਨਾਂਅ ਦੇ ਕੇ ਮਨੁੱਖੀ ਹੱਕਾਂ ਤੋਂ ਵਾਂਝਿਆਂ ਕਰ ਚੁੱਕੀ ਹੈ ਤੇ ਆਪਣੀ ਰਾਜਸੀ ਸ਼ਕਤੀ ਦੀ ਵਰਤੋਂ ਕਰਕੇ ਬਾਕੀ ਸਾਰੀ ਦੁਨੀਆਂ ਦੀਆਂ ਸਰਕਾਰਾਂ/ਹਕੂਮਤਾਂ ਨੂੰ ਇਸ ਪੱਖੋਂ ਹਨ੍ਹੇਰੇ ਵਿਚ ਰੱਖਣ ਲਈ ਕਾਮਯਾਬ ਰਹੀ ਹੈ। ਇਸ ਮੰਤਵ ਦੀ ਪੂਰਤੀ ਲਈ ਸੈਂਸਰਸ਼ਿਪ ਪੰਜਾਬ ਵਿਚ ਵਿਦੇਸ਼ੀ ਪੱਤਰਕਾਰਾਂ ਅਤੇ ਅਖ਼ਬਾਰ ਨਵੀਸਾਂ ਦੇ ਦਾਖਲੇ 'ਤੇ ਪਾਬੰਦੀ 1984 ਤੋਂ ਲਗਾਤਾਰ ਚੱਲੀ ਆ ਰਹੀ ਹੈ। ਜੇ ਕਿਸੇ ਸੰਸਥਾ ਜਾਂ ਵਿਅਕਤੀ ਨੇ ਸਿੱਖਾਂ ਦੇ ਕਤਲਾਂ ਜਾਂ ਬੀਜ਼ਨਾਸ ਦੀ ਕੋਈ ਖ਼ਬਰ ਦਿੱਤੀ ਤਾਂ ਉਸ 'ਤੇ ਸਰਕਾਰ ਦਾ ਪ੍ਰਕੋਪ ਬਿਜਲੀ ਵਾਂਗ ਢਹਿ ਪਿਆ।

ਸਰਕਾਰ ਦੇ ਇਸ ਭੈੜੀ ਪ੍ਰਚਾਰ ਸਦਕਾ ਮਜ਼ਲੂਮ ਸਿੱਖਾਂ ਦਾ ਯੂ.ਐਸ.ਏ., ਇੰਗਲੈਂਡ, ਵੈਸਟ ਜਰਮਨੀ ਅਤੇ ਕੈਨੇਡਾ ਵਰਗੇ ਮਨੁੱਖੀ ਅਧਿਕਾਰਾਂ ਦਾ ਸਮਰਥਕ ਦੇਸਾਂ ਵਿਚ ਵੀ ਸਿੰਘਾਂ ਦਾ ਕਾਫ਼ੀਆ ਤੰਗ ਹੋਣ ਲੱਗਾ। ਬ੍ਰਾਹਮਣਵਾਦ ਦੀ ਕਠਪੁਤਲੀ (ਪਰੋਕਸੀ) ਗੌਰਮਿੰਟ ਆਫ਼ ਇੰਡੀਆ ਸੱਚ ਮੁੱਚ ਸਿੱਖ ਪਾਸੋਂ 'ਦਮ ਘੁਟ ਕੇ ਮਰ ਜਾਉ ਯਹੀ ਮਰਜ਼ੀ ਮੇਰੇ ਸਈਯਾਦ ਕੀ ਹੈ' ਸਰਕਾਰ ਸਾਡੇ ਮਰਨ ਦੀ ਆਸ ਲਾਈ ਬੈਠੀ ਹੈ। ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਸਿੱਖਾਂ ਨੂੰ ਸਿੱਖ ਗੁਰੂਆਂ ਨੇ ਮਰਦਾਂ ਵਾਂਗ ਮਰਨਾ ਛਾਤੀ ਤਾਣ ਕੇ ਤੁਰਨਾ ਅਤੇ ਸ਼ੇਰਾਂ ਵਾਂਗ ਆਪਣਾ ਬੋਲਬਾਲਾ ਕਰਨਾ ਸਿਖਾਇਆ ਹੈ। ਇਹ ਸੰਖੇਪ ਜਿਹਾ ਵਰਨਣ ਹੈ। ਭਾਰਤ ਸਰਕਾਰ ਵਲੋਂ ਸਿੱਖਾਂ ਵਿਰੁੱਧ ਬਗੈਰ ਐਲਾਨ ਕੀਤੇ (ਟੋਟਲਵਾਰ) ਸਰਬਨਾਸ਼ ਦੀ ਲੜਾਈ ਛੇੜਨ ਦਾ। ਇਹ ਲੜਾਈ ਜੂਨ 1984 ਦੇ 'ਅਪ੍ਰੇਸ਼ਨ ਨੀਲਾ ਤਾਰਾ' ਅਤੇ 'ਅਪ੍ਰੇਸ਼ਨ ਵੁੱਡ ਰੋਜ਼' ਨਾਲ ਅਰੰਭ ਹੋਈ ਤੇ ਹੁਣ ਤੱਕ ਦਰ ਪਰ ਦਰ ਜਾਰੀ ਰੱਖੀ ਜਾ ਰਹੀ ਹੈ। ਪਿਛੇ ਜਿਹੇ ਬੰਗਲਾਦੇਸ਼ ਸਰਕਾਰ ਨੇ ਸਿੱਖ ਭਾਰਤੀ ਸ਼ਹਿਰੀਆਂ ਦਾ ਆਪਣੇ ਮੁਲਕ ਵਿਚ ਦਾਖਲਾ ਬੰਦ ਕਰ ਦਿੱਤਾ ਪਰ ਜਦੋਂ ਇਹ ਮਾਮਲਾ ਭਾਰਤ ਦੀ ਲੋਕ ਸਭਾ ਵਿਚ ਉਠਾਇਆ ਗਿਆ ਤਾਂ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਅਤਿਅੰਤ ਬੇਸ਼ਰਮੀ ਨਾਲ ਇਸ ਨੂੰ ਬੰਗਲਾਦੇਸ ਦਾ ਆਪਣਾ ਨਿੱਜੀ ਮਾਮਲਾ ਦੱਸਿਆ। ਇਸ ਤੋਂ ਵੱਡੀ ਸਿਆਸੀ ਫਿਰਕੂਪਣੇ ਦੀ ਕੁੜੱਤਣ ਦੀ ਦੁਨੀਆਂ ਵਿਚ ਕਿਤੇ ਮਿਸਾਲ ਨਹੀਂ ਮਿਲ ਸਕਦੀ। ਭਾਰਤ ਸਰਕਾਰ ਦੀਆਂ ਸਾਰੀਆਂ ਸਿਆਸੀ ਜਥੇਬੰਦੀਆਂ ਭਾਰਤੀ ਜਨਤਾ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ.ਐਮ., ਸਾਰੇ ਦੇ ਸਾਰਿਆਂ ਨੇ ਇਕ ਅਵਾਜ਼ ਹੋ ਕੇ ਸਿੱਖਾਂ ਦੇ ਵਿਰੁੱਧ ਨਾਮਬੰਦ ਹੋ ਗਏ ਅਤੇ ਸਿੱਖ ਦੇ ਕਤਲੇਆਮ ਅਤੇ ਬੀਜ ਨਾਸ ਉਤੇ ਹਾਅ ਦਾ ਨਾਅਰਾ ਲਾ ਮਾਰਿਆ। ਇਹ ਘਿਨਾਉਣਾ ਦ੍ਰਿਸ਼ ਹੈ ਸਿੱਖਾਂ ਵਿਰੁੱਧ ਲੜੀ ਜਾ ਰਹੀ ਗੈਰ ਐਲਾਨੀਆ (ਟੋਟਲਵਾਰ) ਦਾ। ਪ੍ਰਸਿੱਧ ਅਖਾਣ ਦੇ ਮੁਤਾਬਿਕ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਅੱਜ ਫੇਰ ਸ਼ਾਹ ਮੁਹੰਮਦ ਦੇ ਕਥਨ ਅਨੁਸਾਰ "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ" ਅਤੇ ਚੇਤੇ ਹਿੰਦੋਸਤਾਨੀ ਪੂਰਬੀ ਦੱਖਣੀ ਜੀ। ਇਸ ਕਠਨ ਸਥਿਤੀ ਵਿਚੋਂ ਅੱਜ ਅਸੀਂ ਖਾਲਿਸਤਾਨ' ਦਾ ਐਲਾਨ ਕਰਕੇ ਬਗੈਰ ਭਾਰਤ ਵਿਰੁੱਧ ਜਵਾਬੀ ਕਾਰਵਾਈ ਵਜੋਂ ਟੋਟਲਵਾਰ ਦਾ ਐਲਾਨ ਕਰਨ ਤੋਂ ਸੰਕੋਚ ਕੀਤਾ ਹੈ ਤਾਂ ਜੋ ਦੁਨੀਆਂ ਦੀ ਕਚਹਿਰੀ ਵਿਚ ਸਾਡੇ ਉਤੇ ਜਲਦਬਾਜ਼ੀ ਦਾ ਇਲਜ਼ਾਮ ਨਾ ਲੱਗ ਸਕੇ।

ਜੇ ਭਾਰਤ ਸਰਕਾਰ ਆਪਣੀ ਜਾਹਰਾਨਾ ਕਾਰਵਾਈ ਤੋਂ ਬਾਜ ਨਾ ਆਈ ਤਾਂ 26 ਜਨਵਰੀ 1986 ਦੇ ਸਰਬੱਤ ਖਾਲਸਾ ਵਲੋਂ ਸਥਾਪਿਤ ਕੀਤੀ ਪੰਜ ਮੈਂਬਰੀ ਪੰਥਕ ਕਮੇਟੀ ਇਨਸਾਫ਼ਪਸੰਦ ਅਤੇ ਮਨੁੱਖੀ ਅਧਿਕਾਰਾਂ ਦੇ ਸਮੱਰਥਕ ਦੇਸਾਂ ਪਾਸੋਂ ਸਭ ਕਿਸਮ ਦੀ ਲੋੜੀਂਦੀ ਮਦਦ ਸਪਲਾਈ ਸਹਾਰਾ ਅਤੇ ਹਮਦਰਦੀ ਦੀ ਮੰਗ ਕਰੇਗੀ। ਯੂ.ਐਨ.ਓ. ਪਾਸੋਂ ਵੀ ਅਸੀਂ ਇਸੇ ਕਿਸਮ ਦੀ ਮਦਦ ਦੀ ਮੰਗ ਕਰਦੇ ਹਾਂ। ਜਿਨ੍ਹਾਂ ਗੁਆਂਢੀ ਦੇਸ਼ਾਂ ਨੇ ਸਾਡੀ ਬਿਖੜੀ ਘੜੀ ਵਿਚ ਹਾਅ ਦਾ ਨਾਅਰਾ ਮਾਰਨ ਦਾ ਯਤਨ ਕੀਤਾ ਹੈ, ਅਸੀਂ ਉਨ੍ਹਾਂ ਦਾ ਅਹਿਸਾਸ ਨਹੀਂ ਭੁਲਾਵਾਂਗੇ। ਵਿਦੇਸਾਂ ਵਿਚ ਰਹਿੰਦੇ ਹੋਏ ਸਿੰਘ ਸਿੰਘਣੀਆਂ ਦੇ ਵੀ ਅਸੀਂ ਬੜੇ ਸ਼ੁਕਰ ਗੁਜ਼ਾਰ ਹਾਂ ਕਿਉਂਕਿ ਉਹ ਸਾਡੇ ਦੁੱਖ ਵਿਚ ਸਾਡੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਏ। ਜੇ ਵਿਦੇਸਾਂ ਵਿਚ ਰਹਿੰਦੇ ਸਿੱਖਾਂ ਨੂੰ ਮਨਜ਼ੂਰ ਹੋਵੇ ਤਾਂ ਅਸੀਂ ਉਨ੍ਹਾਂ ਨੂੰ ਖਾਲਿਸਤਾਨ ਦੇ ਸ਼ਹਿਰੀ ਬਣਾਉਣ ਲਈ ਤਿਆਰ ਹੋਵਾਂਗੇ।

ਪੰਜ ਮੈਂਬਰੀ ਪੰਥਕ ਕਮੇਟੀ ਵਲੋਂ ਸਿੰਘਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਿੱਖਾਂ ਦੇ ਘਰਾਂ ਵਿਚੋਂ ਹਥਿਆਰ ਅਤੇ ਹੋਰ ਕਿਸੇ ਕਿਸਮ ਦਾ ਸਮਾਨ ਨਾ ਲੁੱਟਣ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝ ਰਹੇ ਸਿੰਘਾਂ ਸਿੰਘਣੀਆਂ ਦੀ ਹਰ ਪ੍ਰਕਾਰ ਨਾਲ ਸਹਾਇਤਾ ਅਤੇ ਹੌਸਲਾ ਅਫ਼ਜ਼ਾਈ ਕੀਤੀ ਜਾਵੇ ਕਿਉਂਕਿ ਸਿੰਘਾਂ ਨੇ ਕਿਲ੍ਹੇ ਸੰਗਤ ਹੀ ਹੈ।

**ਗੁਰੂ ਪੰਥ ਦੇ ਦਾਸ**
**ਗੁਰਬਚਨ ਸਿੰਘ ਮਾਨੋਚਾਹਲ, ਗੁਰਦੇਵ ਸਿੰਘ ਉਸਮਾਨਵਾਲਾ,**
**ਧੰਨਾ ਸਿੰਘ, ਅਰੂੜ ਸਿੰਘ, ਵੱਸਣ ਸਿੰਘ, ਜਫਰਵਾਲ**
**ਪੰਥਕ ਮੈਂਬਰੀ ਕਮੇਟੀ**



# ਸਿਆਸਤ ਦੇ ਵੱਖ-ਵੱਖ 'ਟਰੁੱਥ'

**ਅਰਵਿੰਦਰ ਜੌਹਲ**

ਸਿਆਸਤ ਦੀ ਦੁਨੀਆ ਬੜੀ ਅਜੀਬ ਹੈ। ਬੀਤੇ ਸ਼ੁੱਕਰਵਾਰ ਦੀ ਸਵੇਰ ਸਾਰੇ ਭਾਰਤੀਆਂ ਨੂੰ ਸੁੰਨ ਕਰ ਦੇਣ ਲਈ ਕਾਫ਼ੀ ਸੀ ਜਦੋਂ ਸਾਡੇ ਦੇਸ਼ ਦੇ 'ਖ਼ਾਸ' ਮਿੱਤਰ ਡੋਨਲਡ ਟਰੰਪ ਨੇ ਭਾਰਤ ਨੂੰ 'ਨਰਕ ਦਾ ਦੁਆਰ' ਕਿਹਾ ਅਤੇ ਅਮਰੀਕਾ ਦੇ ਆਈ ਟੀ ਅਤੇ ਹੋਰ ਵੱਖ-ਵੱਖ ਖੇਤਰਾਂ 'ਚ ਕੰਮ ਕਰਨ ਵਾਲੇ ਭਾਰਤੀਆਂ ਨੂੰ 'ਲੈਪਟੌਪ ਵਾਲੇ ਗੈਂਗਸਟਰ' ਕਹਿ ਕੇ ਭੰਡਿਆ। ਟਰੰਪ ਨੇ 'ਬਰਥ ਸਿਟੀਜ਼ਨਸ਼ਿਪ' ਬਾਰੇ ਬੋਲਦਿਆਂ ਕਿਹਾ ਸੀ ਕਿ ਅਮਰੀਕੀ ਕਾਨੂੰਨਾਂ ਦਾ ਫ਼ਾਇਦਾ ਉਠਾਉਂਦਿਆਂ ਭਾਰਤ, ਚੀਨ ਅਤੇ ਹੋਰ ਨਰਕ ਦੁਆਰ ਜਿਹੇ ਦੇਸ਼ਾਂ ਦੇ ਲੋਕ ਬੱਚੇ ਨੂੰ ਜਨਮ ਦੇਣ ਵੇਲੇ ਹੀ ਅਮਰੀਕਾ ਆਉਂਦੇ ਹਨ ਤਾਂ ਕਿ ਜਨਮ ਤੋਂ ਅਮਰੀਕੀ ਨਾਗਰਿਕਤਾ ਵਾਲੇ ਬੱਚੇ ਦੇ ਸਹਾਰੇ ਸਾਰਾ ਪਰਿਵਾਰ ਇੱਥੇ ਆ ਸਕੇ। ਟਰੰਪ ਨੇ ਅਜਿਹੇ ਭਾਰਤੀ ਲੋਕਾਂ ਦੀ ਅਮਰੀਕਾ ਪ੍ਰਤੀ ਵਫ਼ਾਦਾਰੀ 'ਤੇ ਵੀ ਸਵਾਲ ਉਠਾਇਆ। ਜਦੋਂ ਕੋਈ ਕਿਸੇ ਨਾਲ ਵਫ਼ਾਦਾਰ ਨਾ ਹੋਵੇ ਤਾਂ ਉਸ ਦਾ ਅਣਕਿਹਾ ਮਤਲਬ ਇਹ ਹੁੰਦਾ ਹੈ ਕਿ ਉਹ 'ਗੱਦਾਰ' ਹੈ। ਟਰੰਪ ਦੇ ਅਜਿਹੇ ਬਿਆਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਸਾਡੇ ਦੇਸ਼ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਿਰਫ਼ ਏਨਾ ਹੀ ਕਿਹਾ ਕਿ ਇਹੋ ਜਿਹੀਆਂ ਟਿੱਪਣੀਆਂ ਧਿਆਨ 'ਚ ਆਈਆਂ ਨੇ ਅਤੇ ਇਹ ਬੜੀਆਂ ਬੇਸੁਆਦੀਆਂ ਹਨ। ਇੰਨੀ ਦੇਰ 'ਚ ਹੀ ਮੁੰਬਈ ਸਥਿਤ ਇਰਾਨੀ ਸਫ਼ਾਰਤਖ਼ਾਨੇ ਨੇ ਭਾਰਤ ਦੇ ਮਹਾਰਾਸ਼ਟਰ ਸੂਬੇ ਦੇ ਮਨਮੋਹਕ ਦ੍ਰਿਸ਼ਾਂ ਵਾਲੀ ਇੱਕ ਵੀਡੀਓ ਜਾਰੀ ਕੀਤੀ, ਜਿਸ 'ਤੇ ਲਿਖਿਆ ਸੀ: 'ਕਭੀ ਇੰਡੀਆ ਆ ਕੇ ਦੇਖੋ'। ਇਰਾਨ ਨੇ ਇਸ ਵੀਡੀਓ 'ਚ ਇਹ ਸੁਨੇਹਾ ਵੀ ਦਿੱਤਾ ਕਿ 'ਕੋਈ ਡੋਨਲਡ ਟਰੰਪ ਦੇ 'ਕਲਚਰਲ ਡਿਟੌਕਸ' (ਸੱਭਿਆਚਾਰਕ ਸ਼ੁੱਧੀਕਰਨ) ਲਈ ਭਾਰਤ ਦਾ ਦੌਰਾ ਬੁੱਕ ਕਰਵਾ ਦੇਵੇ'। ਇਹ ਅਸਿੱਧੇ ਢੰਗ ਨਾਲ ਅਮਰੀਕਾ ਵੱਲੋਂ ਸਾਡੇ ਮੁਲਕ ਨੂੰ ਨਰਕ ਦੱਸੇ ਜਾਣ ਦਾ ਕਰਾਰਾ ਜਵਾਬ ਸੀ। ਹਾਲਾਂਕਿ, ਇਹ ਵੱਖਰੀ ਗੱਲ ਹੈ ਕਿ ਹਜ਼ਾਰਾਂ ਵਰ੍ਹੇ ਪੁਰਾਣੀ ਸੱਭਿਅਤਾ ਵਾਲੇ ਸਾਡੇ ਮੁਲਕ ਵੱਲੋਂ ਇਰਾਨ ਦੇ ਸਕੂਲ 'ਚ ਅਮਰੀਕੀ-ਇਜ਼ਰਾਈਲੀ ਹਮਲੇ ਦੌਰਾਨ ਮਾਰੀਆਂ ਗਈਆਂ 165 ਬੱਚੀਆਂ ਦਾ ਅਫ਼ਸੋਸ ਤੱਕ ਨਹੀਂ ਸੀ ਸਰਿਆ ਅਤੇ ਨਾ ਹੀ ਉੱਥੋਂ ਦੇ ਸੁਪਰੀਮ ਲੀਡਰ ਖਮੇਨੇਈ ਦੀ ਮੌਤ 'ਤੇ ਖੁੱਲ੍ਹ ਕੇ ਅਫ਼ਸੋਸ ਜ਼ਾਹਰ ਕੀਤਾ ਗਿਆ ਸੀ।




ਅਜੇ ਭਾਰਤੀਆਂ ਨੂੰ ਇੱਕ ਤਰ੍ਹਾਂ ਨਾਲ 'ਗੱਦਾਰ' ਹੋਣ ਦੇ ਅਮਰੀਕੀ ਮਿਹਣੇ ਦਾ ਸਦਮਾ ਦੂਰ ਨਹੀਂ ਸੀ ਹੋਇਆ ਕਿ ਬਾਅਦ ਦੁਪਹਿਰ ਤੱਕ ਸਥਾਨਕ ਪੱਧਰ ਦੇ 'ਗੱਦਾਰਾਂ' ਦਾ ਰੌਲਾ ਪੈਣਾ ਸ਼ੁਰੂ ਹੋ ਗਿਆ। ਇਹ ਖ਼ਬਰ ਆਮ ਆਦਮੀ ਪਾਰਟੀ ਦੇ ਰਾਜ ਸਭਾ 'ਚ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾਏ ਗਏ ਰਾਘਵ ਚੱਢਾ ਦੀ ਅਗਵਾਈ ਹੇਠ ਉਸ ਸਣੇ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਵੱਲੋਂ ਭਾਰਤੀ ਜਨਤਾ ਪਾਰਟੀ 'ਚ ਸ਼ਾਮਿਲ ਹੋਣ ਬਾਰੇ ਸੀ। ਇਸ ਟੋਲੀ ਵਿੱਚ 'ਆਪ' ਦਾ ਉਹ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਵੀ ਜਾ ਸ਼ਾਮਿਲ ਹੋਇਆ, ਜਿਸ ਨੂੰ ਪਾਰਟੀ ਨੇ ਰਾਘਵ ਚੱਢਾ ਨੂੰ ਹਟਾਉਣ ਮਗਰੋਂ ਰਾਜ ਸਭਾ ਵਿੱਚ ਪਾਰਟੀ ਦਾ ਡਿਪਟੀ ਲੀਡਰ ਨਿਯੁਕਤ ਕੀਤਾ ਸੀ। ਮਠਿਆਈਆਂ ਦੀ ਦੁਕਾਨ ਤੋਂ ਯੂਨੀਵਰਸਿਟੀ ਬਣਾਉਣ ਅਤੇ ਕਈ ਕਾਰੋਬਾਰ ਕਰਨ ਵਾਲੇ ਇਸ ਆਗੂ ਦੇ ਘਰ 'ਤੇ ਅਜੇ 15 ਅਪਰੈਲ ਨੂੰ ਈ ਡੀ ਦੇ ਛਾਪੇ ਪਏ ਸਨ ਅਤੇ ਦਸ ਦਿਨਾਂ ਦੇ ਅੰਦਰ ਅੰਦਰ ਉਸ ਨੇ ਕੇਂਦਰ 'ਚ ਸੱਤਾਧਾਰੀ ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਸਾਬਿਤ ਕਰ ਦਿੱਤੀ; ਭਾਵੇਂ ਉਸ ਦੀ ਮਾਂ-ਪਾਰਟੀ ਵਾਲੇ ਉੱਚੀ ਉੱਚੀ 'ਗੱਦਾਰ, ਗੱਦਾਰ' ਪਏ ਕਹਿੰਦੇ ਰਹਿਣ। ਉਂਜ, ਸ੍ਰੀ ਮਿੱਤਲ ਆਪ ਮਠਿਆਈਆਂ ਦੇ ਉੱਘੇ ਬਰਾਂਡ 'ਲਵਲੀ ਸਵੀਟਸ' ?ਦੇ ਮਾਲਕ ਹਨ, ਪਰ ਕੀ ਭਾਜਪਾ 'ਚ ਸ਼ਾਮਿਲ ਹੋਣ ਵੇਲੇ ਦੀ ਇੱਕ ਤਸਵੀਰ ਵਿੱਚ ਦਿਸਦਾ ਮਠਿਆਈ ਦਾ ਡੱਬਾ ਉਨ੍ਹਾਂ ਦੀ ਦੁਕਾਨ ਦਾ ਹੈ ਜਾਂ ਫਿਰ ਸੱਤਾਧਾਰੀ ਪਾਰਟੀ ਦੇ ਜ਼ਿਆਦਾ ਵਧੀਆ ਬਰਾਂਡ ਦਾ?

'ਆਪ' ਛੱਡ ਕੇ ਭਾਜਪਾ 'ਚ ਸ਼ਾਮਿਲ ਹੋਣ ਵਾਲੇ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਵਿੱਚ ਰਾਘਵ ਚੱਢਾ ਤੋਂ ਇਲਾਵਾ ਸੰਦੀਪ ਪਾਠਕ, ਹਰਭਜਨ ਸਿੰਘ, ਅਸ਼ੋਕ ਮਿੱਤਲ, ਰਾਜਿੰਦਰ ਗੁਪਤਾ, ਵਿਕਰਮ ਸਾਹਨੀ ਤੇ ਸਵਾਤੀ ਮਾਲੀਵਾਲ ਸ਼ੁਮਾਰ ਹਨ। ਰਾਘਵ ਚੱਢਾ ਨੇ ਭਾਜਪਾ ਵਿੱਚ ਸ਼ਾਮਿਲ ਹੋਣ ਵੇਲੇ ਅਟਲ ਬਿਹਾਰੀ ਵਾਜਪਾਈ ਦੇ ਵੇਲਿਆਂ ਦਾ ਬੜਾ ਮਸ਼ਹੂਰ ਫ਼ਿਕਰਾ ਥੋੜ੍ਹਾ ਬਦਲ ਕੇ ਵਰਤਿਆ, "ਮੈਂ ਗ਼ਲਤ ਪਾਰਟੀ ਮੇਂ ਸਹੀ ਆਦਮੀ ਥਾ।" ਖ਼ੈਰ, ਫ਼ਿਕਰੇਬਾਜ਼ੀ ਤਾਂ ਉਦੋਂ ਵੀ ਕਮਾਲ ਦੀ ਸੀ ਜਦੋਂ ਉਸ ਨੂੰ ਬਹੁਤ ਸਮਾਂ ਪਹਿਲਾਂ ਪਾਰਟੀ (ਆਪ) ਛੱਡਣ ਦੀਆਂ ?ਪੇਸ਼ਕਸ਼ਾਂ ਮਿਲਣ ਬਾਰੇ ਪੁੱਛਿਆ ਗਿਆ ਸੀ। ਉਸ ਦਾ ਜਵਾਬ ਸੀ, "ਆਜ ਤੱਕ ਵੋਹ ਰਕਮ ਨਹੀਂ ਬਨੀ ਔਰ ਵੋਹ ਸ਼ਖ਼ਸ ਪੈਦਾ ਨਹੀਂ ਹੁਆ ਜੋ ਰਾਘਵ ਚੱਢਾ, ਆਮ ਆਦਮੀ ਪਾਰਟੀ ਔਰ ਕੇਜਰੀਵਾਲ ਕੋ ਖਰੀਦ ਸਕੇ।"

ਉੱਧਰ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ, "ਚੰਗੇ ਲੋਕ ਹੁਣ 'ਆਪ' ਛੱਡਣ ਲੱਗੇ ਹਨ। ... ਭਾਜਪਾ ਵਿੱਚ ਆਏ ਸਾਰੇ ਹੀ ਮੈਂਬਰਾਂ ਨੂੰ ਨਿੱਘਾ ਜੀ ਆਇਆਂ ਨੂੰ।" ਇਨ੍ਹਾਂ ਹੀ ਚੰਗੇ ਲੋਕਾਂ ਵਿੱਚ ਸ਼ੁਮਾਰ ਰਾਘਵ ਚੱਢਾ ਦਾ ਨਾਂ ਸ੍ਰੀ ਜਾਖੜ ਦੀ ਪਾਰਟੀ ਵੱਲੋਂ ਸ਼ਰਾਬ ਘੁਟਾਲੇ ਵਿੱਚ ਲਿਆ ਜਾਂਦਾ ਸੀ ਅਤੇ ਅਜਿਹੇ ਪੋਸਟਰ ਜਾਰੀ ਕੀਤੇ ਗਏ ਸਨ, ਜਿਸ ਵਿੱਚ ਰਾਘਵ ਚੱਢਾ ਦੀ ਤਸਵੀਰ ਦੇ ਨਾਲ ਲਿਖਿਆ ਸੀ: "ਤਿਹਾੜ ਮੇਂ ਆਏਗਾ ਏਕ ਔਰ ਭ੍ਰਿਸ਼ਟ ਮਹਿਮਾਨ।" ਐਨਫੋਰਸਮੈਂਟ ਡਾਇਰੈਕਟੋਰੇਟ ਵਾਲਿਆਂ ਨੂੰ ਵੀ ਪਤਾ ਨਹੀਂ ਕਿਉਂ ਛਾਪੇ ਮਾਰਨ ਲਈ 'ਚੰਗੇ ਲੋਕ' ਹੀ ਲੱਭਦੇ ਨੇ? ਖ਼ੈਰ, ਸਾਰੇ ਚੰਗੇ ਲੋਕਾਂ ਨੂੰ ਬਹੁਤ ਬਹੁਤ ਜੀ ਆਇਆਂ ਨੂੰ।

ਅਤਿ ਸਤਿਕਾਰਤ ਅੰਨਾ ਹਜ਼ਾਰੇ ਜੀ ਦੀ ਆਵਾਜ਼ ਵੀ ਬੜੀ ਦੇਰ ਬਾਅਦ ਕਿਧਰੇ ਸੁਣਾਈ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ, "ਚੱਢਾ ਤੇ ਹੋਰਾਂ ਨੂੰ ਜ਼ਰੂਰ ਕੋਈ ਮੁਸ਼ਕਿਲ ਪੇਸ਼ ਆਈ ਹੋਵੇਗੀ, ਜਿਸ ਕਾਰਨ ਉਨ੍ਹਾਂ ਪਾਰਟੀ ਛੱਡੀ ਹੋਵੇਗੀ।" ਬਈ, ਚੰਗੇ ਬੰਦਿਆਂ ਦੀਆਂ ਮੁਸ਼ਕਿਲਾਂ ਤਾਂ ਕੋਈ ਅਹਿਸਾਸਮੰਦ ਮਨੁੱਖ ਹੀ ਸਮਝ ਸਕਦਾ ਹੈ। ਇਹ ਕਿਸੇ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ।

ਸਾਰੀ ਸਥਿਤੀ 'ਤੇ ਟਿੱਪਣੀ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਾਜਪਾ 'ਤੇ ਪੰਜਾਬ ਨਾਲ ਮੁੜ ਦਗ਼ਾ ਕਮਾਉਣ ਦਾ ਦੋਸ਼ ਲਾਇਆ ਹੈ ਜਦੋਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਸ਼ਟਰਪਤੀ ਦਰੋਪਤੀ ਮੁਰਮੂ ਤੋਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਉਹ ਪਾਰਟੀ ਵਿਧਾਇਕਾਂ ਨੂੰ ਨਾਲ ਲਿਜਾ ਕੇ ਬਾਗ਼ੀ ਰਾਜ ਸਭਾ ਮੈਂਬਰਾਂ ਦੀ ਮੈਂਬਰੀ ਰੱਦ ਕਰਨ ਦੀ ਮੰਗ ਕਰਨਗੇ। ਪੰਜਾਬ 'ਚ ਰਹਿਣ ਵਾਲੇ ਸੰਸਦ ਮੈਂਬਰਾਂ ਦੇ ਘਰਾਂ 'ਤੇ 'ਆਪ' ਦੇ ਵਰਕਰਾਂ ਨੇ 'ਗੱਦਾਰ' ਲਿਖ ਕੇ ਨਾਅਰੇਬਾਜ਼ੀ ਕੀਤੀ ਅਤੇ ਕਈ ਥਾਈਂ ਉਨ੍ਹਾਂ ਦੇ ਪੁਤਲੇ ਫੂਕੇ ਗਏ। ਸੂਬੇ ਦੇ ਮੁੱਖ ਮੰਤਰੀ ਨੇ ਵੀ ਪ੍ਰੈੱਸ ਕਾਨਫਰੰਸ ਦੌਰਾਨ ਵਫ਼ਾਦਾਰੀਆਂ ਬਦਲਣ ਵਾਲੇ ਇਨ੍ਹਾਂ ਰਾਜ ਸਭਾ ਮੈਂਬਰਾਂ ਨੂੰ ਪੰਜਾਬ ਦੇ ਗੱਦਾਰ ਦੱਸਿਆ। ਇਨ੍ਹਾਂ ਸਾਰੇ ਆਗੂਆਂ ਬਾਰੇ ਮੁੱਖ ਮੰਤਰੀ ਦੀ ਟਿੱਪਣੀ ਸੀ, "ਉੱਥੇ ਮੇਲੇ ਵਿੱਚ ਅਮਰੂਦਾਂ ਨੂੰ ਕੌਣ ਪੁੱਛਦੈ?" ਇਹ ਸਾਰੇ ਅਮਰੂਦ ਫਿਲਹਾਲ ਤਾਂ ਭਾਜਪਾ ਲਈ ਬਹੁਤ ਮਿੱਠੇ ਨੇ। ਮੁੱਖ ਮੰਤਰੀ ਦੀ ਇਨ੍ਹਾਂ ਆਗੂਆਂ ਨੂੰ 'ਰੰਗ ਲਾ ਕੇ ਛੱਡਣ' ਦੀ ਚਿਤਾਵਨੀ ਭਰੀ ਟਿੱਪਣੀ ਇਸ ਸਥਿਤੀ ਦੇ ਮੱਦੇਨਜ਼ਰ ਇਕਦਮ ਨੇੜ ਭਵਿੱਖ ਵਿੱਚ ਤਾਂ ਸੱਚ ਹੁੰਦੀ ਨਹੀਂ ਜਾਪਦੀ। ਹਾਲੇ ਤਾਂ ਨਵੇਂ ਰੰਗ 'ਚ ਰੰਗੇ ਇਨ੍ਹਾਂ ਸਿਆਸਤਦਾਨਾਂ ਨੇ ਸਿਆਸਤ ਵਿੱਚ ਕਈ ਨਵੇਂ ਰੰਗ ਉਭਾਰਨੇ ਤੇ ਖਿੜਾਉਣੇ ਨੇ। ਕਾਂਗਰਸੀ ਆਗੂ ਰਾਜਾ ਵੜਿੰਗ ਨੇ ਤਾਂ ਸੂਬੇ ਦੇ ਲਗਭਗ 50 'ਆਪ' ਵਿਧਾਇਕਾਂ ਵੱਲੋਂ ਪਾਰਟੀ ਛੱਡਣ ਦੀ ਪੇਸ਼ੀਨਗੋਈ ਕੀਤੀ ਹੈ। ਹੋਰ ਵੀ ਵਿਰੋਧੀ ਆਗੂਆਂ ਵੱਲੋਂ ਤਕਰੀਬਨ ਅਜਿਹੇ ਹੀ ਵਿਚਾਰ ਪ੍ਰਗਟਾਏ ਜਾ ਰਹੇ ਹਨ। ਦੇਸ਼ ਭਰ ਦੇ ਮੀਡੀਆ ਵਿੱਚ ਭਾਜਪਾ ਵੱਲੋਂ 'ਆਪ' ਨੂੰ ਤੋੜਨ ਦੇ ਭਵਿੱਖੀ ਮਨਸੂਬਿਆਂ ਬਾਰੇ ਚਰਚਾ ਹੋ ਰਹੀ ਹੈ ਤੇ ਕਿਹਾ ਜਾ ਰਿਹਾ ਹੈ ਕਿ ਉਹ ਕੋਈ ਨੌਸਿਖੀਆ ਪਾਰਟੀ ਨਹੀਂ। ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਅਤੇ ਐੱਨ ਸੀ ਪੀ ਨੂੰ ਸਫ਼ਲਤਾਪੂਰਵਕ ਤੋੜ ਕੇ ਉਹ ਇਸ ਖੇਡ ਵਿੱਚ ਬੜੀ ਮੁਹਾਰਤ ਹਾਸਲ ਕਰ ਚੁੱਕੀ ਹੈ, ਪਰ ਪੰਜਾਬ ਦੇ ਮੁੱਖ ਮੰਤਰੀ ਨੂੰ ਭਰੋਸਾ ਹੈ ਕਿ ਪੰਜਾਬ ਦੇ ਲੋਕ ਗੱਦਾਰਾਂ ਨੂੰ ਸਬਕ ਸਿਖਾ ਦੇਣਗੇ। ਹਮੇਸ਼ਾ ਭਾਜਪਾ ਦੀ ਬੀ-ਟੀਮ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰਦੀ ਆ ਰਹੀ 'ਆਮ ਆਦਮੀ ਪਾਰਟੀ' ਤੋਂ ਸਾਰੇ ਹੁਣ ਸਵਾਲ ਤਾਂ ਪੁੱਛ ਹੀ ਰਹੇ ਨੇ ਕਿ ਆਮ ਆਦਮੀਆਂ ਨੂੰ ਛੱਡ ਜਦੋਂ ਪਾਰਟੀ ਨੇ ਇਨ੍ਹਾਂ 'ਖ਼ਾਸ' ਬੰਦਿਆਂ ਨੂੰ ਰਾਜ ਸਭਾ ਦੇ ਮੈਂਬਰ ਬਣਾਇਆ ਸੀ ਤਾਂ ਕੀ ਪਾਰਟੀ ਨੂੰ ਇਨ੍ਹਾਂ 'ਖ਼ਾਸ' ਬੰਦਿਆਂ ਦੀ 'ਖ਼ਾਸੀਅਤ' ਬਾਰੇ ਕੋਈ ਇਲਮ ਹੀ ਨਹੀਂ ਸੀ?

ਸ਼ਨਿੱਚਰਵਾਰ ਦੇਰ ਰਾਤ ਜਦੋਂ ਇਹ ਗੱਲ ਕੀਤੀ ਜਾ ਰਹੀ ਹੈ ਤਾਂ ਪਲ ਪਲ ਬਦਲਦੇ ਸਿਆਸੀ ਮਾਹੌਲ ਵਿੱਚ ਰਾਤੋ-ਰਾਤ ਪਤਾ ਨਹੀਂ ਕੀ ਵਾਪਰ ਜਾਵੇ। ਆਲਮ ਇਹ ਹੈ ਕਿ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਮੁਲਕ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦਾ ਕੋਈ ਭਰੋਸਾ ਨਹੀਂ, ਅਗਲੇ ਪਲ ਉਹ ਕਿਹੜਾ 'ਟਰੁੱਥ' ਦੁਨੀਆ ਲਈ ਪੋਸਟ ਕਰ ਦੇਵੇ ਤਾਂ ਫਿਰ ਸਾਡੀ ਸਿਆਸਤ ਤੇ ਸਿਆਸਤਦਾਨਾਂ ਦੇ 'ਟਰੁੱਥ' ਕਿਹੜਾ ਵੱਖਰੇ ਨੇ?

# ਰੋਸ ਨਾ ਕੀਜੈ : ਅੰਦੋਲਨ ਤੋਂ ਨਿਰਾਸ਼ਾ ਤੱਕ

**ਇੰਦਰਪ੍ਰੀਤ ਸਿੰਘ**



ਮੰਡੀ ਬੋਰਡ ਦੇ ਜਨਰਲ ਮੈਨੇਜਰ ਜਗਤਾਰ ਸਿੰਘ ਸੰਘੇੜਾ ਨੇ ਜਦੋਂ 2014 ਵਿਚ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਤਾਂ ਮਨ ਵਿਚ ਇਹ ਆਸ ਸੀ ਕਿ ਕੋਈ ਨਵੀਂ ਪਾਰਟੀ ਸਿਸਟਮ ਵਿਚ ਬਦਲਾਅ ਲਿਆਵੇਗੀ। ਉਨ੍ਹਾਂ ਨੇ ਆਪਣਾ ਮੋਹਾਲੀ ਸਥਿਤ ਘਰ ਪਾਰਟੀ ਲਈ ਖੋਲ੍ਹ ਦਿੱਤਾ ਅਤੇ ਆਪ ਘਰ ਦੇ ਇਕ ਨੌਕਰਾਂ ਲਈ ਬਣੇ ਕਮਰੇ ਵਿਚ ਰਹਿਣ ਲੱਗ ਪਏ। ਪਾਰਟੀ ਨੇ ਉਨ੍ਹਾਂ ਨੂੰ ਸਪੋਕਸਮੈਨ ਬਣਾਇਆ ਅਤੇ ਉਹ ਟੀਵੀ ਚੈਨਲਾਂ 'ਤੇ ਹੋਣ ਵਾਲੀਆਂ ਬਹਿਸਾਂ ਵਿਚ ਪਾਰਟੀ ਦੀਆਂ ਨੀਤੀਆਂ ਦਾ ਡਟ ਕੇ ਪੱਖ ਲੈਣ ਲੱਗੇ।

ਉਨ੍ਹਾਂ ਨੂੰ ਪਹਿਲਾ ਵੱਡਾ ਝਟਕਾ ਉਦੋਂ ਲੱਗਾ ਜਦੋਂ 2017 ਵਿਚ ਨਕੋਦਰ ਤੋਂ ਦਿੱਤੀ ਗਈ ਟਿਕਟ ਪਾਰਟੀ ਨੇ ਕਿਸੇ ਹੋਰ ਉਮੀਦਵਾਰ ਨੂੰ ਦੇ ਦਿੱਤੀ। ਕੁਝ ਸਮੇਂ ਦੀ ਨਿਰਾਸ਼ਾ ਤੋਂ ਬਾਅਦ ਵੀ ਉਹ ਮੁੜ ਪਾਰਟੀ ਦੇ ਕੰਮਾਂ ਵਿਚ ਜੁਟ ਗਏ। ਸੰਨ 2022 ਵਿਚ ਪਾਰਟੀ ਸੱਤਾ ਵਿਚ ਆ ਗਈ ਤੇ ਉਨ੍ਹਾਂ ਨੂੰ ਜਲੰਧਰ ਨਗਰ ਸੁਧਾਰ ਟਰੱਸਟ ਦਾ ਚੇਅਰਮੈਨ ਬਣਾਇਆ ਗਿਆ ਪਰ ਇਹ ਅਹੁਦਾ ਵੀ ਜ਼ਿਆਦਾ ਦਿਨ ਉਨ੍ਹਾਂ ਕੋਲ ਨਹੀਂ ਰਿਹਾ। ਆਮ ਆਦਮੀ ਪਾਰਟੀ ਦੇ ਅੰਦਰ ਉੱਭਰ ਰਹੀ ਬੇਚੈਨੀ ਦੀ ਕਹਾਣੀ ਨੂੰ ਸਮਝਣ ਲਈ ਜਗਤਾਰ ਸੰਘੇੜਾ ਵਰਗੀਆਂ ਆਵਾਜ਼ਾਂ ਤੋਂ ਸ਼ੁਰੂ ਕਰਨਾ ਲਾਜ਼ਮੀ ਹੈ। ਇਹ ਸਾਨੂੰ ਪਾਰਟੀ ਦੇ ਉਸ ਆਰੰਭ ਦੀ ਯਾਦ ਦਿਵਾਉਂਦੀਆਂ ਹਨ ਜੋ ਕੁਰਬਾਨੀ, ਆਦਰਸ਼ਵਾਦ ਅਤੇ ਸਾਂਝੀ ਮਿਹਨਤ 'ਤੇ ਟਿਕਿਆ ਸੀ। ਸੰਘੇੜਾ ਇਕੱਲੇ ਨਹੀਂ ਸਨ। ਸ਼ੁਰੂਆਤੀ ਦਿਨਾਂ ਵਿਚ ਜਦੋਂ 'ਆਪ' ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤਾਂ ਪੰਜਾਬ ਅਤੇ ਹੋਰ ਥਾਵਾਂ 'ਤੇ ਬੇਸ਼ੁਮਾਰ ਵਲੰਟੀਅਰਾਂ ਨੇ ਆਪਣੇ ਘਰ ਪਾਰਟੀ ਦੀਆਂ ਗਤੀਵਿਧੀਆਂ ਲਈ ਖੋਲ੍ਹ ਦਿੱਤੇ ਸਨ, ਆਪਣੀਆਂ ਛੋਟੀਆਂ ਬੱਚਤਾਂ ਵਿੱਚੋਂ ਪੈਸਾ ਦਿੱਤਾ ਅਤੇ ਕਈਆਂ ਨੇ ਤਾਂ ਵਿਰਾਸਤੀ ਜ਼ਮੀਨ ਵੀ ਵੇਚ ਦਿੱਤੀ ਸੀ। ਇਹ ਸਭ ਇਸ ਵਿਸ਼ਵਾਸ ਨਾਲ ਕੀਤਾ ਗਿਆ ਕਿ ਉਹ ਇਕ ਅਜਿਹੇ ਅੰਦੋਲਨ ਦਾ ਹਿੱਸਾ ਹਨ ਜੋ ਪ੍ਰਣਾਲੀ ਨੂੰ ਬਦਲ ਸਕਦਾ ਹੈ। ਇਨ੍ਹਾਂ ਵਲੰਟੀਅਰਾਂ ਲਈ 'ਆਪ' ਸਿਰਫ਼ ਇਕ ਹੋਰ ਸਿਆਸੀ ਪਾਰਟੀ ਨਹੀਂ ਸੀ, ਸਗੋਂ ਇਕ ਨੈਤਿਕ ਮਿਸ਼ਨ ਸੀ। ਸਾਫ਼ ਰਾਜਨੀਤੀ, ਪਾਰਦਰਸ਼ਤਾ ਅਤੇ ਜ਼ਮੀਨੀ ਪੱਧਰ 'ਤੇ ਸਸ਼ਕਤੀਕਰਨ ਦੀ ਕਹਾਣੀ ਨੇ ਅਜਿਹੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਜੋ ਸਿਰਫ਼ ਆਪਣਾ ਸਮਾਂ ਹੀ ਨਹੀਂ, ਸਗੋਂ ਆਪਣੀ ਨਿੱਜੀ ਸੰਪਤੀ ਅਤੇ ਸਮਾਜਿਕ ਪੂੰਜੀ ਵੀ ਲਗਾਉਣ ਲਈ ਤਿਆਰ ਸਨ।

ਉਨ੍ਹਾਂ ਦੀ ਉਮੀਦ ਸੱਤਾ ਜਾਂ ਅਹੁਦਿਆਂ ਦੀ ਨਹੀਂ ਸੀ ਸਗੋਂ ਮਾਨਤਾ, ਭਾਗੀਦਾਰੀ ਅਤੇ ਇਹ ਅਹਿਸਾਸ ਸੀ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਪਾਰਟੀ ਦੇ ਰਾਹ ਨੂੰ ਨਿਰਧਾਰਤ ਕਰਨ ਵਿਚ ਮਾਅਨੇ ਰੱਖਦੀਆਂ ਹਨ ਪਰ ਜਿਵੇਂ-ਜਿਵੇਂ ਪਾਰਟੀ ਵਧੀ-ਫੁੱਲੀ ਅਤੇ ਪ੍ਰਭਾਵਸ਼ਾਲੀ ਬਣੀ, ਇਹ ਧਾਰਨਾ ਬਣਨੀ ਸ਼ੁਰੂ ਹੋ ਗਈ ਕਿ ਜਿਨ੍ਹਾਂ ਵਲੰਟੀਅਰਾਂ ਨੇ ਇਸ ਨੂੰ ਖੜ੍ਹਾ ਕੀਤਾ ਸੀ, ਉਹੀ ਹੌਲੀ-ਹੌਲੀ ਪਿੱਛੇ ਧੱਕੇ ਜਾ ਰਹੇ ਹਨ। ਇਹ ਨਿਰਾਸ਼ਾ ਉਸ ਵੇਲੇ ਹੋਰ ਗਹਿਰੀ ਹੋ ਗਈ ਜਦੋਂ ਉਦਯੋਗਪਤੀਆਂ ਅਤੇ ਅਮੀਰ ਹਸਤੀਆਂ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ। ਕਈ ਜ਼ਮੀਨੀ ਪੱਧਰ ਦੇ ਵਰਕਰਾਂ ਲਈ ਇਹ ਕਦਮ ਪਾਰਟੀ ਦੇ ਮੂਲ ਸਿਧਾਂਤਾਂ ਤੋਂ ਹਟਣ ਦਾ ਪ੍ਰਤੀਕ ਸੀ। ਇਕ ਪਾਰਟੀ, ਜੋ ਕਦੇ ਆਮ ਲੋਕਾਂ ਦੀ ਆਵਾਜ਼ ਹੋਣ ਦਾ ਮਾਣ ਕਰਦੀ ਸੀ, ਹੁਣ ਉਨ੍ਹਾਂ ਹੀ ਐਲੀਟ ਢਾਂਚਿਆਂ ਨੂੰ ਅਪਣਾਉਂਦੀ ਦਿਸਣ ਲੱਗੀ ਜਿਨ੍ਹਾਂ ਦੀ ਉਹ ਪਹਿਲਾਂ ਆਲੋਚਨਾ ਕਰਦੀ ਸੀ।

ਇਹ ਵਧਦੀ ਬੇਚੈਨੀ ਹੁਣ ਇਕ ਤਾਜ਼ਾ ਸਿਆਸੀ ਸੰਕਟ ਨਾਲ ਜੁੜ ਗਈ ਹੈ। ਪਾਰਟੀ ਦੇ ਟਿਕਟ 'ਤੇ ਚੁਣੇ ਗਏ ਸੰਸਦ ਮੈਂਬਰਾਂ ਦਾ ਡਿਫੈਕਸ਼ਨ। ਇਸ ਘਟਨਾ ਨੇ ਸਿਰਫ਼ ਸੰਸਦ ਵਿਚ 'ਆਪ' ਦੀ ਤਾਕਤ ਨੂੰ ਨਹੀਂ ਘਟਾਇਆ ਸਗੋਂ ਇਸ ਦੀ ਭਰੋਸੇਯੋਗਤਾ ਨੂੰ ਵੀ ਝਟਕਾ ਦਿੱਤਾ ਹੈ। ਜਿਨ੍ਹਾਂ ਵਲੰਟੀਅਰਾਂ ਨੂੰ ਪਹਿਲਾਂ ਹੀ ਅਣਦੇਖੀ ਹੋ ਰਹੀ ਮਹਿਸੂਸ ਹੁੰਦੀ ਸੀ, ਉਹ ਹੁਣ ਇਹ ਸੋਚਣ ਲਈ ਮਜਬੂਰ ਹਨ ਕਿ ਕੀ ਉਨ੍ਹਾਂ ਦੀ ਮਿਹਨਤ ਵਿਅਰਥ ਗਈ। ਇਸ ਹਾਲਾਤ ਦੇ ਜਵਾਬ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਉਹ ਰਾਸ਼ਟਰਪਤੀ ਨੂੰ ਮਿਲ ਕੇ ਬਗ਼ਾਵਤ ਕਰਨ ਵਾਲੇ ਸੰਸਦ ਮੈਂਬਰਾਂ ਨੂੰ ਵਾਪਸ ਬੁਲਾਉਣ ਦੀ ਮੰਗ ਕਰਨਗੇ। ਇਹ ਤਰਕ ਲੋਕਤੰਤਰੀ ਨੈਤਿਕਤਾ 'ਤੇ ਆਧਾਰਤ ਹੈ : ਇਹ ਸੰਸਦ ਮੈਂਬਰ ਲੋਕਾਂ ਦੇ ਨੁਮਾਇੰਦਿਆਂ ਦੁਆਰਾ 'ਆਪ' ਦੇ ਨਾਂ 'ਤੇ ਚੁਣੇ ਗਏ ਸਨ ਅਤੇ ਉਨ੍ਹਾਂ ਵੱਲੋਂ ਪਾਲਾ-ਬਦਲ ਲੈਣਾ ਲੋਕ-ਨੁਮਾਇੰਦਿਆਂ ਦੇ ਫ਼ਤਵੇ ਨੂੰ ਕਮਜ਼ੋਰ ਕਰਦਾ ਹੈ। ਇਹ ਅਪੀਲ ਪਾਰਟੀ ਅੰਦਰ ਕਈ ਲੋਕਾਂ ਨਾਲ ਗੂੰਜਦੀ ਹੈ ਜੋ ਇਸ ਨੂੰ ਜਵਾਬਦੇਹੀ ਬਹਾਲ ਕਰਨ ਦੀ ਕੋਸ਼ਿਸ਼ ਵਜੋਂ ਵੇਖਦੇ ਹਨ।

ਹਾਲਾਂਕਿ, ਇਹ ਮਾਮਲਾ ਐਂਟੀ-ਡਿਫੈਕਸ਼ਨ ਕਾਨੂੰਨ ਦੀਆਂ ਸੀਮਾਵਾਂ ਨੂੰ ਵੀ ਉਜਾਗਰ ਕਰਦਾ ਹੈ। ਇਹ ਕਾਨੂੰਨ ਸਿਆਸੀ ਮੌਕਾਪ੍ਰਸਤੀ ਨੂੰ ਰੋਕਣ ਲਈ ਬਣਾਇਆ ਗਿਆ ਸੀ ਪਰ ਅਕਸਰ ਇਸ ਦੀ ਆਲੋਚਨਾ ਹੁੰਦੀ ਹੈ ਕਿ ਇਹ ਜਟਿਲ ਸਥਿਤੀਆਂ ਜਿਵੇਂ ਪਾਰਟੀ ਦੇ ਅੰਦਰ ਸਮੂਹਿਕ ਟੁੱਟ-ਭੱਜ ਨੂੰ ਠੀਕ ਤਰੀਕੇ ਨਾਲ ਨਹੀਂ ਸੰਭਾਲ ਸਕਦਾ। ਜਦੋਂ ਸੰਸਦ ਮੈਂਬਰਾਂ ਜਾਂ ਵਿਧਾਇਕਾਂ ਦਾ ਇਕ ਧੜਾ ਦੋ ਤਿਹਾਈ ਦੇ ਬਹੁਮਤ ਨਾਲ ਇਕੱਠਾ ਪਾਲਾ ਬਦਲਦਾ ਹੈ ਤਾਂ ਕਾਨੂੰਨ ਇਸ ਨੂੰ ਵਿਅਕਤੀਗਤ ਡਿਫੈਕਸ਼ਨ ਨਾਲੋਂ ਵੱਖਰੇ ਢੰਗ ਨਾਲ ਵੇਖਦਾ ਹੈ ਜਿਸ ਨਾਲ ਖ਼ਾਮੀਆਂ ਪੈਦਾ ਹੁੰਦੀਆਂ ਹਨ।

ਵੱਡਾ ਸਵਾਲ ਇਹ ਹੈ ਕਿ ਗੱਲ ਸਿਰਫ਼ ਕਾਨੂੰਨੀ ਨਹੀਂ, ਸਗੋਂ ਨੈਤਿਕ ਵੀ ਹੈ। ਕੀ ਚੁਣੇ ਹੋਏ ਪ੍ਰਤੀਨਿਧੀਆਂ ਕੋਲ ਇਹ ਅਧਿਕਾਰ ਹੈ ਕਿ ਉਹ ਉਸ ਪਾਰਟੀ ਨੂੰ ਛੱਡ ਦੇਣ ਜਿਸ ਦੇ ਨਾਂ 'ਤੇ ਲੋਕਾਂ ਨੇ ਉਨ੍ਹਾਂ ਨੂੰ ਚੁਣਿਆ ਸੀ? ਜੇ ਪਾਰਟੀ ਅੰਦਰ ਸਮੂਹਿਕ ਟੁੱਟ-ਭੱਜ ਹੋ ਜਾਵੇ ਤਾਂ ਕੀ ਆਪਣੇ-ਆਪ ਹੀ ਵੋਟਰਾਂ ਦਾ ਫ਼ਤਵਾ ਰੱਦ ਮੰਨਿਆ ਜਾਣਾ ਚਾਹੀਦਾ ਹੈ? ਇਹ ਸਵਾਲ ਸਿਰਫ਼ 'ਆਪ' ਤੱਕ ਸੀਮਤ ਨਹੀਂ, ਸਗੋਂ ਭਾਰਤ ਦੇ ਲੋਕਤੰਤਰ ਦੀਆਂ ਜੜ੍ਹਾਂ ਤੱਕ ਜਾਂਦੇ ਹਨ।

'ਆਪ' ਲਈ ਇਹ ਮਾਮਲਾ ਖ਼ਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਸ ਦੀ ਬੁਨਿਆਦ ਹੀ ਵੱਖਰੀ ਸੀ। ਰਵਾਇਤੀ ਪਾਰਟੀਆਂ ਤੋਂ ਇਲਾਵਾ ਇਸ ਨੇ ਆਪਣੇ-ਆਪ ਨੂੰ ਇਕ ਅਜਿਹੇ ਮੰਚ ਵਜੋਂ ਪੇਸ਼ ਕੀਤਾ ਸੀ ਜਿੱਥੇ ਵਲੰਟੀਅਰ ਅਤੇ ਆਮ ਨਾਗਰਿਕ ਸਿੱਧੇ ਤੌਰ 'ਤੇ ਫ਼ੈਸਲੇ ਲੈਣ ਵਿਚ ਹਿੱਸਾ ਲੈਂਦੇ ਹਨ। ਮੌਜੂਦਾ ਬੇਚੈਨੀ ਦਰਸਾਉਂਦੀ ਹੈ ਕਿ ਵਾਅਦਿਆਂ ਅਤੇ ਹਕੀਕਤ ਵਿਚਕਾਰ ਪਾੜਾ ਵਧ ਰਿਹਾ ਹੈ।

ਭਰੋਸਾ ਮੁੜ ਬਣਾਉਣ ਲਈ ਸਿਰਫ਼ ਪ੍ਰਤੀਕਾਤਮਕ ਕਦਮ ਕਾਫ਼ੀ ਨਹੀਂ ਹੋਣਗੇ। ਇਸ ਲਈ ਜ਼ਮੀਨੀ ਪੱਧਰ 'ਤੇ ਵਰਕਰਾਂ ਨਾਲ ਦੁਬਾਰਾ ਸੰਪਰਕ ਬਣਾਉਣਾ, ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਅਤੇ ਉਨ੍ਹਾਂ ਨੂੰ ਅਸਲ ਭਾਗੀਦਾਰੀ ਦੇਣ ਲਈ ਢਾਂਚੇ ਤਿਆਰ ਕਰਨੇ ਪੈਣਗੇ। ਖ਼ਾਸ ਤੌਰ 'ਤੇ ਰਾਜ ਸਭਾ ਵਰਗੀਆਂ ਨਿਯੁਕਤੀਆਂ ਵਿਚ ਪਾਰਦਰਸ਼ਤਾ ਲਿਆਉਣੀ ਲਾਜ਼ਮੀ ਹੈ ਤਾਂ ਜੋ ਐਲੀਟਵਾਦ ਦੀ ਧਾਰਨਾ ਘਟ ਸਕੇ। ਇਸ ਦੇ ਨਾਲ-ਨਾਲ, ਪਾਰਟੀ ਨੂੰ ਡਿਫੈਕਸ਼ਨ ਅਤੇ ਮੌਜੂਦਾ ਕਾਨੂੰਨੀ ਢਾਂਚੇ ਦੀਆਂ ਕਮਜ਼ੋਰੀਆਂ ਦਾ ਵੀ ਸਾਹਮਣਾ ਕਰਨਾ ਪਵੇਗਾ। ਸੀਐੱਮ ਮਾਨ ਵੱਲੋਂ ਰਾਸ਼ਟਰਪਤੀ ਨੂੰ ਕੀਤੀ ਜਾਣ ਵਾਲੀ ਅਪੀਲ ਤੁਰੰਤ ਨਤੀਜੇ ਦੇਵੇ ਜਾਂ ਨਾ ਪਰ ਇਹ ਜਵਾਬਦੇਹੀ ਬਾਰੇ ਵੱਡੀ ਚਰਚਾ ਦੀ ਲੋੜ ਨੂੰ ਜ਼ਰੂਰ ਉਜਾਗਰ ਕਰਦੀ ਹੈ।

# ਯੁੱਧ ਦਾ ਭਵਿੱਖੀ ਨਸਲਾਂ ’ਤੇ ਘਾਤਕ ਅਸਰ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ

ਅੱਜ ਪਰਮਾਣੂ ਧਮਾਕਿਆਂ ਤੇ ਏਆਈ ਤੇ ਤਜਰਬਿਆਂ ਨੇ ਕਿਸ ਤਰ੍ਹਾਂ ਮਨੁੱਖਤਾ ਦਾ ਨਸਲਘਾਤ ਕੀਤਾ ਹੈ, ਇਹ ਯੁੱਧ ਦੀ ਇਸੇ ਸੱਚਾਈ ਨੂੰ ਦਰਸਾਉਂਦਾ ਹੈ। ਅੱਜ ਮਨੁੱਖ ਦੀ ਹਾਲਤ ਉਸ ਤਰ੍ਹਾਂ ਦੀ ਹੋ ਗਈ ਹੈ ਕਿ ਉਹ ਉਦਾਸੀ ਵਿੱਚ ਮਰਨ ਜਿਉਣ ਦੀ ਪ੍ਰਕਿਰਿਆ ਵਿੱਚੋਂ ਲੰਘ ਰਿਹਾ ਹੈ। ਕੀ ਤੁਸੀਂ ਕਦੀ ਸੋਚ ਸਕਦੇ ਹੋ ਕਿ ਅਸੀਂ ਆਉਣ ਵਾਲੇ ਦਿਨਾਂ ਵਿੱਚ ਕਿਸ ਤਰ੍ਹਾਂ ਦੇ ਸਮਾਜ ਵਿੱਚ ਗੁਜ਼ਰ ਰਹੇ ਹੋਵਾਂਗੇ ਜਿੱਥੇ ਹਵਾ ਪਾਣੀ ਦੇ ਨਾਲ ਜ਼ਹਿਰੀਲੀ ਗੈਸ ਤਬਾਹੀ, ਧੂੰਆਂ ਬਰਬਾਦੀ ਤੇ ਬਾਰੂਦੀ ਕਾਲਖ਼ ਤੁਹਾਡੇ ਵਰਤਮਾਨ ਨੂੰ ਪਲੀਤ ਕਰ ਰਹੀ ਹੈ ।

ਕੀ ਆਉਣ ਵਾਲੀਆਂ ਪੀੜ੍ਹੀਆਂ ਦਾ ਇਹੀ ਭਵਿੱਖ ਹੈ। ਇਸ ਬਾਰੇ ਸੋਚਣਾ ਹੋਵੇਗਾ। ਅੱਜ ਯੁੱਧ ਮਨੁੱਖੀ ਸਭਿਅਤਾ ਦਾ ਵਿਨਾਸ਼ਕਾਰੀ ਚੱਕਰ ਹੈ ਤੇ ਮਨੁੱਖੀ ਸਭਿਅਤਾ ਆਪਣੀ ਉਮਰ ਤੋਂ ਹੀ ਯੁੱਧਾਂ ਦੀ ਲਪੇਟ ਵਿੱਚ ਹੈ। ਇਤਿਹਾਸ ਗਵਾਹ ਹੈ ਕਿ ਯੁੱਧ ਨੇ ਸਭਿਅਤਾਵਾਂ ਤੇ ਭੂਗੋਲਿਕ ਸਰਹੱਦਾਂ ਨੂੰ ਬਦਲਿਆ ਹੈ, ਪਰ ਜ਼ਿਆਦਾਤਰ ਵਾਰ ਉਨ੍ਹਾਂ ਨੂੰ ਤਬਾਹ ਵੀ ਕੀਤਾ ਹੈ। 20ਵੀਂ ਸਦੀ ਵਿੱਚ ਲਗਭਗ 160 ਮਿਲੀਅਨ ਤੋਂ 231 ਮਿਲੀਅਨ ਲੋਕ ਯੁੱਧਾਂ ਵਿੱਚ ਮਾਰੇ ਗਏ ਹਨ। ਇਸ ਵਿੱਚ ਦੋ ਵਿਸ਼ਵ ਯੁੱਧ ਸ਼ਾਮਲ ਹਨ, ਪਹਿਲਾ ਵਿਸ਼ਵ ਯੁੱਧ (ਲਗਭਗ 20 ਮਿਲੀਅਨ ਮੌਤਾਂ) ਅਤੇ ਦੂਜਾ ਵਿਸ਼ਵ ਯੁੱਧ (ਲਗਭਗ 55-60 ਮਿਲੀਅਨ ਮੌਤਾਂ, ਹੋਲੋਕਾਸਟ ਅਤੇ ਚੀਨੀ ਯੁੱਧ ਸਮੇਤ)। ਇਹ ਅੰਕੜੇ ਸਾਨੂੰ ਦੱਸਦੇ ਹਨ ਕਿ ਇੱਕ ਸਦੀ ਵਿੱਚ ਹੀ ਮਨੁੱਖੀ ਨਸਲ ਦਾ ਵੱਡਾ ਹਿੱਸਾ ਯੁੱਧਾਂ ਨੇ ਖ਼ਤਮ ਕਰ ਦਿੱਤਾ।

21ਵੀਂ ਸਦੀ ਵਿੱਚ ਯੁੱਧ ਘੱਟ ਭਿਆਨਕ ਲੱਗਦੇ ਹਨ, ਪਰ ਹੁਣ ਉਨ੍ਹਾਂ ਦਾ ਰੂਪ ਬਦਲ ਗਿਆ ਹੈ। ਅੱਜ ਡਰੋਨ, ਸਾਈਬਰ ਹਮਲੇ, ਮਸਨੂਈ ਬੁੱਧੀ ਅਤੇ ਰਸਾਇਣਕ/ਪਰਮਾਣੂ ਹਥਿਆਰ ਯੁੱਧ ਨੂੰ ਅਣਦਿਖੇ ਢੰਗ ਨਾਲ ਲੜਦੇ ਹਨ। ਫਿਰ ਵੀ 2001 ਤੋਂ 2023 ਤੱਕ ਅਮਰੀਕਾ ਵਾਲੀਆਂ ਲੜਾਈਆਂ (ਇਰਾਕ, ਅਫ਼ਗਾਨਿਸਤਾਨ, ਸੀਰੀਆ, ਯਮਨ ਆਦਿ) ਵਿੱਚ ਸਿੱਧੀ ਤਬਾਹੀ ਨਾਲ 940,000 ਤੋਂ ਵੱਧ ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ 432,000 ਤੋਂ ਵੱਧ ਆਮ ਨਾਗਰਿਕ ਸਨ। ਅਸਿੱਧੀ ਤਬਾਹੀ ਨਾਲ ਇਹ ਅੰਕੜਾ 4.5 ਤੋਂ 4.7 ਮਿਲੀਅਨ ਤੱਕ ਪਹੁੰਚ ਜਾਂਦਾ ਹੈ। ਅੱਜ ਦੇ ਹਾਲਾਤ ਵੀ ਭਿਆਨਕ ਹਨ। ਯੂਕਰੇਨ ਵਿੱਚ ਰੂਸੀ ਯੁੱਧ ਵਿੱਚ ਲਗਭਗ 325,000 ਰੂਸੀ ਫੌਜੀ + 140,000 ਯੂਕਰੇਨੀ ਫੌਜੀ + 15,000 ਨਾਗਰਿਕ ਮਾਰੇ ਗਏ। ਸੁਡਾਨ ਵਿੱਚ ਘਰੇਲੂ ਯੁੱਧ (2023 ਤੋਂ) ਵਿੱਚ 150,000 ਤੋਂ 400,000 ਮੌਤਾਂ ਹੋ ਚੁੱਕੀਆਂ ਹਨ ਅਤੇ 11 ਮਿਲੀਅਨ ਤੋਂ ਵੱਧ ਲੋਕ ਵਿਸਥਾਪਿਤ ਹੋ ਚੁੱਕੇ ਹਨ। ਇਹ ਦੁਨੀਆ ਦਾ ਸਭ ਤੋਂ ਵੱਡਾ ਵਿਸਥਾਪਨ ਸੰਕਟ ਹੈ। ਗਾਜ਼ਾ ਵਿੱਚ ਇਜ਼ਰਾਈਲ-ਹਮਾਸ ਯੁੱਧ (2023 ਤੋਂ) ਵਿੱਚ 72,000 ਤੋਂ 100,000 ਤੱਕ ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚ ਬਹੁਤੀ ਗਿਣਤੀ ਔਰਤਾਂ ਅਤੇ ਬੱਚਿਆਂ ਦੀ ਹੈ।

ਅੱਜ ਇਸ ਨਾਲ ਲਗਭਗ 1.9 ਮਿਲੀਅਨ ਲੋਕ ਵਿਸਥਾਪਿਤ ਹੋ ਚੁੱਕੇ ਹਨ ਅਤੇ 80% ਤੋਂ ਵੱਧ ਇਮਾਰਤਾਂ ਤਬਾਹ ਹੋ ਚੁੱਕੀਆਂ ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਯੁੱਧ ਹੁਣ ਵੀ ਨਸਲ-ਏ-ਆਦਮ ਨੂੰ ਖ਼ਤਮ ਕਰਨ ਦਾ ਇੱਕ ਵੱਡਾ ਹਥਿਆਰ ਹੈ। ਇਤਿਹਾਸ ਵਿੱਚ ਯੁੱਧ ਨੇ ਸਭਿਅਤਾਵਾਂ ਨੂੰ ਬਦਲਿਆ, ਪਰ ਹਰ ਵਾਰ ਉਨ੍ਹਾਂ ਨੇ ਵੱਡੀ ਤਬਾਹੀ ਵੀ ਵਿਖਾਈ। ਆਧੁਨਿਕ ਯੁੱਧ ਵਿੱਚ ਤਕਨਾਲੋਜੀ ਨੇ ਇਸ ਤਬਾਹੀ ਨੂੰ ਅਣਗਿਣਤ ਗੁਣਾ ਵਧਾ ਦਿੱਤਾ ਹੈ।

ਯੁੱਧ ਸਿਰਫ਼ ਵਰਤਮਾਨ ਨੂੰ ਨਹੀਂ ਬਦਲਦਾ, ਉਹ ਭਵਿੱਖੀ ਨਸਲਾਂ ਨੂੰ ਵੀ ਖਤਮ ਕਰਦਾ ਹੈ। ਇਸ ਨੂੰ ਇੰਟਰਜਨਰੇਸ਼ਨਲ ਟਰੌਮਾ ਕਿਹਾ ਜਾਂਦਾ ਹੈ। ਹੀਰੋਸ਼ੀਮਾ ਅਤੇ ਨਾਗਾਸਾਕੀ ਉੱਤੇ ਪਰਮਾਣੂ ਬੰਬਾਂ ਨਾਲ ਜੋ ਲੋਕ ਬਚੇ, ਉਨ੍ਹਾਂ ਦੀਆਂ ਅਗਲੀਆਂ ਨਸਲਾਂ ਵਿੱਚ ਕੈਂਸਰ, ਜਨਮ ਵਿਕਾਰ ਅਤੇ ਮਾਨਸਿਕ ਰੋਗ ਵਧ ਗਏ। ਇੱਕ ਅਧਿਐਨ ਅਨੁਸਾਰ ਪਰਮਾਣੂ ਯੁੱਧ ਦੇ ਬਾਅਦ ਵਾਤਾਵਰਨ ਵਿੱਚ ਫੈਲਣ ਵਾਲੀ ਰੇਡੀਏਸ਼ਨ ਸਦੀਆਂ ਤੱਕ ਰਹਿੰਦੀ ਹੈ ਅਤੇ ਭਵਿੱਖੀ ਨਸਲਾਂ ਨੂੰ ਵਿਨਾਸ਼ ਦਾ ਖਤਰਾ ਪੈਦਾ ਕਰਦੀ ਹੈ। ਅੱਜ ਦੇ ਯੁੱਧ ਵੀ ਇਸੇ ਤਰ੍ਹਾਂ ਭਵਿੱਖ ਨੂੰ ਖਤਰੇ ਵਿੱਚ ਪਾ ਰਹੇ ਹਨ। ਯੂਕਰੇਨ ਅਤੇ ਗਾਜ਼ਾ ਵਿੱਚ ਵਰਤੀਆਂ ਗਈਆਂ ਬੰਬਾਂ ਅਤੇ ਰਸਾਇਣਕ ਪਦਾਰਥ ਧਰਤੀ, ਪਾਣੀ ਅਤੇ ਹਵਾ ਨੂੰ ਜ਼ਹਿਰੀਲਾ ਬਣਾ ਰਹੇ ਹਨ। ਇਸ ਨਾਲ ਖੇਤੀਬਾੜੀ ਤਬਾਹ ਹੋ ਰਹੀ ਹੈ, ਭੁੱਖਮਰੀ ਵਧ ਰਹੀ ਹੈ ਅਤੇ ਆਉਣ ਵਾਲੀਆਂ ਨਸਲਾਂ ਲਈ ਸਿਹਤਮੰਦ ਵਾਤਾਵਰਨ ਖਤਮ ਹੋ ਰਿਹਾ ਹੈ। ਜਲਵਾਯੂ ਤਬਦੀਲੀ ਨਾਲ ਯੁੱਧ ਵੀ ਜੁੜ ਰਿਹਾ ਹੈ ਤੇ ਲੜਾਈਆਂ ਵਧ ਰਹੀਆਂ ਹਨ, ਜੋ ਭਵਿੱਖ ਵਿੱਚ ਹੋਰ ਵੱਡੇ ਯੁੱਧਾਂ ਨੂੰ ਜਨਮ ਦੇ ਸਕਦੀਆਂ ਹਨ।

ਅੱਜ ਦਾਰਸ਼ਨਿਕ ਨਜ਼ਰੀਏ ਤੋਂ ਯੁੱਧ ਇੱਕ ਗ਼ਲਤੀ ਹੈ ਜੋ ਮਨੁੱਖੀ ਚੇਤਨਾ ਨੂੰ ਖ਼ਤਮ ਕਰਦਾ ਹੈ। ਚਿੰਤਕ ਨੋਮ ਚੋਮਸਕੀ ਕਹਿੰਦੇ ਹਨ ਕਿ ਆਧੁਨਿਕ ਯੁੱਧ ਸਿਰਫ਼ ਹਥਿਆਰਾਂ ਦਾ ਨਹੀਂ, ਬਲਕਿ ਵਿਚਾਰਾਂ ਅਤੇ ਜਾਣਕਾਰੀ ਦੇ ਨਿਯੰਤਰਣ ਦਾ ਖੇਡ ਹੈ। ਇਹ ਸਭਿਅਤਾ ਨੂੰ ਅੰਦਰੋਂ ਖੋਖਲਾ ਕਰਦਾ ਹੈ। ਮਹਾਤਮਾ ਗਾਂਧੀ ਨੇ ਅਹਿੰਸਾ ਨੂੰ ਇੱਕ ਤਾਕਤ ਵਜੋਂ ਪੇਸ਼ ਕੀਤਾ। ਉਨ੍ਹਾਂ ਅਨੁਸਾਰ ਹਿੰਸਾ ਦਾ ਜਵਾਬ ਹਿੰਸਾ ਨਹੀਂ, ਬਲਕਿ ਪਿਆਰ ਅਤੇ ਸੱਚ ਹੋਣਾ ਚਾਹੀਦਾ ਹੈ। ਮਾਰਟਿਨ ਲੂਥਰ ਕਿੰਗ ਜੂਨੀਅਰ ਨੇ ਕਿਹਾ ਸੀ ‘ਹਨੇਰਾ ਹਨੇਰੇ ਨੂੰ ਦੂਰ ਨਹੀਂ ਕਰ ਸਕਦਾ, ਸਿਰਫ਼ ਰੌਸ਼ਨੀ ਹੀ ਕਰ ਸਕਦੀ ਹੈ।’ ਇਹ ਰੌਸ਼ਨੀ ਅੰਮ੍ਰਿਤ ਦੀ ਗੂੰਜ ਹੈ, ਜੀਵਨ, ਕਰੁਣਾ ਅਤੇ ਮਾਨਵਤਾ ਦੀ ਆਵਾਜ਼ ਹੈ।



ਅੱਜ ਯੁੱਧ ਵਿਰੋਧੀ ਫਿਲਾਸਫੀ ਕਹਿੰਦੀ ਹੈ ਕਿ ਯੁੱਧ ਮਨੁੱਖੀ ਸਵੈ-ਵਿਨਾਸ਼ ਹੈ। ਇਹ ਨਸਲ-ਏ-ਆਦਮ ਨੂੰ ਖ਼ਤਮ ਕਰਨ ਵਾਲੀਆਂ ਨਿਸ਼ਾਨੀਆਂ ਪੈਦਾ ਕਰਦਾ ਹੈ ਜਿਵੇਂ ਕਿ ਉਜਾੜਾ, ਭੁੱਖਮਰੀ, ਮਾਨਸਿਕ ਸਦਮੇ ਅਤੇ ਵਾਤਾਵਰਣਿਕ ਵਿਨਾਸ਼। ਅੱਜ ਸੁਡਾਨ ਵਿੱਚ 30 ਮਿਲੀਅਨ ਤੋਂ ਵੱਧ ਲੋਕ ਮਾਨਵੀ ਸਹਾਇਤਾ ਲਈ ਤਰਸ ਰਹੇ ਹਨ। ਗਾਜ਼ਾ ਵਿੱਚ ਬੱਚਿਆਂ ਉੱਤੇ ਗੰਭੀਰ ਉਲੰਘਣਾਵਾਂ (ਕਤਲ, ਜ਼ਖ਼ਮੀ, ਲਿੰਗਕ ਹਿੰਸਾ) ਵਧ ਰਹੀਆਂ ਹਨ। ਇਹ ਸਭ ਭਵਿੱਖੀ ਨਸਲਾਂ ਲਈ ਤਬਾਹੀ ਹੈ।

ਅੱਜ ਵੀ ਸਾਹਿਤ, ਕਲਾ ਅਤੇ ਫਿਲਾਸਫੀ ਨੇ ਯੁੱਧ ਦੇ ਵਿਰੋਧ ਵਿੱਚ ਆਵਾਜ਼ ਉਠਾਈ ਹੈ। ਫੈਜ਼ ਅਹਿਮਦ ਫੈਜ਼ ਲਿਖਦੇ ਹਨ- ‘ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ...’ ਇਹ ਇੱਕ ਵਿਸ਼ਵਾਸ ਹੈ ਕਿ ਅਨਿਆਂ ਤੋਂ ਬਾਅਦ ਨਿਆਂ ਦਾ ਸੂਰਜ ਚੜ੍ਹੇਗਾ। ਸਾਹਿਰ ਲੁਧਿਆਣਵੀ ਕਹਿੰਦੇ ਹਨ: ‘ਖ਼ੂਨ ਆਪਣਾ ਹੋਵੇ ਜਾਂ ਪਰਾਇਆ ਹੋਵੇ, ਨਸਲ-ਏ-ਆਦਮ ਦਾ ਖ਼ੂਨ ਹੈ ਆਖ਼ਰ...।’

ਉੱਘੇ ਫਲਸਤੀਨੀ ਕਵੀ ਮਹਿਮੂਦ ਦਰਵੇਸ਼ ਦੀਆਂ ਪੰਕਤੀਆਂ ਵਿੱਚ ਫਲਸਤੀਨੀ ਲੋਕਾਂ ਦਾ ਅਟੁੱਟ ਵਿਸ਼ਵਾਸ ਗੂੰਜਦਾ ਹੈ: ‘ਅਸੀਂ ਇੱਥੇ ਹਾਂ ਅਤੇ ਇੱਥੇ ਰਹਾਂਗੇ...।’ ਉੱਧਰ ਪਾਬਲੋ ਪਿਕਾਸੋ ਦੀ ਤਸਵੀਰ ਗੁਏਰਨਿਕਾ ਯੁੱਧ ਦੇ ਦਰਦ ਨੂੰ ਚਿਤਰਤ ਕਰਦੀ ਹੈ ਅਤੇ ਸਾਨੂੰ ਬਦਲਾਅ ਲਈ ਪ੍ਰੇਰਿਤ ਕਰਦੀ ਹੈ। ਇਹ ਕਲਾ ਯੁੱਧ ਵਿਰੋਧੀ ਆਵਾਜ਼ ਨੂੰ ਅਮਰ ਬਣਾਉਂਦੀ ਹੈ।

ਇਹ ਸੱਚ ਹੈ ਕਿ ਦਾਰਸ਼ਨਿਕ ਤੌਰ ’ਤੇ ਯੁੱਧ ਇੱਕ ਗਲਤੀ ਹੈ ਕਿਉਂਕਿ ਇਹ ਮਨੁੱਖੀ ਏਕਤਾ ਨੂੰ ਤੋੜਦਾ ਹੈ। ਗਾਂਧੀ ਅਤੇ ਕਿੰਗ ਨੇ ਦਿਖਾਇਆ ਕਿ ਅਹਿੰਸਾ ਇੱਕ ਤਾਕਤ ਹੈ ਨਾ ਕਿ ਕਮਜ਼ੋਰੀ। ਆਧੁਨਿਕ ਫਿਲਾਸਫੀ ਵਿੱਚ ਸ਼ਾਂਤੀਵਾਦ ਦੋ ਰੂਪਾਂ ਵਿੱਚ ਆਉਂਦਾ ਹੈ-ਇੱਕ ਧਾਰਮਿਕ (ਜੀਵਨ ਦੀ ਪਵਿੱਤਰਤਾ), ਦੂਜਾ ਵਿਵਹਾਰਕ (ਯੁੱਧ ਤੋਂ ਵਧੇਰੇ ਨੁਕਸਾਨ ਹੁੰਦਾ ਹੈ)। ਅੱਜ ਦੇ ਹਾਲਾਤ ਵਿੱਚ ਯੁੱਧ ਨਸਲ-ਏ-ਆਦਮ ਨੂੰ ਖਤਮ ਕਰਨ ਵਾਲੀਆਂ ਨਿਸ਼ਾਨੀਆਂ ਪੈਦਾ ਕਰ ਰਿਹਾ ਹੈ। ਅੱਜ ਦੁਨੀਆ ਦਾ ਵੱਡਾ ਵਿਸਥਾਪਨ (117 ਮਿਲੀਅਨ ਤੋਂ ਵੱਧ ਲੋਕ ਯੁੱਧਾਂ ਕਾਰਨ ਵਿਸਥਾਪਤ), ਬੱਚਿਆਂ ਉੱਤੇ ਹਮਲੇ (520 ਮਿਲੀਅਨ ਬੱਚੇ ਯੁੱਧ ਖੇਤਰਾਂ ਵਿੱਚ) ਅਤੇ ਵਾਤਾਵਰਣਿਕ ਵਿਨਾਸ਼ ਹੋਇਆ ਹੈ। ਇਹ ਸਾਡੇ ਭਵਿੱਖ ਨੂੰ ਬਦਲ ਰਿਹਾ ਹੈ। ਇੱਕ ਅਜਿਹੀ ਦੁਨੀਆ ਵੱਲ ਜਿੱਥੇ ਸ਼ਾਂਤੀ ਦੀ ਬਜਾਏ ਭੈਅ ਅਤੇ ਘ੍ਰਿਣਾ ਛਾਈ ਹੋਈ ਹੈ।

ਅੱਜ ਜਦੋਂ ਧਰਤੀ ਖ਼ੂਨ ਨਾਲ ਲੱਥਪੱਥ ਹੋ ਜਾਂਦੀ ਹੈ, ਤਦ ਵੀ ਇੱਕ ਜਵਾਨ ਆਪਣੇ ਖ਼ੂਨ ਨਾਲ ਲਿਖਦਾ ਹੈ “ਮੈਂ ਜਿਉਂਦਾ ਹਾਂ, ਉਹੀ ਲਿਖਤ ਦੇ ਅੰਮ੍ਰਿਤ ਦੀ ਗੂੰਜ ਹੈ। ਅੱਜ ਵਿਨਾਸ਼ ਦੀ ਇਸ ਰਾਤ ਵਿੱਚ ਵੀ ਜੀਵਨ ਆਪਣੀ ਛੋਟੀ ਜਿਹੀ ਲੈਅ ਲੈ ਕੇ ਗੂੰਜਦਾ ਰਹਿੰਦਾ ਹੈ ਕਿਉਂਕਿ ਅੰਮ੍ਰਿਤ ਕਦੇ ਨਹੀਂ ਮਰਦਾ, ਉਹ ਤਦ ਗੂੰਜਦਾ ਹੈ ਜਦੋਂ ਇਨਸਾਨ ਆਪਣੀ ਮਾਨਵਤਾ ਨੂੰ ਯਾਦ ਕਰਦਾ ਹੈ। ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਹਰ ਤਬਾਹੀ ਤੋਂ ਬਾਅਦ ਜੀਵਨ ਮੁੜ ਉੱਠਿਆ ਹੈ, ਪਰ ਇਸ ਵਾਰ ਯੁੱਧ ਦੀ ਤਕਨਾਲੋਜੀ ਇੰਨੀ ਘਾਤਕ ਹੈ ਕਿ ਭਵਿੱਖੀ ਨਸਲਾਂ ਲਈ ਕੋਈ ਮੌਕਾ ਨਹੀਂ ਛੱਡ ਰਹੀਆਂ। ਇਸ ਲਈ ਯੁੱਧ ਵਿਰੋਧੀ ਆਵਾਜ਼ ਉਠਾਉਣੀ ਲਾਜ਼ਮੀ ਹੈ।

ਜੇ ਅਸੀਂ ਅੱਜ ਯੁੱਧ ਨੂੰ ਰੋਕਿਆ ਤਾਂ ਭਵਿੱਖੀ ਨਸਲਾਂ ਸਾਨੂੰ ਯਾਦ ਰੱਖਣਗੀਆਂ। ਨਹੀਂ ਤਾਂ ਇਤਿਹਾਸ ਸਾਨੂੰ ਉਸ ਤਬਾਹੀ ਵਜੋਂ ਯਾਦ ਰੱਖੇਗਾ ਜਿਸ ਨੇ ਨਸਲ-ਏ-ਆਦਮ ਨੂੰ ਖ਼ਤਮ ਕਰ ਦਿੱਤਾ। ਜ਼ਿੰਦਗੀ ਦੇ ਅੰਮ੍ਰਿਤ ਦੀ ਗੂੰਜ ਹੀ ਆਖ਼ਰੀ ਉਮੀਦ ਹੈ, ਉਹ ਗੂੰਜ ਜੋ ਸਾਨੂੰ ਯਾਦ ਦਿਵਾਉਂਦੀ ਹੈ ਕਿ ਅਸੀਂ ਸਿਰਫ਼ ਸਰੀਰ ਨਹੀਂ, ਬਲਕਿ ਚੇਤਨਾ ਹਾਂ ਅਤੇ ਇਸ ਚੇਤਨਾ ਦੇ ਜਿਉਂਦੀ ਰਹਿਣ ਤੱਕ ਮਾਨਵਤਾ ਵੀ ਜਿਉਂਦੀ ਰਹੇਗੀ।

ਅੱਜ ਬਾਰੂਦ ਵਿਚਕਾਰ ਜੀਵਨ ਦੀ ਭਾਲ ਦੀ ਮਨੁੱਖੀ ਸਭਿਅਤਾ ਇੱਕ ਅਜਿਹੇ ਨਾਜ਼ੁਕ ਮੋੜ ਉੱਤੇ ਖੜ੍ਹੀ ਹੈ ਜਿੱਥੇ ਉਸ ਦੇ ਸਾਹਮਣੇ ਦੋ ਸਪੱਸ਼ਟ ਰਾਹ ਨਜ਼ਰ ਆਉਂਦੇ ਹਨ, ਇੱਕ ਯੁੱਧ ਅਤੇ ਵਿਨਾਸ਼ ਦਾ, ਦੂਜਾ ਸ਼ਾਂਤੀ, ਕਰੁਣਾ ਅਤੇ ਜੀਵਨ ਦਾ। ਇੱਕਵੀਂ ਸਦੀ ਦਾ ਇਹ ਦੌਰ ਜਿੰਨਾ ਵਿਗਿਆਨਕ ਤਰੱਕੀ ਅਤੇ ਤਕਨਾਲੋਜੀ ਦਾ ਪ੍ਰਤੀਕ ਹੈ, ਓਨਾ ਹੀ ਇਹ ਮਾਨਵੀ ਅਸਫਲਤਾਵਾਂ ਅਤੇ ਸੰਵੇਦਨਸ਼ੀਲਤਾ ਦੀ ਘਾਟ ਦਾ ਵੀ ਆਈਨਾ ਬਣ ਚੁੱਕਾ ਹੈ। ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਚੱਲ ਰਹੇ ਯੁੱਧਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਮਨੁੱਖ ਨੇ ਆਪਣੀ ਤਕਨੀਕੀ ਤਾਕਤ ਤਾਂ ਬਹੁਤ ਵਧਾ ਲਈ ਹੈ, ਪਰ ਆਪਣੀ ਮਾਨਵੀ ਸੰਵੇਦਨਾ ਗਵਾਉਂਦਾ ਜਾ ਰਿਹਾ ਹੈ। ਅਜਿਹੇ ਵਿਨਾਸ਼ਕਾਰੀ ਸਮੇਂ ਵਿੱਚ ‘ਜਿੰਦਗੀ ਦੀ ਗੂੰਜ’ ਯਾਨੀ ਜੀਵਨ, ਪਿਆਰ, ਕਰੁਣਾ ਅਤੇ ਮਾਨਵਤਾ ਦੀ ਆਵਾਜ਼ ਹੀ ਇੱਕੋ ਇੱਕ ਰਾਹ ਨਜ਼ਰ ਆਉਂਦਾ ਹੈ ਜੋ ਇਸ ਹਨੇਰੇ ਵਿੱਚ ਸਾਨੂੰ ਬਚਾ ਸਕਦਾ ਹੈ।

ਜੇਕਰ ਅਸੀਂ ਵਰਤਮਾਨ ਹਾਲਾਤ ਦਾ ਧਿਆਨ ਨਾਲ ਵਿਸ਼ਲੇਸ਼ਣ ਕਰੀਏ ਤਾਂ ਭਵਿੱਖ ਦਾ ਯੁੱਧ ਹੋਰ ਵੀ ਘਾਤਕ ਅਤੇ ਅਮਾਨਵੀ ਹੋਣ ਵਾਲਾ ਹੈ। ਇਹ ਯੁੱਧ ਹੁਣ ਸਿਰਫ਼ ਭੂਗੋਲਿਕ ਸੀਮਾਵਾਂ ਤੱਕ ਸੀਮਤ ਨਹੀਂ ਰਹੇਗਾ, ਸਗੋਂ ਤਕਨਾਲੋਜੀ, ਜਾਣਕਾਰੀ ਅਤੇ ਮਨੋਵਿਗਿਆਨ ਦੇ ਮੈਦਾਨ ਵਿੱਚ ਵੀ ਲੜਿਆ ਜਾਵੇਗਾ। ਅੱਜ ਡਰੋਨ, ਸਾਈਬਰ ਹਮਲੇ ਅਤੇ ਮਸਨੂਈ ਬੁੱਧੀ ਰਾਹੀਂ ਯੁੱਧ ਨੂੰ ਇਸ ਹੱਦ ਤੱਕ ਬਦਲ ਦਿੱਤਾ ਗਿਆ ਹੈ ਕਿ ਦੁਸ਼ਮਣ ਦਾ ਚਿਹਰਾ ਵੀ ਨਜ਼ਰ ਨਹੀਂ ਆਉਂਦਾ। ਇਹ ਇੱਕ ਅਜਿਹੀ ਦੁਨੀਆ ਵੱਲ ਇਸ਼ਾਰਾ ਕਰਦਾ ਹੈ ਜਿੱਥੇ ਯੁੱਧ ਅਤੇ ਸ਼ਾਂਤੀ ਵਿਚਕਾਰ ਦੀ ਲਾਈਨ ਧੁੰਦਲੀ ਹੋ ਜਾਵੇਗੀ।

ਅੱਜ ਇਹ ਮਾਨਵੀ ਤਬਾਹੀ ਅਤੇ ਸਭਿਅਤਾ ਦਾ ਟੁੱਟਦਾ ਢਾਂਚਾ ਹੈ। ਯੁੱਧ ਦਾ ਸਭ ਤੋਂ ਵੱਡਾ ਅਸਰ ਹਮੇਸ਼ਾਂ ਆਮ ਆਦਮੀ ਉੱਤੇ ਹੀ ਪੈਂਦਾ ਹੈ। ਸ਼ਹਿਰ ਖੰਡਰ ਬਣ ਜਾਂਦੇ ਹਨ, ਪਰਿਵਾਰ ਬਿਖਰ ਜਾਂਦੇ ਹਨ ਅਤੇ ਪੀੜ੍ਹੀਆਂ ਮਾਨਸਿਕ ਸਦਮੇ ਨਾਲ ਜਿਉਣ ਲਈ ਮਜਬੂਰ ਹੋ ਜਾਂਦੀਆਂ ਹਨ। ਦੂਜਾ ਵਿਸ਼ਵ ਯੁੱਧ ਅਤੇ ਹੀਰੋਸ਼ੀਮਾ-ਨਾਗਾਸਾਕੀ ਉੱਤੇ ਸੁੱਟੇ ਗਏ ਪਰਮਾਣੂ ਬੰਬਾਂ ਵਰਗੀਆਂ ਉਦਾਹਰਨਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਯੁੱਧ ਸਿਰਫ਼ ਵਰਤਮਾਨ ਨੂੰ ਨਹੀਂ, ਸਗੋਂ ਭਵਿੱਖੀ ਪੀੜ੍ਹੀਆਂ ਨੂੰ ਵੀ ਨਸ਼ਟ ਕਰ ਦਿੰਦਾ ਹੈ। ਅੱਜ ਦੇ ਯੁੱਧਾਂ ਵਿੱਚ ਵਿਸਥਾਪਨ ਸਭ ਤੋਂ ਵੱਡੀ ਤ੍ਰਾਸਦੀ ਬਣ ਚੁੱਕਾ ਹੈ। ਲੱਖਾਂ ਲੋਕ ਆਪਣੇ ਘਰ-ਬਾਰ ਛੱਡ ਕੇ ਬੇਘਰ ਹੋ ਜਾਂਦੇ ਹਨ, ਉਨ੍ਹਾਂ ਦੀ ਪਛਾਣ ਖੋਹ ਲਈ ਜਾਂਦੀ ਹੈ ਅਤੇ ਉਹ ਸਿਰਫ਼ ‘ਸ਼ਰਨਾਰਥੀ’ ਬਣ ਕੇ ਰਹਿ ਜਾਂਦੇ ਹਨ।

ਜ਼ਿੰਦਗੀ ਦਾ ਸਭ ਤੋਂ ਵੱਡਾ ਸਵਾਲ ਇਹੀ ਹੈ ਕੀ ਜੀਵਨ ਦੀ ਇਹ ਗੂੰਜ ਯੁੱਧ ਦੀ ਭੀੜ ਅਤੇ ਗੋਲੀਆਂ ਦੀ ਆਵਾਜ਼ ਨੂੰ ਚੁੱਪ ਕਰਾ ਸਕੇਗੀ? ਇਸ ਦਾ ਉੱਤਰ ਸਰਲ ਨਹੀਂ ਹੈ, ਪਰ ਇਤਿਹਾਸ ਇਹ ਸਿਖਾਉਂਦਾ ਹੈ ਕਿ ਹਰ ਵੱਡੀ ਤਬਾਹੀ ਤੋਂ ਬਾਅਦ ਜੀਵਨ ਨੇ ਆਪਣੇ ਆਪ ਨੂੰ ਮੁੜ ਖੜ੍ਹਾ ਕੀਤਾ ਹੈ। ਇਹ ਮੁੜ-ਨਿਰਮਾਣ ਤਦ ਹੀ ਸੰਭਵ ਹੈ ਜਦੋਂ ਮਨੁੱਖ ਆਪਣੀਆਂ ਗਲਤੀਆਂ ਤੋਂ ਸਿੱਖਣ ਲਈ ਤਿਆਰ ਹੋਵੇ।



# ਹਰੀ ਸਿੰਘ ਨਲਵਾ ਦੀ ਸ਼ਹਾਦਤ : ਕਦੋਂ, ਕਿਵੇਂ ਅਤੇ ਕਿਉਂ ਹੋਈ ?

ਸੁਰਿੰਦਰ ਕੋਛੜ

ਸ. ਹਰੀ ਸਿੰਘ ਨਲਵਾ ਨੇ 17 ਅਕਤੂਬਰ 1836 ਨੂੰ ਜਮਰੌਦ ਕਿਲ੍ਹੇ ਦੀ ਨੀਂਹ ਰੱਖ ਕੇ ਆਸ-ਪਾਸ ਹੋਰ ਛੋਟੇ ਕਿਲ੍ਹਿਆਂ-ਬੁਰਜ ਹਰੀ ਸਿੰਘ, ਕਿਲ੍ਹਾ ਬਾੜਾ ਅਤੇ ਕਿਲ੍ਹਾ ਮਿਚਣੀ ਆਦਿ ਦਾ ਨਿਰਮਾਣ ਸ਼ੁਰੂ ਕਰਵਾ ਦਿੱਤਾ ਸੀ। ਜਦੋਂ ਇਨ੍ਹਾਂ ਕਿਲ੍ਹਿਆਂ ਦੇ ਨਿਰਮਾਣ ਦੀ ਖ਼ਬਰ ਕਾਬਲ ਅਫ਼ਗਾਨੀਆਂ ਪਾਸ ਪੁੱਜੀ ਤਾਂ ਉਨ੍ਹਾਂ ਨੂੰ ਇਹ ਸਮਝਣ 'ਚ ਜ਼ਿਆਦਾ ਦੇਰ ਨਾ ਲੱਗੀ ਕਿ ਹੁਣ ਸ. ਨਲਵਾ ਪਿਸ਼ਾਵਰ ਤੋਂ ਬਾਅਦ ਜਲਾਲਾਬਾਦ ਅਤੇ ਕਾਬਲ ਨੂੰ ਖ਼ਾਲਸਾ ਰਾਜ ਵਿਚ ਮਿਲਾਉਣ ਦੀ ਤਿਆਰੀ ਵਿਚ ਹੈ। ਇਸ 'ਤੇ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਆਪਣੇ ਪੰਜਾਂ ਪੁੱਤਰਾਂ ਨੂੰ ਗ਼ਾਜ਼ੀਆਂ ਦੇ ਇਕ ਬਹੁਤ ਭਾਰੀ ਲਸ਼ਕਰ ਸਹਿਤ ਮਿਰਜ਼ਾ ਸਮੀ ਖ਼ਾਨ ਨੂੰ ਆਪਣਾ ਲਾਇਬੁਲ ਸਲਤਨਤ ਮੁਕੱਰਰ ਕਰ ਕੇ 15 ਅਪ੍ਰੈਲ 1837 ਨੂੰ ਖ਼ਾਲਸੇ ਉੱਤੇ ਚੜ੍ਹਾਈ ਕਰਨ ਲਈ ਤੋਰ ਦਿੱਤਾ।

ਉੱਧਰ ਸਰਹੱਦ ਦੀ ਸੁਰੱਖਿਆ ਦੀਆਂ ਤਿਆਰੀਆਂ ਲਈ ਕਿਲ੍ਹਿਆਂ ਦੇ ਨਿਰਮਾਣ ਵਿਚ ਦਿਨ-ਰਾਤ ਜੁਟੇ ਰਹਿਣ ਕਰ ਕੇ ਸ. ਹਰੀ ਸਿੰਘ ਨਲਵਾ ਥਕੇਵੇਂ ਦੇ ਕਾਰਨ ਪਿਸ਼ਾਵਰ ਦੇ ਕਿਲ੍ਹੇ ਵਿਚ ਬਿਮਾਰ ਪਏ ਹੋਏ ਸਨ ਅਤੇ ਵੈਦਾਂ ਨੇ ਉਨ੍ਹਾਂ ਨੂੰ ਕਿਤੇ ਵੀ ਜਾਣ ਤੋਂ ਮਨ੍ਹਾਂ ਕਰ ਕੇ ਆਰਾਮ ਕਰਨ ਲਈ ਕਿਹਾ ਹੋਇਆ ਸੀ। ਦੂਜੇ ਪਾਸੇ, ਲਾਹੌਰ ਵਿਚ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਸਮਾਰੋਹ ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਵਿਸ਼ੇਸ਼ ਤੌਰ 'ਤੇ ਬੁਲਾਏ ਗਏ ਅੰਗਰੇਜ਼ ਅਫ਼ਸਰਾਂ, ਰਾਜਿਆਂ, ਮਹਾਰਾਜਿਆਂ ਤੇ ਨਵਾਬਾਂ ਨੂੰ ਪ੍ਰਭਾਵਿਤ ਕਰਨ ਲਈ ਪਿਸ਼ਾਵਰ ਤੋਂ ਵੱਡੀ ਗਿਣਤੀ ਵਿਚ ਫ਼ੌਜ ਮੰਗਵਾ ਲਈ ਗਈ ਸੀ।

ਸ. ਨਲਵਾ ਵਲੋਂ ਨਿਯੁਕਤ ਕੀਤੇ ਕਿਲ੍ਹਾ ਜਮਰੌਦ ਦੇ ਕਿਲ੍ਹੇਦਾਰ ਅਤੇ ਉਨ੍ਹਾਂ ਦੇ ਪਾਲਿਤ ਪੁੱਤਰ ਸ. ਮਹਾਂ ਸਿੰਘ ਮੀਰਪੁਰੀਏ ਕੋਲ ਰੋਜ਼ਾਨਾ ਅਫ਼ਗਾਨੀਆਂ ਵਲੋਂ ਜੰਗੀ ਤਿਆਰੀਆਂ ਦੀਆਂ ਖ਼ਬਰਾਂ ਪਹੁੰਚ ਰਹੀਆਂ ਸਨ। ਸ. ਮੀਰਪੁਰੀਏ ਨੇ ਕਿਲ੍ਹੇ 'ਚੋਂ ਸ. ਨਲਵਾ ਪਾਸ ਲਿਖਤੀ ਸੁਨੇਹਾ ਭੇਜਿਆ, ਜਿਸ ਵਿਚ ਉਸ ਨੇ ਫ਼ੌਜ ਦੀ ਮੰਗ ਕੀਤੀ। ਸ. ਨਲਵਾ ਨੇ ਉਸ ਦੇ ਖ਼ਤ ਸਮੇਤ ਆਪਣੇ ਵਲੋਂ ਇਕ ਅਰਜ਼ੀ ਲਿਖਵਾ ਕੇ ਮਹਾਰਾਜਾ ਪਾਸ ਜਲਦੀ ਨਾਲ ਲਾਹੌਰ ਭਿਜਵਾ ਦਿੱਤੀ, ਜਿਸ ਵਿਚ ਉਨ੍ਹਾਂ ਪਿਸ਼ਾਵਰ ਦੀ ਫ਼ੌਜ ਜਲਦੀ ਵਾਪਸ ਭੇਜਣ ਦੀ ਮੰਗ ਕੀਤੀ। ਇਹ ਸੁਨੇਹਾ 26 ਅਪ੍ਰੈਲ ਦੀ ਦੁਪਹਿਰ ਰਾਜਾ ਧਿਆਨ ਸਿੰਘ ਪਾਸ ਪਹੁੰਚ ਗਿਆ, ਪਰ ਉਸ ਨੇ ਇਸ ਬਾਰੇ ਜਾਣਕਾਰੀ ਮਹਾਰਾਜਾ ਨੂੰ ਨਾ ਦਿੱਤੀ, ਜਿਸ ਕਾਰਨ 30 ਅਪ੍ਰੈਲ ਤੱਕ ਵੀ ਲਾਹੌਰ ਦਰਬਾਰ ਵਲੋਂ ਪਿਸ਼ਾਵਰ ਕੋਈ ਜਵਾਬ ਨਾ ਪਹੁੰਚਿਆ। ਉੱਧਰ ਅਫ਼ਗਾਨ 27 ਅਪ੍ਰੈਲ ਨੂੰ ਦੱਰਾ ਖ਼ੈਬਰ ਦੇ ਪੂਰਬੀ ਸਿਰੇ 'ਤੇ ਪਹੁੰਚ ਚੁੱਕੇ ਸਨ। ਜਦੋਂ ਉਨ੍ਹਾਂ ਨੂੰ ਸ. ਨਲਵਾ ਦੇ ਕਿਲ੍ਹੇ ਵਿਚ ਮੌਜੂਦ ਨਾ ਹੋਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਦੇ ਹੌਸਲੇ ਹੋਰ ਬੁਲੰਦ ਹੋ ਗਏਅਤੇ ਅਗਲੇ ਦਿਨ 28 ਅਪ੍ਰੈਲ ਨੂੰ ਉਨ੍ਹਾਂ ਨੇ ਕਿਲ੍ਹੇ 'ਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਗੋਲਾਬਾਰੀ ਦੇ ਜਵਾਬ ਵਿਚ ਸ. ਮਹਾਂ ਸਿੰਘ ਨੇ ਵੀ ਕਿਲ੍ਹੇ ਵਿਚੋਂ ਅਫ਼ਗਾਨੀਆਂ ਉੱਪਰ ਗੋਲਾਬਾਰੀ ਸ਼ੁਰੂ ਕਰਵਾ ਦਿੱਤੀ। ਇਸ ਗੋਲਾਬਾਰੀ ਦਾ ਸਿਲਸਿਲਾ ਰਾਤ ਦਾ ਹਨੇਰਾ ਹੋਣ ਤੱਕ ਚਲਦਾ ਰਿਹਾ।

ਦੂਜੇ ਦਿਨ ਵੀ ਅਫ਼ਗਾਨੀਆਂ ਨੇ ਦਿਨ ਚੜ੍ਹਦਿਆਂ ਹੀ ਕਿਲ੍ਹੇ ਉੱਪਰ ਤੋਪਾਂ ਦੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਹਾਲਾਂਕਿ ਕਿਲ੍ਹੇ ਵਿਚ ਮੌਜੂਦ 1000 ਖ਼ਾਲਸਾ ਫ਼ੌਜ ਦਾ ਅਫ਼ਗਾਨੀਆਂ ਦੇ 30,000 ਲਸ਼ਕਰ ਅੱਗੇ ਜ਼ਿਆਦਾ ਦੇਰ ਤੱਕ ਡਟੇ ਰਹਿਣਾ ਅਸੰਭਵ ਸੀ, ਪਰ ਫਿਰ ਵੀ ਖ਼ਾਲਸਾ ਫ਼ੌਜ ਦੇ ਹੌਸਲੇ ਬੁਲੰਦ ਰਹੇ ਅਤੇ ਉਹ ਅਫ਼ਗਾਨੀਆਂ ਉੱਪਰ ਲਗਾਤਾਰ ਜਵਾਬੀ ਹਮਲੇ ਕਰਦੀ ਰਹੀ। 30 ਅਪ੍ਰੈਲ ਨੂੰ ਅਫ਼ਗਾਨ ਕਿਲ੍ਹੇ ਦੀ ਬਾਹਰੀ ਬਾਹੀ ਨੂੰ ਤੋਪਾਂ ਦੇ ਗੋਲਿਆਂ ਨਾਲ ਢਾਹੁਣ ਵਿਚ ਕਾਮਯਾਬ ਹੋ ਗਏ, ਕਿਉਂਕਿ ਕਿਲ੍ਹਾ ਅਜੇ ਨਵਾਂ ਹੀ ਬਣਵਾਇਆ ਸੀ ਅਤੇ ਕਿਸੇ ਵੱਡੇ ਹਮਲੇ ਦੀ ਝਾਲ ਝੱਲਣ ਦੇ ਯੋਗ ਨਹੀਂ ਹੋਇਆ ਸੀ। ਇਸ ਦੇ ਬਾਵਜੂਦ ਅਫ਼ਗਾਨ ਲਸ਼ਕਰ ਦਾ ਕਿਲ੍ਹੇ ਦੇ ਅੰਦਰ ਵੜਨ ਦਾ ਹੌਸਲਾ ਨਾ ਬਣਿਆ। ਜਦ ਰਾਤ ਹੋਈ ਤਾਂ ਖ਼ਾਲਸਾ ਫ਼ੌਜ ਨੇ ਬੜੀ ਬਹਾਦਰੀ ਨਾਲ ਕਿਲ੍ਹੇ ਦੀ ਫ਼ਸੀਲ ਦਾ ਪਾੜ ਰੇਤ ਦੀਆਂ ਬੋਰੀਆਂ ਰੱਖ ਕੇ ਬੰਦ ਕਰ ਦਿੱਤਾ। ਕਿਲ੍ਹੇ ਦੀ ਅੰਦਰੂਨੀ ਹਾਲਤ ਅਤੇ ਬਾਹਰੋਂ ਫ਼ੌਜੀ ਮਦਦ ਬਾਰੇ ਸ. ਨਲਵਾ ਨੂੰ ਸੂਚਿਤ ਕਰਨਾ ਬਹੁਤ ਜ਼ਰੂਰੀ ਸੀ। ਖ਼ਾਲਸੇ ਦਾ ਅੰਤਿਮ ਸੰਦੇਸ਼ ਸ. ਨਲਵਾ ਤੱਕ ਪਹੁੰਚਾਉਣ ਲਈ ਇਕ ਬੀਬੀ ਹਰਸ਼ਰਨ ਕੌਰ ਪਠਾਣ ਔਰਤ ਦਾ ਭੇਸ ਬਣਾ ਕੇ ਰਾਤੋ-ਰਾਤ ਕਿਲ੍ਹੇ ਵਿਚੋਂ ਨਿਕਲ ਕੇ 30 ਅਪ੍ਰੈਲ ਨੂੰ ਪਿਸ਼ਾਵਰ ਪਹੁੰਚ ਗਈ।

ਜਦੋਂ ਮਹਾਂ ਸਿੰਘ ਦਾ ਖ਼ਤ ਸ. ਨਲਵਾ ਪਾਸ ਪਹੁੰਚਿਆ ਤਾਂ ਬਿਨਾਂ ਆਪਣੀ ਬਿਮਾਰੀ ਅਤੇ ਪ੍ਰਾਣਾਂ ਦੀ ਪ੍ਰਵਾਹ ਕਰਦੇ ਹੋਏ ਉਹ ਉੱਠ ਖੜ੍ਹੇ ਹੋਏ। ਇੱਥੋਂ ਹੀ ਉਨ੍ਹਾਂ ਸ. ਮਹਾਂ ਸਿੰਘ ਵਲੋਂ ਲਿਖੇ ਅੰਤਿਮ ਖ਼ਤ ਦੇ ਨਾਲ ਹੀ ਆਪਣੇ ਵਲੋਂ ਇਕ ਖ਼ਤ ਲਿਖ ਕੇ ਮਹਾਰਾਜਾ ਪਾਸ ਲਾਹੌਰ ਭਿਜਵਾ ਦਿੱਤਾ। ਸ. ਨਲਵਾ ਵਲੋਂ 15 ਮਾਰਚ ਤੋਂ 21 ਅਪ੍ਰੈਲ ਤੱਕ ਲਗਾਤਾਰ ਫ਼ੌਜੀ ਇਮਦਾਦ ਲਈ ਚਾਰ ਅਰਜ਼ੀਆਂ ਲਾਹੌਰ ਦਰਬਾਰ ਵੱਲ ਭੇਜੀਆਂ ਗਈਆਂ। ਹਾਲਾਂਕਿ ਕੰਵਰ ਦਾ ਵਿਆਹ ਤਾਂ 7



ਮਾਰਚ 1837 ਨੂੰ ਹੋ ਚੁੱਕਿਆ ਸੀ, ਪਰ ਮਹਾਰਾਜਾ ਅੰਗਰੇਜ਼ ਮਹਿਮਾਨਾਂ ਨੂੰ ਸੈਰ ਅਤੇ ਸ਼ਿਕਾਰ ਕਰਾਉਣ ਤੋਂ ਬਾਅਦ ਲਾਹੌਰ ਤੋਂ ਵਿਦਾ ਕਰਨ 'ਚ ਰੁੱਝੇ ਰਹੇ, ਜਿਸ ਕਰਕੇ ਰਾਜਾ ਧਿਆਨ ਸਿੰਘ ਨੂੰ ਫ਼ੌਜਾਂ ਪਿਸ਼ਾਵਰ ਨਾ ਭੇਜਣ ਦਾ ਬਹਾਨਾ ਮਿਲ ਗਿਆ।

ਖ਼ੈਰ, ਸ. ਨਲਵਾ ਨੇ ਤੁਰੰਤ ਪਿਸ਼ਾਵਰ ਕਿਲ੍ਹੇ ਵਿਚਲੀ ਫ਼ੌਜ ਨੂੰ ਜਮਰੌਦ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ। ਬੁਰਜ ਹਰੀ ਸਿੰਘ ਦੇ ਨਜ਼ਦੀਕ ਪਹੁੰਚ ਕੇ ਸ. ਨਲਵਾ ਨੇ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਿਆ। ਇਕ ਹਿੱਸਾ ਸ. ਨਿਧਾਨ ਸਿੰਘ 'ਪੰਜ ਹੱਥਾਂ' ਨਾਲ ਤੋਰ ਦਿੱਤਾ, ਦੂਸਰਾ ਅਮਰ ਸਿੰਘ ਖ਼ੁਰਦ 'ਮਜੀਠੀਆ' ਨਾਲ ਅਤੇ ਤੀਸਰਾ ਆਪਣੇ ਨਾਲ ਰੱਖਿਆ। ਉਧਰ ਜਦੋਂ ਅਫ਼ਗਾਨ ਕਿਲ੍ਹੇ ਉੱਪਰ ਕਬਜ਼ਾ ਕਰਨ ਦੀ ਪੂਰੀ ਤਿਆਰੀ ਕਰੀ ਬੈਠੇ ਸਨ ਤਾਂ ਬਿਲਕੁਲ ਉਸੇ ਮੌਕੇ ਸ. ਨਲਵਾ ਨੇ ਜਮਰੌਦ ਪਹੁੰਚ ਕੇ ਅਫ਼ਗਾਨੀਆਂ 'ਤੇ ਅਜਿਹਾ ਹਮਲਾ ਕੀਤਾ ਕਿ ਵੇਖਦਿਆਂ ਹੀ ਵੇਖਦਿਆਂ ਜਮਰੌਦ ਦੇ ਕਿਲ੍ਹੇ ਦੇ ਬਾਹਰ ਦੂਰ-ਦੂਰ ਤੱਕ ਅਫ਼ਗਾਨੀਆਂ ਦੇ ਧੜ ਤੋਂ ਅਲੱਗ ਹੋਏ ਸਿਰ ਨਜ਼ਰ ਆ ਰਹੇ ਸਨ। ਅਫ਼ਗਾਨ ਸੈਨਾ ਵਿਚ ਬੁਰੀ ਤਰ੍ਹਾਂ ਤਰਥੱਲੀ ਮੱਚ ਗਈ। ਜਿੱਧਰ ਕਿਸੇ ਨੂੰ ਜਗ ?ਹਾ ਲੱਭੀ, ਉਹ ਉਧਰ ਹੀ ਭੱਜ ਤੁਰਿਆ। ਹੁਣ ਜਮਰੌਦ ਦੇ ਮੈਦਾਨ ਵਿਚ ਨਾ ਤਾਂ ਦੋਸਤ ਮੁਹੰਮਦ ਖ਼ਾਨ ਦਾ ਕੋਈ ਪੁੱਤਰ ਹੀ ਸਾਹ ਲੈਂਦਾ ਨਜ਼ਰ ਆ ਰਿਹਾ ਸੀ ਅਤੇ ਨਾ ਹੀ ਕੋਈ ਜਿਹਾਦੀ। ਸ. ਨਲਵਾ ਦੇ ਜਵਾਨਾਂ ਨੇ ਭੱਜਦੇ ਹੋਏ ਅਫ਼ਗਾਨੀਆਂ ਪਾਸੋਂ ਉਨ੍ਹਾਂ ਦੀਆਂ 14 ਵੱਡੀਆਂ ਤੋਪਾਂ ਵੀ ਖੋਹ ਲਈਆਂ।

ਇਸ ਤੋਂ ਬਾਅਦ ਜਦੋਂ ਸ. ਨਲਵਾ ਆਪਣੀ ਫ਼ੌਜ ਨੂੰ ਆਰਾਮ ਦੇਣ ਲਈ ਕੈਂਪ ਵਿਚ ਭੇਜਣ ਦੀ ਸੋਚ ਰਹੇ ਸਨ ਤਾਂ ਉਸੇ ਸਮੇਂ ਉਨ੍ਹਾਂ ਨੂੰ ਪਤਾ ਲੱਗਾ ਕਿ ਸ. ਨਿਧਾਨ ਸਿੰਘ 'ਪੰਜ ਹੱਥਾ' ਸਿਰਫ਼ 1500 ਸਿਪਾਹੀਆਂ ਨੂੰ ਨਾਲ ਲੈ ਕੇ ਅਫ਼ਗਾਨੀਆਂ ਨੂੰ ਅੱਗੇ ਲਗਾ ਕੇ ਦੌੜਾਉਂਦਾ ਹੋਇਆ ਦੱਰਾ ਖ਼ੈਬਰ ਦੇ ਅੰਦਰ ਕਾਫ਼ੀ ਦੂਰ ਤੱਕ ਨਿਕਲ ਚੁੱਕਿਆ ਹੈ। ਇਸ 'ਤੇ ਉਸ ਨੂੰ ਵਾਪਸ ਲਿਆਉਣ ਲਈ ਸ. ਨਲਵਾ ਨੂੰ ਵੀ ਤੁਰੰਤ ਉਸ ਦੇ ਪਿੱਛੇ ਜਾਣਾ ਪਿਆ। ਉਧਰੋਂ ਸ਼ਮਸਉੱਦੀਨ ਖ਼ਾਨ ਨੇ 2000 ਜੰਗੀ ਸਿਪਾਹੀਆਂ ਨਾਲ ਦੱਰਾ ਖ਼ੈਬਰ ਵਿਚ ਪਹੁੰਚ ਕੇ ਅਫ਼ਗਾਨੀਆਂ ਨੂੰ ਖ਼ਾਲਸੇ ਨਾਲ ਯੁੱਧ ਲਈ ਪ੍ਰੇਰਿਆ। ਕੁਝ ਨੇ ਤਾਂ ਉਸ ਦੀ ਇਕ ਨਾ ਸੁਣੀ ਅਤੇ ਬਾਕੀ ਨਿਧਾਨ ਸਿੰਘ 'ਪੰਜ ਹੱਥਾ' ਵੱਲ ਨੂੰ ਵਾਪਸ ਮੁੜ ਆਏ ਅਤੇ ਲੜਾਈ ਸ਼ੁਰੂ ਕਰ ਦਿੱਤੀ। ਉਸ ਸਮੇਂ ਸ. ਨਲਵਾ ਸਰਕਮਰ (ਰਤੀ ਚਟਾਨ) ਦੇ ਸਥਾਨ 'ਤੇ ਸਨ। ਇੱਥੇ ਇਕ ਚਟਾਨ ਵਿਚ ਗੁਫ਼ਾ ਬਣੀ ਹੋਈ ਸੀ, ਜਿਸ ਵਿਚ ਲੁਕੇ ਹੋਏ ਗ਼ਾਜ਼ੀਆਂ ਨੇ ਸ. ਨਲਵਾ ਉੱਪਰ ਗੋਲੀ ਚਲਾ ਦਿੱਤੀ। ਇਕ ਗੋਲੀ ਉਨ੍ਹਾਂ ਦੀ ਛਾਤੀ ਵਿਚ ਲੱਗੀ ਅਤੇ ਇਕ ਪੱਟ ਵਿਚ। ਜ਼ਖ਼ਮੀ ਹੁੰਦਿਆਂ ਹੀ ਸ. ਨਲਵਾ ਨੇ ਬੜੇ ਹੌਸਲੇ ਤੋਂ ਕੰਮ ਲਿਆ ਅਤੇ ਸ. ਅਮਰ ਸਿੰਘ ਖ਼ੁਰਦ ਨੂੰ ਸ. ਨਿਧਾਨ ਸਿੰਘ ਦੀ ਮਦਦ ਲਈ ਭੇਜ ਕੇ ਆਪਣਾ ਘੋੜਾ ਕਿਲ੍ਹਾ ਜਮਰੌਦ ਵੱਲ ਮੋੜ ਲਿਆ। ਕਿਲ੍ਹੇ ਵਿਚ ਪਹੁੰਚਣ ਤੋਂ ਬਾਅਦ ਉਨ੍ਹਾਂ ਸ. ਮਹਾਂ ਸਿੰਘ ਮੀਰਪੁਰੀਏ ਨੂੰ ਆਖਿਆ ਕਿ ਬਾਹਰ ਕਿਸੇ ਨੂੰ ਪਤਾ ਨਾ ਲੱਗੇ ਕਿ ਮੈਂ ਇਸ ਤਰ੍ਹਾਂ ਜ਼ਖ਼ਮੀ ਹੋ ਗਿਆ ਹਾਂ। ਸ. ਨਲਵਾ ਨੂੰ ਆਪਣੇ ਅੰਤ ਸਮੇਂ ਦੇ ਪਾਸ ਆਉਣ ਦਾ ਗਿਆਨ ਹੋ ਗਿਆ ਤਾਂ ਉਨ੍ਹਾਂ ਮਹਾਂ ਸਿੰਘ ਨੂੰ ਪਾਸ ਬੁਲਾਇਆ ਅਤੇ ਕਿਹਾ ਕਿ ਸਾਰੀ ਫ਼ੌਜ ਸਰਕਾਰ ਦੀ ਪੂਰੀ-ਪੂਰੀ ਵਫ਼ਾਦਾਰ ਤੇ ਨਮਕ ਹਲਾਲ ਹੋ ਕੇ ਰਹੇ ਅਤੇ ਮੇਰੀ ਮੌਤ ਦੀ ਖ਼ਬਰ ਲਾਹੌਰ ਤੋਂ ਮਦਦ ਆਉਣ ਤੱਕ ਗੁਪਤ ਰੱਖੀ ਜਾਵੇ। ਬੱਸ ਇਸ ਤੋਂ ਬਾਅਦ ਕੁਝ ਹੋਰ ਸ਼ਬਦ ਕਹਿ ਕੇ ਇਸ ਬੱਬਰ ਸ਼ੇਰ ਦੀ ਆਵਾਜ਼ ਮੱਧਮ ਪੈ ਗਈ ਅਤੇ ਸਿੱਖ ਰਾਜ ਦੇ ਸਤੰਭ ਇਸ ਬਹਾਦਰ ਜਰਨੈਲ ਨੇ 30 ਅਪ੍ਰੈਲ 1837 ਨੂੰ ਆਪਣੇ ਪ੍ਰਾਣ ਤਿਆਗ ਦਿੱਤੇ। ਸ. ਮਹਾਂ ਸਿੰਘ ਮੀਰਪੁਰੀਏ ਨੇ ਕੁਝ ਪ੍ਰਮੁੱਖ ਸਰਦਾਰਾਂ ਨੂੰ ਬੁਲਾ ਕੇ ਪੂਰੇ ਧਾਰਮਿਕ ਰੀਤੀ-ਰਿਵਾਜਾਂ ਨਾਲ ਸਰਦਾਰ ਸਾਹਿਬ ਦਾ ਸਸਕਾਰ ਅੱਧੀ ਰਾਤ ਨੂੰ ਕਿਲ੍ਹੇ ਵਿਚ ਕਨਾਤਾਂ ਦੇ ਅੰਦਰ ਕਰ ਦਿੱਤਾ। ਬਾਅਦ ਵਿਚ ਉਸੇ ਜਗ੍ਹਾ 'ਤੇ ਸ. ਨਲਵਾ ਦੀ ਸਮਾਧ ਬਣਾ ਦਿੱਤੀ ਗਈ।

ਮੁਨਸ਼ੀ ਸੋਹਣ ਲਾਲ ਨੇ 'ਉਮਦਾਤੁੱਤਵਾਰੀਖ਼' ਦਫ਼ਤਰ ਸੋਇਮ, ਹਿੱਸਾ ਚੁਹਾਰਮ, ਸਫ਼ਾ 397 'ਤੇ ਲਿਖਿਆ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ 6 ਮਈ ਨੂੰ ਰੋਹਤਾਸ ਦੇ ਮੁਕਾਮ 'ਤੇ ਪਹੁੰਚੇ ਤਾਂ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਸ. ਨਲਵਾ 30 ਅਪ੍ਰੈਲ ਨੂੰ ਹੀ ਸ਼ਹੀਦ ਹੋ ਗਏ ਹਨ। ਇਹ ਖ਼ਬਰ ਸੁਣਦਿਆਂ ਹੀ ਪਹਿਲਾਂ ਤਾਂ ਗ਼ੁੱਸੇ ਨਾਲ ਉਨ੍ਹਾਂ ਦਾ ਚਿਹਰਾ ਲਾਲ ਸੁਰਖ਼ ਹੋ ਗਿਆ ਅਤੇ ਫਿਰ ਇਕਦਮ ਆਪਣੇ ਸੁਭਾਅ ਦੇ ਉਲਟ ਉਨ੍ਹਾਂ ਆਪਣੇ ਬਹਾਦਰ ਸਰਦਾਰ ਹਰੀ ਸਿੰਘ ਨਲਵਾ ਦੀ ਮੌਤ ਦਾ ਇੰਨਾ ਜ਼ਿਆਦਾ ਦੁੱਖ ਪ੍ਰਗਟ ਕੀਤਾ ਕਿ ਵੇਖਣ ਵਾਲੇ ਵੀ ਸਭ ਦੰਗ ਰਹਿ ਗਏ। ਉਨ੍ਹਾਂ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਹੋਈਆਂ ਸਨ। ਕੁਝ ਦੇਰ ਦੀ ਚੁੱਪ ਤੋਂ ਬਾਅਦ ਉਨ੍ਹਾਂ ਇੰਨਾ ਹੀ ਕਿਹਾ, 'ਮੇਰੇ ਬਹਾਦਰ ਜਰਨੈਲ ਹਰੀ ਸਿੰਘ ਦਾ ਵਿਛੋੜਾ ਮੇਰੇ ਲਈ ਅਸਹਿ ਹੈ। ਅੱਜ ਖ਼ਾਲਸਾ ਰਾਜ ਦੇ ਮਜ਼ਬੂਤ ਕਿਲ੍ਹੇ ਦਾ ਬੁਰਜ ਢਹਿ ਗਿਆ।'

ਮਹਾਰਾਜੇ ਦੇ ਕਹੇ ਇਹ ਉਪਰੋਕਤ ਸ਼ਬਦ ਬਿਲਕੁਲ ਸੱਚ ਸਾਬਤ ਹੋਏ ਅਤੇ ਸ. ਨਲਵਾ ਦੀ ਸ਼ਹਾਦਤ ਦੇ ਨਾਲ ਹੀ ਖ਼ਾਲਸਾ ਰਾਜ ਦੀਆਂ ਨੀਂਹਾਂ ਵਿਚ ਦਰਾੜਾਂ ਭਰ ਆਈਆਂ ਅਤੇ ਜਲਦੀ ਬਾਅਦ ਵੇਖਦਿਆਂ ਹੀ ਵੇਖਦਿਆਂ ਖ਼ਾਲਸਾ ਰਾਜ ਢਹਿ ਢੇਰੀ ਹੋ ਗਿਆ। ਸਪੱਸ਼ਟ ਸ਼ਬਦਾਂ ਵਿਚ ਸ. ਨਲਵਾ ਦੀ ਸ਼ਹਾਦਤ ਖ਼ਾਲਸਾ ਰਾਜ ਦੇ ਅੰਤ ਦੀ ਸ਼ੁਰੂਆਤ ਸੀ।

100ਵੇਂ ਜਨਮ ਦਿਵਸ 'ਤੇ ਵਿਸ਼ੇਸ਼

# ਪਦਮਸ੍ਰੀ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲੇ

ਗੁਰਜੀਤ ਸਿੰਘ ਚਹਿਲ, ਹੀਰੋ ਖ਼ੁਰਦ

20ਵੀਂ ਸਦੀ ਦੇ ਮਹਾਨ ਤਪੱਸਵੀ, ਰਾਜਯੋਗੀ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਅਨਿੰਨ ਸੇਵਕ ਸੰਤ ਤੇਜਾ ਸਿੰਘ ਨੇ ਹਿਮਾਲਿਆ ਦੇ ਪਹਾੜੀ ਖੇਤਰ 'ਚ ਗੁਪਤ ਤਪੋ ਭੂਮੀ ਨੂੰ ਪ੍ਰਗਟ ਕੀਤਾ ਅਤੇ 400 ਏਕੜ ਜ਼ਮੀਨ ਖਰੀਦ ਕੇ 1965 'ਚ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸਥਾਪਨਾ ਕੀਤੀ। ਇਹ ਅਸਥਾਨ ਹੁਣ ਦੇਸ਼-ਵਿਦੇਸ਼ 'ਚ 'ਬੜੂ ਸਾਹਿਬ' ਵਜੋਂ ਜਾਣਿਆ ਜਾਂਦਾ ਹੈ। ਸੰਤ ਤੇਜਾ ਸਿੰਘ ਤੋਂ ਬਾਅਦ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੇ ਸੰਤ ਅਤਰ ਸਿੰਘ ਦੇ ਮਿਸ਼ਨ ਨੂੰ ਸਫ਼ਲਤਾ ਨਾਲ ਅੱਗੇ ਵਧਾਇਆ।

ਬਾਬਾ ਇਕਬਾਲ ਸਿੰਘ ਦਾ ਜਨਮ 1 ਮਈ 1926 ਨੂੰ ਮਾਤਾ ਗੁਲਾਬ ਕੌਰ ਤੇ ਪਿਤਾ ਸਾਂਵਲ ਸਿੰਘ ਦੇ ਗ੍ਰਹਿ ਵਿਖੇ ਪਿੰਡ ਭਰਿਆਲ ਲਹਿੜੀ ਜ਼ਿਲ੍ਹਾ ਗੁਰਦਾਸਪੁਰ ਵਿਖੇ ਗੁਰਮੁੱਖ ਪਰਿਵਾਰ 'ਚ ਹੋਇਆ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਖ਼ਾਲਸਾ ਕਾਲਜ ਲਾਹੌਰ ਤੋਂ ਬੀ.ਐੱਸ.ਸੀ. ਐਗਰੀਕਲਚਰ ਕੀਤੀ ਤੇ ਕਾਲਜ ਪੜ੍ਹਦਿਆਂ ਸੰਤ ਤੇਜਾ ਸਿੰਘ (ਐਮ.ਏ.ਐਲ.ਐੱਲ.ਬੀ. ਏ.ਐਮ. (ਹਾਰਵਰਡ) ਦਾ ਲੈਕਚਰ ਸੁਣ ਕੇ ਅਜਿਹੇ ਪ੍ਰਭਾਵਿਤ ਹੋਏ ਕਿ ਆਪ-ਆਪਣੇ ਸਾਥੀਆਂ ਸਮੇਤ ਪਾਉਂਟਾ ਸਾਹਿਬ ਵਿਖੇ ਸੰਤ ਜੀ ਨੂੰ ਜਾ ਮਿਲੇ, ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਆਪਣਾ ਜੀਵਨ ਗੁਰੂ ਪੰਥ ਲਈ ਸਮਰਪਣ ਕਰਨ ਦਾ ਦ੍ਰਿੜ੍ਹ ਸੰਕਲਪ ਕਰ ਲਿਆ। ਸੰਤ ਤੇਜਾ ਸਿੰਘ ਦੇ ਹੁਕਮਾਂ ਅਨੁਸਾਰ ਆਪ ਨੇ ਖੇਤੀਬਾੜੀ ਵਿਭਾਗ 'ਚ ਬਤੌਰ ਇੰਸਪੈਕਟਰ ਹਾਂਸੀ (ਹਰਿਆਣਾ) ਵਿਖੇ ਸਰਕਾਰੀ ਨੌਕਰੀ ਪ੍ਰਾਪਤ ਕੀਤੀ। ਇਕ ਵਾਰ ਆਪ ਦੇ ਪਿਤਾ ਨੇ ਆਪ ਨੂੰ ਬਾਹਰ ਪੀ.ਐਚ.ਡੀ. ਲਈ ਭੇਜਣਾ ਚਾਹਿਆ ਪਰ ਸੰਤ ਤੇਜਾ ਸਿੰਘ ਨੇ ਇਹ ਆਖ ਕੇ ਵਿਦੇਸ਼ ਜਾਣ ਤੋਂ ਰੋਕ ਦਿੱਤਾ ਕਿ ਆਪਣੇ ਮੁਲਕ ਤੇ ਧਰਮ ਨੂੰ ਉਨ੍ਹਾਂ ਦੀ ਜ਼ਿਆਦਾ ਲੋੜ ਹੈ। ਸੰਤ ਤੇਜਾ ਸਿੰਘ ਆਪ ਨੂੰ ਕਲਗੀਧਰ ਟਰੱਸਟ ਬੜੂ ਸਾਹਿਬ ਦਾ ਪ੍ਰਧਾਨ ਥਾਪ ਕੇ ਸੱਚਖੰਡ ਜਾ ਬਿਰਾਜੇ। ਜਦੋਂ ਪੰਜਾਬ 'ਚੋਂ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੀ ਵੰਡ ਹੋਈ ਤਾਂ ਆਪ ਨੇ ਵੱਡੇ ਅਧਿਆਰੀਆਂ ਦੇ ਕਹਿਣ ਦੇ ਬਾਵਜੂਦ ਵੀ ਕਿ ਹਿਮਾਚਲ ਪ੍ਰਦੇਸ਼ 'ਚ ਐਗਰੀਕਲਚਰ ਇੰਸਪੈਕਟਰ ਦਾ ਭਵਿੱਖ ਇੰਨਾ ਵਧੀਆ ਨਹੀਂ, ਫਿਰ ਵੀ ਹਿਮਾਚਲ ਪ੍ਰਦੇਸ਼ 'ਚ ਬਦਲੀ ਕਰਵਾਉਣਾ ਆਪਣਾ ਸੁਭਾਗ ਸਮਝਿਆ ਕਿਉਂਕਿ ਇਲਾਹੀ ਧੁਨ 'ਚ ਆਪ ਨੇ ਹਿਮਾਚਲ ਜਾ ਕੇ ਤਪੋ-ਭੂਮੀ ਬੜੂ ਸਾਹਿਬ ਦੀ ਭਾਲ ਕੀਤੀ। ਆਪ ਨੇ 1986 ਵਿਚ ਪੰਜ ਬੱਚਿਆਂ ਨਾਲ ਇਕ ਸਕੂਲ ਬਣਾਇਆ ਜੋ



ਸੀ.ਬੀ.ਐੱਸ.ਬੀ. ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ ਕਰਕੇ ਅਕਾਲ ਅਕੈਡਮੀ ਬੜੂ ਸਾਹਿਬ ਬਣ ਗਿਆ, ਜੋ ਹੁਣ ਵਿੱਦਿਆ ਦੇ ਨਾਲ ਨੈਤਿਕ ਕਦਰਾਂ-ਕੀਮਤਾਂ 'ਤੇ ਅਧਿਆਤਮਕ ਸਿੱਖਿਆ ਦਾ ਮਹਾਨ ਕੇਂਦਰ ਬਣ ਚੁੱਕਾ ਹੈ, ਜਿਸ ਦੀ ਸੋਭਾ ਦੁਨੀਆ ਭਰ 'ਚ ਹੈ। ਇਸ ਤੋਂ ਬਾਅਦ ਆਪ ਨੇ ਪੰਜਾਬ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਸਮੁੱਚੇ ਪੰਜਾਬ ਭਰ 'ਚ ਅਕਾਲ ਅਕੈਡਮੀਆ ਖੋਲ੍ਹੀਆਂ, ਜਿਸ ਦੀ ਸ਼ੁਰੂਆਤ ਪੰਜਾਬ 'ਚ ਪਹਿਲੀ ਅਕਾਲ ਅਕੈਡਮੀ ਸ੍ਰੀ ਮੁਕਤਸਰ ਸਾਹਿਬ ਤੇ ਦੂਜੀ ਅਕਾਲ ਅਕੈਡਮੀ ਚੀਮਾ ਸਾਹਿਬ ਵਿਖੇ ਖੋਲ੍ਹ ਕੇ ਕਰ ਦਿੱਤੀ। ਇਸ ਤੋਂ ਬਾਅਦ ਆਪ ਨੇ ਪੰਜਾਬ, ਹਰਿਆਣਾ, ਰਾਜਸਥਾਨ, ਯੂ.ਪੀ. ਵਿਖੇ ਸੰਤਾਂ ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ 132 ਅਕਾਲ ਅਕੈਡਮੀਆ, ਦੋ ਯੂਨੀਵਰਸਿਟੀਆਂ, ਅਕਾਲ ਚੈਰੀਟੇਬਲ ਹਸਪਤਾਲ, ਦੋ ਅਕਾਲ ਨਸ਼ਾ ਛੁਡਾਊ ਕੇਂਦਰ, ਅਕਾਲ ਗੁਰਮਤਿ ਵਿੱਦਿਆਲਾ ਆਦਿ ਬਣਾਏ। ਆਪਵਲੋਂ ਖੋਲ੍ਹੀਆਂ ਅਕਾਲ ਅਕੈਡਮੀਆਂ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਰਾਹੀਂ ਆਧੁਨਿਕ ਵਿਗਿਆਨਕ ਵਿੱਦਿਆ ਦੇਣ ਤੋਂ ਇਲਾਵਾ ਇਹ ਅਕੈਡਮੀਆਂ ਵਿਦਿਆਰਥੀਆਂ ਨੂੰ ਉੱਤਮ ਵਿਸ਼ਵ-ਨਾਗਰਿਕ ਬਣਾਉਣ 'ਚ ਵੀ ਸਹਾਈ ਸਿੱਧ ਹੋਈਆਂ ਹਨ ਤੇ ਜਿੱਥੇ-ਜਿੱਥੇ ਵੀ ਅਕਾਲ ਅਕੈਡਮੀਆਂ ਸਥਾਪਤ ਹੋਈਆਂ ਉਸ ਇਲਾਕੇ 'ਚ ਪਤਿਤਪੁਣੇ ਤੇ ਨਸ਼ਿਆਂ ਨੂੰ ਭਾਰੀ ਠੱਲ੍ਹ ਪਈ ਹੈ। ਬਾਬਾ ਇਕਬਾਲ ਸਿੰਘ ਨੂੰ ਸਿੱਖ ਧਰਮ ਲਈ ਨਿਭਾਈਆਂ ਮਾਣਮੱਤੀਆਂ ਸੇਵਾਵਾਂ ਦੀ ਬਦੌਲਤ ਜਿੱਥੇ ਅਨੇਕਾਂ ਹੀ ਵੱਖ-ਵੱਖ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ, ਉੱਥੇ ਸ਼ ?ਰੋਮਣੀ ਪੰਥ ਰਤਨ ਦੀ ਉਪਾਧੀ ਨਾਲ ਵੀ ਨਿਵਾਜਿਆ ਗਿਆ ਅਤੇ ਬਾਬਾ ਜੀ ਵਲੋਂ ਸਮਾਜ ਸੇਵਾ ਤੇ ਵਿੱਦਿਅਕ ਖੇਤਰ 'ਚ ਨਿਭਾਈ ਅਹਿਮ ਭੂਮਿਕਾ ਲਈ ਭਾਰਤ ਸਰਕਾਰ ਵਲੋਂ 'ਪਦਮਸ੍ਰੀ' ਪੁਰਸਕਾਰ ਵੀ ਦਿੱਤਾ ਗਿਆ।

ਬਾਬਾ ਇਕਬਾਲ ਸਿੰਘ 29 ਜਨਵਰੀ 2022 ਨੂੰ ਭਾਵੇਂ 96 ਸਾਲ ਦੀ ਉਮਰ 'ਚ ਅਕਾਲ ਚਲਾਣਾ ਕਰ ਗਏ ਪਰ ਉਨ੍ਹਾਂ ਦਾ ਮਿਸ਼ਨ ਹਮੇਸ਼ਾ ਚਲਦਾ ਰਹੇਗਾ। ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਗੁਰਦੁਆਰਾ ਬੜੂ ਸਾਹਿਬ (ਹਿ.ਪ੍ਰ.) ਵਿਖੇ ਬਾਬਾ ਇਕਬਾਲ ਸਿੰਘ ਦਾ 100ਵਾਂ ਜਨਮ ਦਿਵਸ 29, 30 ਅਪ੍ਰੈਲ ਤੇ 1 ਮਈ ਨੂੰ ਮਹਾਨ ਗੁਰਮਤਿ ਸਮਾਗਮ ਕਰਵਾ ਕੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ, ਜਿੱਥੇ ਦੇਸ਼-ਵਿਦੇਸ਼ਾਂ ਤੋਂ ਸੰਗਤਾਂ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨਗੀਆਂ। ਸਮਾਗਮ ਦੇ ਅਖੀਰ 'ਚਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਧਾਨ ਬਾਬਾ (ਡਾ.) ਦਵਿੰਦਰ ਸਿੰਘ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

# ਅੱਧੇ ਭਾਰਤੀ ਬੁਨਿਆਦੀ ਜੀਵਨ ਸਹੂਲਤਾਂ ਤੋਂ ਵਾਂਝੇ

ਇਸ ਵੇਲੇ ਸੰਸਾਰ ਵਿੱਚ ਤਿੰਨ ਜੰਗਾਂ ਚੱਲ ਰਹੀਆਂ ਹਨ। ਰੂਸ-ਯੂਕਰੇਨ ਯੁੱਧ ਪੰਜਵੇਂ ਸਾਲ 'ਚ ਦਾਖਲ ਹੋ ਗਿਆ ਹੈ। ਇਜ਼ਰਾਈਲ ਨੇ ਫਲਸਤੀਨ ਦਾ ਪਿਛਲੇ ਸਾਲ ਵੱਡਾ ਹਿੱਸਾ ਸੈਨਿਕ ਕਾਰਵਾਈਆਂ ਨਾਲ ਤਬਾਹ ਕਰ ਦਿੱਤਾ ਸੀ। ਹਮਾਸ ਗੁਰੀਲਿਆਂ ਤੇ ਫਲਸਤੀਨੀਆਂ ਵਿਰੁੱਧ ਇਜ਼ਰਾਈਲ ਦੇ ਸੈਨਿਕ ਹਮਲੇ ਹੁਣ ਵੀ ਜਾਰੀ ਹਨ। 28 ਫਰਵਰੀ 2026 ਨੂੰ ਅਮਰੀਕਾ ਤੇ ਇਜ਼ਰਾਈਲ ਨੇ ਮਿਲ ਕੇ ਇਰਾਨ ਵਿਰੁੱਧ ਯੁੱਧ ਛੇੜ ਦਿੱਤਾ ਸੀ। ਇਹ ਭਿਆਨਕ ਯੁੱਧ ਇਸ ਵੇਲੇ ਵਕਤੀ ਤੌਰ 'ਤੇ ਰੁਕ ਚੁੱਕਾ ਹੈ। ਇਸ ਯੁੱਧ ਨੇ ਤੇਲ ਤੇ ਰਸੋਈ ਗੈਸ ਅਤੇ ਕੁੱਲ ਮਿਲਾ ਕੇ ਊਰਜਾ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ। ਇਸ ਨੇ ਭਾਰਤ ਸਮੇਤ ਏਸ਼ਿਆਈ ਦੇਸ਼ਾਂ ਲਈ ਵੱਡਾ ਆਰਥਿਕ-ਸਮਾਜਿਕ ਸੰਕਟ ਪੈਦਾ ਕਰ ਦਿੱਤਾ ਹੈ। ਇਜ਼ਰਾਈਲ ਨੇ ਲੈਬਨਾਨ ਵਿਰੁੱਧ ਵੀ ਯੁੱਧ ਛੇੜ ਦਿੱਤਾ ਹੈ ਅਤੇ ਉਸ ਦੇ ਇੱਕ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ। ਇਰਾਨ ਦੀ ਸ਼ਹਿ ਪ੍ਰਾਪਤ ਹਿਜਬੁੱਲਾ ਅਤੇ ਯਮਨ ਦੇ ਹੂਤੀ ਵਿਦਰੋਹੀਆਂ ਨੇ ਇਜ਼ਰਾਈਲੀ ਅਤੇ ਅਮਰੀਕੀ ਟਿਕਾਣਿਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਸਿੱਟੇ ਵਜੋਂ ਵਿਸ਼ਵ ਪੱਧਰ 'ਤੇ ਤੀਜੇ ਯੁੱਧ ਦਾ ਖ਼ਤਰਾ ਮੰਡਰਾਅ ਰਿਹਾ ਹੈ ਅਤੇ ਆਰਥਿਕ ਦ੍ਰਿਸ਼ ਉੱਥਲ ਪੁੱਥਲ ਤੇ ਨਿਰਾਸ਼ਾਜਨਕ ਲੱਗ ਰਿਹਾ ਹੈ। ਅਮਰੀਕਾ ਦੇ ਰਾਸ਼ਟਰਪਤੀ ਦੇ ਬਿਆਨ 'ਤੇ ਕਾਰਵਾਈਆਂ ਅਨਿਸ਼ਚਿਤਤਾ ਦਾ ਮਾਹੌਲ ਸਿਰਜ ਰਹੀਆਂ ਹਨ। ਡੌਨਲਡ ਟਰੰਪ ਦੀ ਤੇਲ ਦੀ ਲਲ੍ਹਕ ਅਤੇ ਨੇਤਨਯਾਹੂ ਦੀ 'ਮਹਾਂ ਇਜ਼ਰਾਈਲ' ਸਥਾਪਿਤ ਕਰਨ ਦੀ ਲਾਲਸਾ ਪੂਰੇ ਵਿਸ਼ਵ ਵਿੱਚ ਅਸਥਿਰਤਾ ਤੇ ਭੈਅ ਦਾ ਵਾਤਾਵਰਨ ਪੈਦਾ ਕਰ ਰਹੀਆਂ ਹਨ। ਉਕਤ ਸਾਰਾ ਕੁਝ ਭਾਰਤ ਵਰਗੇ ਵਿਕਾਸਸ਼ੀਲ ਅਤੇ ਅਸਾਵੇਂ ਵਿਕਾਸ ਵਾਲੇ ਦੇਸ਼ ਵਿੱਚ ਅਸਥਿਰਤਾ ਤੇ ਆਰਥਿਕ ਸੰਕਟ ਦਾ ਆਧਾਰ ਬਣ ਰਿਹਾ ਹੈ।

ਭਾਰਤ ਅਜਿਹਾ ਦੇਸ਼ ਹੈ ਜਿਸ ਦੀ ਅੱਧੀ ਤੋਂ ਵੱਧ ਵੱਸੋਂ ਬੁਨਿਆਦੀ ਜੀਵਨ ਸਹੂਲਤਾਂ ਦੀਆਂ ਲੋੜਾਂ, ਥੋੜ੍ਹਾਂ ਨਾਲ ਜੂਝ ਰਹੀ ਹੈ। ਰੋਟੀ, ਕੱਪੜਾ, ਮਕਾਨ, ਸਿਹਤ, ਸਿੱਖਿਆ ਤੇ ਸਮਾਜਿਕ ਸੁਰੱਖਿਆ ਉਨ੍ਹਾਂ ਲਈ ਵੱਡੀ ਚੁਣੌਤੀ ਹਨ। ਇਹੀ ਕਾਰਨ ਹੈ ਕਿ ਅੰਤਰ-ਰਾਸ਼ਟਰੀ ਪੱਧਰ 'ਤੇ ਗਰੀਬੀ-ਭੁੱਖਮਰੀ ਸੂਚਕ ਸਕੇਲ 'ਤੇ ਭਾਰਤ ਦਾ ਦਰਜਾ ਸਭ ਤੋਂ ਹੇਠਲੇ 20-22 ਦੇਸ਼ਾਂ ਵਿੱਚ ਹੁੰਦਾ ਹੈ। ਦੇਸ਼ ਵਿੱਚ ਗਰੀਬੀ ਅਜੇ ਵੱਡੇ ਪੱਧਰ 'ਤੇ ਹੈ। ਸਰਕਾਰੀ ਦਾਅਵਿਆਂ ਦੇ ਬਾਵਜੂਦ 25 ਤੋਂ 33% ਭਾਰਤੀ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਿਤਾ ਰਹੇ ਹਨ। ਇਨ੍ਹਾਂ ਵਿੱਚੋਂ ਤੀਜਾ ਹਿੱਸਾ ਲੋਕ ਭੁੱਖਮਰੀ ਦੀ ਕਾਗਾਰ 'ਤੇ ਹਨ। ਫੁੱਟ-ਪਾਥਾਂ 'ਤੇ, ਰੇਲਵੇ ਸਟੇਸ਼ਨਾਂ, ਸਰਕਾਰੀ ਥਾਵਾਂ-ਰੈਣ ਬਸੇਰਿਆਂ 'ਚ ਰਾਤਾਂ ਗੁਜ਼ਾਰਨ ਵਾਲੇ ਲੋਕ ਭੁੱਖਮਰੀ ਦੀ ਹਾਲਤ ਵਿੱਚ ਹੀ ਹੁੰਦੇ ਹਨ। ਵੱਡੀ ਗਿਣਤੀ 'ਚ ਭਾਰਤੀ ਪਰਿਵਾਰਾਂ ਦੀ ਆਮਦਨ ਏਨੀ ਨਹੀਂ ਹੈ ਕਿ ਉਹ ਮਨ-ਪਸੰਦ ਖਾ-ਪੀ, ਪਹਿਨ-ਪਚਰ ਤੇ ਵਿਚਰ-ਵਿਚਾਰ ਕਰ ਸਕਣ। ਝੁੱਗੀਆਂ-ਝੌਂਪੜੀਆਂ ਤੇ ਗੰਦੀਆਂ ਬਸਤੀਆਂ ਵਿੱਚ ਰਹਿਣ ਵਾਲੇ ਲੋਕ ਕੀ ਭਾਰਤੀ ਨਹੀਂ ਹਨ? ਭਾਰਤ ਦਾ ਕਿਹੜਾ ਸ਼ਹਿਰ ਹੈ ਜਿੱਥੇ ਝੁੱਗੀਆਂ-ਝੌਂਪੜੀਆਂ ਨਹੀਂ ਹਨ? ਦੇਸ਼ ਦਾ ਕਿਹੜਾ ਪਿੰਡ ਹੈ ਜਿੱਥੇ ਗਰੀਬਾਂ ਲਈ ਗੰਦੀਆਂ ਬਸਤੀਆਂ ਨਹੀਂ ਹਨ?

ਭਾਰਤ ਤੇ ਇਸ ਦੇ ਲੋਕਾਂ ਨੂੰ ਦਰਪੇਸ਼ ਦੂਜੀ ਵੱਡੀ ਸਮੱਸਿਆ ਤੇ ਗੁਰਬਤ-ਭੁੱਖਮਰੀ ਨਾਲ ਜੁੜੀ ਹੋਈ।। ਅਸੀਂ ਭਾਵੇਂ ਚਾਰ ਟ੍ਰਿਲੀਅਨ ਭਾਵ 4000 ਅਰਬ ਡਾਲਰ ਤੋਂ ਵੱਧ ਕੁੱਲ ਘਰੇਲੂ ਉਦਪਾਦਨ ਨਾਲ ਵਿਸ਼ਵ ਦੀ ਚੌਥੀ ਵੱਡੀ ਆਰਥਿਕਤਾ ਹਾਂ, ਪਰ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ 'ਚ ਅਸੀਂ ਵਿਸ਼ਵ ਭਾਈਚਾਰੇ 'ਚ 140-143ਵੇਂ ਨੰਬਰ 'ਤੇ ਹੀ ਰਹਿੰਦੇ ਹਾਂ। 46 ਕਰੋੜ ਦੀ ਵੱਸੋਂ ਵਾਲੇ ਯੂਰਪੀਨ ਯੂਨੀਅਨ ਦੀ ਪ੍ਰਤੀ ਜੀਅ ਆਮਦਨ 49 ਹਜ਼ਾਰ ਡਾਲਰ ਹੈ ਜੋ ਭਾਰਤ ਦੀ ਪ੍ਰਤੀ ਜੀਅ ਆਮਦਨ ਨਾਲੋਂ 17 ਗੁਣਾਂ ਜ਼ਿਆਦਾ ਹੈ। ਚੀਨ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਨਾਲੋਂ ਪੰਜ ਗੁਣਾਂ ਵੱਧ ਹੈ। ਅਸੀਂ ਅਜੇ ਨਿਮਨ ਮੱਧ ਵਰਗ ਆਮਦਨ ਵਾਲੇ ਦੇਸ਼ਾਂ ਵਿੱਚ ਹਾਂ। ਵਿਕਸਤ ਦੇਸ਼ ਬਣਨ ਤੋਂ ਪਹਿਲਾ ਭਾਰਤ ਨੂੰ ਮੱਧ ਵਰਗ ਆਮਦਨ ਵਾਲੇ ਦੇਸ਼ਾਂ ਵਿੱਚ ਸ਼ਾਮਲ ਹੋਣਾ ਪਵੇਗਾ। ਇਸ ਵੇਲੇ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਤੇ ਲੁਕਵੀਂ ਬੇਰੁਜ਼ਗਾਰੀ ਚਰਮ ਸੀਮਾ 'ਤੇ ਹੈ ਅਤੇ ਇਹ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਬਣੀ ਹੋਈ ਹੈ। ਹਰ ਸਾਲ ਲੋਕ ਖੇਤੀ ਜਾਂ ਸਵੈ-ਰੁਜ਼ਗਾਰ ਵੱਲ ਧੱਕੇ ਜਾ ਰਹੇ ਹਨ। ਇਨ੍ਹਾਂ ਦੋਵਾਂ ਖੇਤਰਾਂ ਵਿੱਚ ਅਰਧ ਤੇ ਲੁਕਵੀਂ ਬੇਰੁਜ਼ਗਾਰੀ ਸਭ ਤੋਂ ਵੱਧ ਹੈ ਅਤੇ ਉਜਰਤਾਂ ਬਹੁਤ ਘੱਟ ਹਨ। ਨੌਜਵਾਨਾਂ ਤੇ ਪੜ੍ਹੇ-ਲਿਖੇ ਲੋਕਾਂ 'ਚ ਬੇਰੁਜ਼ਗਾਰੀ ਤੇ ਘੱਟ ਉਜਰਤਾਂ ਦੀ ਚੋਭ ਬਹੁਤ ਤਿੱਖੀ ਹੈ। ਬੇਰੁਜ਼ਗਾਰੀ ਦੀ ਭਿਆਨਕਤਾ ਦੀ ਇੱਕ ਤਾਜ਼ੀ ਉਦਾਹਰਨ ਵੇਖੋ : ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਗਰੁੱਪ-ਡੀ ਦੀਆਂ ਕਰੀਬ 331 ਅਸਾਮੀਆਂ 'ਤੇ ਭਰਤੀ ਲਈ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਇਨ੍ਹਾਂ 331 ਅਸਾਮੀਆਂ ਲਈ ਪੰਜਾਬ ਤੇ ਗੁਆਂਢੀ ਰਾਜਾਂ ਦੇ ਕਰੀਬ 1.25 ਲੱਖ ਉਮੀਦਵਾਰਾਂ ਵੱਲੋਂ ਬਿਨੈ-ਪੱਤਰ ਦਿੱਤਾ ਗਿਆ। ਨਿਰਧਾਰਤ ਯੋਗਤਾ ਮੈਟ੍ਰਿਕ ਹੈ, ਪਰ ਪੋਸਟ ਗ੍ਰੈਜੂਏਟ ਤੇ ਹੋਰ ਉੱਚ ਡਿਗਰੀ ਧਾਰਕ ਨੌਜਵਾਨਾਂ ਵੱਲੋਂ ਵੀ ਬਿਨੈ-ਪੱਤਰ ਦਿੱਤੇ ਗਏ। ਹਰੇਕ ਪੋਸਟ ਲਈ ਕਰੀਬ 378 ਬਿਨੈਕਾਰ! ਘਟ ਰਹੀਆਂ ਉਜਰਤਾਂ ਬਾਰੇ ਵੀ ਇੱਕ ਉਦਾਹਰਨ ਪੇਸ਼ ਹੈ। ਸਾਲ 2011 ਵਿੱਚ ਇੱਕ ਨੌਜਵਾਨ ਗ੍ਰੈਜੂਏਟ ਨੂੰ ਔਸਤਨ 21,800 ਰੁਪਏ ਮਾਸਕ ਮਿਲਦੇ ਸਨ। ਸਾਲ 2023 ਤੱਕ ਆਉਂਦੇ-ਆਉਂਦੇ ਇਹ ਘਟ ਕੇ 19,573 ਰਹਿ ਗਏ ਅਤੇ ਜਦੋਂ ਅਸੀਂ ਨਿਰੰਤਰ ਵਧਦੀ ਮਹਿੰਗਾਈ ਦੇ ਸੰਦਰਭ ਵਿੱਚ ਵੇਖਾਂਗੇ ਤਾਂ ਇਹ 2011 ਦੇ 10-11 ਹਜ਼ਾਰ ਰੁਪਏ ਹੀ ਰਹਿ ਜਾਣਗੇ। ਇਹ ਹੈ ਕੌੜੀ ਹਕੀਕਤ ! ਬਾਰਾਂ ਜਮਾਤਾਂ ਪਾਸ, ਮੈਟ੍ਰਿਕ ਤੇ ਅਨਪੜ੍ਹ ਨੌਜਵਾਨਾਂ ਦੀਆਂ ਉਜਰਤਾਂ ਦਾ ਅਨੁਮਾਨ ਹਰ ਕੋਈ ਲਗਾ ਸਕਦਾ ਹੈ। ਨਿਰਮਾਣ ਖੇਤਰ ਦਾ ਭਾਰਤ ਦੇ ਕੁੱਲ ਘਰੇਲੂ ਉਤਪਾਦਨ 'ਚ ਹਿੱਸਾ ਕੇਵਲ 17% ਅਤੇ ਇਹ ਖੇਤਰ ਕੁੱਲ ਰੁਜ਼ਗਾਰਾਂ ਦਾ 13.8% ਹੀ ਮੁਹੱਈਆ ਕਰਦਾ ਹੈ। ਇਹ ਹੌਲੀ ਗਤੀ ਨਾਲ ਵਿਕਾਸ ਕਰ



ਰਿਹਾ ਖੇਤਰ ਹੈ ਅਤੇ ਸਮੁੱਚੀ ਵਿਕਾਸ ਦਰ ਨੂੰ ਪ੍ਰਭਾਵਿਤ ਕਰਦਾ ਹੈ। ਲਘੂ, ਛੋਟੀਆਂ ਤੇ ਦਰਮਿਆਨੀਆਂ ਸਨਅਤੀ ਇਕਾਈਆਂ ਦਾ ਖੇਤਰ ਨੋਟਬੰਦੀ ਤੇ ਕੋਵਿਡ-19 ਦੇ ਝਟਕਿਆਂ ਦਾ ਝੰਬਿਆ ਹੋਇਆ ਹੈ, ਪਰ ਇਸ ਖੇਤਰ ਨੂੰ ਉੱਪਰ ਉਠਾਉਣ ਦੇ ਸਾਰੇ ਯਤਨਾਂ ਦੇ ਬਾਵਜੂਦ ਐੱਮ.ਐੱਸ.ਐੱਮ.ਈ. ਖੇਤਰ ਘੱਟ ਉਤਪਾਦਨ ਦਰ ਅਤੇ ਘੱਟ ਉਜਰਤਾਂ ਕਾਰਨ ਇੱਛਿਤ ਸਿੱਟੇ ਦੇਣ

**ਡਾ. ਅਨੂਪ ਸਿੰਘ**

'ਚ ਔਖ ਅਨੁਭਵ ਕਰ ਰਿਹਾ ਹੈ। ਸਿੱਟੇ ਵਜੋਂ ਨਿਰਮਾਣ ਖੇਤਰ ਵਿੱਚ ਅਸੀਂ ਆਪਣੇ ਟੀਚਿਆਂ ਤੋਂ ਬਹੁਤ ਪਿਛਾਂਹ ਹਾਂ।

ਖੇਤੀਬਾੜੀ ਖੇਤਰ, ਕਿਸਾਨ ਕਲਿਆਣ ਯੋਜਨਾਵਾਂ ਅਤੇ ਖੇਤੀ ਖੋਜ ਤੇ ਪਸਾਰ ਉੱਪਰ 2024-25 ਦੇ ਸਾਲ ਨਾਲੋਂ 2025-26 ਵਿੱਚ 3,905 ਕਰੋੜ ਰੁਪਏ ਘਟਾ ਦਿੱਤੇ ਗਏ ਹਨ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵ ਰਾਜ ਚੌਹਾਨ ਦੇ ਕਾਰਜਕਾਲ 'ਚ ਖੇਤੀਬਾੜੀ ਤੇ ਪੇਂਡੂ ਵਿਕਾਸ 'ਚ 60,052 ਕਰੋੜ ਰੁਪਏ ਦੀ ਕੁੱਲ ਕਟੌਤੀ ਕੀਤੀ ਗਈ ਹੈ। ਕਿਸਾਨਾਂ 'ਤੇ ਕਰਜ਼ਾ ਬੋਝ ਘਟਾਉਣ ਦੀ ਥਾਂ ਕਿਸਾਨ ਕਰੈਡਿਟ ਕਾਰਡ ਦੀ ਲਿਮਟ ਤਿੰਨ ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਕਰ ਦਿੱਤੀ ਗਈ ਹੈ। ਸਿੱਟੇ ਵਜੋਂ ਕਿਸਾਨਾਂ ਸਿਰ ਕਰਜ਼ਾ ਹੋਰ ਵਧੇਗਾ ਅਤੇ ਖ਼ੁਦਕੁਸ਼ੀਆਂ ਦੀ ਖੇਤੀ ਹੋਰ ਪ੍ਰਫੁੱਲਿਤ ਹੋਵੇਗੀ।

ਪੀਣ ਯੋਗ ਸਾਫ਼-ਸ਼ੁੱਧ ਪਾਣੀ ਨਿਰੰਤਰ ਘਟ ਰਿਹਾ ਹੈ। ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਅਤੇ ਮੀਂਹ ਦੇ ਪਾਣੀ ਦੀ ਉੱਚਿਤ ਸਾਭ-ਸੰਭਾਲ ਨਾ ਹੋਣ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਹੋਰ ਹੇਠਾਂ ਜਾ ਰਿਹਾ ਹੈ। ਤਿੱਖੀਆਂ ਵਾਤਾਵਰਣਕ ਅਤੇ ਮੌਸਮੀ ਤਬਦੀਲੀਆਂ ਕਾਰਨ ਸੋਕੇ ਪੈ ਰਹੇ ਹਨ ਜਾਂ ਭਿਆਨਕ ਹੜ੍ਹ ਆ ਰਹੇ ਹਨ। ਦੋਵਾਂ ਸਥਿਤੀਆਂ 'ਚ ਕਿਸਾਨ, ਗਰੀਬ ਤੇ ਹੋਰ ਮਿਹਨਤਕਸ਼ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਕੁੱਲ ਮਿਲਾ ਕੇ ਸਿੱਟੇ ਬੇਹੱਦ ਖ਼ਤਰਨਾਕ ਹਨ। ਸਾਲ 1961 ਵਿੱਚ ਭਾਰਤ ਦੇ ਹਰੇਕ ਨਾਗਰਿਕ ਲਈ ਪੰਜ ਹਜ਼ਾਰ ਕਿਊਬਿਕ ਮੀਟਰ ਪਾਣੀ ਉਪਲੱਬਧ ਸੀ ਜੋ 60 ਸਾਲ ਬਾਅਦ 2021 'ਚ ਘਟ ਕੇ 1486 ਕਿਊਬਿਕ ਮੀਟਰ ਰਹਿ ਗਿਆ। ਸਿੱਖਿਆ, ਸਿਹਤ ਤੇ ਪੇਂਡੂ ਵਿਕਾਸ ਅਤੇ ਲੋਕ ਕਲਿਆਣ ਉੱਪਰ ਖ਼ਰਚਾ ਲਗਾਤਾਰ ਘਟ ਰਿਹਾ ਹੈ। ਸਰਕਾਰਾਂ ਸਿੱਖਿਆ ਦੇ ਸਿਹਤ ਆਦਿ ਬੁਨਿਆਦੀ ਖੇਤਰਾਂ ਦਾ ਅੰਨ੍ਹੇਵਾਹ ਨਿੱਜੀਕਰਨ ਤੇ ਨਿਰਲੱਜ ਵਪਾਰੀਕਰਨ ਕਰ ਰਹੀਆਂ ਹਨ। ਪ੍ਰਾਈਵੇਟ ਸਿੱਖਿਆ ਅਤੇ ਸਿਹਤ ਸੇਵਾਵਾਂ ਗਰੀਬ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ।

ਆਰਥਿਕ ਅਸਮਾਨਤਾਵਾਂ ਲਗਾਤਾਰ ਵਧ ਰਹੀਆਂ ਹਨ। ਭਾਰਤ ਸਭ ਤੋਂ ਵੱਧ ਅਸਮਾਨਤਾਵਾ ਵਾਲੇ ਚਾਰ-ਪੰਜ ਦੇਸ਼ਾਂ 'ਚ ਸ਼ਾਮਲ ਹੋ ਗਿਆ ਹੈ। ਇਨ੍ਹਾਂ ਨੂੰ ਘੱਟ ਕਰਨ ਲਈ ਸਰਕਾਰ ਰੁਚਿਤ ਹੀ ਨਹੀਂ ਹੈ। ਔਰਤਾਂ, ਵਿਸ਼ੇਸ਼ ਕਰਕੇ ਗਰੀਬ ਵਰਗਾਂ (ਅਨੁਸੂਚਿਤ ਜਾਤੀਆਂ, ਜਨਜਾਤੀਆਂ ਤੇ ਕਬਾਇਲੀ-ਆਦਿਵਾਸੀ) ਦੀਆਂ ਔਰਤਾਂ, ਗਰੀਬਾਂ, ਬਜ਼ੁਰਗਾਂ ਅੰਗਹੀਣਾਂ ਤੇ ਬਿਮਾਰਾਂ ਆਦਿ ਲਈ ਆਰਥਿਕ-ਸਮਾਜਿਕ ਸੁਰੱਖਿਆ ਕਵਰ ਦੀ ਵਿਆਪਕ ਅਣਹੋਂਦ ਹੈ। ਗਲ-ਗਲ ਤੱਕ ਧਸਿਆ ਭ੍ਰਿਸ਼ਟਾਚਾਰ ਗਰੀਬਾਂ, ਬੇਰੁਜ਼ਗਾਰਾਂ ਤੇ ਹਾਸ਼ੀਏ 'ਤੇ ਧੱਕੇ ਲੋਕਾਂ ਦਾ ਕਾਫ਼ੀਆ ਹੋਰ ਤੰਗ ਕਰ ਰਿਹਾ ਹੈ। ਨਿਰੰਤਰ ਵਧ ਰਹੀ ਮਹਿੰਗਾਈ ਭਾਰਤ ਦੀ ਹੇਠਲੀ ਦੋ ਤਿਹਾਈ ਵੱਸੋਂ ਨੂੰ ਬੁਰੀ ਤਰ੍ਹਾਂ ਕੋਹ ਰਹੀ ਹੈ। ਬੇਕਾਬੂ ਅਮਨ-ਕਾਨੂੰਨ ਦੀ ਸਥਿਤੀ ਅਤੇ ਵਧਦਾ ਸਰੀਰਕ ਸ਼ੋਸ਼ਣ ਹੇਠਲੇ ਵਰਗਾਂ ਨੂੰ ਹੀ ਸੱਟ ਮਾਰਦਾ ਹੈ। ਉਕਤ ਤੋਂ ਛੁੱਟ ਸਿੱਧਾ ਵਿਦੇਸ਼ੀ ਨਿਵੇਸ਼ ਘਟ ਰਿਹਾ ਹੈ। ਪ੍ਰਾਈਵੇਟ ਨਿਵੇਸ਼ ਵੀ ਵਧ ਨਹੀਂ ਰਿਹਾ। ਸਰਕਾਰੀ ਦਾਅਵਿਆਂ ਦੇ ਬਾਵਜੂਦ ਜਨਤਕ ਨਿਵੇਸ਼ ਵੀ ਲੋੜੀਂਦੀ ਮਾਤਰਾ 'ਚ ਵਧ ਨਹੀਂ ਰਿਹਾ, ਇਸ ਦੇ ਉਲਟ ਸਟਾਕ ਮਾਰਕੀਟ ਦੀ ਅਸਥਿਰਤਾ ਕਾਰਨ ਵਿਦੇਸ਼ੀ ਨਿਵੇਸ਼ਕ ਆਪਣਾ ਧਨ ਕੱਢ ਰਹੇ ਹਨ। ਨਿਵੇਸ਼ ਘਟਣ ਤੇ ਅੰਤਰ-ਰਾਸ਼ਟਰੀ ਅਸਥਿਰਤਾ ਕਾਰਨ ਤਿੰਨ-ਚਾਰ ਪ੍ਰਭਾਵ ਪ੍ਰਤੱਖ ਨਜ਼ਰ ਆ ਰਹੇ ਹਨ। (ੳ) ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸੇਵਾਵਾਂ ਦੀ ਮੰਗ ਤੇ ਸਪਲਾਈ ਦੇ ਵਿਚਕਾਰ ਵੱਡੇ ਪਾੜੇ ਸਪੱਸ਼ਟ ਨਜ਼ਰ ਆ ਰਹੇ ਹਨ। (ਅ) ਘਰੇਲੂ ਮੰਗ 'ਚ ਜਾਂ ਤਾ ਖੜੋਤ ਹੈ ਜਾਂ ਵਾਧਾ ਬੇਹੱਦ ਮਾਮੂਲੀ ਹੈ। (ੲ) ਰੁਪਏ ਦੀ ਕੀਮਤ ਲਗਾਤਾਰ ਡਿੱਗ ਰਹੀ ਹੈ ਅਤੇ ਇਹ ਡਾਲਰ ਦੇ ਮੁਕਾਬਲੇ ਅਪਰੈਲ 2026 ਦੇ ਪਹਿਲੇ ਹਫ਼ਤੇ 'ਚ 94 ਰੁਪਏ ਦੇ ਨੇੜੇ-ਤੇੜੇ ਬਣੀ ਹੋਈ ਹੈ (ਸ) ਭਾਰਤੀ ਵਿਕਾਸ ਦਰ ਹੌਲੀ ਹੈ ਅਤੇ 2047 ਤੱਕ ਵਿਕਸਤ ਭਾਰਤ ਬਣਨ ਲਈ ਲੋੜੀਂਦੀ 10-12% ਦਰ ਤੋਂ ਬਹੁਤ ਘੱਟ ਹੈ। ਸਿੱਟੇ ਵਜੋਂ ਸਵੈ-ਨਿਰਭਰਤਾ ਦੇ ਸਾਰੇ ਵੱਡੇ-ਵੱਡੇ ਦਾਅਵਿਆਂ ਤੇ ਵਾਅਦਿਆਂ ਦੇ ਬਾਵਜੂਦ ਭਾਰਤ ਖਾਣ ਵਾਲੇ ਤੇਲ, ਪੈਟਰੋਲ ਤੇ ਡੀਜ਼ਲ, ਦਾਲਾਂ ਤੇ ਸੈਨਿਕ ਸਾਜ਼ੋ ਸਾਮਾਨ ਦਾ ਦੁਨੀਆ ਵਿੱਚ ਦੂਜਾ ਵੱਡਾ ਦਰਾਮਦਕਾਰ ਹੈ। ਰੱਖਿਆ ਖੇਤਰ ਵਿੱਚ ਸਾਡਾ ਖਰਚਾ ਸਥਿਰ ਬਣਿਆ ਹੋਇਆ ਹੈ। ਸੈਂਟਰਲ ਇਲੈੱਕਟ੍ਰੀਸਿਟੀ ਅਥਾਰਟੀ ਅਨੁਸਾਰ ਦੇਸ਼ ਦੀ ਮਾਸਿਕ ਨਵਿਆਉਣਯੋਗ ਊਰਜਾ ਦਾ ਹਿੱਸਾ (ਪਣ ਬਿਜਲੀ, ਹਵਾ/ਪੌਣ ਅਤੇ ਸੂਰਜੀ) ਫਰਵਰੀ 2026 ਵਿੱਚ 22.73% ਸੀ ; ਤਾਪ ਊਰਜਾ ਦਾ ਹਿੱਸਾ 73.98% ਸੀ, ਜੋ ਸਭ ਤੋਂ ਵੱਧ ਸੀ ਅਤੇ ਪਰਮਾਣੂ ਊਰਜਾ ਦਾ ਹਿੱਸਾ ਕੇਵਲ 3.37% ਸੀ। ਇਸ ਦੇ ਮੁਕਾਬਲੇ ਫਰਵਰੀ 2025 ਵਿੱਚ ਨਵਿਆਉਣਯੋਗ ਊਰਜਾ ਦਾ ਹਿੱਸਾ 26.16% ਸੀ। ਸਪੱਸ਼ਟ ਹੈ ਕਿ ਇੱਕ ਸਾਲ ਵਿੱਚ ਨਵਿਆਉਣਯੋਗ ਊਰਜਾ ਦਾ ਹਿੱਸਾ ਲਗਭਗ 3.5% ਘਟ ਗਿਆ ਹੈ। ਇਹ ਹਿੱਸਾ ਘਟਣ ਦੀ ਬਜਾਏ ਵਧਣਾ ਚਾਹੀਦਾ ਸੀ। ਦੂਜੇ ਪਾਸੇ ਤਾਪ ਊਰਜਾ ਦਾ ਫਰਵਰੀ 2025 ਵਿੱਚ ਹਿੱਸਾ 70.40% ਸੀ। ਬਦਕਿਸਮਤੀ ਨੂੰ ਊਰਜਾ ਦਾ ਇਹ ਹਿੱਸਾ ਘਟਣ ਦੀ ਥਾਂ 3.58% ਵਧ ਗਿਆ। ਸਪੱਸ਼ਟ ਹੈ ਕਿ ਇਸ ਨਾਲ ਤਪਸ਼ ਅਤੇ ਪ੍ਰਦੂਸ਼ਣ 'ਚ ਹੋਰ ਵਾਧਾ ਹੋਵੇਗਾ।

ਉਕਤ ਆਰਥਿਕ ਪਰੇਸ਼ਾਨੀਆਂ ਦੇ ਨਾਲ ਨਾਲ ਭਾਰਤੀਆਂ ਦੇ ਜਨ-ਜੀਵਨ ਵਿੱਚ ਸਮਾਜਿਕ ਤੇ ਰਾਜਨੀਤਕ ਨਿਘਾਰ ਵੀ ਜਾਰੀ ਹੈ। ਉਦਾਹਰਨ ਹਿੱਤ ਵੱਖ-ਵੱਖ ਖੇਤਰਾਂ ਵਿੱਚ ਫਿਰਕੂ, ਜਾਤ-ਪਾਤੀ ਤੇ ਭਾਸ਼ਾਈ ਤਣਾਅ ਤੇ ਟਕਰਾਅ ਵਧ ਰਿਹਾ ਹੈ। ਚੋਣ ਕਮਿਸ਼ਨ ਸੱਤਾ ਦੇ ਇਸ਼ਾਰਿਆਂ 'ਤੇ ਕੰਮ ਕਰ ਰਿਹਾ ਹੈ। ਇਸ ਸੰਵਿਧਾਨਕ ਸੰਸਥਾ ਦੀ ਨਿਰਪੱਖਤਾ ਤੇ ਭਰੋਸੇਯੋਗਤਾ ਹੇਠਲੇ ਸਤਰ 'ਤੇ ਹੈ। ਚੋਣ-ਧਾਂਦਲੀਆਂ ਤੇ ਲੋਕ ਪ੍ਰਤੀਨਿਧੀਆਂ ਦੀ ਖਰੀਦੋ-ਫਰੋਖਤ ਰਾਹੀਂ ਅਸਹਿਮਤੀ ਨੂੰ ਉਧਾਲਿਆ ਜਾ ਰਿਹਾ ਹੈ। ਨਿਆਂਪਾਲਿਕਾ ਦੇ ਲੋਕ ਵਿਰੋਧੀ ਫੈਸਲੇ ਅਤੇ ਸੱਤਾ ਦੇ ਇਸ਼ਾਰਿਆਂ 'ਤੇ ਕੰਮ ਕਰਨ ਦੀ ਸ਼ੈਲੀ ਭਾਰਤੀ ਲੋਕਾਂ ਦੀ ਬਚੀ-ਖੁਚੀ ਆਸ-ਉਮੀਦ ਨੂੰ ਮਿੱਟੀ 'ਚ ਮਿਲਾ ਰਹੀ ਹੈ। ਹਰ ਖੇਤਰ 'ਚ ਵਧ ਰਹੀਆਂ ਅਸਮਾਨਤਾਵਾਂ ਤੇ ਪੌੜੀ ਦੇ ਨਿਚਲੇ ਡੰਡਿਆਂ 'ਤੇ ਖੜ੍ਹੇ ਲੋਕਾਂ ਦੀ ਵਿਗੜਦੀ ਹਾਲਤ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਵੀ ਖ਼ਤਰਾ ਬਣ ਸਕਦੀ ਹੈ। ਇਸ ਤੋਂ ਛੁੱਟ ਉਕਤ ਸਾਰਾ ਕੁਝ ਭਾਰਤੀ ਗਣਤੰਤਰ ਦੀ ਮਜ਼ਬੂਤੀ ਤੇ ਸਫਲਤਾ ਦੇ ਦਾਅਵਿਆਂ ਦਾ ਮੂੰਹ ਚਿੜ੍ਹਾਉਂਦਾ ਹੈ ।

ਉਕਤ ਨਿਰਾਸ਼ਾਜਨਕ ਸਥਿਤੀ ਦੇ ਪ੍ਰਸੰਗ ਵਿੱਚ ਕੁਝ ਆਰਥਿਕ-ਸਮਾਜਿਕ ਮਾਹਿਰਾਂ ਦੀਆਂ ਟਿੱਪਣੀਆਂ ਹੁਕਮਰਾਨਾਂ ਨੂੰ ਮਦਹੋਸ਼ੀ 'ਚੋਂ ਜਗਾ ਸਕਦੀਆਂ ਹਨ : ਡਾ. ਸੀ. ਰੰਗਾਰਾਜਨ ਨੇ ਵਿੱਤੀ ਮਜ਼ਬੂਤੀ ਦੀ ਹੌਲੀ ਗਤੀ 'ਤੇ ਪ੍ਰਸ਼ਨ ਉਠਾਏ ਹਨ। ਡਾ. ਸੁਰਜੀਤ ਭੱਲਾ ਨੇ 'ਚੌਥੀ ਸਭ ਤੋਂ ਵੱਡੀ ਅਰਥ-ਵਿਵਸਥਾ' ਹੋਣ 'ਤੇ ਸਰਕਾਰ ਵੱਲੋਂ ਖ਼ੁਦ ਦੀ ਪ੍ਰਸੰਸਾ ਕਰਨ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ ਹੈ ਕਿ ਕੁੱਲ ਘਰੇਲੂ ਉਤਪਾਦਨ ਆਰਥਿਕਤਾ ਦੇ ਆਕਾਰ ਨੂੰ ਦਰਸਾਉਂਦਾ ਹੈ, ਆਰਥਿਕਤਾ ਦੀ ਮਜ਼ਬੂਤੀ ਨੂੰ ਨਹੀਂ। ਪ੍ਰੋ. ਰੋਹਿਤ ਲਾਂਬਾ (ਕਾਰਨੇਲ ਯੂਨੀਵਰਸਿਟੀ) ਨੇ ਭਾਰਤ ਦੇ 2026-27 ਦੇ ਬਜਟ ਦਾ ਮਖੌਲ ਉਡਾਉਂਦੇ ਹੋਏ ਕਿਹਾ ਕਿ ਇਹ ਅਜਿਹੇ ਦੇਸ਼ ਦੀ ਅਰਥ ਵਿਵਸਥਾ ਲਈ ਹੈ ਜੋ ਕਿਸੇ ਯੋਜਨਾ ਦੀ ਭਾਲ 'ਚ ਹੈ। ਡਾ. ਅਸ਼ੋਕ ਗੁਲਾਟੀ ਨੇ ਖੇਤੀਬਾੜੀ ਖੇਤਰ ਦੇ ਵੱਡੇ ਹਿੱਸਿਆਂ ਦੀ ਅਣਦੇਖੀ 'ਤੇ ਦੁੱਖ ਪ੍ਰਗਟਾਇਆ ਹੈ।



# ਖ਼ਤਮ ਹੁੰਦੀ ਰਿਸ਼ਤਿਆਂ ਦੀ ਮਿਠਾਸ

**ਸੁਰਿੰਦਰ ਸ਼ਰਮਾ ਨਾਗਰਾ**



ਰਿਸ਼ਤਿਆਂ ਵਿਚ ਮਿਠਾਸ ਭਰੀ ਹੋਵੇ ਤਾਂ ਮਨ ਨੂੰ ਅੰਦਰੋਂ ਸਕੂਨ ਦਾ ਅਹਿਸਾਸ ਹੁੰਦਾ ਹੈ। ਇਹ ਜੋ ਮਨੁੱਖੀ ਜੀਵਨ ਹੈ, ਇਹ ਰਿਸ਼ਤਿਆਂ ਦੇ ਲਗਾਅ 'ਤੇ ਹੀ ਆਧਾਰਤ ਹੈ। ਜੇ ਰਿਸ਼ਤਿਆਂ ਵਿਚ ਮਿਠਾਸ ਨਹੀਂ ਤਾਂ ਜੀਵਨ ਵਿਅਰਥ ਲੱਗਦਾ ਹੈ। ਰਿਸ਼ਤਾ ਭਾਵੇਂ ਪਤੀ-ਪਤਨੀ ਦਾ ਹੋਵੇ, ਮਾਂ-ਬਾਪ ਦਾ, ਘਰ-ਪਰਿਵਾਰ ਦੇ ਹੋਰ ਜੀਆਂ ਨਾਲ ਹੋਵੇ, ਉਸ 'ਚ ਮਿਠਾਸ ਹੋਣੀ ਬਹੁਤ ਮਾਅਨੇ ਰੱਖਦੀ ਹੈ। ਇਸ ਤੋਂ ਵੀ ਅੱਗੇ ਹੋਰ ਨੇੜੇ ਦੇ ਰਿਸ਼ਤੇ ਜਿਵੇਂ ਮਾਸੀ, ਭੂਆ, ਦਾਦਾ-ਦਾਦੀ, ਨਾਨਾ-ਨਾਨੀ, ਮਾਮਾ-ਮਾਮੀ ਤੇ ਆਪਣੀ ਭੈਣ ਨਾਲ ਰਿਸ਼ਤਾ, ਇਹ ਸਾਰੇ ਮਿਠਾਸ ਦੀ ਤਵੱਕੋ ਰੱਖਦੇ ਹਨ।

ਜੇ ਇਨ੍ਹਾਂ ਰਿਸ਼ਤਿਆਂ 'ਚ ਮਿਠਾਸ ਦਾ ਅਹਿਸਾਸ ਨਹੀਂ ਤਾਂ ਜੀਵਨ ਫਿੱਕਾ ਜਿਹਾ ਲੱਗਦਾ ਹੈ। ਛੇਵੇਂ-ਸੱਤਵੇਂ ਦਹਾਕਿਆਂ ਤੱਕ ਇਨ੍ਹਾਂ ਰਿਸ਼ਤਿਆਂ ਵਿਚ ਬਹੁਤ ਅਪਣੱਤ ਸੀ। ਇਹ ਅਪਣੱਤ ਬਿਨਾਂ ਕਿਸੇ ਲੋੜ ਤੋਂ ਬਿਨਾਂ ਕਿਸੇ ਗਰਜ ਤੋਂ ਹੁੰਦੀ ਸੀ। ਇਹ ਸਿਰਫ਼ ਤੇ ਸਿਰਫ਼ ਰਿਸ਼ਤਿਆਂ 'ਤੇ ਆਧਾਰਤ ਸੀ। ਅੱਠਵੇਂ ਦਹਾਕੇ ਤੋਂ ਬਾਅਦ ਜਦੋਂ ਖੇਤੀਬਾੜੀ ਦਾ ਵਪਾਰੀਕਰਨ ਹੋਇਆ, ਆਧੁਨਿਕਤਾ ਦਾ ਪਸਾਰ ਹੋਇਆ ਤਾਂ ਇਨ੍ਹਾਂ ਰਿਸ਼ਤਿਆਂ ਵਿਚ ਮਤਲਬਪ੍ਰਸਤੀ ਆ ਗਈ। ਰਿਸ਼ਤੇ ਪੈਸੇ ਉੱਤੇ ਆ ਕੇ ਖੜ੍ਹ ਗਏ। ਮਿਠਾਸ ਦੀ ਜਗ੍ਹਾ ਫਿੱਕੇਪਣ ਤੇ ਕੁੜੱਤਣ ਨੇ ਲੈ ਲਈ। ਇਸ ਕਰਕੇ ਹਰ ਵਿਅਕਤੀ ਚਿੰਤਾਤੁਰ ਹੈ, ਪਰੇਸ਼ਾਨ ਹੈ। ਮੈਂ ਛੇਵੀ ਜਮਾਤ ਤੱਕ ਆਪਣੇ ਪਿੰਡ ਦਾਦਾ-ਦਾਦੀ ਕੋਲ ਰਹਿ ਕੇ ਪੜ੍ਹਿਆ।

ਪਿਤਾ ਜੀ ਦੀ ਨੌਕਰੀ ਹੋਣ ਕਾਰਨ ਮਾਤਾ ਜੀ ਨਾਲ ਹੀ ਸੁਨਾਮ ਰਹਿੰਦੇ ਸਨ। ਮੇਰੇ ਪਿੰਡ ਤੋਂ 6-7 ਕਿੱਲੋਮੀਟਰ ਦੂਰ ਮੇਰੀ ਮਾਸੀ ਦਾ ਸਹੁਰਾ ਪਿੰਡ ਸੀ। ਮਾਸੀ ਮੇਰੀ ਮਾਤਾ ਤੋਂ ਅੱਠ ਕੁ ਸਾਲ ਵੱਡੀ ਸੀ। ਇਕ ਮਾਸੀ ਜੋ ਮੇਰੇ ਮਾਤਾ ਤੋਂ ਛੋਟੀ ਸੀ, ਉਹ ਸੁਨਾਮ ਤੋਂ ਪਰੇ ਵਿਆਹੀ ਹੋਈ ਸੀ। ਮੈਨੂੰ ਦੋਵੇਂ ਬਹੁਤ ਪਿਆਰ ਕਰਦੀਆਂ ਸਨ ਪਰ ਨੇੜੇ ਵਾਲੀ ਵੱਡੀ ਮਾਸੀ ਬਹੁਤ ਜ਼ਿਆਦਾ ਪਿਆਰ ਕਰਦੀ ਸੀ। ਗਰਮੀਆਂ ਦੀਆਂ ਛੁੱਟੀਆਂ ਹੋਣ, ਭਾਵੇਂ ਸਰਦੀਆਂ ਦੀਆਂ ਜਾਂ ਤਿੰਨ-ਚਾਰ ਛੁੱਟੀਆਂ ਇਕੱਠੀਆਂ ਆ ਜਾਣ, ਮੈ ਪਿੰਡੋਂ ਪੈਦਲ ਹੀ ਮਾਸੀ ਕੋਲ ਚਲਾ ਜਾਂਦਾ। ਭਲੇ ਜ਼ਮਾਨੇ ਸਨ।

ਰਸਤਿਆਂ 'ਚ ਕੋਈ ਡਰ-ਭੈਅ ਨਹੀਂ ਹੁੰਦਾ ਸੀ। ਕੱਚੇ ਪਹੇ ਸਨ, ਟਿੱਬਿਆਂ ਦਾ ਰਾਹ ਹੁੰਦਾ ਸੀ, ਹੱਥ ਵਿਚ ਡੰਡਾ ਫੜ ਕੇ ਖੇਡਦੇ-ਕੁੱਦਦੇ ਮਾਸੀ ਦੇ ਪਿੰਡ ਪਹੁੰਚ ਜਾਂਦਾ। ਇਕ ਵਾਰ ਤਿੰਨ-ਚਾਰ ਛੁੱਟੀਆਂ ਇਕੱਠੀਆਂ ਆ ਗਈਆਂ। ਮੈਂ ਦਾਦੀ ਤੋਂ ਮਾਸੀ ਕੋਲ ਜਾਣ ਦੀ ਆਗਿਆ ਲੈ ਲਈ। ਉਹ ਕਹਿਣ ਲੱਗੀ, ਵਗ ਤਾਂ ਜਾ ਪਰ ਸਕੂਲ ਖੁੱਲ੍ਹਦਿਆਂ ਨੂੰ ਮੁੜ ਆਈਂ। ਮੈਂ ਤੜਕੇ ਦੀ ਹਾਜ਼ਰੀ ਰੋਟੀ ਖਾ ਕੇ ਤੇ ਹੱਥ ਵਿਚ ਅਣਘੜਿਆ ਜਿਹਾ ਡੰਡਾ ਲੈ ਕੇ ਮਾਸੀ ਦੇ ਪਿੰਡ ਖਨਾਲ ਕਲਾਂ ਵੱਲ ਤੁਰ ਪਿਆ। ਪਹਿਲਾ ਪਿੰਡ ਅਕਬਰਪੁਰ ਆਉਂਦਾ ਸੀ। ਇਹ ਤਿੰਨ ਕੁ ਕਿੱਲੋਮੀਟਰ ਦੂਰ ਸੀ।

ਟਿੱਬਿਆਂ ਵਿੱਚੋਂ ਦੀ ਕੱਚਾ ਰਸਤਾ ਸੀ। ਆਲੇ-ਦੁਆਲੇ ਬਾਜਰੇ-ਕਪਾਹਾਂ ਤੇ ਹੋਰ ਸਾਉਣੀ ਦੀਆਂ ਫ਼ਸਲਾਂ ਜਿਵੇਂ ਮੂੰਗੀ, ਗੁਆਰਾ, ਸਣ ਅਤੇ ਕਿਤੇ ਕਣਕ ਬੀਜਣ ਲਈ ਜ਼ਮੀਨਾਂ ਖ਼ਾਲੀ ਪਈਆਂ ਸਨ। ਮੈਂ ਤੁਰਦਾ ਗਿਆ। ਰਸਤੇ 'ਚ ਕਦੇ ਕੋਈ ਗੱਡੇ ਵਾਲਾ ਮਿਲ ਜਾਂਦਾ, ਕੋਈ ਹਲ-ਪੰਜਾਲੀ ਲਿਜਾਂਦਾ ਮਿਲ ਜਾਂਦਾ। ਕਿਤੇ ਕੋਈ ਮਲਿਆਂ ਤੇ ਝਾੜੀਆਂ 'ਚ ਬੱਕਰੀਆਂ ਚਾਰਦਾ ਮਿਲ ਜਾਂਦਾ। ਜੇ ਜਾਣ-ਪਛਾਣ ਵਾਲਾ ਮਿਲ ਜਾਂਦਾ ਤਾਂ ਪੁੱਛਦਾ, "ਕਿੱਥੇ ਚਲਿਐਂ?" ਤਾਂ ਮੈਂ ਹੁੱਬ ਕੇ ਦੱਸਦਾ ਕਿ ਬੜੀ ਖਨਾਲ ਮਾਸੀ ਨੂੰ ਮਿਲਣ ਚੱਲਿਆਂ। ਨਦਾਮਪੁਰ ਨਹਿਰ 'ਚੋਂ ਨਿਕਲੇ ਸੂਏ (ਰਜਵਾਹੇ) ਨੂੰ ਪਾਰ ਕਰਦਿਆਂ ਅਕਬਰਪੁਰ ਥੋੜ੍ਹੀ ਦੂਰ ਰਹਿ ਗਿਆ ਸੀ। ਮੈਂ ਚੱਕਵੇਂ ਪੈਰੀਂ ਹੋ ਗਿਆ ਕਿਉਂਕਿ ਆਵਾਜਾਈ ਹੁਣ ਘੱਟ ਸੀ।

ਮੈਂ ਅਕਬਰਪੁਰ ਪਿੰਡ ਪਹੁੰਚ ਗਿਆ। ਪਿੰਡ ਲੰਘ ਕੇ ਅੱਗੇ ਨਹਿਰ ਸੀ। ਅਸੀਂ ਇਸ ਨੂੰ ਨਦਾਮਪੁਰ ਵਾਲੀ ਨਹਿਰ ਕਹਿੰਦੇ ਸਾਂ। ਇਹ ਅੱਗੇ ਸੂਲਰ ਘਰਾਟ ਹੋ ਕੇ ਲਹਿਰੇਗਾਗੇ ਵੱਲ ਨਿਕਲ ਜਾਂਦੀ ਸੀ। ਪੁਲ ਪਾਰ ਕਰਦਿਆਂ ਇਸ ਨਹਿਰ 'ਚੋਂ ਇਕ ਨਹਿਰ ਨੁਮਾਂ ਰਜਵਾਹਾ ਖਨਾਲ ਕਲਾਂ ਵੱਲ ਜਾਂਦਾ ਸੀ। ਉਸ ਦੇ ਨਾਲ-ਨਾਲ ਕੱਚਾ ਰਸਤਾ ਸੀ। ਮੈਂ ਉਸ 'ਤੇ ਚੱਲ ਪਿਆ। ਇਨ੍ਹਾਂ ਰਸਤਿਆਂ ਤੇ ਮਾਸੀ ਦੇ ਘਰ ਦਾ ਮੈਨੂੰ ਪਤਾ ਸੀ ਕਿਉਂਕਿ ਮੈਂ ਮੇਰੀ ਮਾਤਾ ਨਾਲ ਪਹਿਲਾਂ ਵੀ ਇਕ-ਦੋ ਵਾਰ ਆਇਆ ਸੀ। ਮਾਸੀ ਦੇ ਘਰ ਦਾ ਵੱਡਾ ਸਾਰਾ ਲੱਕੜ ਦੇ ਤਖ਼ਤਿਆਂ ਦਾ ਬੂਹਾ ਸੀ।

ਬੂਹੇ ਦੇ ਸੱਜੇ ਪਾਸੇ ਪੱਕੀਆਂ ਇੱਟਾਂ ਦੀ ਬੈਠਕ ਸੀ ਪਰ ਸੀਮੈਂਟ ਨਾਲ ਲਿੱਪੀ ਨਹੀਂ ਸੀ। ਮਕਾਨ ਭਾਵੇਂ ਸਾਰਾ ਕੱਚਾ ਸੀ ਪਰ ਲਿੱਪਿਆ-ਪੋਚਿਆ ਸਾਫ਼-ਸੁਥਰਾ ਸੀ। ਕੜੀਆਂ-ਬਾਲਿਆਂ ਦੀ ਛੱਤ ਸ਼ਤੀਰਾਂ ਉੱਪਰ ਬਣੀ ਹੋਈ ਸੀ। ਇਕ ਲੰਬਾ ਜਿਹਾ ਕਮਰਾ ਰਸੋਈ ਦੇ ਖੱਬੇ ਪਾਸੇ ਬਣਿਆ ਹੋਇਆ ਸੀ ਜਿਸ 'ਚ ਮਾਸੀ ਦੇ ਵੱਡੇ ਮੁੰਡੇ ਦਾ ਟਿਕਾਣਾ ਸੀ। ਸਾਹਮਣੇ ਮਾਸੀ ਸ਼ਾਇਦ ਰੋਟੀ-ਟੁੱਕ ਦਾ ਮੁਕਾ ਕੇ ਕਣਕ ਦਾ ਪੀਹਣਾ ਛੰਡ ਰਹੀ ਸੀ।

ਮੈਂ ਕਿਹਾ, "ਮਾਸੀ, ਮੱਥਾ ਟੇਕਦਾਂ।" ਮੈਨੂੰ ਦੇਖ ਕੇ ਉਹ ਹੈਰਾਨ ਰਹਿ ਗਈ। ਉੱਠ ਕੇ ਹੱਥ ਝਾੜ ਕੇ ਮੈਨੂੰ ਜੱਫੀ ਵਿਚ ਘੁੱਟ ਲਿਆ ਤੇ ਮੇਰਾ ਮੂੰਹ ਚੁੰਮਦੀ ਹੋਈ ਕਹਿਣ ਲੱਗੀ, "ਮੇਰਾ ਲਾਡਲਾ ਚੌਥਾ ਪੁੱਤ ਅੱਜ ਕਿਵੇਂ ਆ ਬਹੁੜਿਆ?" ਮੇਰੀ ਭੈਣ ਪਰਗਾਸੋ ਦੀ ਇੱਕੋ-ਇੱਕ ਨਿਸ਼ਾਨੀ, ਅੱਜ ਕਿਵੇਂ ਮਿਲਣ ਨੂੰ ਦਿਲ ਕਰ ਆਇਆ?" ਮੈਂ ਕਿਹਾ, "ਮਾਸੀ! ਕਈ ਦਿਨਾਂ ਦੀਆਂ ਛੁੱਟੀਆਂ ਸਨ, ਮੈਂ ਸੋਚਿਆ ਕਿ ਮਾਸੀ ਨੂੰ ਮਿਲ ਆਵਾਂ।" ਮਾਸੀ ਦਾ ਚਾਅ ਨਾ ਚੱਕਿਆ ਜਾਵੇ। ਮੈਂ ਉਸ ਕੋਲ ਪੀੜ੍ਹੀ 'ਤੇ ਬੈਠ ਗਿਆ। ਉਸ ਨੇ ਆਪਣੀ ਨੂੰਹ ਨੂੰ ਆਵਾਜ਼ ਮਾਰੀ, "ਨੀਂ ਰਾਣੀ! ਤੌੜੀ 'ਚੋਂ ਦੁੱਧ ਲੈ ਕੇ ਸ਼ੱਕਰ ਮਿਲਾ ਕੇ ਲਿਆ।

ਮੇਰਾ ਭਾਣਜਾ ਆਇਆ ਹੈ।" ਉਹ ਦੁੱਧ ਲੈ ਆਈ। ਮੈਂ ਉਸ ਨੂੰ ਭਾਬੀ ਕਹਿ ਕੇ ਮੱਥਾ ਟੇਕਿਆ ਤੇ ਉਸ ਨੇ ਮੇਰਾ ਸਿਰ ਪਲੋਸ ਦਿੱਤਾ। ਦੁੱਧ ਨਾਲ ਕਿਸੇ ਵਿਆਹ ਵਾਲੇ ਘਰੋਂ ਆਏ ਲੱਡੂਆਂ-ਸ਼ਕਰਪਾਰਿਆਂ ਵਾਲੀ ਭਾਜੀ ਮੇਰੇ ਅੱਗੇ ਰੱਖ ਦਿੱਤੀ। ਲੱਡੂ ਤਾਜ਼ੇ ਹੋਣ ਕਰਕੇ ਸੁਆਦ ਬਹੁਤ ਸਨ। ਇਸ ਤਰ੍ਹਾਂ ਗੱਲਾਂਬਾਤਾਂ ਕਰਦਿਆਂ ਦੁਪਹਿਰ ਨਿਕਲ ਗਈ ਤੇ ਤਿੰਨ ਵਜੇ ਦੀ ਚਾਹ ਦਾ ਸਮਾਂ ਹੋ ਗਿਆ। ਦਿੜਬੇ ਤੋਂ ਮੇਰ ਮਾਸੜ ਵੀ ਆ ਗਿਆ।

ਮਾਸੀ ਦਾ ਮੁੰਡਾ ਫ਼ੌਜੀ ਸੀ ਤੇ ਛੁੱਟੀ ਆਇਆ ਹੋਇਆ ਸੀ। ਉਹ ਵੀ ਸੁਨਾਮੋਂ ਮੁੜ ਆਇਆ। ਸਭ ਨੇ ਰਲ ਕੇ ਚਾਹ ਪੀਤੀ। ਮੇਰੀ ਮਾਸੀ ਦੇ ਤਿੰਨ ਲੜਕੇ ਸਨ। ਸਭ ਤੋਂ ਵੱਡਾ ਖੇਤੀ ਕਰਦਾ ਸੀ, ਉਸ ਤੋਂ ਛੋਟਾ ਫ਼ੌਜ ਵਿਚ ਸੀ ਤੇ ਤੀਸਰਾ ਡੰਗਰਾਂ ਦਾ ਪਾਲੀ ਸੀ ਤੇ ਖੇਤੀ 'ਚ ਹੱਥ ਵਟਾਉਂਦਾ ਸੀ। ਰਾਤ ਨੂੰ ਬੱਦਲਵਾਈ ਹੋ ਗਈ ਤੇ ਸਵੇਰੇ ਮੀਂਹ ਪੈਣ ਲੱਗ ਪਿਆ। ਸਭ ਤੋਂ ਛੋਟਾ ਮੀਂਹ ਪੈਂਦੇ 'ਚ ਵੀ ਕੋਠੇ 'ਤੇ ਪਿਆ ਰਿਹਾ। ਮਸਾਂ ਮਾਸੀ ਨੇ ਤਾੜ ਕੇ ਹੇਠਾਂ ਲਾਹਿਆ। ਮਾਸੀ ਨੇ ਸਾਡੇ ਲਈ ਖੀਰ ਬਣਾਈ ਤੇ ਪੂੜੇ ਲਾਹੁਣ ਲੱਗੀ। ਸਾਰੇ ਖਾਣ ਬੈਠ ਗਏ। ਪੂੜੇ ਹੌਲੀ-ਹੌਲੀ ਬਣਨ ਕਰਕੇ ਸਭ ਨੂੰ ਅੱਧਾ-ਅੱਧਾ ਹੀ ਆਵੇ। ਸਾਰਿਆਂ ਨੇ ਰੱਜ ਕੇ ਪੂੜੇ ਖਾਧੇ। ਅਗਲੇ ਦਿਨ ਮੀਂਹ ਹਟ ਗਿਆ। ਸਾਰੇ ਜਣੇ ਕਪਾਹ ਚੁਗਣ ਲਈ ਸੂਏ ਪਾਰ ਰੋੜੀ ਵਾਲੇ ਖੇਤ ਚਲੇ ਗਏ। ਮੈਂ ਵੀ ਸਿਰ ਨਾਲ ਪੱਲੀ ਬੰਨ੍ਹ ਕੇ ਮਾਸੀ ਹੁਰਾਂ ਨਾਲ ਕਪਾਹ ਚੁਗਣ ਲੱਗ ਪਿਆ। ਉਦੋਂ ਕਪਾਹਾਂ ਘਰ ਦੇ ਮੈਂਬਰ ਹੀ ਚੁਗਦੇ ਹੁੰਦੇ ਸਨ ਜਾਂ ਇਕ-ਦੋ ਔਰਤਾਂ ਦਿਹਾੜੀ 'ਤੇ ਲੈ ਕੇ ਜਾਂਦੇ। ਦੁਪਹਿਰ ਤੱਕ ਅੱਧਾ ਕਿੱਲਾ ਚੁਗ ਲਿਆ। ਫਿਰ ਟਾਹਲੀ ਦੀ ਛਾਵੇਂ ਬੈਠ ਕੇ ਦਮ ਲਿਆ ਤੇ ਕੱਦੂ ਦੀ ਸਬਜ਼ੀ ਨਾਲ ਰੋਟੀ ਖਾਧੀ। ਰੋਟੀ ਖਾ ਕੇ ਉੱਥੇ ਹੀ ਡਲਿਆਂ 'ਤੇ ਲੰਮੇ ਪੈ ਗਏ। ਉੱਥੇ ਬਹੁਤ ਗੂੜ੍ਹੀ ਨੀਂਦ ਆਈ। ਮਾਸੜ ਕੋਲ ਪੰਦਰਾਂ ਕਿੱਲੇ ਜ਼ਮੀਨ ਸੀ। ਅੱਠ ਕਿੱਲੇ ਰੋੜੀ ਵਾਲੇ ਖੇਤ ਤੇ ਸੱਤ ਕਿੱਲੇ ਛੋਟੀ ਖਨਾਲ ਦੇ ਰਸਤੇ ਉੱਤੇ ਸਨ। ਇਕ ਦਿਨ ਮੈਂ ਤੇ ਫ਼ੌਜੀ ਦੂਸਰੇ ਖੇਤ ਗੇੜਾ ਮਾਰਨ ਚਲੇ ਗਏ। ਪਿਆਰ ਤਾਂ ਭਾਵੇਂ ਮੈਨੂੰ ਸਾਰੇ ਕਰਦੇ ਸਨ ਪਰ ਫ਼ੌਜੀ ਨਾਲ ਯਾਰਾਨਾ ਜ਼ਿਆਦਾ ਸੀ। ਸ਼ਾਮ ਨੂੰ ਮਾਸੀ ਨੇ ਕੜਾਹ-ਪ੍ਰਸ਼ਾਦ ਬਣਾ ਲਿਆ।

ਮਾਸੀ ਨੇ ਸਾਰੇ ਦਿਨੀਂ ਕੁਝ ਨਾ ਕੁਝ ਬਣਾ ਕੇ ਮੇਰੀ ਬਹੁਤ ਸੇਵਾ ਕੀਤੀ। ਅਗਲੇ ਦਿਨ ਮੈਂ ਵਾਪਸ ਜਾਣਾ ਸੀ। ਮਾਸੀ ਦਾ ਤੋਰਨ ਨੂੰ ਦਿਲ ਨਾ ਕਰੇ। ਮੈਨੂੰ ਆਖੇ, "ਹੋਰ ਦੋ ਦਿਨ ਰਹਿ ਜਾ।" ਪਰ ਮੇਰਾ ਸਕੂਲ ਖੁੱਲ੍ਹਣਾ ਸੀ। ਤੁਰਨ ਵੇਲੇ ਇਕ ਵਾਰ ਫਿਰ ਮੈਨੂੰ ਗਲਵੱਕੜੀ 'ਚ ਲੈ ਲਿਆ। ਸ਼ਗਨ ਵੱਜੋਂ ਪੰਜ ਰੁਪਈਏ ਤੇ ਇਕ ਘਰ ਦਾ ਬੁਣਿਆ ਵਧੀਆ ਖੇਸ ਮੈਨੂੰ ਦਿੱਤਾ। ਮੈਨੂੰ ਉਹ ਸੂਏ ਦੇ ਪੁਲ ਤੱਕ ਛੱਡਣ ਲਈ ਅਕਬਰਪੁਰ ਦੇ ਰਾਹ ਤੱਕ ਆਈ। ਦੂਰ ਤੱਕ ਮੁੜ-ਮੁੜ ਕੇ ਮੈਂ ਉਸ ਦੀਆਂ ਅੱਖਾਂ 'ਚੋਂ ਵਗਦੇ ਹੰਝੂ ਦੇਖਦਾ ਰਿਹਾ। ਪੁਲ ਉੱਪਰ ਉਦੋਂ ਤੱਕ ਖੜ੍ਹੀ ਰਹੀ ਜਦੋਂ ਤੱਕ ਮੈਂ ਉਸ ਦੀਆਂ ਅੱਖਾਂ ਤੋਂ ਓਝਲ ਨਾ ਹੋਇਆ।






# ਬੱਚੇ ਸਹੀ ਨਹੀਂ ਅਤੇ ਨਾ ਹੀ ਉਨ੍ਹਾਂ ਦੇ ਮਾਤਾ-ਪਿਤਾ



ਹਾਲ ਹੀ ’ਚ ਮੈਨੂੰ ਇਕ ਅਜੀਬ ਸਮੱਸਿਆ ਹੋ ਗਈ। ਮੇਰੀ ਆਵਾਜ਼ 47 ਸਾਲ ਦੀ ਔਰਤ ਵਰਗੀ ਲੱਗਣ ਲੱਗੀ ਹੈ। ਜੇਕਰ ਮੈਂ ਸਿਰਫ਼ 28 ਸਾਲ ਦੀ ਨਾ ਹੁੰਦੀ, ਤਾਂ ਇਹ ਬਿਲਕੁਲ ਠੀਕ ਹੁੰਦਾ। ਮੈਂ ਇਸ ਨੂੰ ਪਹਿਲੀ ਵਾਰ ਪਿਛਲੇ ਮਹੀਨੇ ਆਪਣੀ 59 ਸਾਲ ਦੀ ਮਾਂ ਨੂੰ ਮਿਲਣ ਦੌਰਾਨ ਮਹਿਸੂਸ ਕੀਤਾ। ਮੈਂ ਉਨ੍ਹਾਂ ਨੂੰ ਕਿਹਾ, “ਕੀ ਤੁਸੀਂ ਕਿਰਪਾ ਕਰਕੇ ਆਪਣਾ ਫ਼ੋਨ ਇਕ ਪਾਸੇ ਰੱਖ ਦਿਓਗੇ ਅਤੇ ਮੇਰੀ ਗੱਲ ਸੁਣੋਗੇ?” ਮੈਂ ਹੈਰਾਨ ਰਹਿ ਗਈ। ਹੋਰ ਤਾਂ ਹੋਰ, ਉਨ੍ਹਾਂ ਦਾ ਜਵਾਬ ਸੀ, “ਰੁਕੋ, ਪਹਿਲਾਂ ਮੈਨੂੰ ਇਹ ਰੀਲ ਖ਼ਤਮ ਕਰਨ ਦਿਓ।”

ਕੀ ਅਸੀਂ ਸਮੇਂ ’ਚ ਪਿੱਛੇ ਚਲੇ ਗਏ ਸੀ ਅਤੇ ਸਾਡੀਆਂ ਰੂਹਾਂ ਬਦਲ ਗਈਆਂ ਸਨ? ਅਸਲ ’ਚ ਇਹੀ ਹੁੰਦਾ ਹੈ ਜਦੋਂ ਸੇਵਾਮੁਕਤੀ ਦੇ ਅਨੰਤ ਸਮੇਂ ਵਾਲੇ ਬਜ਼ੁਰਗ ਲੋਕ ਆਪਣੇ ਸਮਾਰਟਫ਼ੋਨ ਦੇ ਬੇਹੱਦ ਆਦਤ ਲਗਾਉਣ ਵਾਲੇ ਐਲਗੋਰਿਦਮ ਦੇ ਸੰਪਰਕ ’ਚ ਆਉਂਦੇ ਹਨ। ਦਿਲਚਸਪ ਗੱਲ ਇਹ ਹੈ ਕਿ ਮੇਰੀ ਉਮਰ ਦੇ ਕਈ ਲੋਕਾਂ ਲਈ ਇਹ ਬਦਲਾਅ ਜੀਵਨ ਦੇ ਉਸ ਅਵਾਸਤਵਿਕ ਪੜਾਅ ਦੇ ਨਾਲ ਮੇਲ ਖਾਂਦਾ ਹੈ, ਜਿੱਥੇ ਬਾਲਗ ਬੱਚੇ ਆਪਣੇ ਮਾਤਾ-ਪਿਤਾ ਨੂੰ ਵਧੇਰੇ ਬਚਕਾਨਾ ਵਿਵਹਾਰ ਕਰਦੇ ਹੋਏ ਪਾਉਂਦੇ ਹਨ।

ਪਿਛਲੇ ਮਹੀਨੇ ਅਮਰੀਕਾ ’ਚ ਕੇ. ਜੀ. ਐੱਮ. ਬਨਾਮ ਮੇਟਾ ਐਟ ਆਲ ਮਾਮਲੇ ’ਚ ਆਏ ਇਤਿਹਾਸਕ ਫੈਸਲੇ ਤੋਂ ਇਹ ਸਪੱਸ਼ਟ ਹੋ ਗਿਆ ਕਿ ਮੇਟਾ ਅਤੇ ਗੂਗਲ ਵਰਗੀਆਂ ਕੰਪਨੀਆਂ ਜਾਣਬੁੱਝ ਕੇ ਆਦਤ ਲਗਾਉਣ ਵਾਲੇ ਸੋਸ਼ਲ ਮੀਡੀਆ ਉਤਪਾਦ ਵਿਕਸਿਤ ਕਰਦੀਆਂ ਹਨ ਪਰ ਮੁੱਖ ਧਿਆਨ ਨੌਜਵਾਨਾਂ ’ਤੇ, ਉਨ੍ਹਾਂ ਦੇ ਪ੍ਰਭਾਵ ’ਤੇ ਕੇਂਦਰਿਤ ਸੀ। ਇਹ ਗੱਲ ਸਮਝ ’ਚ ਆਉਂਦੀ ਹੈ। ਉਨ੍ਹਾਂ ਦਾ ਦਿਮਾਗ ਅਜੇ ਵੀ ਵਿਕਸਿਤ ਹੋ ਰਿਹਾ ਹੈ, ਉਹ ਸ਼ਿਕਾਰੀਆਂ ਅਤੇ ਅਣਉਚਿਤ ਸਮੱਗਰੀ ਪ੍ਰਤੀ ਸੰਵੇਦਨਸ਼ੀਲ ਹਨ ਅਤੇ ਅਜੇ ਵੀ ਖ਼ੁਦ ਨੂੰ ਅਤੇ ਸਮਾਜਿਕ ਤੌਰ-ਤਰੀਕਿਆਂ ਨੂੰ ਸਿੱਖ ਰਹੇ ਹਨ। ਦੂਜੇ ਪਾਸੇ, ਸੀਨੀਅਰ ਨਾਗਰਿਕ ਇਕ ਭਰਿਆ-ਪੂਰਾ ਜੀਵਨ ਜੀਅ ਚੁੱਕੇ ਹਨ, ਆਪਣੀ ਪਛਾਣ ਬਣਾ ਚੁੱਕੇ ਹਨ ਅਤੇ ਰਿਸ਼ਤੇ ਕਾਇਮ ਕਰ ਚੁੱਕੇ ਹਨ। ਹਾਲਾਂਕਿ, ਬਹੁਤ ਜ਼ਿਆਦਾ ਸਕ੍ਰੀਨ ਸਮੇਂ ਦੇ ਨਤੀਜੇ ਇਸ ਤੋਂ ਕਿਤੇ ਵੱਧ ਵਿਆਪਕ ਹਨ ਅਤੇ ਉਮਰ ਦੀ ਪਰਵਾਹ ਨਹੀਂ ਕਰਦੇ—ਨੀਂਦ ਦੀ ਕਮੀ, ਨਕਾਰਾਤਮਕ ਮਨੋਦਸ਼ਾ, ਰਾਜਨੀਤਕ ਧਰੁਵੀਕਰਨ, ਘਪਲਿਆਂ ਅਤੇ ਫਰਜ਼ੀ ਖ਼ਬਰਾਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਆਪਣੇ ਡਿਵਾਈਸ ’ਤੇ ਬਹੁਤ ਜ਼ਿਆਦਾ ਨਿਰਭਰਤਾ।

ਇਸ ਨੁਕਤੇ ’ਤੇ, ਤੁਸੀਂ ਸੋਚ ਰਹੇ ਹੋਵੋਗੇ ਕਿ ਕੀ ਇਸ ਮਾਮਲੇ ’ਚ ਬਜ਼ੁਰਗਾਂ ਨੂੰ ਮਾਹਿਰ ਨਹੀਂ ਹੋਣਾ ਚਾਹੀਦਾ? ਕੀ ਉਹ ਪਹਿਲੇ ਮੋਬਾਈਲ ਫ਼ੋਨ ਦੇ ਨਿਰਮਾਣ ਤੋਂ ਬਾਅਦ ਤੋਂ ਹੀ ਨੌਜਵਾਨਾਂ ਨੂੰ ਫ਼ੋਨ ਨਾਲ ਚਿਪਕੇ ਰਹਿਣ ’ਤੇ ਤਾਅਨੇ ਨਹੀਂ ਮਾਰਦੇ ਰਹੇ? ਇਹ ਸਪੱਸ਼ਟ ਵਿਰੋਧਾਭਾਸ ਨਿਰਾਸ਼ਾਜਨਕ ਹੋ ਸਕਦਾ ਹੈ। ਮੇਰੀ ਇਕ ਸਾਬਕਾ ਸਹਿਕਰਮੀ ਨੇ ਆਪਣੀ ਮਾਂ ਬਾਰੇ ਕਿਹਾ, ਜਿਨ੍ਹਾਂ ਦੀ ਨੀਂਦ ਫ਼ੋਨ ਦੇ ਬਹੁਤ ਜ਼ਿਆਦਾ ਵਰਤੋਂ ਨਾਲ ਪ੍ਰਭਾਵਿਤ ਹੁੰਦੀ ਹੈ, “ਅਸਲ ’ਚ, ਉਹ ਸਾਨੂੰ ਜੋ ਕੁਝ ਵੀ ਕਰਨ ਤੋਂ ਮਨ੍ਹਾਂ ਕਰਦੀ ਹੈ, ਉਹ ਖ਼ੁਦ ਉਹੀ ਕਰਦੀ ਹੈ।” ਇਸ ਤੋਂ ਸਾਨੂੰ ਇਹ ਸਮਝ ਆਉਂਦਾ ਹੈ ਕਿ ਕੋਈ ਵੀ ਆਦਤ ਲੱਗਣ ਵਾਲੀ ਪ੍ਰਵਿਰਤੀ ਤੋਂ ਅਛੂਤੀ ਨਹੀਂ ਹੈ।

ਦੁਨੀਆ ਭਰ ਦੇ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਬਜ਼ੁਰਗਾਂ ’ਚ ਸਕ੍ਰੀਨ ਟਾਈਮ ਵਧ ਰਿਹਾ ਹੈ ਅਤੇ ਕੁਝ ਥਾਵਾਂ ’ਤੇ ਤਾਂ ਇਹ ਨੌਜਵਾਨਾਂ ਦੇ ਬਰਾਬਰ ਹੀ ਹੈ। ਅਸੀਂ ਸਭ ਇਕ ਹੀ ਕਿਸ਼ਤੀ ’ਚ ਸਵਾਰ ਹਾਂ। ਫ਼ਰਕ ਸਿਰਫ਼ ਇੰਨਾ ਹੈ ਕਿ ਸਾਡੇ ’ਚੋਂ ਜੋ ਲੋਕ ਇਕ ਦਹਾਕੇ ਜਾਂ ਉਸ ਤੋਂ ਵੱਧ ਸਮੇਂ ਤੋਂ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੇ ਹਨ, ਉਨ੍ਹਾਂ ’ਚ ਡਿਜੀਟਲ ਸਾਖਰਤਾ ਵਧੇਰੇ ਹੈ ਅਤੇ ਉਨ੍ਹਾਂ ਨੇ ਇਸ ਦੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਪ੍ਰਭਾਵਾਂ ਨੂੰ ਇੰਨੇ ਲੰਬੇ ਸਮੇਂ ਤੱਕ ਅਨੁਭਵ ਕੀਤਾ ਹੈ ਕਿ ਉਹ ਜਾਣਦੇ ਹਨ ਕਿ ਇਹ ਕਿਸ ਤਰ੍ਹਾਂ ਨੁਕਸਾਨ ਪਹੁੰਚਾਉਂਦਾ ਹੈ। ਦੂਜੇ ਪਾਸੇ, ਸਾਡੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਲਈ, ਅਚਾਨਕ ਬਹੁਤ ਜ਼ਿਆਦਾ ਸਮਾਂ ਮਿਲ ਜਾਣਾ, ਸੇਵਾਮੁਕਤੀ ਤੋਂ ਬਾਅਦ ਆਪਣੇ ਉਦੇਸ਼ ਦਾ ਖੋ ਜਾਣਾ, ‘ਖਾਲੀ ਘਰ’ ਦੀ ਸਥਿਤੀ, ਸੀਮਤ ਗਤੀਸ਼ੀਲਤਾ, ਇਕੱਲਾਪਣ ਅਤੇ ਇੱਥੋਂ ਤੱਕ ਕਿ ਜੀਵਨ ਭਰ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤੀ ਵਰਗੀਆਂ ਚੀਜ਼ਾਂ ਵਿਵੇਕ ’ਤੇ ਭਾਰੀ ਪੈ ਸਕਦੀਆਂ ਹਨ।

**-ਮਧੁਲਿਕਾ ਕਲਾਟ**

ਹਾਲਾਂਕਿ ਨੌਜਵਾਨਾਂ ਲਈ ਉਮਰ ਹੱਦ, ਉਮਰ-ਆਧਾਰਿਤ ਸਮੱਗਰੀ ਪਾਬੰਦੀਆਂ ਅਤੇ ਮਾਤਾ-ਪਿਤਾ ਦੇ ਕੰਟਰੋਲ ਵਰਗੇ ਸੁਰੱਖਿਆ ਉਪਾਅ ਬਜ਼ੁਰਗਾਂ ’ਤੇ ਲਾਗੂ ਨਹੀਂ ਕੀਤੇ ਜਾ ਸਕਦੇ, ਪਰ ਜਾਣਬੁੱਝ ਕੇ ਲਤ ਲਗਾਉਣ ਵਾਲੇ ਬਣਾਏ ਗਏ ਐਪਲੀਕੇਸ਼ਨਾਂ ਦੇ ਮੂਲ ਮੁੱਦੇ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ। ਅੰਤ ’ਚ ਸਾਡੇ ਬਜ਼ੁਰਗ ਪਿਆਰੇ ਖ਼ੁਦਮੁਖਤਿਆਰ ਬਾਲਗ ਹਨ। ਅਸੀਂ ਸਿਰਫ਼ ਅਜਿਹੀਆਂ ਸਥਿਤੀਆਂ ਬਣਾਉਣ ਦਾ ਯਤਨ ਕਰ ਸਕਦੇ ਹਾਂ ਜੋ ਉਨ੍ਹਾਂ ਨੂੰ ਫੈਸਲੇ ਲੈਣ ਲਈ ਉਤਸ਼ਾਹਿਤ ਕਰਨ।

ਆਪਣੇ ਮਾਤਾ-ਪਿਤਾ ਦੇ ਫ਼ੋਨ ਦੀ ਵਰਤੋਂ ’ਤੇ ਕੰਟਰੋਲ ਰੱਖਣਾ ਨਾ ਸਿਰਫ਼ ਉਨ੍ਹਾਂ ਨੂੰ ਇੰਟਰਨੈੱਟ ਤੋਂ ਬਚਾਉਣ ਲਈ ਜ਼ਰੂਰੀ ਹੈ, ਸਗੋਂ ਬਜ਼ੁਰਗਾਂ ਨੂੰ ਉਨ੍ਹਾਂ ਦੇ ਪੁਰਾਣੇ ਸਰੂਪ ਨੂੰ ਫਿਰ ਤੋਂ ਪਾਉਣ ਲਈ ਉਤਸ਼ਾਹਿਤ ਕਰਨ ਲਈ ਵੀ। ਸਰਕਾਰ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਨਾ ਸਿਰਫ਼ ਉਨ੍ਹਾਂ ਨੂੰ ਇੰਟਰਨੈੱਟ ਦੇ ਹਨੇਰੇ ਕੋਨਿਆਂ ’ਚ ਲੁਕੀ ਬੁਰਾਈ ਤੋਂ ਬਚਾਉਣ ਲਈ, ਸਗੋਂ ਬਜ਼ੁਰਗਾਂ ਨੂੰ ਉਨ੍ਹਾਂ ਦੇ ਫ਼ੋਨ ਦੀ ਬਹੁਤ ਜ਼ਿਆਦਾ ਵਰਤੋਂ ਦੇ ਪ੍ਰਭਾਵਾਂ ਨੂੰ ਸਮਝਣ ’ਚ ਮਦਦ ਕਰਨ ਲਈ ਡਿਜੀਟਲ ਸਾਖਰਤਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਕ ਸਹੇਲੀ ਨੇ ਦੱਸਿਆ ਕਿ ਉਸ ਨੂੰ ਆਪਣੇ ਪਿਤਾ ਦੇ ਫ਼ੋਨ ਦੀ ਬਹੁਤ ਜ਼ਿਆਦਾ ਵਰਤੋਂ ’ਤੇ ਦੁੱਖ ਹੋਇਆ ਅਤੇ ਉਸ ਨੇ ਕਾਮਨਾ ਕੀਤੀ ਕਿ ਉਹ ਕੁਝ ਅਜਿਹਾ ਕਰਨ ਜੋ ਵਧੇਰੇ ਉਤਪਾਦਕ ਜਾਂ ਸੰਤੋਸ਼ਜਨਕ ਹੋਵੇ।

ਬਜ਼ੁਰਗਾਂ ਦੀਆਂ ਅਧੂਰੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਰਕਾਰਾਂ, ਗ਼ੈਰ-ਸਰਕਾਰੀ ਸੰਗਠਨ ਅਤੇ ਸਟਾਰਟਅੱਪ ਬਜ਼ੁਰਗਾਂ ਅਤੇ ਸੇਵਾਮੁਕਤ ਲੋਕਾਂ ਲਈ ਸ਼ੌਕ ਖੋਜਣ ਸਗੋਂ ਨੌਜਵਾਨ ਪੀੜ੍ਹੀਆਂ ਦੇ ਨਾਲ ਵੀ ਸਬੰਧ ਬਣਾਉਣ ਦੇ ਰਸਤੇ ਤਿਆਰ ਕਰਨ ਲਈ ਸਹਿਯੋਗ ਕਰ ਸਕਦੇ ਹਨ। ਮੈਂ ਇਸ ਗੱਲ ਦੀ ਪੁਸ਼ਟੀ ਕਰ ਸਕਦੀ ਹਾਂ ਕਿ ਵ੍ਹਟਸਐਪ ਦੇ ਕਈ ਫ਼ਾਇਦੇ ਹਨ। ਇਕ ਹੋਰ ਫਰਕ-ਪੀੜ੍ਹੀ ਮਿੱਤਰਤਾ—ਮੇਰੇ ਬਾਲਗ ਜੀਵਨ ਦੀਆਂ ਸਭ ਤੋਂ ਅਮੀਰ ਮਿੱਤਰਾਂ ’ਚੋਂ ਇਕ ਇਹ ਸੀ ਕਿ ਮੇਰੇ ਪਿਤਾ, ਜੋ ਕਦੇ ਇਕ ਉਤਸ਼ਾਹੀ ਪਾਠਕ ਸਨ, ਹੁਣ ਇਕ ਸੱਤਰ ਸਾਲਾ ਵਿਅਕਤੀ ਦੇ ਨਾਲ ਹਨ। ਅੰਤ ’ਚ, ਜਨਤਕ ਸਥਾਨਾਂ ਨੂੰ ਵਿਹਲੇ ਸਮੇਂ ਲਈ ਵਧੇਰੇ ਪਹੁੰਚਯੋਗ ਬਣਾਇਆ ਜਾਣਾ ਚਾਹੀਦਾ ਹੈ ਅਤੇ ਬਜ਼ੁਰਗਾਂ ਤੇ ਸੀਮਤ ਗਤੀਸ਼ੀਲਤਾ ਵਾਲੇ ਲੋਕਾਂ ਨੂੰ ਵੀ ਬਾਹਰ ਜਾ ਕੇ ਦੁਨੀਆ ਨੂੰ ਦੇਖਣ ਲਈ ਸੱਦਾ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਹਮੇਸ਼ਾ ਸਾਨੂੰ ਅਜਿਹਾ ਕਰਨ ਲਈ ਉਤਸ਼ਾਹਿਤ ਕੀਤਾ ਹੈ।









## ਗੱਲ ਤਾਂ ਇੱਕੋ ਹੈ

ਦਿਲ ਟੁੱਟੇ ਜਾਂ ਤਾਰਾ ਗੱਲ ਤਾਂ ਇੱਕੋ ਹੈ,
ਛੁੱਟਦਾ ਝੱਟ ਸਹਾਰਾ ਗੱਲ ਤਾਂ ਇੱਕੋ ਹੈ।

ਟੁੱਟ ਜਾਏ ਇੱਕ ਵਾਰ ਮੁੜ ਜੁੜਦਾ ਨ੍ਹੀਂ,
ਕੰਬਦਾ ਵਾਂਗੂੰ ਪਾਰਾ ਗੱਲ ਤਾਂ ਇੱਕੋ ਹੈ।

ਇਸ਼ਕ ਕੰਬਖਤ ਕਿਸੇ ਦੀ ਸੁਣਦਾ ਨ੍ਹੀਂ,
ਚੱਲੇ ਨ ਕੋਈ ਚਾਰਾ ਗੱਲ ਤਾਂ ਇੱਕੋ ਹੈ।

ਸਿਰ ਚੜ੍ਹਦੇ ਤਾਂ ਪੱਤਣ 'ਤੇ ਜਾ ਖੜ੍ਹਦੇ,
ਮਿਲੇ ਨਾ ਕਿਨਾਰਾ ਗੱਲ ਤਾਂ ਇੱਕੋ ਹੈ।

ਰੋ ਰੋ ਕਮਲਾ ਹੁੰਦਾ ਮਜਨੂੰ ਬਣ ਜਾਏ,
ਲੈਲਾ ਖੁਣੋਂ ਬਿਚਾਰਾ ਗੱਲ ਤਾਂ ਇੱਕੋ ਹੈ।

ਸੂਰਜ ਬਾਝੋਂ ਛਾਵੇ ਘੁੱਪ ਹਨ੍ਹੇਰ ਜਿਹਾ,
ਚਮਕੇ ਤਾਰਾ ਤਾਰਾ ਗੱਲ ਤਾਂ ਇੱਕੋ ਹੈ।

ਭੀੜ ਬਣੀ ਹੈ ਭਾਰੀ ਗਾਜ਼ਾ ਪੱਟੀ 'ਤੇ,
ਬੇਵੱਸ ਜੱਗ ਸਾਰਾ ਗੱਲ ਤਾਂ ਇੱਕੋ ਹੈ।

ਖ਼ੂੰਖਾਰ ਭੇੜੀਏ ਖੱਲ ਪਾਈ ਭੇਡਾਂ ਦੀ,
ਕਰਦੇ ਨਿੱਤ ਕਾਰਾ ਗੱਲ ਤਾਂ ਇੱਕੋ ਹੈ।

ਸੇਵਾ ਸਿੰਘ "ਨੂਰਪੁਰੀ"

## ਹੁਣ ਕਦੋਂ ਆਊ ਡਾਕੀਆ

ਨੀਲੇ ਲਿਫਾਫੇ ਡਾਕਖਾਨੇ ਮਿਲਦੇ,
ਇਹ ਬੀਤੇ ਦੀਆਂ ਬਾਤਾਂ।

ਜਾਂ ਕਾਰਡ ਹੁੰਦੇ ਸੀ ਪੀਲੇ ਰੰਗ ਦੇ,
ਮਿਲਦੇ ਵਾਂਗ ਸੁਗਾਤਾਂ।

ਲਾਲ ਰੰਗ ਦਾ ਡੱਬਾ ਜਿਹਾ ਇੱਕ,
ਜਿਸ ਵਿੱਚ ਚਿੱਠੀ ਸੀ ਪਾਉਂਦੇ।

ਕਈ ਤਾਂ ਆਪਣਾ ਅਤਾ-ਪਤਾ ਵੀ,
ਬਾਬੂ ਕੋਲੋਂ ਲਿਖਵਾਉਂਦੇ।

ਬੜੇ ਪਿਆਰ ਨਾਲ ਲਿਖਣੀ ਚਿੱਠੀ,
ਜਾਂ ਲਿਖਵਾ ਕੇ ਲਿਆਉਣੀ।

ਰਾਜ਼ੀ-ਖੁਸ਼ੀ ਦੁੱਖ-ਸੁੱਖ ਲਿਖ ਕੋਈ,
ਦਿਲ ਦੀ ਗੱਲ ਸਣਾਉਣੀ।

ਲਾਲ ਬਕਸੇ 'ਚ ਚਿੱਠੀ ਪਾ ਦੇਣੀ,
ਪਹੁੰਚ ਦਿਨਾਂ ਵਿੱਚ ਜਾਂਦੀ।

ਜੇ ਐਡਰੈੱਸ ਕਦੇ ਗ਼ਲਤ ਹੁੰਦਾ,
ਤਾਂ ਮੁੜਦੀ ਗੇੜੇ ਖਾਂਦੀ।

ਜੇ ਕਿਸੇ ਨੂੰ ਚਿੱਠੀ ਪਾਈ ਮਿਲਣੀ,
ਤਾਂ ਸਭ ਨੇ ਸੋਚੀ ਪੈਣਾ।

ਬੁਰੀ ਖਬਰ ਦੀ ਨਿਸ਼ਾਨੀ ਹੋਣੀ,
ਸੀ ਵੱਡਿਆਂ ਦਾ ਕਹਿਣਾ।

ਕਈ ਵਾਰੀ ਕੋਰੇ ਕਾਗਜ਼ ਉੱਤੇ,
ਬਰੰਗ ਚਿੱਠੀ ਵੀ ਆਉਂਣੀ।

ਪੈਸੇ ਦੇ ਕੇ ਪੱਲਿਉਂ ਸੀ ਫਿਰ
ਡਾਕੀਏ ਤੋਂ ਛੜਵਾਉਣੀ।

ਅੱਜ ਜ਼ਮਾਨਾਂ ਹੋਰ ਹੋ ਗਿਆ,
ਨਾ ਕੋਈ ਚਿੱਠੀ ਪਾਵੇ।

ਚਿੱਠੀਆਂ ਦੀਆਂ ਉਡੀਕਾਂ ਮੁੱਕੀਆਂ,
ਜੇ ਕੋਈ ਪਾਵੇ, ਤਾਂ ਹੀ ਆਵੇ।

ਖੂਬ ਗੀਤ ਚਿੱਠੀਆਂ ਦੇ ਗਾਏ,
ਵਿਰਸੇ ਨੂੰ ਦਰਸਾਇਆ।

'ਪੱਤੋ' ਚਿੱਠੀਆਂ ਪਾਉਣੀਆਂ ਭੁੱਲੇ,
ਜਦੋਂ ਦਾ ਫੋਨ ਹੱਥੀਂ ਆਇਆ।

ਹਰਪ੍ਰੀਤ ਪੱਤੋ
94658-21417

## ਆਪਣੀ ਬੇਟੀ ਦੇ ਨਾਂਅ

ਤੇਰੀ ਆਮਦ ਨਾਲ
ਮਹਿਕ ਉਠਿਆ ਸੀ ਮੇਰਾ ਆਂਗਣ
ਜਦ ਦਸਤਕ ਦਿੱਤੀ ਸੀ ਤੂੰ
ਕਰਾਂਤੀ ਦੇ ਮਹੀਨੇ
ਮੈਂ ਖੁਸ਼ ਹੋਇਆ
ਜਦ ਤੇਰੀ ਦਾਦੀ ਨੇ ਕਿਹਾ
ਤੂੰ ਕੁੜੀ ਦਾ ਪਿਓ ਬਣ ਗਿਆ
ਮੈਂ ਤੈਨੂੰ ਮਿਲਣਾ ਚਾਹਿਐ
ਤਾਂ ਝਟ ਸੁਣਿਆ
ਤੂੰ ਮੂੰਹ ਨਹੀ ਵੇਖ ਸਕਦਾ
ਬੇਟੀ ਗੰਡਮੂਲਾ 'ਚ ਹੋਈ ਏ
ਬਾਪ ਲਈ ਅਪਸ਼ਗਨ ਹੁੰਦੀ ਹੈ
ਪਰ ਏਸ ਵਹਿਮ ਨੂੰ ਤੋੜ
ਮੈਂ ਤੇਰੀ ਮਾਂ ਦਾ ਮੁੱਖ ਚੁੰਮ
ਤੈਨੂੰ ਗਲ ਨਾਲ ਲਾਇਆ
ਭਰੂਣ ਹੱਤਿਆ ਦੇ ਦੌਰ ਵਿਚ
ਤੇਰੀ ਹੋਂਦ ਦਾ ਹੋਣਾ
ਅਸਲ ਚ ਮੇਰੀ ਹੋਂਦ ਸੀ
ਘਰ ਜਾ ਤੇਰੀ ਖੁਸ਼ੀ ਚ
ਬੂਹੇ ਅਗੇ ਨਿੰਮ ਬੰਨਿਆ
ਲੱਡੂ ਵੰਡੇ ਲੋਹੜੀ ਮਨਾਈ
ਪਰ ਸਮਾਜ ਨੇ ਤੇਰੀ ਆਮਦ ਦਾ
ਸਵਾਗਤ ਨਾ ਕੀਤਾ
ਤੇ ਆਖਦੇ ਲੈ ਕੋਈ
ਕੁੜੀਆਂ ਦੇ ਵੀ ਨਿੰਮ ਬੰਨਦੈ!
ਖੁਸਰਿਆਂ ਨੇ ਤੇਰੀ ਵਧਾਈ ਨਾ ਲਈ
ਜਦ ਵੀ ਤੈਨੂੰ ਮੈਂ
ਆਪਣੇ ਨਾਲ ਲੈ ਜਾਂਦਾ
ਤਾਂ ਅਕਸਰ ਲੋਕ ਆਖਦੇ
ਧੀਆਂ ਘਰ ਚ ਰੱਖੀਦਿਆਂ ਨੇ
ਬਹੁਤ ਕੁਝ ਆਖਦੇ
ਉਹ ਵੀ ਜੋ ਕਈ ਵਾਰ
ਸੁਣ ਵੀ ਨਾ ਹੁੰਦਾ

ਪਰ
ਕਿਸੇ ਦੀ ਪਰਵਾਹ ਨਾ ਕਰ
ਅਸੀ ਧੀਏ
ਤੈਨੂੰ ਸਿਰਫ ਜੀ ਆਇਆਂ ਹੀ ਨਹੀਂ ਕਿਹਾ
ਬਲਕਿ ਚੰਗਾ ਮਹੌਲ ਵੀ ਦੇਣ ਦਾ ਯਤਨ ਕੀਤਾ
ਤਾਂ ਕਿ ਤੂੰ ਆਪਣੇ ਰਾਹਾਂ 'ਤੇ ਚਲ ਕੇ
ਤਲਾਸ਼ ਕਰ ਸਕੇ ਆਪਣੀ ਮੰਜ਼ਿਲ
ਤੇ ਜੀ ਸਕੇਂ ਬੇਖੌਫ ਅਜਾਦੀ ਨਾਲ
ਪਰ ਏਸ ਲਈ ਤੈਨੂੰ ਵੀ
ਹਾਮੀ ਭਰਨੀ ਪੈਣੀ ਹੈ ਉਸ ਯੁੱਧ ਦੀ
ਜੋ ਨਿਰੰਤਰ ਜਾਰੀ ਹੈ
ਉਸ ਸੋਚ ਖਿਲਾਫ
ਜੋ ਧੀਆਂ ਨੂੰ ਹਾਲੇ ਵੀ ਸਮਝਦਾ ਹੈ ਪੈਰ ਦੀ ਜੁੱਤੀ
ਤੇ ਅਖੌਤੀ ਅਣਖ ਤੇ ਧੱਬਾ
ਲੜ੍ਹਨਾ ਪਵੇਗਾ ਉਹ ਯੁੱਧ
ਜੋ ਬਰਾਬਰੀ ਲਈ ਨਿਰੰਤਰ ਲੜਿਆ ਜਾ ਰਿਹੈ
ਜਿਸ ਯੁੱਧ ਦੇ ਅਸੀ ਵੀ ਸਿਪਾਹੀ ਹਾਂ
ਇਹ ਯੁੱਧ ਲੜਿਆ ਤੇ ਜਿਤਿਆ ਜਾਣਾ ਜਰੂਰੀ ਹੈ,
ਮੇਰੀ ਲਾਡਲੀ ਧੀ
ਤਾਂ ਕਿ ਹਰ ਧੀ ਦੇ ਜਨਮ ਨੂੰ
ਆਖਿਆ ਜਾ ਸਕੇ ਜੀ ਆਇਆਂ
ਤੇ ਮਿਲ ਸਕੇ ਖੁਸ਼ਗਵਾਰ ਮਹੌਲ
ਜੀ ਸਕਣ ਬੇਖੌਫ
ਤੇ ਕਦੇ ਵੀ ਨਾ ਮਿਲੇ
ਗੁਰੂਆਂ ਦੀ ਧਰਤੀ ਤੇ
ਧੀਆਂ ਦੇ ਭਰੂਣਾਂ ਦਾ ਖੁਰ...
ਲੜਨੀ ਹੋਵੇਗੀ ਜੰਗ ਤੈਨੂੰ ਵੀ
ਆਪਣੀ ਹੋਂਦ ਆਪਣੀ ਬਰਾਬਰਤਾ
ਤੇ ਆਜ਼ਾਦੀ ਲਈ
ਫਿਰ ਤੂੰ ਚਾਹੇ ਧਰਤੀ ਦੇ
ਕਿਸੇ ਵੀ ਕੋਨੇ ਹੋਵੇਂ...

ਹਰਭਗਵਾਨ ਭੀਖੀ

## ਕਵੀ ਦਰਬਾਰ ਦੀਆਂ ਅੰਦਰੂਨੀ ਰਮਜ਼ਾਂ

ਜਾਈਏ ਉਸ ਮਹਿਫ਼ਲ ਵਿਚਕਾਰ,
ਜਿਥੋਂ ਮਿਲਦਾ ਹੈ ਸਤਿਕਾਰ,
ਨਹੀਂ ਤਾਂ ਜਾਣਾ ਹੈ ਬੇਕਾਰ,
ਸੱਚ ਸਿਆਣੇ ਕਹਿੰਦੇ ਨੇ,
ਜੇ ਬਿਨ ਬੁਲਾਇਆਂ ਜਾਈਏ,
ਸਹਿਣੇ ਮਿਹਣੇ ਪੈਂਦੇ ਨੇ,
ਜੇ ਬਿਨ....

ਚਾਹੁੰਦੇ ਦਾਦ ਹੈ ਜੇਕਰ ਲੈਣੀ,
ਪਊਗੀ ਦੂਜੇ ਨੂੰ ਵੀ ਦੇਣੀ,
ਸੁਨਣੀ ਨਹੀਂ ਤੇ ਆਪਣੀ ਕਹਿਣੀ,
ਕੰਮ ਫਿਰ ਜਲਦੀ ਪੈਂਦਾ ਹੈ,
ਕਵੀ ਜਿਹੜਾ ਵੀ ਇਉਂ ਕਰਦਾ,
ਅੱਖੀਂ ਰੜਕਦਾ ਰਹਿੰਦਾ ਹੈ,
ਕਵੀ ਜਿਹੜਾ....

ਜੇ ਕਰੀਏ ਸਮੇਂ ਮੁਤਾਬਿਕ ਗੱਲ,
ਬਣਦੀ ਮਹਿਫ਼ਲ ਦੇ ਵਿੱਚ ਭੱਲ,
ਤਾੜੀਆਂ ਵੱਜਣ ਚੱਲ ਸੋ ਚੱਲ,
ਪੂਰੀ ਰੌਣਕ ਬੱਝਦੀ ਐ,
ਰਚਨਾ ਛੋਟੀ ਤੇ ਮੁੱਦੇ ਵਾਲੀ,
ਸਭ ਨੂੰ ਚੰਗੀ ਲੱਗਦੀ ਐ
ਰਚਨਾ ਛੋਟੀ....

ਹੈ ਲੰਬੀ ਕਵਿਤਾ ਕਰਦੀ ਬੋਰ,
ਮਚਦਾ ਮਹਿਫ਼ਲ ਦੇ ਵਿੱਚ ਸ਼ੋਰ,
ਖਿੱਚਣ ਝੱਗਾ ਤੇ ਆਖਣ ਚੋਰ,
ਓਹਨੂੰ ਕੋਈ ਸਲ੍ਹਾਵੇ ਨਾ,
ਅੱਖੀਂ ਵੇਖ ਹਕੀਕਤ ਲਿਖਿਆ,
ਓਹਨੂੰ ਕੋਈ ਸੁਣਨਾ ਚਾਹਵੇ ਨਾ,
ਅੱਖੀਂ....

ਦੋਸਤੋ ਜ਼ਾਬਤੇ ਦੇ ਵਿੱਚ ਰਹੀਏ,
ਅਗਲੇ ਦੀ ਸੁਣੀਏ ਆਪਣੀ ਕਹੀਏ,
ਨਜ਼ਾਰੇ ਆਖ਼ਰ ਤੱਕ ਹੀ ਲਈਏ,
ਤਾਹੀਓਂ ਜਾਣ ਦਾ ਫਾਇਦਾ ਹੈ,
ਅੱਧ ਵਿਚਾਲਿਓਂ ਉੱਠ ਕੇ ਭੱਜਣਾ,
ਇਹ ਕਿਥੋਂ ਦਾ ਕਾਇਦਾ ਹੈ?
ਅੱਧ....

ਸ਼ਰਮਾਂ ਦੱਦਾਹੂਰ ਸੱਚ ਲਿਖਦਾ,
ਓਹ ਤਾਂ ਕਵੀ ਨਾ ਕਿਸੇ ਨੂੰ ਦਿਸਦਾ,
ਪਰ ਸੱਚ ਲਿਖਣ ਲੱਗਾ ਨਾ ਝਿਪਦਾ,
ਲਿਖੇ ਨਿਸ਼ੰਗ ਸਚਾਈ ਜੀ,
ਸੱਚ ਹਕੀਕਤ ਹੈ ਲਿਖ ਦਿੱਤੀ,
ਬਿਲਕੁਲ ਝੂਠ ਨਾ ਰਾਈ ਜੀ
ਸੱਚ....

ਜਸਵੀਰ ਸ਼ਰਮਾ ਦੱਦਾਹੂਰ

## ਦੁਨੀਆਂ...

ਘੁੰਮਕੇ ਵੇਖ ਲਈ ਮੈਂ
ਦੁਨੀਆਂ ਸਾਰੀ ਦੀ ਸਾਰੀ

ਆਪਣਾ ਕੋਈ ਨਜ਼ਰ ਨਾਂਹ ਆਵੇ
ਮਤਲਬੀ ਰਿਸ਼ਤੇ ਨਾਤੇ ਇਥੇ ਸਾਰੇ

ਪੈਸੇ ਦੇ ਨੇ ਸਾਰੇ ਸਾਕ ਸੰਬੰਧੀ
ਪੈਸੇ ਨਾਲ ਹੁੰਦੀਆਂ ਸਲਾਮਾਂ

ਫੋਕੀ ਟੌਹਰ ਲਈ ਵਜਦੇ ਬੈਂਡ
ਭੁੱਖ ਨਾਲ ਮਰਦੇ ਮਾਪੇ ਵੇਖੇ

ਇਨਸਾਨ ਤਰਸਦੇ ਰੋਟੀ ਲਈ ਘਰੇ
ਮੈਂ ਮੰਦਿਰਾਂ ਚ ਲੰਗਰ ਰੋਜ ਲਗਾਵਾਂ

ਮਾਪੇ ਰੁਲਦੇ ਬਿਰਧ ਆਸ਼ਰਮਾਂ 'ਚ
ਗੁਰਿੰਦਰ ਕਿਸਨੂੰ ਹਾਲ ਸੁਣਾਵਾਂ

ਘੁੰਮਕੇ ਵੇਖ ਲਈ ਦੁਨੀਆਂ ਸਾਰੀ
ਮੈਂ ਕੀ ਕੀ ਰੋਣਾ ਦੁਨੀਆਂ ਦਾ ਸੁਣਾਵਾਂ



ਗੁਰਿੰਦਰ ਸਿੰਘ ਪੰਜਾਬੀ
8437924103

## ਸੱਤਾਂ ਦੀਆਂ ਟਪੂਸੀਆਂ !

'ਘਾਲੇ-ਮਾਲੇ' ਤਾਂ ਹਰਿਕ ਨੇ ਕਰੇ ਹੁੰਦੇ
ਬਿਜ਼ਨਸ ਕਰਦੇ ਹੋਏ ਕਾਰੋਬਾਰੀਆਂ ਨੇ।
ਮਗਰ ਪੈਂਦੀਆਂ 'ਉੱਪਰੋਂ ਹੁਕਮ' ਪਾ ਕੇ
ਦੋਵੇਂ ਈਡੀਆਂ ਸੀਬੀਆਂ ਭਾਰੀਆਂ ਜੀ।
ਇੱਕ-ਅੱਧ ਤਾਂ ਸੌਖਿਆਂ 'ਹਜ਼ਮ' ਹੁੰਦਾ
'ਕੱਠੇ ਸੱਤਾਂ 'ਟਪੂਸੀਆਂ' ਮਾਰੀਆਂ ਜੀ।
ਅਚਨਚੇਤ ਹੀ 'ਭਾਣਾ ਵਰਤਾਇ' ਦਿੱਤਾ
ਕਹਿੰਦੇ ਕਮਲ ਦੀਆਂ ਹੁੱਸ਼ਿਆਰੀਆਂ ਜੀ
ਸੋਸ਼ਲ ਮੀਡੀਆ ਲ੍ਹਾਣਤਾਂ ਨਾਲ ਭਰਿਆ
ਕੋਈ ਗਲਤ ਤੇ ਕੋਈ ਕਹੀ ਸਹੀ ਜਾਂਦਾ।
ਦਲਬਦਲੀਆਂ 'ਥੋਕ' ਦੇ ਭਾਅ ਹੋਈਆਂ
ਚਾਰੇ ਪਾਸੇ ਤਦ ਰੌਲਾ ਇਹ ਪਈ ਜਾਂਦਾ!



-ਤਰਲੋਚਨ ਸਿੰਘ ਦੁਪਾਲਪੁਰ
001-408-905-5517

## ਤਕਦੀਰਾਂ ਦੇ ਹਰਫ਼

ਸਾਡੇ ਸੀਨੇ ਜ਼ਾਲਮਾਂ ਦੇ ਦਿੱਤੇ ਜ਼ਖ਼ਮ ਗਹਿਰੇ,
ਇਤਿਹਾਸ ਦੀਆਂ ਪੈੜਾਂ ਨੇ, ਨਿਸ਼ਾਨ ਨਹੀਂ।

ਵਕਤ ਦੇ ਪੰਨਿਆਂ 'ਤੇ ਲਿਖੇ ਖ਼ੂਨੀ ਹਰਫ਼,
ਤੱਤੇ ਲਹੂ ਦੇ ਐਲਾਨ ਨੇ, ਬਿਆਨ ਨਹੀਂ।

ਸਿਵਿਆਂ ਵਿੱਚ ਮੱਚੀਆਂ ਜਿੰਦਾਂ ਮਸ਼ਾਲਾਂ,
ਸੰਗਰਾਮੀ ਅਮਾਨਤ ਨੇ, ਮਸਾਣਾਂ ਨਹੀਂ।

ਝੁਰੜੀਆਂ ਤਿਊੜੀਆਂ ਵਿੱਚ ਪਲਦੇ ਨੇ ਸੁਪਨੇ,
ਖੁਸ਼ੀਆਂ ਉਮੰਗਾਂ ਵਿੱਚ ਨੇ, ਕੁਰਲਾਉਣ ਨਹੀਂ।

ਸਿਰਾਂ ਤੇ ਮੁੜਕਿਆਂ ਨਾਲ ਪਾਲੇ ਇਹ ਸ਼ਬਦ,
ਸਿਰੜਾਂ ਦੇ ਸਿਰ ਤਾਜ ਨੇ, ਲਗਾਮ ਨਹੀਂ ।

ਗੱਲੀਂ ਜਜ਼ਬਾਤਾਂ ਦੇ ਉਧੜੇ ਪਏ ਜ਼ਖ਼ਮ,
ਹਨੇਰੀਆਂ ਵਜ੍ਹਾਂ ਨੇ, ਇਹ ਪੌਣ ਨਹੀਂ।

ਸੁੰਨੀਆਂ ਅੱਖੀਂ ਵਗਦਾ ਦਰਦਾਂ ਦਾ ਨੀਰ,
ਸਿੰਜਦਾ ਖੁਸ਼ਕ ਪੈੜਾਂ ਨੇ, ਸ਼ਮਸ਼ਾਨ ਨਹੀਂ।

"ਅਮਰ" ਸੁੱਕਾ ਕਾਨਾ ਬਣ ਤਿੱਖੀ ਕਲਮ,
ਲਿਖਣੀਆਂ ਤਕਦੀਰਾਂ ਨੇ, ਅਹਿਸਾਨ ਨਹੀਂ।

ਅਮਰਜੀਤ ਦਸੂਹਾ
8968933711

## ਚੰਦਰੀ ਜਿਹੀ ਹਵਾ ਚੜ੍ਹੀ ਹੈ

ਚੰਦਰੀ ਜਿਹੀ ਹਵਾ ਚੜ੍ਹੀ ਹੈ
ਵਗਦੇ ਹੜ੍ਹ 'ਚ ਹਰ ਸ਼ੈ ਹੜ੍ਹੀ ਹੈ
ਤੂੰ ਵੀ ਕਿਤੇ ਰੁੜ੍ਹ ਨਾ ਜਾਣਾ
ਤੈਥੋਂ ਤਾਂ ਸੱਜਨਾਂ ਉਮੀਦ ਬੜੀ ਹੈ।

ਪੈਰਾਂ ਸਿਰ ਹੋਣ ਦੀ ਖਾਤਰ
ਲੜਦੇ ਲੜਦੇ ਮੁੱਦਤਾਂ ਲੰਘੀਆਂ
ਵੇਖ ਖਾਂ ਅੱਜ ਵੀ ਵਸਦਾ ਹਾਂ ਮੈਂ
ਭਾਵੇਂ ਚੰਦਰੀ ਹਰ ਰੀਝ ਸੜੀ ਹੈ।

ਵਜੂਦ ਬੰਦੇ ਦਾ ਮਰ ਹੈ ਜਾਂਦਾ
ਚੜ੍ਹ ਰੁਤਬਿਆਂ ਦੀ ਵਿਗੜੀ ਘੋੜੀ
ਪੱਲੇ ਰੱਖ ਤੂੰ ਫਕੀਰੀ ਸੱਜਣਾ
ਇਸ ਵਿੱਚ ਹੀ ਤਾਂ ਹੋਂਦ ਜੜੀ ਹੈ।

ਆਪਣੇ ਲਈ ਤਾਂ ਹਰ ਕੋਈ ਕਰਦਾ
ਬਣ ਹੂਕ ਖਾਂ ਵੰਝਲੀ ਵਾਲੀ
ਸੁਨੱਖੀ ਤੋਰ ਦੀ ਝਾਂਜਰ ਬੋਲੇ
ਉਹ ਅੱਜ ਵੀ ਤੇਰੇ ਸੰਗ ਖੜ੍ਹੀ ਹੈ।

ਤਖ਼ਤਾਂ ਵਕਤਾਂ ਦੇ ਭਰਮ ਭੁਲੇਖੇ
ਪਲਾਂ ਵਿੱਚ ਹੋ ਜਾਂਦੇ ਢੇਰੀ
ਕਿਤੇ ਤੂੰ ਐਵੇਂ ਡੋਲ ਨਾ ਜਾਵੀਂ
ਪਰਖ ਵਾਲੀ ਤਾਂ ਇਹੀ ਘੜੀ ਹੈ।

ਅੱਖਾਂ ਖੋਲ੍ਹ ਕੇ ਤੁਰਨ ਦਾ ਵੇਲਾ
ਠੋਕਰ ਮਾਰ ਝਮੇਲਿਆਂ ਤਾਂਈਂ
ਲੋਹੜੀ ਦੁੱਲੇ ਦੀ ਬਲਦੀ ਰੱਖੀਂ
ਸਾਂਝ ਜ਼ਿੰਦਗੀ ਦੀ ਅਸਲ ਕੜੀ ਹੈ।

ਧਰਤੀ ਮਾਂ ਨੇ ਪੱਲੇ ਪਾਇਆ
ਅਜ਼ਮਤ ਸਾਂਝ ਦਾ ਸੋਹਣਾ ਵਿਰਸਾ
ਕੋਈ ਇਸ ਨੂੰ ਡੰਝ ਨਾ ਜਾਵੇ
ਪਰਖ ਵਾਲੀ ਤਾਂ ਇਹੀ ਘੜੀ ਹੈ।

- ਡਾ ਮੇਹਰ ਮਾਣਕ

# ਪੜ੍ਹਨ ਦੀ ਸ਼ਕਤੀ: ਕਿਤਾਬਾਂ ਕਿਵੇਂ ਬਿਹਤਰ ਇਨਸਾਨ ਬਣਾਉਂਦੀਆਂ ਹਨ

ਕਿਹਾ ਜਾਂਦਾ ਹੈ ਕਿ 'ਵਿੱਚ-ਪੁਸਤਕਾਂ' ਮਿਰਰ ਵਾਂਗ ਹੁੰਦੀਆਂ ਹਨ। ਪੜ੍ਹਦਿਆਂ ਅਸੀਂ ਸਿਰਫ਼ ਸ਼ਬਦਾਂ ਨੂੰ ਨਹੀਂ ਸਮਝਦੇ, ਸਗੋਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਅਨੁਭਵਾਂ ਤੋਂ ਅਰਥ ਬਣਾਉਂਦੇ ਹਾਂ। ਇਸੇ ਪ੍ਰਕਿਰਿਆ ਵਿੱਚ ਕਿਤਾਬਾਂ ਸਾਡੇ ਸ਼ਖਸੀਅਤ ਨੂੰ ਆਕਾਰ ਦਿੰਦੀਆਂ ਹਨ ਅਤੇ ਸਾਡੇ ਸਰਵ ਵਿਆਪਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਸਵੈ-ਪਛਾਣ ਦਾ ਮਾਧਿਅਮ ਜਦੋਂ ਅਸੀਂ ਕੋਈ ਕਿਤਾਬ ਪੜ੍ਹਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਪਾਤਰਾਂ, ਘਟਨਾਵਾਂ ਅਤੇ ਵਿਚਾਰਾਂ ਵਿੱਚ ਲੱਭਦੇ ਹਾਂ। ਇੱਕ ਚੰਗੀ ਕਿਤਾਬ ਸਾਨੂੰ ਆਪਣੇ ਅੰਦਰ ਝਾਕਣ ਦਾ ਮੌਕਾ ਦਿੰਦੀ ਹੈ— ਅਸੀਂ ਆਪਣੀਆਂ ਕਮਜ਼ੋਰੀਆਂ, ਸ਼ਕਤੀਆਂ ਅਤੇ ਇੱਛਾਵਾਂ ਨੂੰ ਪਛਾਣਨਾ ਸ਼ੁਰੂ ਕਰਦੇ ਹਾਂ। ਇਹ ਸਵੈ-ਪਛਾਣ ਵਿਕਾਸ ਦਾ ਪਹਿਲਾ ਕਦਮ ਹੈ।

ਗਿਆਨ ਅਤੇ ਦ੍ਰਿਸ਼ਟੀਕੋਣ ਦਾ ਵਿਸਤਾਰ ਕਿਤਾਬਾਂ ਸਿਰਫ਼ ਜਾਣਕਾਰੀ ਦਾ ਸਰੋਤ ਨਹੀਂ ਹੁੰਦੀਆਂ, ਉਹ ਦ੍ਰਿਸ਼ਟੀਕੋਣ ਨੂੰ ਵਧਾਉਂਦੀਆਂ ਹਨ। ਇਤਿਹਾਸ, ਵਿਗਿਆਨ, ਸਾਹਿਤ ਜਾਂ ਦਰਸ਼ਨ—ਹਰ ਵਿਧਾ ਦੀ ਕਿਤਾਬ ਸਾਨੂੰ ਦੁਨੀਆ ਨੂੰ ਨਵੇਂ ਨਜ਼ਰੀਏ ਤੋਂ ਦੇਖਣ ਦੀ ਸਮਰੱਥਾ ਦਿੰਦੀ ਹੈ। ਇਹ ਵਿਭਿੰਨਤਾ ਸਾਡੀ ਸੋਚ ਦੀਆਂ ਸੀਮਾਵਾਂ ਨੂੰ ਤੋੜਦੀ ਹੈ ਅਤੇ ਸਾਨੂੰ ਵਧੇਰੇ ਪਰਿਪੱਕ ਬਣਾਉਂਦੀ ਹੈ।

ਸੰਵੇਦਨਸ਼ੀਲਤਾ ਅਤੇ ਹਮਦਰਦੀ ਦਾ ਵਿਕਾਸ ਕਹਾਣੀਆਂ ਸਾਨੂੰ ਦੂਜਿਆਂ ਦੇ ਜੀਵਨ ਵਿੱਚ ਝਲਕ ਦਿੰਦੀਆਂ ਹਨ। ਵੱਖ-ਵੱਖ ਸਥਿਤੀਆਂ, ਸਭਿਆਚਾਰਾਂ ਅਤੇ ਸੰਘਰਸ਼ਾਂ ਨੂੰ ਸਮਝਦੇ ਹੋਏ ਸਾਡੇ ਅੰਦਰ ਹਮਦਰਦੀ (ਸੰਵੇਦਨਾ) ਦਾ ਵਿਕਾਸ ਹੁੰਦਾ ਹੈ। ਇਹ ਗੁਣ ਸਾਨੂੰ ਇੱਕ ਬਿਹਤਰ ਇਨਸਾਨ ਬਣਾਉਂਦਾ ਹੈ ਅਤੇ ਸਮਾਜ ਪ੍ਰਤੀ ਸਾਡੀ ਜ਼ਿੰਮੇਵਾਰੀ ਨੂੰ ਵੀ ਮਜ਼ਬੂਤ ਕਰਦਾ ਹੈ।

ਭਾਸ਼ਾ ਅਤੇ ਪ੍ਰਗਟਾਵੇ ਵਿੱਚ ਸੁਧਾਰ ਨਿਯਮਤ ਪੜ੍ਹਾਈ ਨਾਲ ਸਾਡੀ ਭਾਸ਼ਾ ਖੁਸ਼ਹਾਲ ਹੁੰਦੀ ਹੈ। ਸ਼ਬਦਾਂ ਦਾ ਭੰਡਾਰ ਵਧਦਾ ਹੈ, ਪ੍ਰਗਟਾਵੇ ਸਪਸ਼ਟ ਅਤੇ ਪ੍ਰਭਾਵਸ਼ਾਲੀ ਹੋ ਜਾਂਦੀ ਹੈ। ਇਹ ਨਾ ਸਿਰਫ਼ ਵਿਦਿਅਕ ਜੀਵਨ ਵਿੱਚ, ਸਗੋਂ ਪੇਸ਼ੇਵਰ ਅਤੇ ਨਿੱਜੀ ਜੀਵਨ ਵਿੱਚ ਵੀ ਬਹੁਤ ਲਾਭਦਾਇਕ ਹੁੰਦਾ ਹੈ।



ਮਾਨਸਿਕ ਸੰਤੁਲਨ ਅਤੇ ਰਚਨਾਤਮਕਤਾ ਕਿਤਾਬਾਂ ਸਾਡੇ ਦਿਮਾਗ ਨੂੰ ਸ਼ਾਂਤ ਕਰਨ ਅਤੇ ਤਣਾਅ ਘਟਾਉਣ ਵਿੱਚ ਵੀ ਮਦਦ ਕਰਦੀਆਂ ਹਨ। ਇੱਕ ਚੰਗੀ ਕਿਤਾਬ ਸਾਨੂੰ ਰੋਜ਼ਾਨਾ ਦੀਆਂ ਚਿੰਤਾਵਾਂ ਤੋਂ ਦੂਰ ਲੈ ਕੇ ਇੱਕ ਨਵੀਂ ਦੁਨੀਆਂ ਵਿੱਚ ਦਾਖਲ ਕਰਦੀ ਹੈ।

ਨਾਲ ਹੀ, ਇਹ ਸਾਡੀ ਕਲਪਨਾ ਨੂੰ ਵੀ ਉਤਸ਼ਾਹਿਤ ਕਰਦਾ ਹੈ, ਜਿਸ ਨਾਲ ਰਚਨਾਤਮਕਤਾ ਦਾ ਵਿਕਾਸ ਹੁੰਦਾ ਹੈ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਮੁੱਲ ਅਤੇ ਚਰਿੱਤਰ ਨਿਰਮਾਣ ਕਿਤਾਬਾਂ ਵਿੱਚ ਸ਼ਾਮਲ ਵਿਚਾਰ ਅਤੇ ਸੰਦੇਸ਼ ਸਾਡੇ ਮੁੱਲਾਂ ਨੂੰ ਆਕਾਰ ਦਿੰਦੇ ਹਨ। ਨੈਤਿਕ ਕਹਾਣੀਆਂ, ਪ੍ਰੇਰਣਾਦਾਇਕ ਜੀਵਨੀ ਅਤੇ ਵਿਚਾਰਧਾਰਕ ਲੇਖ ਸਾਡੇ ਚਰਿੱਤਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਸਾਨੂੰ ਸਹੀ ਅਤੇ ਗਲਤ ਵਿੱਚ ਅੰਤਰ ਸਮਝਣ ਵਿੱਚ ਮਦਦ ਕਰਦੇ ਹਨ।

ਸਰਵੰਗੀਨ ਵਿਕਾਸ ਦਾ ਅਰਥ ਹੈ—ਮਾਨਸਿਕ, ਬੌਧਿਕ, ਨੈਤਿਕ ਅਤੇ ਅਧਿਆਤਮਿਕ ਤਰੱਕੀ। ਕਿਤਾਬਾਂ ਇਹਨਾਂ ਸਾਰੇ ਪਹਿਲੂਆਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ:

ਬੌਧਿਕ ਵਿਸਥਾਰ: ਕਿਤਾਬਾਂ ਗਿਆਨ ਦਾ ਅਸੀਮਤ ਭੰਡਾਰ ਹਨ। ਉਹ ਸਾਡੀ ਉਤਸੁਕਤਾ ਨੂੰ ਸ਼ਾਂਤ ਕਰਦੇ ਹਨ ਅਤੇ ਤਰਕ ਦੀ ਸਮਰੱਥਾ ਵਧਾਉਂਦੇ ਹਨ।

**ਨੈਤਿਕ ਮੁੱਲ:** ਕਹਾਣੀਆਂ ਅਤੇ ਧਾਰਮਿਕ ਗ੍ਰੰਥ ਸਾਨੂੰ ਸਹੀ ਅਤੇ ਗਲਤ ਵਿੱਚ ਅੰਤਰ ਸਮਝਾਉਂਦੇ ਹਨ। 'ਪੰਚਟੰਤਰ' ਤੋਂ ਲੈ ਕੇ 'ਸਥਾਰਥ ਪ੍ਰਕਾਸ਼' ਤੱਕ, ਸਾਹਿਤ ਹਮੇਸ਼ਾ ਨੈਤਿਕਤਾ ਦਾ ਰਾਹ ਪੱਧਰਾ ਕਰਦਾ ਹੈ।

**ਕਲਪਨਾ ਦੀ ਉਡਾਣ:** ਕਿਤਾਬਾਂ ਸਾਨੂੰ ਉਨ੍ਹਾਂ ਸੰਸਾਰਾਂ ਵਿੱਚ ਯਾਤਰਾ ਕਰਦੀਆਂ ਹਨ ਜਿੱਥੇ ਅਸੀਂ ਸਰੀਰਕ ਤੌਰ 'ਤੇ ਪਹੁੰਚ ਨਹੀਂ ਸਕਦੇ। ਇਹ ਰਚਨਾਤਮਕਤਾ ਅਤੇ ਨਵੀਨਤਾ ਦੀ ਨੀਂਹ ਰੱਖਦਾ ਹੈ।

**ਬਦਲਦਾ ਦੌਰ ਅਤੇ ਕਿਤਾਬਾਂ ਦੀ ਸਾਰਥਕਤਾ :** ਅੱਜ ਦੇ ਡਿਜੀਟਲ ਯੁੱਗ ਵਿੱਚ ਈ-ਬੁੱਕਾਂ ਅਤੇ ਆਡੀਓ ਕਿਤਾਬਾਂ ਦਾ ਪ੍ਰਚਲਨ ਹੈ, ਪਰ ਹੱਥ ਵਿੱਚ ਪਈ ਕਾਗਜ਼ ਦੀ ਕਿਤਾਬ ਅਤੇ ਇਸਦੀ ਖੁਸ਼ਬੂ ਨੂੰ ਸੁੰਘਣ ਵਾਲਾ ਆਰਾਮ ਬੇਮਿਸਾਲ ਹੈ। ਲਾਇਬ੍ਰੇਰੀ ਦੀ ਸੱਭਿਆਚਾਰ ਨਾ ਸਿਰਫ਼ ਪੜ੍ਹਨ ਦੀ ਆਦਤ ਪੈਦਾ ਕਰਦੀ ਹੈ, ਸਗੋਂ ਧੀਰਜ ਅਤੇ ਇਕਾਗਰਤਾ ਵੀ ਸਿਖਾਉਂਦੀ ਹੈ।

'ਇੱਕ ਕਮਰੇ ਤੋਂ ਬਿਨਾਂ ਵਿੰਡੋ, ਕਿਤਾਬਾਂ ਤੋਂ ਬਿਨਾਂ ਦਿਮਾਗ ਵਾਂਗ ਹੈ।'

**ਸਮਾਜ ਨਿਰਮਾਣ ਵਿੱਚ ਯੋਗਦਾਨ :** ਕਿਤਾਬਾਂ ਦਾ ਪ੍ਰਭਾਵ ਸਿਰਫ਼ ਵਿਅਕਤੀ ਤੱਕ ਹੀ ਨਹੀਂ ਰਹਿੰਦਾ। ਇੱਕ ਸੁਚੇਤ ਪਾਠਕ ਹੀ ਇੱਕ ਜਾਗਰੂਕ ਨਾਗਰਿਕ ਬਣਦਾ ਹੈ। ਜਦੋਂ ਸਮਾਜ ਵਿੱਚ ਪੜ੍ਹਨ ਦੀ ਪ੍ਰਵਿਰਤੀ ਵਧਦੀ ਹੈ, ਤਾਂ ਅੰਧਵਿਸ਼ਵਾਸ ਅਤੇ ਕੁਰਿਆਇਤਾਂ ਆਪਣੇ ਆਪ ਹੀ ਖਤਮ ਹੋਣ ਲੱਗਦੀਆਂ ਹਨ। ਕਿਤਾਬਾਂ ਇਤਿਹਾਸ ਦੀਆਂ ਗਲਤੀਆਂ ਨੂੰ ਯਾਦ ਕਰਦੀਆਂ ਹਨ ਤਾਂ ਜੋ ਭਵਿੱਖ ਨੂੰ ਬਿਹਤਰ ਬਣਾਇਆ ਜਾ ਸਕੇ।

ਸਿੱਟਾ ਕਿਤਾਬਾਂ ਸਿਰਫ਼ ਗਿਆਨ ਦਾ ਸਾਧਨ ਨਹੀਂ, ਸਗੋਂ ਸਵੈ-ਵਿਕਾਸ ਦਾ ਸ਼ੀਸ਼ਾ ਹਨ। ਉਹ ਸਾਨੂੰ ਸਾਡੇ ਅੰਦਰ ਦੀ ਸੱਚਾਈ ਨਾਲ ਜਾਣੂ ਕਰਵਾਉਂਦੇ ਹਨ ਅਤੇ ਇੱਕ ਬਿਹਤਰ ਵਿਅਕਤੀ ਬਣਨ ਲਈ ਮਾਰਗਦਰਸ਼ਨ ਕਰਦੇ ਹਨ। ਡਿਜੀਟਲ ਯੁੱਗ ਵਿੱਚ, ਜਿੱਥੇ ਜਾਣਕਾਰੀ ਦੀ ਬਹੁਤਾਤ ਹੈ, ਕਿਤਾਬਾਂ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ ਕਿਉਂਕਿ ਉਹ ਸਾਨੂੰ ਡੂੰਘਾਈ ਨਾਲ ਸੋਚਣ ਅਤੇ ਸਮਝਣ ਦੀ ਯੋਗਤਾ ਪ੍ਰਦਾਨ ਕਰਦੀਆਂ ਹਨ।

ਇਸ ਲਈ, ਜੇਕਰ ਅਸੀਂ ਆਪਣੇ ਜੀਵਨ ਨੂੰ ਅਮੀਰ ਅਤੇ ਸੰਤੁਲਿਤ ਬਣਾਉਣਾ ਚਾਹੁੰਦੇ ਹਾਂ, ਤਾਂ ਕਿਤਾਬਾਂ ਨੂੰ ਸਾਡਾ ਸੱਚਾ ਦੋਸਤ ਅਤੇ ਮਾਰਗਦਰਸ਼ਕ ਬਣਾਉਣਾ ਚਾਹੀਦਾ ਹੈ। ਕਿਉਂਕਿ ਜਦੋਂ ਅਸੀਂ ਪੜ੍ਹਦੇ ਹਾਂ, ਤਾਂ ਅਸੀਂ ਨਾ ਸਿਰਫ਼ ਦੁਨੀਆ ਨੂੰ ਸਮਝਦੇ ਹਾਂ, ਸਗੋਂ ਆਪਣੇ ਆਪ ਨੂੰ ਵੀ ਸਮਝਦੇ ਹਾਂ।

# ਇੰਟਰਨੈੱਟ 'ਤੇ ਖ਼ੁਸ਼ੀਆਂ ਭਾਲਦੇ ਲੋਕ

ਅੱਜ ਦਾ ਦੌਰ ਤਕਨੀਕ ਦਾ ਦੌਰ ਹੈ। ਵਿਗਿਆਨਕ ਕਾਢਾਂ ਨੇ ਮਨੁੱਖ ਦੀ ਜ਼ਿੰਦਗੀ ਨੂੰ ਵਧੇਰੇ ਆਰਾਮਦਾਇਕ ਅਤੇ ਸਹੂਲਤ ਭਰਿਆ ਬਣਾ ਦਿੱਤਾ ਹੈ। ਦਿਨਾਂ ਦੇ ਕੰਮ ਘੰਟਿਆਂ ਵਿਚ ਅਤੇ ਮਿੰਟਾਂ ਦੇ ਕੰਮ ਸਕਿੰਟਾਂ ਵਿਚ ਹੋਣ ਲੱਗੇ ਹਨ। ਦੁਨੀਆ ਭਰ ਦੀ ਹਰ ਖ਼ਬਰ ਆਮ ਲੋਕਾਂ ਕੋਲ ਮੋਬਾਈਲ ਸਕਰੀਨ ਦੇ ਜ਼ਰੀਏ ਝੱਟਪਟ ਅੱਪੜ ਜਾਂਦੀ ਹੈ। ਮਨੁੱਖ ਦੇ ਕੋਲ ਸੂਚਨਾ ਪ੍ਰਾਪਤੀ ਦੇ ਸਾਧਨ ਤੇਜ਼ ਹੋ ਗਏ ਹਨ। ਹੁਣ ਲੋਕ ਚਿੱਠੀ- ਪੱਤਰ ਜਾਂ ਕਿਸੇ ਸੁਨੇਹੇ ਦੀ ਉਡੀਕ ਨਹੀਂ ਕਰਦੇ ਬਲਕਿ ਸੋਸ਼ਲ- ਮੀਡੀਏ ਰਾਹੀਂ ਖ਼ਬਰ ਦੀ ਤਹਿ ਤਕ ਝੱਟ ਅੱਪੜ ਜਾਂਦੇ ਹਨ। ਇੱਕ ਗੱਲ ਹੋਰ, ਅੱਜ ਸੂਚਨਾ (ਖ਼ਬਰ) ਨੂੰ ਪਰਖ਼ਣ ਦੇ ਵਿਭਿੰਨ ਸਾਧਨ ਵੀ ਇੰਟਰਨੈੱਟ ਰਾਹੀਂ ਹੀ ਮੌਜੂਦ ਹਨ। ਕਿਹੜੀ ਖ਼ਬਰ ਸੱਚੀ ਹੈ ? ਤੇ ਕਿਹੜੀ ਅਫ਼ਵਾਹ ? ਇਨ੍ਹਾਂ ਬਾਰੇ ਇੰਟਰਨੈੱਟ ਤੋਂ ਹੀ ਪਤਾ ਲਗਾਇਆ ਜਾ ਸਕਦਾ ਹੈ। ਕੁਲ ਮਿਲਾ ਕੇ ਮਨੁੱਖ ਕੋਲ ਸੂਚਨਾ ਕ੍ਰਾਂਤੀ ਦੇ ਬਹੁ-ਵਿਕਲਪ ਮੌਜੂਦ ਹਨ। ਖ਼ੈਰ!



ਇੰਟਰਨੈੱਟ ਨੇ ਜਿੱਥੇ ਮਨੁੱਖ ਕੋਲ ਸੂਚਨਾਵਾਂ ਦੇ ਸਾਧਨ ਪੈਦਾ ਕੀਤੇ ਹਨ, ਉੱਥੇ ਹੀ ਆਮ ਸਮਾਜਿਕ ਜੀਵਨ ਨਾਲੋਂ ਤੋੜ ਕੇ ਵੀ ਰੱਖ ਦਿੱਤਾ ਹੈ। ਅੱਜ ਦੇ ਬਹੁਤੇ ਲੋਕਾਂ ਦਾ ਸੰਸਾਰ ਕੇਵਲ ਉਨ੍ਹਾਂ ਦੇ ਮੋਬਾਈਲ ਦੀ ਸਕਰੀਨ ਹੀ ਰਹਿ ਗਈ ਹੈ। ਇਹ ਗੱਲ ਕੇਵਲ ਬੱਚਿਆਂ 'ਤੇ ਹੀ ਲਾਗੂ ਨਹੀਂ ਹੁੰਦੀ ਬਲਕਿ ਹੁਣ ਤਾਂ ਬਜ਼ੁਰਗ ਵੀ ਦਿਨ ਭਰ ਮੋਬਾਈਲ ਦੀ ਸਕਰੀਨ 'ਤੇ ਆਪਣਾ ਵਕਤ ਗੁਜ਼ਾਰਦੇ ਆਮ ਹੀ ਦੇਖੇ ਜਾ ਸਕਦੇ ਹਨ। ਇਸ ਆਦਤ ਨਾਲ ਮਨੁੱਖ ਬਾਹਰੀ ਮਾਹੌਲ ਨਾਲੋਂ ਉੱਕਾ ਹੀ ਟੁੱਟ ਜਾਂਦਾ ਹੈ ਅਤੇ ਅਕਸਰ ਹੀ ਕਲਪਨਾ ਦੀ ਦੁਨੀਆ ਵਿਚ ਗੁਆਚ ਜਾਂਦਾ ਹੈ। ਇਹ ਕਲਪਨਾ ਦੀ ਦੁਨੀਆ ਵਿਚ ਬੰਦਾ ਜਿੱਥੇ ਖ਼ੁਸ਼ੀ ਮਹਿਸੂਸ ਕਰਦਾ ਹੈ ਉੱਥੇ ਹੀ ਆਪਣੇ ਦੁੱਖਾਂ-ਦਰਦਾਂ ਨੂੰ ਕੁਝ ਵਕਤ ਲਈ ਭੁੱਲ ਜਾਂਦਾ ਹੈ। ਜਿਸ ਤਰ੍ਹਾਂ ਨਸ਼ੇ ਦਾ ਸੇਵਨ ਕਰਦੇ ਲੋਕ ਕੁਝ ਵਕਤ ਲਈ ਆਪਣੇ ਦੁੱਖਾਂ ਨੂੰ ਭੁੱਲ ਜਾਂਦੇ ਹਨ ਇੰਝ ਹੀ ਸੋਸ਼ਲ- ਮੀਡੀਆ ਉੱਪਰ ਰੁੱਝੇ ਹੋਏ ਲੋਕ ਵੀ ਬਾਹਰੀ ਦੁਨੀਆ ਨੂੰ ਭੁੱਲ ਜਾਂਦੇ ਹਨ।

ਪਰ, ਇੱਥੇ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਇਸ ਕਲਪਨਾ ਦੀ ਦੁਨੀਆ ਵਿਚ ਕੁਝ ਸਮੇਂ ਦੀ ਖ਼ੁਸ਼ੀ ਤਾਂ ਮਿਲ ਸਕਦੀ ਹੈ, ਪਰ ਲੰਮੇ ਸਮੇਂ ਦੀ ਖ਼ੁਸ਼ੀ ਕਦੇ ਨਹੀਂ ਮਿਲਦੀ। ਫੇਰ ਕਿਸੇ ਦੁੱਖ ਜਾਂ ਮੁਸੀਬਤ ਵਿਚ ਇੰਟਰਨੈੱਟ 'ਤੇ ਬਣੀਆਂ ਦੋਸਤੀਆਂ ਕੰਮ ਨਹੀਂ ਆਉਂਦੀਆਂ। ਫੇਰ ਅਜਿਹੀ ਸਥਿਤੀ ਵਿਚ ਮਨੁੱਖ ਇਕੱਲਾ ਰਹਿ ਜਾਂਦਾ ਹੈ। ਇਸ ਇਕਲਾਪੇ ਦੀ ਅਵਸਥਾ ਵਿਚ ਮਨੁੱਖ ਮਾਨਸਿਕ ਰੋਗਾਂ ਦੀ ਲਪੇਟ ਵਿਚ ਆ ਜਾਂਦਾ ਹੈ। ਪਰ ਬਦਕਿਸਮਤੀ, ਮਨੁੱਖ ਆਪਣੇ ਆਲੇ- ਦੁਆਲੇ ਨੂੰ ਛੱਡ ਕੇ ਇੰਟਰਨੈੱਟ ਜਾਂ ਸੋਸ਼ਲ- ਮੀਡੀਆ 'ਤੇ ਖ਼ੁਸ਼ੀਆਂ ਭਾਲਦਾ ਫਿਰਦਾ ਹੈ। ਇਨ੍ਹਾਂ ਖ਼ੁਸ਼ੀਆਂ ਦੀ ਇਵਜ਼ ਵਿਚ ਉਹ ਆਪਣੇ ਪਰਿਵਾਰ ਅਤੇ ਪਰਿਵਾਰਕ ਮੈਂਬਰਾਂ ਨੂੰ ਉੱਕਾ ਹੀ ਵਿਸਾਰ ਦਿੰਦਾ ਹੈ ਅਤੇ ਆਪਣੇ ਕਮਰੇ ਵਿਚ ਇਕੱਲਾ ਹੀ ਬੈਠ ਕੇ ਇੰਟਰਨੈੱਟ ਦੇ ਸੰਸਾਰ ਵਿਚ ਗੁਆਚਿਆ ਰਹਿੰਦਾ ਹੈ।

ਡਾ. ਨਿਸ਼ਾਨ ਸਿੰਘ ਰਾਠੌਰ

ਫੇਰ ਜੀਵਨ ਵਿਚ ਜਦੋਂ ਕਿਸੇ ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਇਕੱਲਾ ਹੀ ਰਹਿ ਜਾਂਦਾ ਹੈ ਤੇ ਮੁਸੀਬਤਾਂ ਵਿਚ ਘਿਰਿਆ ਹੋਇਆ ਮਹਿਸੂਸ ਕਰਦਾ ਹੈ। ਉਦੋਂ ਨਾ ਤਾਂ ਸੋਸ਼ਲ- ਮੀਡੀਆ ਕੰਮ ਆਉਂਦਾ ਹੈ ਅਤੇ ਨਾ ਹੀ ਇੰਟਰਨੈੱਟ ਦੇ ਬਣੇ ਸੱਜਣ- ਮਿੱਤਰ। ਉਦੋਂ ਆਪਣੇ ਪਰਿਵਾਰਕ ਮੈਂਬਰ ਜਾਂ ਨੇੜਲੇ ਯਾਰ-ਦੋਸਤ ਹੀ ਦੋਸਤੀ ਨਿਭਾਉਂਦੇ ਹਨ/ਕੰਮ ਆਉਂਦੇ ਹਨ। ਖ਼ੈਰ, ਅੱਜ ਹਾਲਾਤ ਇੰਝ ਦੇ ਬਣ ਗਏ ਹਨ ਕਿ ਬਹੁਤੇ ਲੋਕ ਖਾਣ-ਪੀਣ ਵੇਲੇ ਵੀ ਸਭ ਤੋਂ ਪਹਿਲਾਂ ਮੋਬਾਈਲ ਫੋਨ ਚਲਾ ਕੇ ਅੱਗੇ ਰੱਖਦੇ ਹਨ ਅਤੇ ਫਿਰ ਨਾਲ- ਨਾਲ ਖਾਣਾ ਖਾਂਦੇ ਹਨ। ਬੱਸ, ਰੇਲ ਜਾਂ ਕਿਸੇ ਯਾਤਰਾ ਦੇ ਮੌਕੇ 'ਤੇ ਬਹੁਤੇ ਯਾਤਰੀ ਇੱਕ- ਦੂਜੇ ਵੱਲ ਝਾਕਦੇ ਤੱਕ ਨਹੀਂ, ਗੱਲਬਾਤ ਕਰਨੀ ਤਾਂ ਬਹੁਤ ਦੂਰ ਦੀ ਗੱਲ ਹੈ। ਮੁਸਾਫ਼ਰ ਆਪਣੇ ਮੋਬਾਈਲਾਂ 'ਤੇ ਮਸਰੂਫ ਦੇਖੇ ਜਾ ਸਕਦੇ ਹਨ। ਸੈਰ ਕਰਦਿਆਂ, ਦੌੜਦਿਆਂ, ਰੋਟੀ ਖਾਂਦਿਆਂ, ਸਫ਼ਰ ਕਰਦਿਆਂ, ਮੰਦਰ- ਗੁਰਦੁਆਰੇ ਵਿਚ ਬੈਠੇ ਸ਼ਰਧਾਲੂਆਂ ਨੂੰ ਮੋਬਾਈਲ ਫੋਨਾਂ 'ਤੇ ਰੁੱਝੇ ਦੇਖਿਆ ਜਾ ਸਕਦਾ ਹੈ। ਅੱਜ ਅਸਲ ਦੋਸਤ (ਉਹ ਭਾਵੇਂ ਆਂਢ- ਗੁਆਂਢ ਦੇ ਹੋਣ ਜਾਂ ਫਿਰ ਸਕੂਲ-ਕਾਲਜ ਦੇ) ਸਮੇਂ ਦੇ ਹੋਣ; ਉਨ੍ਹਾਂ ਨਾਲ ਜ਼ਿਆਦਾ ਵਾਹ-ਵਾਸਤਾ ਨਹੀਂ ਰੱਖਿਆ ਜਾਂਦਾ ਬਲਕਿ ਇੰਟਰਨੈੱਟ 'ਤੇ ਚੰਦ ਦਿਨਾਂ ਦੀ ਦੋਸਤੀ ਵਧੇਰੇ ਖਿੱਚ ਦਾ ਕੇਂਦਰ ਹੁੰਦੀ ਹੈ।

ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਲੱਖਾਂ ਲੋਕਾਂ ਨਾਲ ਦੋਸਤੀ ਵਾਲੇ ਬੰਦੇ ਕਿਸੇ ਮੁਸੀਬਤ ਵਿਚ ਇਕੱਲੇ ਦੇਖੇ ਜਾ ਸਕਦੇ ਹਨ। ਇੱਥੇ ਗੱਲ ਸਿਰਫ਼ ਮੁਸੀਬਤ ਦੀ ਨਹੀਂ ਬਲਕਿ ਕਈ ਵਾਰ ਇੰਟਰਨੈੱਟ 'ਤੇ ਹੋਈ ਦੋਸਤੀ ਵਿਆਹ- ਸ਼ਾਦੀ ਤਕ ਅੱਪੜ ਜਾਂਦੀ ਹੈ ਪਰ, ਜਦੋਂ ਫ਼ੈਸਲਾ ਗਲਤ ਹੋ ਜਾਂਦਾ ਹੈ ਤਾਂ ਮਨੁੱਖ ਕੋਲ ਸਿਰਫ਼ ਪਛਤਾਵਾ ਹੀ ਰਹਿ ਜਾਂਦਾ ਹੈ। ਇਸ ਲਈ ਕੋਈ ਵੀ ਫ਼ੈਸਲਾ ਕਰਨਾ ਹੈ ਤਾਂ ਸੋਚ- ਸਮਝ ਕੇ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖ ਵਿਚ ਕਿਸੇ ਉਲਾਂਭੇ ਦੀ ਸੰਭਾਵਨਾ ਨਾ ਰਹੇ। ਇੰਟਰਨੈੱਟ ਦੀ ਦੁਨੀਆ ਅਸਲ ਹਕੀਕਤ ਨਹੀਂ ਹੈ। ਇੱਥੇ ਖ਼ਾਸ ਗੱਲ ਇਹ ਹੈ ਕਿ ਇੰਟਰਨੈੱਟ 'ਤੇ ਹੋਈਆਂ ਸਾਰੀਆਂ ਦੋਸਤੀਆਂ ਹੀ ਗ਼ਲਤ ਜਾਂ ਗ਼ੈਰ ਜ਼ਰੂਰੀ ਨਹੀਂ ਹੁੰਦੀਆਂ ਪਰ, ਅਸਲ ਜੀਵਨ ਦੇ ਦੋਸਤ- ਮਿੱਤਰ ਅਤੇ ਪਰਿਵਾਰਕ ਮੈਂਬਰ ਹੀ ਵਧੇਰੇ ਕੰਮ ਆਉਂਦੇ ਹਨ। ਮਨੁੱਖ ਨੂੰ ਜਿੰਨੀ ਖ਼ੁਸ਼ੀ ਆਪਣੇ ਘਰ ਤੋਂ, ਆਪਣੇ ਪਰਿਵਾਰਕ ਮੈਂਬਰਾਂ ਵਿਚ ਬੈਠ ਕੇ ਮਿਲ ਸਕਦੀ ਹੈ, ਓਨੀ ਇੰਟਰਨੈੱਟ 'ਤੇ ਨਹੀਂ ਮਿਲ ਸਕਦੀ। ਜਿਸ ਪਰਿਵਾਰਕ ਮੈਂਬਰ ਨੇ ਤੁਹਾਨੂੰ ਨਿੱਕੇ ਹੁੰਦਿਆਂ ਤੋਂ ਦੇਖਿਆ, ਜਾਣਿਆ ਅਤੇ ਸਮਝਿਆ ਹੈ, ਉਹ ਤੁਹਾਡੇ ਲਈ ਵਧੇਰੇ ਸਾਰਥਕ ਅਤੇ ਮੱਦਦਗਾਰ ਸਾਬਿਤ ਹੋ ਸਕਦਾ ਹੈ। ਪਰ ਦਿਨ ਭਰ ਇੰਟਰਨੈੱਟ 'ਤੇ ਖ਼ੁਸ਼ੀਆਂ ਭਾਲਦੇ ਲੋਕ ਇਸ ਗੱਲ ਨੂੰ ਕਿੰਨਾ ਕੁ ਸਮਝਣਗੇ, ਇਹ ਦੇਖਣ ਵਾਲੀ ਗੱਲ ਹੋਵੇਗੀ। ਜਿਉਂਦੇ-ਵਸਦੇ ਰਹੋ ਸਾਰੇ।

Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD